ਕਰਮਕਾਂਡਾਂ ਦੀ ਛਾਤੀ ਵਿੱਚ

ਗੁਰਮਤਿ ਦੇ ਤਿੱਖੇ ਤੀਰ

ਅਵਤਾਰ ਸਿੰਘ ਮਿਸ਼ਨਰੀ
ਜਨਰਲ ਸਕੱਤਰ, ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ USA Inc.

ਕਰਮਕਾਂਡਾਂ ਦੀ ਛਾਤੀ ਵਿੱਚ ਗੁਰਮਤਿ ਦੇ ਤਿੱਖੇ ਤੀਰ

ਪਹਿਲੀ ਵਾਰ : ਜਨਵਰੀ 2012

ਗਿਣਤੀ: 1000

ਪ੍ਰਕਾਸ਼ਕ: ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ USA INC.
P.O. BOX # 2621, Fremont, CA 94536
(510) 432 5827 (singhstudent@yahoo.com)

ਟਾਈਪ ਸੈਟਿੰਗ : ਦੁਆਬਾ ਗ੍ਰਾਫਿਕਸ (ਲੁਧਿਆਣਾ) # 94179-60210

ਛਾਪਕ: ਵਿਪਨ ਪ੍ਰਿੰਟਿੰਗ ਪ੍ਰੈੱਸ (ਜਲੰਧਰ)

ਕੀਮਤ: Rs. 80/-

ਪੁਸਤਕ ਮਿਲਣ ਦਾ ਪਤਾ:

* ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ USA Inc. (510) 432 5827
* ਡਾ. ਗੁਰਮੀਤ ਸਿੰਘ ਬਰਸਾਲ (408 209 7072)
  ਸੈਨਹੋਜੇ (ਅਮਰੀਕਾ)
* ਸ. ਗੁਰਚਰਨ ਸਿੰਘ ਜੀਵਨਵਾਲਾ (810 223 3648)
  info@singhsabhacanada.co, ਬਰੈਂਪਟਨ, (ਕੈਨੇਡਾ)
* ਗੁਰਮਤਿ ਗਿਆਨ ਮਿਸ਼ਨਰੀ ਕਾਲਜ
  ਪੰਜਾਬੀ ਬਾਗ, ਜਵੱਦੀ, ਲੁਧਿਆਣਾ। 0161-2521700
* ਗਿ. ਦਿਲਾਵਰ ਸਿੰਘ (M: 94636-79071)
  ਮਕਾਨ ਨੰਬਰ 85, ਗਲੀ ਨੰ. 3, ਗਣੇਸ਼ ਨਗਰ, ਰਾਮਾ ਮੰਡੀ, ਜਲੰਧਰ
* ਸਤਨਾਮ ਸਿੰਘ (M: 94636-89376)
  1448/4, ਫੇਜ਼ 11, ਮੁਹਾਲੀ
* ਨਰਿੰਦਰ ਪਾਲ ਸਿੰਘ ਮਿਸ਼ਨਰੀ, ਲੁਧਿਆਣਾ (M: 94177-79493)
* ਪ੍ਰੋ. ਇੰਦਰ ਸਿੰਘ ਘੱਗਾ, ਪਟਿਆਲਾ (M: 98551-51699)

ਗੁਰਮਤਿ ਪ੍ਰਚਾਰ ਹਿਤ ਇਹ ਪਲੇਠੀ ਪੁਸਤਕ, ਸਿੱਖ ਸੰਗਤਾਂ ਦੀ ਭੇਟਾ

ਭੂਮਿਕਾ

ਦਸਵੀਂ ਪਾਸ ਕਰਨ ਤੋਂ ਬਾਅਦ ਦਾਸ ਨੇ ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਰੋਪੜ ਤੋਂ ਗੁਰਮਤਿ ਦੀ ਵਿਦਿਆ ਪ੍ਰਾਪਤ ਕੀਤੀ ਹੈ। ਉਨ੍ਹੀਂ ਦਿਨੀਂ ਪੰਜਾਬ ਦੇ ਹਲਾਤ ਖਰਾਬ ਸਨ, ਇਸ ਕਰਕੇ ਦਾਸ ਹੋਰ ਸਕੂਲੀ ਵਿਦਿਆ ਨਹੀਂ ਲੈ ਸਕਿਆ ਪਰ ਪ੍ਰਚਾਰ ਖੇਤਰ ਵਿੱਚ ਵਿਚਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗਿਆਨੀ ਅਤੇ ਸਿੱਖ ਮਿਸ਼ਨਰੀ ਕਾਲਜ ਲੁਧਿਆਨਾ ਤੋਂ ਸਿੱਖ ਮਿਸ਼ਨਰੀ ਪੱਤਰ ਵਿਹਾਰ ਕੋਰਸ ਪਾਸ ਕੀਤਾ। ਉਪ੍ਰੰਤ ਮਿਸ਼ਨਰੀ ਸਰਕਲਾਂ ਵਿੱਚ ਧਰਮ ਪ੍ਰਚਾਰ ਦੀ ਸੇਵਾ ਅਤੇ ਕਈ ਗੁਰਦੁਆਰਿਆਂ ਵਿੱਚ ਮੁੱਖ ਗ੍ਰੰਥੀ ਕਥਾਵਾਚਕ ਤੌਰ ਤੇ ਸੇਵਾ ਨਿਭਾਈ। ਦਾਸ ਹਾਂਗ ਕਾਂਗ, ਸਿੰਘਾਪੁਰ, ਮਲੇਸ਼ੀਆ ਅਤੇ ਥਾਈਲੈਂਡ ਤੋਂ ਬਾਅਦ ਅਮਰੀਕਾ-ਕਨੇਡਾ ਪਹੁੰਚ ਗਿਆ। ਓਥੇ ਰਹਿੰਦੇ ਹੀ ਇਸ ਨਾਚੀਜ਼ ਦਾ 20 ਨਵੰਬਰ 1997 ਨੂੰ ਭਿਆਨਕ ਐਕਸੀਡੈਂਟ ਹੋ ਗਿਆ। ਜਿਸ ਕਰਕੇ ਲੰਬਾ ਸਮਾਂ ਹਸਪਤਾਲ ਵਿੱਚ ਰਹਿਣਾ ਪਿਆ, ਕਰੀਬ ਦੋ ਸਾਲ ਵਹੀਲ ਚੇਅਰ ਅਤੇ ਵਾਕਰ ਨਾਲ ਕੱਟੇ। ਇਸੇ ਸਮੇਂ ਅਨੁਸਾਰ ਦਾਸ ਨੇ ਗੁਰਮਤਿ ਤੇ ਲਿਖਣਾ ਸ਼ੁਰੂ ਕੀਤਾ ਜੋ ਸਥਾਨਕ ਅਖਬਾਰਾਂ, ਰਸਾਲਿਆਂ ਅਤੇ ਵੈਬਸਾਈਟਾਂ ਤੇ ਛਪਣਾ ਸ਼ੁਰੂ ਹੋ ਗਿਆ। ਦੇਸ਼ਾਂ ਵਿਦੇਸ਼ਾਂ ਤੋਂ ਪਾਠਕਾਂ ਦੀਆਂ ਕਾਲਾਂ ਅਉਣ ਲੱਗ ਪਈਆਂ, ਉਤਸ਼ਾਹ ਵਧਿਆ ਜੋ ਹਾਲੇ ਤੱਕ ਜਾਰੀ ਹੈ। ਦਾਸ ਦੇ ਸਾਰੇ ਲੇਖ ਗੁਰਬਾਣੀ ਦੇ ਸਿਧਾਂਤਾਂ ਦੀ ਵਿਆਖਿਆ, ਭੇਖੀ ਸਾਧਾਂ, ਚਾਲਬਾਜ ਲੀਡਰਾਂ, ਥੋਥੇ ਕਰਮਕਾਂਡਾਂ ਨੂੰ ਛੱਡਣ, ਜਾਤ-ਪਾਤ, ਛੂਆ-ਛਾਤ ਅਤੇ ਭਰਮਾਂ ਤੋਂ ਬਚਣ ਦਾ ਹੋਕਾ ਦਿੰਦੇ ਹਨ। ਕਈ ਵਿਦਵਾਨ ਅਤੇ ਜਗਿਆਸੂ ਪੰਥ ਦਰਦੀ ਸਜਨਾਂ ਦੀਆਂ ਕਾਲਾਂ ਆਈਆਂ ਕਿ ਤੁਹਾਡੇ ਵਿਸ਼ੇ ਕਥਾਵਾਚਕ ਪ੍ਰਚਾਰਕਾਂ ਲਈ ਬੜੇ ਲਾਭਕਾਰੀ ਹਨ, ਕਿਉਂ ਨਾਂ ਤੁਸੀ ਆਪਣੇ ਗੁਰਮੱਤੀ ਲੇਖਾਂ ਨੂੰ ਕਿਤਾਬ ਦਾ ਰੂਪ ਦੇ ਦਿਉ। ਸੋ ਦਾਸ ਪਿਆਰੇ ਪਾਠਕਾਂ ਦੇ ਵਡਮੁੱਲੇ ਸੁਝਾਵਾਂ ਦੀ ਕਦਰ ਕਰਦਾ ਹੋਇਆ, ਛਪੇ ਹੋਏ ਲੇਖਾਂ ਨੂੰ ਇੱਕ ਪੁਸਤਕ ਦਾ ਰੂਪ ਦੇਣ ਜਾ ਰਿਹਾ ਹੈ। ਆਸ ਹੈ ਕਿ ਪਾਠਕ ਇਸ ਕਾਰਜ ਲਈ ਦਾਸ ਦਾ ਉਤਸ਼ਾਹ ਵਧਾਉਂਦੇ ਰਹਿਣਗੇ। ਇਸ ਪੁਸਤਕ ਵਿੱਚ ਸਹਿਯੋਗ ਦੇਣ ਵਾਲੇ ਸਜਨ ਸ੍ਰ ਤਰਲੋਚਨ ਸਿੰਘ ਦੁਪਾਲਪੁਰ ਸਾਬਕਾ ਮੈਂਬਰ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾ. ਗੁਰਮੀਤ ਸਿੰਘ ਬਰਸਾਲ, ਸਰਬਜੀਤ ਸਿੰਘ ਸੈਕਰਾਮੈਂਟੋ, ਸ੍ਰ ਪਰਮਿੰਦਰ ਸਿੰਘ ਪ੍ਰਵਾਨਾ, ਪ੍ਰੋ ਮੱਖਨ ਸਿੰਘ, ਸ੍ਰ ਗਿਆਨ ਸਿੰਘ, ਸ੍ਰ ਹਾਕਮ ਸਿੰਘ, ਡਾ. ਗੁਰਦੀਪ ਸਿੰਘ ਅਤੇ ਪ੍ਰੋ ਸੁਰਜੀਤ ਸਿੰਘ ਨਨੂੰਆਂ ਸਾਰੇ ਅਮਰੀਕਾ, ਬਾਬਾ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ, ਸ੍ਰ ਗੁਰਚਰਨ ਸਿੰਘ ਜਿਉਣਵਾਲਾ ਅਤੇ ਅੰਮ੍ਰਿਤਪਾਲ ਸਿੰਘ ਕੈਨੇਡਾ, ਪ੍ਰੋ ਜਸਵੰਤ ਸਿੰਘ ਸਿੰਘਾਪੁਰ, ਬੀਬੀ ਸਤਵਿੰਦਰ ਕੌਰ ਪਟਿਆਲਾ, ਬੀਬੀ ਰਾਜਵਿੰਦਰ ਕੌਰ ਛਿਹਰਟਾ, ਪ੍ਰਿੰਸੀਪਲ ਗੁਰਬਚਨ ਸਿੰਘ ਥਾਈਲੈਂਡ, ਰਾਣਾ ਇੰਦਰਜੀਤ ਸਿੰਘ ਚੇਅਰਮੈਨ, ਨਰਿੰਦਰਪਾਲ ਸਿੰਘ ਜਰਨਲਿਸਟ, ਗਿ. ਦਲੇਰ ਸਿੰਘ ਜੋਸ਼ ਲੁਧਿਆਣਾ, ਗਿ. ਰਣਜੋਧ ਸਿੰਘ ਸਾਬਕਾ ਗ੍ਰੰਥੀ ਤਖਤ ਸ੍ਰੀ ਅਨੰਦਪੁਰ ਸਾਹਿਬ, ਭਾਈ ਅਮਰੀਕ ਸਿੰਘ ਚੰਡੀਗੜ੍ਹ, ਸ੍ਰ ਇੰਦਰ ਸਿੰਘ ਘੱਗਾ ਪਟਿਆਲਾ ਅਤੇ ਦਾਸ ਦੀ ਸੁਪਤਨੀ ਬੀਬੀ ਹਰਸਿਮਰਤ ਕੌਰ ਖਾਲਸਾ ਬਾਲਟੀਮੋਰ ਅਮਰੀਕਾ ਦਾ ਤਹਿ ਦਿਲੋਂ ਧੰਨਵਾਦੀ ਹਾਂ, ਜੋ ਸਮੇਂ-ਸਮੇਂ ਸਿਰ ਵਡਮੁੱਲੇ ਸੁਝਾਅ ਦਿੰਦੇ ਰਹੇ ਹਨ। ਆਸ ਕਰਦਾ ਹਾਂ ਕਿ ਅੱਗੇ ਵੀ ਅਨਮੋਲ ਸੁਝਾਅ ਦਿੰਦੇ ਰਹਿਣਗੇ।

ਮੈਂ ਗਿ. ਜਸਵੰਤ ਸਿੰਘ ਕਥਾਵਾਚਕ ਮੰਜੀ ਸਾਹਿਬ ਅੰਮ੍ਰਿਤਸਰ, ਪ੍ਰਿੰਸੀਪਲ ਗਿ. ਬਲਜੀਤ ਸਿੰਘ ਅਤੇ ਸ੍ਰ. ਜਸਬੀਰ ਸਿੰਘ ਫਾਊਂਡਰ ਪ੍ਰਿੰਸੀਪਲ ਸਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਰੋਪੜ ਜਿਨ੍ਹਾਂ ਤੋਂ ਗੁਰਮਤਿ ਦੀ ਸਿਖਿਆ ਲਈ ਅਤੇ ਉਨ੍ਹਾਂ ਸਾਰੇ ਅਖਬਾਰਾਂ, ਰਸਾਲਿਆਂ ਅਤੇ ਵੈਬਸਾਈਟਾਂ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖ ਕੇ ਸਮੇਂ-ਸਮੇਂ ਸਿਰ ਇਹ ਲੇਖ ਛਾਪਣ ਦੀ ਸੇਵਾ ਕੀਤੀ ਹੈ। ਖਾਸ ਕਰਕੇ ਦਾਸ ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ USA Inc. ਅਤੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦਾ ਅਤਿ ਰਿਣੀ ਹੈ, ਜਿਨ੍ਹਾਂ ਨੇ ਦਾਸ ਨੂੰ ਬਹੁਤ ਸਹਿਯੋਗ ਦਿੱਤਾ ਹੈ।

-ਅਵਤਾਰ ਸਿੰਘ ਮਿਸ਼ਨਰੀ (USA)
Ph.: (510) 432 5827, Email: singhstudent@yahoo.com

ਦੋ ਸ਼ਬਦ

"ਕਲਮ ਗੁਰੂ ਜਸ ਕਰਦੀ ਰਹੈ"

ਹਥਲੀ ਪੁਸਤਕ "ਕਰਮਕਾਂਡਾਂ ਦੀ ਛਾਤੀ ਵਿੱਚ ਗੁਰਮਤਿ ਦੇ ਤਿੱਖੇ ਤੀਰ" ਦੇ ਲਿਖਾਰੀ ਭਾਈ ਅਵਤਾਰ ਸਿੰਘ ਮਿਸ਼ਨਰੀ ਜੀ ਦੇਸ਼-ਵਿਦੇਸ਼ ਵਿੱਚ ਗੁਰਮਤਿ ਪ੍ਰਚਾਰ ਲਈ ਪ੍ਰਸਿੱਧ ਹਨ। ਉਹ ਕਲਮ ਦੇ ਨਾਲ-ਨਾਲ ਸਟੇਜ ਦੇ ਵੀ ਧਨੀ ਹਨ।ਜਿੱਥੇ ਉਹ ਕਥਾ ਵਾਰਤਾ ਕਰਦਿਆਂ ਗੁਰਮਤਿ ਦੇ ਵੱਖ-ਵੱਖ ਪਹਿਲੂਆਂ 'ਤੇ ਖੋਜ ਭਰਪੂਰ ਵਖਿਆਨ ਦਿੰਦੇ ਹਨ, ਓਥੇ ਉਨ੍ਹਾਂ ਦੀ ਕਲਮ ਤੋਂ ਲਿਖੀਆਂ ਰਚਨਾਵਾਂ, ਦੁਨੀਆਂ ਭਰ ਦੇ, ਪੰਜਾਬੀ ਪੇਪਰਾਂ ਵਿੱਚ ਛਪਦੀਆਂ ਰਹਿੰਦੀਆਂ ਹਨ। ਹੁਣ ਉਨ੍ਹਾਂ ਨੇ ਆਪਣੀਆਂ ਚੋਣਵੀਆਂ ਲਿਖਤਾਂ ਨੂੰ ਕਿਤਾਬੀ ਰੂਪ 'ਚ ਸੰਗਤਾਂ ਦੇ ਰੂ-ਬਰੂ ਕੀਤਾ ਹੈ।

ਮੈਨੂੰ ਪੂਰੀ ਆਸ ਹੈ ਕਿ ਭਾਈ ਸਾਹਿਬ ਦੇ ਲੰਬੇ ਗੁਰਮਤਿ ਅਧਿਐਨ ਤੋਂ ਬਾਅਦ ਸਾਹਮਣੇ ਆਈਆਂ ਅਨ੍ਹਾਂ ਦੀਆਂ ਲਿਖਤਾਂ ਤੋਂ, ਗੁਰੂ ਨਾਨਕ ਨਾਮ ਲੇਵਾ, ਸਮੂੰਹ ਮਾਈ ਭਾਈ ਲਾਭ ਉਠਾਉਣਗੇ।ਉਨ੍ਹਾਂ ਦੀ ਕਲਮ ਗੁਰੂ ਦਾ ਜਸ ਕਰਦੀ ਰਵੇ, ਇਹ ਮੇਰੀ ਦਿਲੀ ਅਰਦਾਸ ਹੈ।

ਖੈਰ ਅੰਦੇਸ਼

ਤਰਲੋਚਨ ਸਿੰਘ ਦੁਪਾਲਪੁਰ

ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

E-Mail: tsdupalpuri@yahoo.com

ਦੋ ਸ਼ਬਦ

ਡੇਰਾਵਾਦ ਦੀ ਹਨੇਰੀ ਜਿਵੇਂ ਸੰਤ, ਬਾਬੇ ਅਤੇ ਝੋਲੀ ਚੁੱਕ ਪ੍ਰਚਾਰਕਾਂ ਨੇ ਗੁਰਮਤਿ ਸਿਧਾਂਤਾਂ ਦਾ ਮਲੀਆਮੇਟ ਕਰਕੇ ਆਪਣੀ ਪੇਟ ਪੂਰਤੀ ਲਈ ਭਰਮਾਂ ਅਤੇ ਕਰਮਕਾਂਡਾਂ ਦੇ ਝੱਖੜ ਝੁਲਾਏ ਹੋਏ ਹਨ ਐਸੇ ਬਿਖੜੇ ਸਮੇਂ ਵਿੱਚ ਵੀ ਗੁਰਮਤਿ ਦਾ ਦੀਵਾ ਬਾਲੀ ਰੱਖਣਾਂ ਬੜੀ ਹਿਮਤ ਅਤੇ ਸਿਰੜ ਵਾਲੀ ਗੱਲ ਹੈ।ਮੇਰੇ ਪਰਮ ਮਿਤਰ, ਸਿਰੜੀ ਅਤੇ ਸਿਦਕੀ ਛੋਟੇ ਵੀਰ ਅਵਤਾਰ ਸਿੰਘ ਮਿਸ਼ਨਰੀ ਅਤੇ ਬੀਬੀ ਹਰਸਿਮਰਤ ਕੌਰ ਖਾਲਸਾ, ਗੁਰਮਤਿ ਦਾ ਦੀਵਾ ਜਗਦਾ ਰੱਖਣ ਵਾਸਤੇ ਹਮੇਸ਼ਾਂ ਤਤਪਰ ਰਹੇ ਹਨ। ਭਾਂਵੇਂ ਇਨ੍ਹਾਂ ਦੇ ਇਹ ਲੇਖ ਦੇਸ਼-ਵਿਦੇਸ਼ ਦੇ ਵੱਖ-ਵੱਖ ਅਖਬਾਰਾਂ, ਰਸਾਲਿਆਂ ਅਤੇ ਵੈਬਸਾਈਟਾਂ ਤੇ ਲਗਾਤਾਰ ਛਪਦੇ ਆ ਰਹੇ ਹਨ। ਹੁਣ ਪਾਠਕਾਂ ਅਤੇ ਸੰਗਤਾਂ ਦੀ ਪੁਰਜ਼ੋਰ ਮੰਗ ਕਰਨ ਤੇ ਇਨ੍ਹਾਂ ਗੁਰਮਤੀ ਲੇਖਾਂ ਨੂੰ ਪੁਸਤਕ ਦਾ ਰੂਪ ਦਿੱਤਾ ਜਾ ਰਿਹਾ ਹੈ ਤਾਂ ਕਿ ਜਿਹੜੀ ਸੰਗਤ ਅਖਬਾਰਾਂ ਅਤੇ ਇੰਟ੍ਰਨੈੱਟ ਤੇ ਨਹੀਂ ਪੜ੍ਹ ਸੱਕੀ, ਉਹ ਵੀ ਕਿਤਾਬੀ ਰੂਪ ਵਿੱਚ ਸੌਖਿਆਂ ਪੜ੍ਹ ਸੱਕੇ।ਇਸ ਪੁਸਤਕ ਵਿੱਚ ਨਿਆਰੇ ਖਾਲਸੇ ਦੀ ਵਿਆਖਿਆ ਕਰਦੇ ਲੇਖ ਜਿਵੇਂ **"ਮਨੁੱਖ ਅਤੇ ਮਨੁੱਖਤਾ"** ਵਿੱਚ ਮਨੁੱਖ ਦੀ ਹੋਂਦ ਅਤੇ ਉਸਦੇ ਕਰਤਬ, **"ਬਿਪਰਨ ਕੀ ਰੀਤ ਅਤੇ ਗੁਰਮਤਿ ਵਿੱਚ ਅੰਤਰ"** ਵਿੱਚ ਥੋਥੀਆਂ ਬ੍ਰਾਹਮਣੀ ਰੀਤਾਂ ਅਤੇ ਗੁਰਮਤਿ ਦੀਆਂ ਸੁਖੈਣ ਅਤੇ ਸਾਰਥਕ ਰੀਤਾਂ (ਸਿਧਾਂਤਾਂ) ਦਾ ਵਰਨਣ, **"ਕਰਾਮਾਤਾਂ ਦੀ ਅਮਰਵੇਲ ਸਿੱਖੀ ਤੇ ਵੀ ਛਾਈ"** ਵਿੱਚ ਮਨਘੜਤ ਚਮਤਕਾਰਾਂ ਅਤੇ ਸਾਖੀਆਂ ਦੀ ਅਸਲੀਅਤਾ ਦਰਸਾ ਕੇ ਅਸਲੀ ਕਰਾਮਾਤ ਦੀ ਵਿਆਖਿਆ ਕੀਤੀ ਗਈ ਹੈ। ਇਵੇਂ ਦੇ ਹੀ ਹੋਰ ਵੀ ਬਹੁਤ ਲੇਖ ਜੋ ਗੁਰਮਤਿ ਦੇ ਵੱਖ-ਵੱਖ ਸਿਧਾਂਤਾਂ ਤੇ ਬੜੀ ਬੇਬਾਕੀ ਨਾਲ ਰੋਸ਼ਨੀ ਪਾਉਂਦੇ ਹਨ, ਇਸ ਪਸੁਤਕ ਵਿੱਚ ਛਾਪੇ ਜਾ ਰਹੇ ਹਨ।

ਅੱਜ ਸਾਡੇ ਕੋਲ ਸਿੱਖੀ ਸਿਦਕ ਵਾਲੇ ਵੀਰ ਬਹੁੱਤ ਘੱਟ ਹਨ ਅਤੇ ਸਾਡਾ ਸਿੱਖ ਸਮਾਜ ਭੇਖੀ ਸਾਧਾਂ ਦੇ ਡੇਰਿਆਂ, ਮਹਿੰਗੇ-ਮਹਿੰਗੇ ਕੀਰਤਨ ਦਰਬਾਰਾਂ, ਪਾਠਾਂ ਦੀਆਂ ਲੜੀਆਂ, ਵੰਨ ਸੁਵੰਨੀਆਂ ਡੈਕੋਰੇਸ਼ਨਾਂ, ਭਾਂਤ ਸਭਾਂਤੇ ਲੰਗਰਾਂ, ਦੇਖਾ ਦੇਖੀ ਦੇ ਨੱਕ ਰੱਖਣ ਵਾਲੇ ਵਿਆਹਾਂ ਦੇ ਖਰਚੇ ਅਤੇ ਫਾਰਮਿਲਟੀਆਂ ਦੇ ਬੋਝ ਥੱਲੇ ਦੱਬਿਆ ਪਿਆ ਹੈ।ਐਸੇ ਭਿਆਨਕ ਸਮੇਂ ਵੀ ਜੇ ਕੋਈ ਗੁਰਸਿੱਖ, ਗੁਰੂ ਗ੍ਰੰਥ ਸਾਹਿਬ ਦੇ ਸਦੀਵ ਕਾਲੀ, ਸਰਬੱਤ ਦੇ ਭਲੇ ਵਾਲੇ ਅਤੇ ਸੰਸਾਰ ਨੂੰ ਰੌਸ਼ਨੀ ਦੇਣ ਵਾਲੇ ਸਿਧਾਂਤਾਂ ਦਾ ਪ੍ਰਚਾਰ ਕਰਦਾ ਹੈ ਤਾਂ ਸਿੱਖ ਸੰਗਤਾਂ ਨੂੰ ਉਸ ਦਾ ਸਾਥ ਦੇਣਾ ਚਾਹੀਦਾ ਹੈ।ਇਸ ਲਈ ਮੇਰੀ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਪੁਰਜੋਰ ਅਪੀਲ ਹੈ ਕਿ ਇਹ ਪੁਸਤਕ **"ਕਰਮਕਾਂਡਾਂ ਦੀ ਛਾਤੀ ਵਿੱਚ ਗੁਰਮਤਿ ਦੇ ਤਿੱਖੇ ਤੀਰ"** ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਵੰਡਣ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ਼ੁਭ ਚਿੰਤਕ

ਗਿ. ਗੁਰਬਚਨ ਸਿੰਘ ਥਾਈਲੈਂਡ

ਪ੍ਰਿੰਸੀਪਲ ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ, ਜਵੱਦੀ-ਲੁਧਿਆਣਾ, ਪੰਜਾਬ (ਭਾਰਤ)

ਤਤਕਰਾ

ਮਨੁੱਖ ਅਤੇ ਮਨੁੱਖਤਾ

ਮਨੁੱਖ-ਸੰਸਕ੍ਰਿਤ ਵਿੱਚ ਮਨੁਸ਼, ਅਰਬੀ ਵਿੱਚ ਇਨਸਾਨ, ਪੰਜਾਬੀ ਵਿੱਚ ਬੰਦਾ ਅਤੇ ਆਦਮੀ। ਮਨੁੱਖਤਾ-ਆਦਮੀਪੁਣਾ, ਇਨਸਾਨੀਅਤ। ਮਨੁਸ਼, ਪੁਰਸ਼, ਆਦਮੀ, ਬੰਦਾ, ਪੁਰਖ ਅਤੇ ਇਨਸਾਨ ਸਮਾਨ ਅਰਥਾਂ ਵਿੱਚ ਅਉਂਦੇ ਹਨ ਅਤੇ ਇਹ ਸ਼ਬਦ ਔਰਤ ਅਤੇ ਆਦਮੀ, ਇਸਤਰੀ ਅਤੇ ਪੁਰਸ਼ ਦੋਨਾਂ ਦੀ ਇਕਾਈ ਲਈ ਹਨ। ਮਨੁੱਖ, ਬੰਦਾ ਜਾਂ ਇਨਸਾਨ ਦਾ ਮਤਲਬ ਕੇਵਲ ਮੇਲ ਵਿਅਕਤੀ ਨਹੀਂ ਸਗੋਂ ਇਸਤਰੀ-ਪੁਰਸ਼ ਦੇ ਜੋੜੇ ਮਨੁੱਖਤਾ ਲਈ ਹੈ। ਜਦੋਂ ਪੁਰਖ ਸ਼ਬਦ ਨਾਲ ਕਰਤਾ ਅਤੇ ਅਕਾਲ ਸ਼ਬਦ ਲੱਗਦੇ ਹਨ ਤਾਂ ਪੁਰਖ ਕਰਤਾਪੁਰਖੁ ਪ੍ਰਮਾਤਮਾਂ ਲਈ ਹੁੰਦਾ ਹੈ। ਸ੍ਰਿਸ਼ਟੀ ਦੀ ਹੋਂਦ ਬਾਰੇ ਤਾਂ ਕਾਦਰ ਕਰਤਾਪੁਰਖੁ ਹੀ ਜਾਣਦਾ ਹੈ-

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ (ਪੰਨਾ-੪)

ਪਰ ਵਿਗਿਆਨੀਆਂ ਦੀਆਂ ਖੋਜਾਂ ਦਸਦੀਆਂ ਹਨ ਕਿ ਪਹਿਲੇ ਗੈਸਾਂ ਹੀ ਗੈਸਾਂ ਸਨ ਜਿਨ੍ਹਾਂ ਤੋਂ ਪਾਣੀ ਬਣਿਆਂ, ਫਿਰ ਪਾਣੀ ਵਿੱਚ ਜੀਵ ਜੰਤ ਪੈਦਾ ਹੋ ਗਏ। ਮੀਬਾ ਤੋਂ ਡੱਡੂ, ਡੱਡੂ ਤੋਂ ਮੱਛੀ, ਮੱਛੀ ਤੋਂ ਬਾਂਦਰ ਅਤੇ ਬਾਂਦਰ ਤੋਂ ਵਿਕਾਸ ਕਰਕੇ ਬੰਦਾ ਬਣ ਗਿਆ ਅਤੇ ਹੋਰ ਵੀ ਕਈ ਪ੍ਰਕਾਰ ਦੇ ਜੀਵ ਜੰਤੂ ਪੈਦਾ ਹੋ ਗਏ। ਗੁਰਬਾਣੀ ਵਿਖੇ ਵੀ ਸ੍ਰਿਸ਼ਟੀ ਰਚਨਾ ਬਾਰੇ ਜਿਕਰ ਹੈ-

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥(੧੯)

ਸਾਚੇ ਤੋਂ ਭਾਵ ਸਦੀਵੀ ਹੋਂਦ ਵਾਲਾ ਕਰਤਾ-ਕਰਤਾਰ, ਪ੍ਰਮਾਤਮਾਂ ਹੈ। ਸੋ ਗੁਰੂਆਂ ਅਤੇ ਭਗਤਾਂ ਨੇ ਸੰਸਾਰ ਦੀ ਹੋਂਦ ਕਰਤੇ-ਕਰਤਾਰ ਤੋਂ ਮੰਨੀ ਹੈ। ਸੰਸਾਰ ਨੂੰ ਕਿਸੇ ਕਥਿਤ ਦੇਵੀ-ਦੇਵਤੇ ਨੇ ਕਿਸੇ ਦੇ ਸਰੀਰ ਦੀ ਮੈਲ ਤੋਂ ਨਹੀਂ ਬਣਾਇਆ। ਇਸ ਭੇਦ ਨੂੰ ਦੁਨੀਆਂ ਦਾ ਕੋਈ ਮਨੁੱਖ ਨਹੀਂ ਜਾਣ ਸਕਦਾ ਕਿਉਂਕਿ ਕਰਤਾ ਵੀ ਬਿਅੰਤ ਅਤੇ ਉਸ ਦੀ ਰਚਨਾਂ ਵੀ ਬਿਅੰਤ ਹੈ।

ਪਹਿਲੇ ਮਨੁੱਖ ਵੀ ਜੰਗਲੀ ਜਾਨਵਰਾਂ ਤਰ੍ਹਾਂ ਰਹਿੰਦਾ ਅਤੇ ਘਾਹ, ਪੱਤਰ, ਫਲ, ਅੰਨ ਅਤੇ ਜਾਨਵਰਾਂ ਦਾ ਮਾਸ ਖਾ ਕੇ ਗੁਜਾਰਾ ਕਰਦਾ ਸੀ। ਫਿਰ ਇਸ ਦੇ ਦਿਮਾਗ ਦੀ ਸੋਚ ਵਿਗਸਤ ਹੋਈ। ਇਸ ਦੇ ਖਾਣ ਪੀਣ ਅਤੇ ਰਹਿਣ-ਸਹਿਣ ਦੇ ਤੌਰ ਤਰੀਕੇ ਵੀ ਬਦਲਦੇ ਗਏ। ਘਰ ਪ੍ਰਵਾਰ ਅਤੇ ਕਬੀਲੇ ਹੋਂਦ ਵਿੱਚ ਆ ਗਏ। ਪਹਿਲੇ ਝੁੱਗੀਆਂ-ਝੌਂਪੜੀਆਂ, ਫਿਰ ਪਿੰਡ, ਕਸਬੇ ਅਤੇ ਸ਼ਹਿਰ ਮਨੁੱਖ ਨੇ ਵਿਗਸਤ ਕਰ ਲਏ। ਪਹਿਲੇ ਪੈਦਲ, ਫਿਰ ਘੋੜ ਸਵਾਰੀ, ਬੈਲ ਗੱਡੀਆਂ-ਤਾਂਗੇ, ਬੇੜੀਆਂ-ਬੇੜੇ, ਸਾਈਕਲ-ਮੋਟਰਸਾਈਕਲ, ਟ੍ਰੈਕਟਰ ਟਰਾਲੀਆਂ, ਟਰੱਕ, ਰੇਲਾਂ, ਕਾਰਾਂ-ਜੀਪਾਂ ਅਤੇ ਅੱਜ ਹਵਾਈ ਜਹਾਜ ਅਸਮਾਨੀ ਉੱਡ ਰਹੇ ਹਨ। ਮਨੁੱਖ ਨੇ ਪਹਿਲੇ ਭੋਜ ਪੱਤ੍ਰਾਂ ਅਤੇ ਪੱਥਰਾਂ ਤੇ ਲਿਖਣਾ ਸਿਖਿਆ, ਫਿਰ ਕਾਗ਼ਜ਼ਾਂ ਉੱਪਰ ਚਿੱਠੀਆਂ ਪੱਤਰ ਲਿਖੇ, ਕਿਤਾਬਾਂ ਗ੍ਰੰਥ ਲਿਖੇ ਗਏ। ਪਹਿਲੇ ਪਾਠਸ਼ਾਲਾ ਅਤੇ ਧਰਮ ਮੰਦਰਾਂ ਆਦਿਕ ਵਿੱਚ ਪੜ੍ਹਾਇਆ ਜਾਂਦਾ ਸੀ ਫਿਰ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਵਿਗਸਤ ਹੋ ਗਈਆਂ। ਚਿੱਠੀ ਪੱਤਰਾਂ ਦੀ ਥਾਂ ਟੈਲੀਫਨਾਂ ਅਤੇ ਈਮੇਲਾਂ ਨੇ ਲੈ ਲਈ ਹੈ। ਅੱਜ ਇੰਟਰਨੈੱਟ ਨੇ ਸਾਰੀ ਦੁਨੀਆਂ ਹੀ

ਗਲੋਬਲ ਬਣਾ ਦਿੱਤੀ ਹੈ। ਅੱਜ ਵੱਡੇ ਵੱਡੇ ਗ੍ਰੰਥਾਂ ਦੀ ਥਾਂ ਕੈਸਟਾਂ, ਸੀਡੀਆਂ, ਵੀਡੀਓ ਸੀਡੀਆਂ ਅਤੇ ਚਿੱਪਾਂ ਆ ਗਈਆਂ ਗਨ। ਤੁਸੀਂ ਘਰ ਬੈਠੇ ਹੀ ਦੁਨੀਆਂ ਦਾ ਹਰੇਕ ਗ੍ਰੰਥ ਇੰਟ੍ਰਨੈੱਟ ਤੇ ਪੜ੍ਹ ਸਕਦੇ ਹੋ। ਅਖਬਾਰ ਵੀ ਹੁਣ ਇਲੈੱਕਟ੍ਰੌਨਿਕ ਹੋ ਗਏ ਹਨ। ਹਜ਼ਾਰਾਂ ਲੱਖਾਂ ਵੈਬ ਸਾਈਟਾਂ ਸੰਸਾਰੀ ਤੇ ਨਿਰੰਕਾਰੀ ਗਿਆਨ ਵੰਡ ਰਹੀਆਂ ਹਨ। ਵਿਗਿਆਨ ਨੇ ਪੰਡਤਊਪੁਣੇ ਅਤੇ ਪੁਜਾਰੀਵਾਦ ਤੋਂ ਲੋਕਾਂ ਨੂੰ ਅਜ਼ਾਦ ਕਰ ਦਿੱਤਾ ਹੈ। ਪਹਿਲੇ ਧਾਰਮਿਕ ਪੁਜਾਰੀ ਹੀ ਧਰਮ ਗ੍ਰੰਥ ਪੜ੍ਹ ਸਕਦੇ ਸਨ, ਬਾਕੀਆਂ ਨੂੰ ਡਰਾਇਆ ਹੋਇਆ ਸੀ ਤੁਸੀਂ ਗਲਤ ਪੜ੍ਹ ਕੇ ਪਾਪਾਂ ਦੇ ਭਾਗੀ ਬਣੋਗੇ। ਬਣਾਏ ਗਏ ਸ਼ੂਦਰ ਅਤੇ ਔਰਤ ਤਾਂ ਪੜ੍ਹ ਹੀ ਨਹੀਂ ਸਕਦੇ ਸਨ। ਹੁਣ ਇੰਟ੍ਰਨੈੱਟ ਇੱਕ ਐਸਾ ਧਰਮ ਅਸਥਾਨ ਬਣ ਗਿਆ ਹੈ ਜਿੱਥੇ ਉੱਚੇ-ਨੀਵੇਂ ਹਰੇਕ ਵਰਗ ਦੇ ਲੋਕ ਸਭ ਪੜ੍ਹ ਕੇ ਗਿਆਨ ਹਾਸਲ ਕਰ ਸਕਦੇ ਹਨ।

ਪਰ ਇਤਨਾ ਕੁਝ ਵਿਗਸਤ ਹੋ ਜਾਣ ਦੇ ਬਾਵਜੂਦ ਵੀ ਮਨੁੱਖ ਚੋਂ ਮਨੁੱਖਤਾ (ਇਨਸਾਨੀਅਤ) ਪੰਖ ਲਾ ਕੇ ਉੱਡਦੀ ਜਾ ਰਹੀ ਹੈ। ਨਿਤ ਦਿਹਾੜੇ ਚੋਰੀਆਂ, ਡਾਕੇ, ਹੇਰਾ-ਫੇਰੀਆਂ, ਜਬਰਦਸਤੀਆਂ-ਬਲਾਤਕਾਰ ਅਤੇ ਨਿਰਦੋਸ਼ ਲੋਕਾਂ ਦੇ ਕਤਲ ਹੋ ਰਹੇ ਹਨ। ਇਨਸਾਨ ਦਿਨ-ਬ-ਦਿਨ ਹੈਵਾਨ ਬਣਦਾ ਜਾ ਰਿਹਾ ਹੈ। ਇਸ ਨੂੰ ਪਤਾ ਹੈ ਕਿ ਮਰਨ ਉਪਰੰਤ ਕੋਈ ਪਦਾਰਥ ਨਾਲ ਨਹੀਂ ਜਾਣਾ ਫਿਰ ਵੀ ਜਾਇਜ-ਨਾਜਾਇਜ ਢੰਗ ਨਾਲ ਗਰੀਬਾਂ ਦਾ ਖ਼ੂਨ ਪੀ ਕੇ ਡਕਾਰੀ ਜਾ ਰਿਹਾ ਹੈ। ਗਲਤ ਹਰਬੇ ਵਰਤ ਕੇ ਦੁਨਿਆਵੀ ਪਦਾਰਥ ਇਕੱਠੇ ਕੀਤੇ ਜਾ ਰਹੇ ਹਨ। ਪਿਉ ਨੂੰ ਪੁੱਤ, ਪੁੱਤ ਨੂੰ ਪਿਓ, ਮਾਂ ਨੂੰ ਧੀ, ਧੀ ਨੂੰ ਮਾਂ, ਭਰਾ ਨੂੰ ਭੈਣ, ਭੈਣ ਨੂੰ ਭਰਾ, ਪਤੀ ਨੂੰ ਪਤਨੀ ਅਤੇ ਪਤਨੀ ਨੂੰ ਪਤੀ ਲੁੱਟੀ ਜਾ ਰਹੇ ਹਨ। ਨਿਜੀ ਤੋਂ ਪ੍ਰਵਾਰਕ, ਪਿੰਡ ਤੋਂ ਸ਼ਹਿਰ ਅਤੇ ਦੇਸ਼ ਤੋਂ ਵਿਦੇਸ਼ ਤੱਕ ਹੰਕਾਰਵੱਸ ਬੇ-ਵਜਾ ਲੜਾਈ ਅਤੇ ਕਤਲੋ-ਗਾਰਤ ਕਰਕੇ ਕਬਜੇ ਕੀਤੇ ਜਾ ਰਹੇ ਹਨ। ਕਿੱਥੇ ਹੈ ਮਨੁੱਖਤਾ, ਪਰਉਪਕਾਰ, ਸੇਵਾ-ਸਿਮਰਨ ਅਤੇ "ਦੇ ਕੇ ਭਲਾ ਮਨਾਉਣ" ਦੀ ਚੰਗੀ ਆਸ? ਜੋ ਖਤਮ ਹੁੰਦੀ ਜਾ ਰਹੀ ਹੈ। ਮਨੁੱਖ ਮਨੁੱਖਤਾ ਵਾਲੇ ਚੰਗੇ ਗੁਣ ਧਾਰਨ ਦੀ ਥਾਂ ਸੁਆਰਥੀ (ਸੈਲਫਿਸ਼) ਹੋਈ ਜਾ ਰਿਹਾ ਹੈ। ਆਪਸੀ ਪ੍ਰੇਮ-ਪਿਆਰ ਦੀ ਥਾਂ ਸਗੋਂ ਇੱਕ-ਦੂਜੇ ਨਾਲ ਨਫਰਤ ਕੀਤੀ ਤੇ ਫੈਲਾਈ ਜਾ ਰਹੀ ਹੈ। ਮਨੁੱਖ ਦੀ ਬਿਰਤੀ ਪਸ਼ੂਆਂ ਨਾਲੋਂ ਵੀ ਨੀਵੀਂ ਹੁੰਦੀ ਜਾ ਰਹੀ ਹੈ ਇਸ ਲਈ ਨਿਤਾ ਪ੍ਰਤੀ ਪੁੱਠੇ ਕੰਮ ਕਰਕੇ ਰੱਬੀ ਦਾਤ "ਇਨਸਾਨੀਅਤ" ਨੂੰ ਗਵਾਈ ਜਾ ਰਿਹਾ ਹੈ। ਮਨੁੱਖ ਦੀ ਉਤਪਤੀ ਪਿਤਾ ਦੀ ਬਿੰਦ ਅਤੇ ਮਾਂ ਦੀ ਰਕਤ ਦੇ ਸੁਮੇਲ ਤੋਂ ਹੋ ਰਹੀ ਹੈ-

ਮਾ ਕੀ ਰਕਤੁ ਪਿਤਾ ਬਿਦੁ ਧਾਰਾ॥ ਮੂਰਤਿ ਸੂਰਤਿ ਕਰਤ ਅਪਾਰਾ (੧੦੨੨)

ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ॥ (੬੩)

ਪ੍ਰਮਾਤਮਾਂ ਨੇ ਮਨੁੱਖ ਨੂੰ ਇਨਸਾਨੀਅਤ ਦਾ ਲਾਹਾ ਲੈਣ ਲਈ ਮਨੁੱਖਾ ਜਨਮ ਦਿੱਤਾ ਹੈ

ਪ੍ਰਾਣੀ ਤੂੰ ਆਇਆ ਲਾਹਾ ਲੈਣਿ॥(੪੩)

ਪਰ ਇਹ ਇਸ ਨੂੰ ਕੌਡੀਆਂ ਦੇ ਭਾਹ ਗਵਾਈ ਜਾ ਰਿਹਾ ਹੈ-

ਰੈਣਿ ਗਵਾਈ ਸੋਇ ਕੇ ਦਿਵਸੁ ਗਵਇਆ ਖਾਇ॥

ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥ (੧੫੬)

ਮਨੁੱਖਤਾ ਰੱਬ ਦੀ ਰਹਿਮਤ, ਚੰਗੇ ਮਾਂ-ਬਾਪ, ਸਭਾ-ਸੁਸਾਇਟੀ, ਚੰਗੀ ਸੰਗਤ, ਚੰਗੇ ਗ੍ਰੰਥਾਂ, ਵਧੀਆ ਸਕੂਲ ਟੀਚਰਾਂ ਅਤੇ ਸੱਚੇ ਸੁੱਚੇ ਭੈ-ਭਾਵਨੀ ਵਾਲੇ ਪ੍ਰਚਾਰਕਾਂ ਦੀ ਸੰਗਤ ਅਤੇ ਵਿਵਹਾਰ ਤੋਂ ਸਿੱਖੀ ਜਾ ਸਕਦੀ ਹੈ। ਇੱਕ ਸਭਿਅਕ ਮਨੁੱਖ ਉੱਦਮੀ, ਕਿਰਤੀ, ਦਾਨੀ, ਪਰਉਪਕਾਰੀ, ਗੁਣ-ਗਰਾਹੀ, ਸਮਾਜ-ਸੇਵੀ, ਅਗਾਹ ਵਧੂ, ਕ੍ਰਾਂਤੀਕਾਰੀ, ਵਿਦਿਆ ਪੜ੍ਹਨ-ਪੜ੍ਹਾਉਣ ਵਾਲਾ ਜੀਵਨ ਬਸਰ ਕਰਦਾ ਹੈ ਅਤੇ ਬ੍ਰਾਹਮਣਨੁਮਾਂ ਧਰਮ ਆਗੂਆਂ ਵੱਲੋਂ ਪਾਏ ਗਏ ਭਰਮ-ਭੁਲੇਖੇ, ਛੂਆ-ਛਾਤ, ਸੁੱਚ-ਭਿੱਟ ਅਤੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ। ਇੱਕ ਚੰਗੇ ਸਮਾਜ ਦਾ ਵਿਕਾਸ ਅਤੇ ਵਿਗਾਸ ਵੀ ਮਨੁੱਖਤਾ (ਇਨਸਾਨੀਅਤ) ਦੀ ਪਾਲਣਾ ਨਾਲ ਹੁੰਦਾ ਹੈ। ਸੋ ਗੁਰੂ ਸਾਹਿਬ ਫੁਰਮਾਂਦੇ ਹਨ ਕਿ-

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰ ਪਰੇਸਾਨੀ ਮਾਹਿ॥ (੭੨੭)

ਮਨੁੱਖਤਾ-ਅਵਲਿ ਅਲਹੁ ਨੂਰੁ ਉਪਾਇਆ ਕੁਦਰਤਿ ਕੇ ਸਭਿ ਬੰਦੇ॥ (੧੩੪੯)

ਨਾ ਕੋ ਬੈਰੀ ਨਹੀ ਬੇਗਾਨਾ॥ (੧੨੯੯)

ਦੇ ਸਰਬਸਾਂਝੇ ਰੱਬੀ ਗੀਤਾਂ ਵਿੱਚ ਡਲ੍ਹਕਾਂ ਮਾਰਦੀ ਹੈ। ਸਮੁੱਚੇ ਸੰਸਾਰੀ ਮਨੁੱਖਾਂ ਦਾ ਪਿਤਾ ਇੱਕ ਪ੍ਰਮਾਤਮਾਂ ਹੀ ਹੈ-

ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧)

ਇਸ ਲਈ ਸਮੁੱਚਾ ਸੰਸਾਰ ਇੱਕ ਹੀ ਪ੍ਰਵਾਰ ਹੈ। ਜਿਵੇਂ ਇੱਕੋ ਹੀ ਪ੍ਰਵਾਰ ਦੇ ਜੀਆਂ ਦੇ ਸੁਭਾਵ ਅਤੇ ਵਿਚਾਰ ਵੱਖਰੇ ਵੱਖਰੇ ਹੁੰਦੇ ਹਨ ਇਵੇਂ ਹੀ ਇਲਾਕਾ, ਪੌਣ-ਪਾਣੀ, ਰਹਿਣ-ਸਹਿਣ, ਖਾਣ-ਪੀਣ, ਬੋਲ-ਚਾਲ ਅਤੇ ਕਿਤੇ-ਕੰਮਾਂ ਕਰਕੇ ਸਮੁੱਚੀ ਮਨੁੱਖਤਾ (ਮਾਨਵਤਾ) ਵੱਖ ਵੱਖ ਪ੍ਰਤੀਤ ਹੁੰਦੀ ਹੈ! ਜੇ ਅਸੀਂ ਸਰਬਸਾਂਝੇ ਰੱਬੀ ਗੁਣਾਂ ਵਾਲੀ ਸਾਂਝ ਆਪਸ ਵਿੱਚ ਰੱਖਾਂਗੇ ਤਾਂ ਸਾਡੀਆਂ ਦੂਰੀਆਂ, ਕਲਾ-ਕਲੇਸ਼ ਅਤੇ ਲੜਾਈ ਝਗੜੇ ਘਟਣਗੇ, ਸਾਰਾ ਸੰਸਾਰ-ਬਾਗ ਇੱਕ ਹੀ ਮਾਲੀ ਦਾ ਪ੍ਰਤੀਤ ਹੋਵੇਗਾ ਅਤੇ ਰੱਬੀ ਦਾਤ "ਮਨੁੱਖਾ ਜਨਮ" ਅਤੇ ਮਨੁੱਖਤਾ ਦੀਆਂ ਕਦਰਾਂ ਕੀਮਤਾਂ ਕਾਇਮ ਰਹਿ ਸੱਕਣਗੀਆਂ। ਅਜਿਹੀਆਂ ਕਦਰਾਂ ਕੀਮਤਾਂ ਵਾਲੀ ਮਨੁੱਖਤਾ ਬਾਰੇ ਸਰਬਸਾਂਝੇ ਗਿਆਨ-ਗ੍ਰੰਥ (ਗੁਰੂ-ਗ੍ਰੰਥ) ਵਿੱਚ ਮਨੁੱਖ ਅਤੇ ਮਨੁੱਖਤਾ ਲਈ ਸਰਬਸਾਂਝੇ ਉਪਦੇਸ਼ ਭਰੇ ਪਏ ਹਨ ਪਰ ਲੋੜ ਪੜ੍ਹਨ, ਵਿਚਾਰਨ, ਧਾਰਨ ਅਤੇ ਅਮਲ ਕਰਕੇ ਸੰਸਾਰ ਨੂੰ ਵੰਡਣ ਦੀ ਹੈ ਜਿਸ ਸਦਕਾ ਸਮੁੱਚੀ ਮਾਨਵਤਾ ਆਪਣੇ ਮੂਲ ਨੂੰ ਪਛਾਣ ਕੇ ਮਨੁੱਖਤਾ ਨੂੰ ਬਰਕਰਾਰ ਰੱਖ ਸਕੇ।

-o-

ਇਨਸਾਨ ਅਤੇ ਹੈਵਾਨ ਵੱਖੋ-ਵੱਖ ਹੈ ਪਛਾਣ

ਇਨਸਾਨ ਅਰਬੀ ਦਾ ਲਫਜ਼ ਹੈ, ਜਿਸ ਦਾ ਮਤਲਵ ਹੈ ਆਦਮੀ ਜਾਂ ਮਨੁੱਖ ਅਤੇ ਹੈਵਾਨ ਦਾ ਅਰਥ ਹੈ ਪਸ਼ੂ। ਇਨਸਾਨ ਅਤੇ ਹੈਵਾਨ ਸਾਰੀ ਕਾਇਨਾਤ ਪ੍ਰਮਾਤਮਾਂ ਦੀ ਰਚਨਾ ਹੈ। ਇਸ ਕਾਇਨਾਤ ਵਿੱਚ ਬਹੁਤ ਕੁਛ ਹੈ, ਅਨੇਕਾਂ ਪ੍ਰਕਾਰ ਦੇ ਜੀਵ ਜੰਤ ਹਨ। ਮੁੱਖ ਤੌਰ ਤੇ ਇਨਸਾਨ ਅਤੇ ਹੈਵਾਨ ਹੀ ਹਨ। ਇਸ ਬਾਰੇ ਜਾਨਣ ਦੀ ਕੋਸ਼ਿਸ਼ ਕਰਦੇ ਹਾਂ। ਇਨਸਾਨ ਕੋਲ ਵਿਕਸਤ ਦਿਮਾਗ ਹੈ, ਜਿਸ ਨੂੰ ਵਰਤ ਕੇ ਬਹੁਤ ਕੁਝ ਕਰ ਸਕਦਾ ਹੈ। ਪਸ਼ੂ ਮੋਟੇ ਦਿਮਾਗ ਦਾ ਹੋਣ ਕਰਕੇ, ਬੁਰਾ ਭਲਾ ਨਹੀ ਸੋਚ ਸਕਦਾ ਪਰ ਕੁਝ ਗੁਣ ਦੋਹਾਂ ਦੇ ਬਰਾਬਰ ਹਨ, ਬੱਚੇ ਪੈਦਾ ਕਰਨਾ, ਖਾਣਾ, ਸੌਣਾ ਅਤੇ ਮਰਨਾ। ਕਾਦਰ ਨੇ ਕੁਦਰਤ ਵਿੱਚ ਹੈਵਾਨਾਂ ਤੋਂ ਇਨਸਾਨ ਬਣਾ ਦਿੱਤੇ ਜਾਂ ਇਉ ਕਹਿ ਲਉ ਕਿ ਹੈਵਾਨ ਤੋਂ ਵਿਕਸਤ ਹੋ ਇਨਸਾਨ ਬਣੇ। ਇਨਸਾਨ ਕੋਲ ਇਲਮ (ਵਿਦਿਆ) ਹੈ, ਇਸ ਲਈ ਉਹ ਪੜ੍ਹ, ਲਿਖ ਅਤੇ ਸੋਚ ਵਿਚਾਰ ਸਕਦਾ ਹੈ। ਹੈਵਾਨ ਕੋਲ ਇਹ ਇਲਮ ਨਹੀ ਪਰ ਪਾਲਤੂ ਹੈਵਾਨ ਸਿਖਾਇਆਂ ਕੁਝ ਨਾਂ ਕੁਝ ਇਸ਼ਾਰਿਆਂ ਨਾਲ ਸਿੱਖ ਜਾਂਦਾ ਹੈ।

ਇਨਸਾਨ ਪਹਿਲੇ ਜੰਗਲਾਂ ਵਿੱਚ ਰਹਿੰਦਾ ਸੀ, ਫਿਰ ਤਰੱਕੀ ਕਰਕੇ ਝੁਗੀਆਂ ਝੌਪੜੀਆਂ, ਕੱਚੇ ਕੋਠਿਆਂ ਅਤੇ ਪਿੰਡਾਂ ਵਿੱਚ ਰਹਿਣ ਲੱਗਾ। ਕਬੀਲੇ ਬਣਾ ਲੈ, ਫਿਰ ਪਿੰਡਾਂ ਤੋਂ ਸ਼ਹਿਰ ਵੱਲ ਵਧਿਆ, ਪੱਕੇ ਮਕਾਨ ਬਣ ਲਏ, ਸਭਾ ਸੁਸਾਇਟੀਆਂ ਪੈਦਾ ਹੋ ਗਈਆਂ। ਇਨਸਾਨ ਪਹਿਲੇ ਪੈਦਲ ਚਲਦਾ ਸੀ ਅਤੇ ਜੰਗਲੀ ਅਨਾਜ ਖਾਂਦਾ ਸੀ। ਹੌਲੀ ਹੌਲੀ ਇਸ ਨੇ ਕਾਦਰ ਦੀ ਕੁਦਰਤ ਵਿੱਚੋਂ ਕਈ ਸੁਖ ਸਹੂਲਤਾਂ ਖੋਜ ਲਈਆਂ। ਪੈਦਲ ਤੋਂ ਘੋੜਾ, ਖੋਤਾ, ਊਠ ਅਤੇ ਹਾਥੀ ਦੀ ਸਵਾਰੀ ਕਰਨ ਲੱਗਾ। ਬੈਲ ਗੱਡੀਆਂ ਅਤੇ ਤਾਂਗੇ ਪੈਦਾ ਕਰ ਲਏ। ਸਾਈਕਲ, ਮੋਟਰ ਸਾਈਕਲ, ਰੇਲ ਗੱਡੀਆਂ, ਬੱਸਾਂ, ਮੋਟਰ ਕਾਰਾਂ ਅਤੇ ਹਵਾਈ ਜਹਾਜ਼ ਪੈਦਾ ਕਰ ਲਏ। ਵੱਖ ਵੱਖ ਬੋਲ ਚਾਲ ਤੋਂ ਵੱਖ-ਵੱਖ ਭਾਸ਼ਾ ਪੈਦਾ ਕਰ ਲਈਆਂ, ਜਿਨ੍ਹਾਂ ਵਿੱਚ ਪੁਸਤਕਾਂ ਅਤੇ ਗ੍ਰੰਥ ਲਿਖੇ। ਵਿਦਿਆਲੇ ਮਦਰੱਸੇ ਬਣ ਗਏ, ਜਿੱਥੇ ਵਿਦਿਆ ਪੜ੍ਹਨ ਪੜ੍ਹਾਉਣ ਦਾ ਸਿਲਸਲਾ ਸ਼ੁਰੂ ਹੋ ਗਿਆ। ਦੂਰ ਦੁਰਾਡੇ ਸੁਨੇਹੇ ਲਈ ਚਿੱਠੀ ਪੱਤਰ ਸ਼ੁਰੂ ਹੋ ਗਏ। ਵਿਦਿਆਲਿਆਂ ਤੋਂ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਪੈਦਾ ਹੋ ਗਈਆਂ। ਰਸਾਲੇ ਅਤੇ ਅਖਬਾਰਾਂ ਸ਼ੁਰੂ ਹੋਈਆਂ, ਰੇਡੀਓ ਅਤੇ ਟੀ ਵੀ ਪੈਦਾ ਹੋ ਗਏ, ਸੁਨੇਹਿਆਂ ਅਤੇ ਚਿੱਠੀ ਪੱਤਰਾਂ ਦੀ ਥਾਂ ਫੋਨ, ਈਮੇਲਾਂ ਨੇ ਲੈ ਲਈ। ਅੱਜ ਇਨਸਾਨ ਸਾਰੇ ਸੰਸਾਰ ਵਿੱਚ ਘੁੰਮ ਫਿਰ ਸਕਦਾ ਹੈ। ਚੰਦ, ਮੰਗਲ ਅਤੇ ਕਈ ਹੋਰ ਧਰਤੀਆਂ ਤੇ ਵੀ ਜਾ ਚੁੱਕਾ ਹੈ।

ਗੁਰਬਾਣੀ ਦੇ ਮਹਾਂਵਾਕ- **ਕਰਤੂਤਿ ਪਸੂ ਕੀ ਮਾਨਸ ਜਾਤਿ॥ (੨੬੭)**

ਅਨੁਸਾਰ ਇਨਸਾਨ ਹੋ ਕੇ ਅਤੇ ਇਤਨੀ ਤਰੱਕੀ ਕਰਕੇ ਵੀ ਕਰਤੂਤਾਂ (ਕਾਰਵਾਈਆਂ) ਪਸ਼ੂਆਂ (ਹੈਵਾਨਾਂ) ਵਾਲੀਆਂ ਬਲਕਿ ਉਨ੍ਹਾਂ ਤੋਂ ਵੀ ਬਦਤਰ ਕਰ ਰਿਹਾ ਹੈ। ਜਿਵੇਂ ਪਸ਼ੂ ਬੇਗਾਨੀ ਖੁਰਲੀ ਵਿੱਚ ਮੂੰਹ ਮਾਰਦੇ ਹਨ, ਇਵੇਂ ਹੀ ਅਜੋਕਾ ਇਨਸਾਨ ਵੀ, ਦੂਜਿਆਂ ਦੇ ਹੱਕ ਖੋਹ ਕੇ ਖਾ ਰਿਹਾ ਹੈ। ਪਸ਼ੂ ਨੂੰ ਤਾਂ ਮਾਂ, ਧੀ ਅਤੇ ਭੈਣ ਦਾ ਗਿਆਨ ਨਹੀ ਪਰ ਇਨਸਾਨ ਗਿਆਨ ਹੁੰਦੇ ਹੋਏ ਵੀ ਪਰਾਈਆਂ ਧੀਆਂ ਭੈਣਾਂ ਨਾਲ ਦੁਰ ਵਿਹਾਰ ਕਰ ਰਿਹਾ ਹੈ। ਪਸ਼ੂਆਂ ਦਾ ਤਾਂ ਕਾਮ ਤੇ ਕੰਟਰੋਲ ਹੈ, ਬਿਨਾ ਮੌਸਮ ਉਹ ਕਾਮਕ੍ਰੀੜਾ ਨਹੀ ਕਰਦੇ ਪਰ ਇਨਸਾਨ ਇਹ ਕੰਟਰੋਲ ਗਵਾ ਰਿਹਾ ਹੈ। ਪਸ਼ੂ

ਭੁੱਖ ਲੱਗਣ ਤੇ ਹੀ ਖਾਂਦਾ ਹੈ ਪਰ ਇਹ ਹਰ ਵੇਲੇ ਮੂੰਹ ਦੇ ਸਵਾਦ ਲਈ ਪੇਟ ਦੀ ਤੁੰਨ-ਮਤੁੰਨ ਕਰ ਰਿਹਾ ਹੈ। ਵਿਦਿਆ ਦਾ ਦੀਵਾ ਲੈ ਹਨੇਰੇ ਖੱਡਿਆਂ ਵਿੱਚ ਡਿੱਗ ਰਿਹਾ ਹੈ। ਨਸ਼ੇ ਜੋ ਮਨੁੱਖਤਾ ਦੇ ਵੈਰੀ ਹਨ, ਉਨ੍ਹਾਂ ਦੀ ਨਾਜਾਇਜ ਵਰਤੋਂ ਕਰਕੇ ਮਨੁੱਖਤਾ ਵਿਰੋਧੀ ਹਾਦਸੇ ਅਤੇ ਕਾਰਵਾਈ ਾਂ ਕਰ ਰਿਹਾ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਿੱਚ ਇਤਨਾ ਗਲਤਾਨ ਹੋ ਚੁੱਕਾ ਹੈ ਕਿ ਬੁਰਾ ਭਲਾ ਵੀ ਨਹੀਂ ਸੋਚਦਾ। ਇਹ ਵਿਸ਼ੇ ਤਾਂ ਘੋੜੇ ਸਨ, ਜਿਨ੍ਹਾਂ ਨੂੰ ਗਿਆਨ ਦੀ ਲੁਗਾਮ ਦੇ ਕੇ, ਇਉਂ ਚਲਾਉਣਾ ਸੀ, ਜਿਵੇਂ ਇੱਕ ਰਥਵਾਹੀ ਘੋੜੇ ਨੂੰ ਚਲਾਉਂਦਾ ਹੈ। ਰੱਬ ਨੂੰ ਭੁੱਲ ਕੇ ਇਨਸਾਨ ਨੇ ਧ੍ਰਿਗ ਕਰਮ ਕਰਨੇ ਸ਼ੁਰੂ ਕਰ ਦਿੱਤੇ ਪਰ ਪਸ਼ੂ ਤਾਂ ਘਾਹ ਪੱਠਾ ਖਾ ਕੇ ਵੀ ਮਨੁੱਖਤਾ ਦੇ ਕੰਮ ਆਉਂਦਾ ਹੈ- ਪਸੂ ਮਿਲਹਿ ਚੰਗਿਆਈਆਂ ਖੜੁ ਖਾਵਹਿ ਅੰਮ੍ਰਿਤੁ ਦੇਹਿ॥ ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਨ ਕਰਮ ਕਰੇਹਿ॥੩॥(੪੮੯) ਪੀਣ ਲਈ ਦੁੱਧ, ਖੇਤਾਂ ਵਿੱਚ ਹਲਾਂ ਅੱਗੇ ਜੁਪਣਾ, ਸਵਾਰੀਆਂ ਢੋਣਾਂ ਅਤੇ ਗੱਡੀਆਂ ਖਿਚਣਾ, ਖੇਤੀ ਲਈ ਗੋਬਰ ਖਾਦ ਅਤੇ ਕਈ ਹੋਰ ਦੇਣਾਂ ਤੋਂ ਬਾਅਦ ਮਰਨ ਉਪ੍ਰੰਤ ਵੀ ਪਸ਼ੂਆਂ ਦੀ ਚਮੜੀ ਜੁੱਤੀਆਂ, ਬੈਲਟਾਂ ਅਤੇ ਪਰਸਾਂ ਆਦਿਕ ਲਈ ਵਰਤੀ ਜਾਂਦੀ ਹੈ। ਸਾਰੀ ਕਾਇਨਾਤ ਨੂੰ ਰੱਬ ਨੇ ਹੀ ਪੈਦਾ ਕੀਤਾ ਹੈ। ਇਹ ਕਰਤੇ ਦੀ ਕੁਦਰਤੀ ਰਚਨਾ ਹੈ-

ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ॥੩॥(੧੪੦੩)

ਵੱਖ ਜੀਵ ਜੰਤ ਆਪਣੇ ਸੁਭਾ ਅਤੇ ਸੋਝੀ ਅਨੁਸਾਰ ਚਲ ਰਹੇ ਹਨ। ਪਸ਼ੂਆਂ ਵਿੱਚੋਂ ਵੀ ਕਈ ਸ਼੍ਰੇਣੀਆਂ ਵਿਗਸਤ ਹੋ ਗਈਆਂ ਹਨ ਪਰ ਸਾਰੀਆਂ ਜੀਵ ਜੋਨ-ਜਾਤੀਆਂ ਇਨਸਾਨ ਦੀ ਸੇਵਾ ਕਰ ਰਹੀਆਂ ਹਨ-

ਅਵਰ ਜੋਨਿ ਤੇਰੀ ਪਨਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ (੩੭੪)

ਸਿਕਦਾਰ ਫਾਰਸੀ ਦਾ ਲਫਜ਼ ਹੈ ਭਾਵ ਸਿੱਕਾ ਚਲਾਉਣ ਵਾਲਾ ਰਾਜਾ ਅਤੇ ਸਿਕਦਾਰੀ ਭਾਵ ਹਕੂਮਤ ਸਰਕਾਰ ਅਤੇ ਸਰਦਾਰੀ। ਸਿਕਦਾਰ (ਸਰਦਾਰ) ਰਾਜੇ ਨੇ ਕਰਮ ਤਾਂ ਸਰਦਾਰਾਂ ਵਾਲੇ ਕਰਨੇ ਸੀ ਤੇ ਕਰਨ ਬੇਜਾਨ ਹੈਵਾਨਾਂ ਨਾਲੋਂ ਵੀ ਬਦਤਰ ਲੱਗ ਪਿਆ। ਰੱਬ ਨੇ ਜਦ ਪੈਦਾ ਕੀਤਾ, ਸਭ ਇਨਸਾਨਾਂ ਨੂੰ, ਤਾਂ ਇਨਸਾਨੀਅਤ ਵਾਲਾ ਇੱਕੋ ਧਰਮ ਦਿੱਤਾ-

ਏਕੋ ਧਰਮੁ ਦ੍ਰਿੜੈ ਸਚੁ ਸੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥ (੧੧੮੮)

ਪਰ ਚਾਤਰ ਇਨਸਾਨ ਨੇ ਇਸ ਧਰਮ ਨੂੰ ਵੀ ਕਈ ਮਜ਼ਹਬਾਂ ਅਤੇ ਫਿਰਕਿਆਂ ਜਿਵੇਂ ਈਸਾਈ, ਮੁਸਾਈ, ਮੁਸਲਿਮ, ਹਿੰਦੂ, ਬੋਧੀ ਅਤੇ ਸਿੱਖ ਆਦਿਕ ਵਿੱਚ ਵੰਡ ਦਿੱਤਾ। ਫਿਰ ਆਪਣੇ ਧਰਮ ਨੂੰ ਚੰਗਾ ਅਤੇ ਦੂਜੇ ਨੂੰ ਮੰਦਾ ਕਹਿ ਕੇ, ਆਪਸੀ ਲੜਾਈ ਝਗੜੇ ਸੁਰੂ ਕਰ ਲਏ। ਦੁਨੀਆਂ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਲੜਾਈਆਂ ਧਰਮ ਦੇ ਨਾਂ ਤੇ ਹੀ ਹੋਈਆਂ ਅਤੇ ਹੋ ਰਹੀਆਂ ਮਿਲਦੀਆਂ ਹਨ। ਇਹ ਲੜਾਈਆਂ ਵੀ ਇੱਕ ਰੋਗ ਹੀ ਹਨ-

ਪਰਮੇਸ਼ਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ (੧੩੫)

ਆਪਣੇ ਪਿਤਾ ਪਰਮੇਸ਼ਰ ਨੂੰ ਭੁੱਲਣ ਕਰਕੇ ਹੀ ਐਸਾ ਭਾਣਾ ਵਰਤਿਆ ਹੈ। ਜੇ ਇਨਸਾਨ ਨੂੰ ਇਹ ਯਾਦ ਹੁੰਦਾ ਕਿ ਸਾਡਾ ਸਭ ਦਾ ਪੈਦਾ ਕਰਨ ਵਾਲਾ ਪਿਤਾ ਇੱਕ ਹੀ ਹੈ-

ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧)

ਫਿਰ ਵੱਖ-ਵੱਖ ਧਰਮਾਂ, ਮਜ਼ਹਬਾਂ, ਫਿਰਕਿਆਂ ਅਤੇ ਦੇਸ਼ਾਂ ਦੀ ਲੜਾਈ ਕਿਸ ਲਈ ਹੈ, ਬਾਰੇ ਗੰਭੀਰਤਾ ਨਾਲ ਸੋਚਦਾ!

ਇਤਿਹਾਸ ਵਾਚਣ ਤੋਂ ਪਤਾ ਲਗਦਾ ਹੈ ਕਿ ਇਹ ਸਭ ਵਖਰੇਵਾਂ ਧਰਮ ਅਤੇ ਰਾਜ ਦੇ ਠੇਕੇਦਾਰਾਂ ਰਾਜਿਆਂ, ਅਖੌਤੀ ਅਵਤਾਰਾਂ, ਪੀਰਾਂ, ਪੰਡਤਾਂ, ਯੋਗੀਆਂ, ਸੰਤ ਬਾਬਿਆਂ ਅਤੇ ਚੁੰਚ ਗਿਆਨੀਆਂ ਨੇ ਪਾਇਆ ਹੈ। ਅੱਜ ਹਰ ਮਜ਼ਹਬ ਵਿੱਚ ਅੱਗੇ ਕਈ ਫਿਰਕੇ ਪੈਦਾ ਹੋ ਗਏ ਹਨ ਜੋ ਆਪਸੀ ਭਰਾ ਮਾਰੂ ਜੰਗ ਹੀ ਲੜੀ ਜਾ ਰਹੇ ਹਨ। ਬਾਹਰੀ ਭੇਖਾਂ, ਪਹਿਰਾਵਿਆਂ ਅਤੇ ਚਿੰਨ੍ਹਾਂ ਨੂੰ ਹੀ ਅਸਲੀ ਧਰਮ ਸਮਝਿਆ ਜਾ ਰਿਹਾ ਹੈ। ਸੰਸਾਰ ਦੀ ਉਤਪਤੀ ਨੂੰ ਜਾਰੀ ਰੱਖਣ ਲਈ ਕਰਤੇ ਨੇ ਮਰਦ ਅਤੇ ਔਰਤ (ਮੇਲ ਅਤੇ ਫੀ ਮੇਲ) ਪੈਦਾ ਕੀਤੇ। ਇਨਸਾਨ ਨੇ ਇੱਥੇ ਵੀ ਵੱਡੇ ਛੋਟੇ ਦਾ ਝਗੜਾ ਪੈਦਾ ਕਰ ਦਿੱਤਾ। ਮਰਦ ਪ੍ਰਧਾਨ ਸਮਾਜ ਹੋਣ ਕਰਕੇ ਸਦੀਆਂ ਤੋਂ ਔਰਤ ਨੂੰ ਨੀਵਾਂ ਦੱਸ ਕੇ ਉਸ ਦੇ ਕੁਦਰਤੀ ਹੱਕਾਂ ਨੂੰ ਦਬਾਇਆ ਗਿਆ। ਅਜੋਕਾ ਇਨਸਾਨ ਜਗਤ ਜਨਨੀ ਨੂੰ ਹੀ ਕੁਖ ਵਿੱਚ ਮਾਰੀ ਜਾ ਰਿਹਾ ਹੈ। ਇਨਸਾਨ ਨੇ ਬੇਜਾਨ ਜੀਵ ਜੰਤੂਆਂ ਨਾਲ ਤਾਂ ਧੱਕਾ ਕੀਤਾ ਹੀ ਪਰ ਅਜ ਆਪਣੇ ਸਕੇ ਭਰਾਵਾਂ ਅਤੇ ਜਗਤ ਜਨਨੀ ਨਾਲ ਵੀ ਕਰੀ ਜਾ ਰਿਹਾ ਹੈ। ਅੱਜ ਸੰਸਾਰ ਭਰ ਦੀਆਂ ਔਰਤਾਂ ਨੂੰ ਧਰਮੀ ਸ਼ੇਰ ਮਰਦ ਗੁਰੂ ਬਾਬਾ ਨਾਨਕ ਪਾਤਸ਼ਾਹ ਦੇ ਸ਼ੁਕਰਗੁਜਾਰ ਹੁੰਦਿਆਂ ਉਨ੍ਹਾਂ ਦੇ ਕ੍ਰਾਂਤੀਕਾਰੀ ਉਪਦੇਸ਼ਾਂ ਦਾ ਜੋਰਦਾਰ ਢੰਗ ਨਾਲ ਪ੍ਰਚਾਰ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਬਲੰਦ ਬਾਂਗ ਕਿਹਾ ਸੀ ਕਿ-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (੪੭੩)

ਬਾਬੇ ਨਾਨਕ ਨੇ ਕਰਤੇ, ਕੁਦਰਤ, ਗਿਆਨ, ਵਿਗਿਆਨ, ਇਨਸਾਨ ਅਤੇ ਸਰਬ ਸਾਂਝੇ ਧਰਮ ਦੀ ਹੀ ਗੱਲ ਗੁਰਬਾਣੀ ਵਿੱਚ ਕਰਦੇ ਹੋਏ ਅੰਨ੍ਹੀ ਸ਼ਰਧਾਂ ਦਾ ਖੰਡਨ ਅਤੇ ਸੱਚੀ ਸ਼ਰਧਾ ਦਾ ਮੰਡਨ ਕੀਤਾ ਹੈ।

ਅੱਜ ਗੁਰੂ ਨਾਨਕ ਪਾਤਸ਼ਾਹ ਨਾਨਕ ਨਿਰੰਕਾਰੀ ਦੇ ਅਨੁਯਾਈ ਅਖਵਾਉਣ ਵਾਲੇ ਬਹੁਤੇ ਭੇਖੀ ਸਿੱਖ ਵੀ ਇਨਸਾਨੀਅਤ ਤੋਂ ਗਿਰੇ ਕਰਮ ਕਰੀ ਜਾ ਰਹੇ ਹਨ। ਇਸਾਨੀਅਤ ਇਨ੍ਹਾਂ ਵਿੱਚੋਂ ਖੰਭ ਲਾ ਕੇ ਉੱਡ ਗਈ ਹੈ ਅਤੇ ਹੈਵਾਨੀਅਤ ਅੰਦਰ ਪ੍ਰਵੇਸ਼ ਕਰ ਗਈ ਹੈ। ਬਾਬੇ ਨਾਨਕ ਨੇ ਤਾਂ ਸਿੱਖ ਬਣਾਇਆ ਸੀ ਅੱਜ ਇਹ ਸੰਤ ਬਣੀ ਫਿਰਦੇ ਹਨ? ਸੰਤ ਸ਼ਬਦ ਜੋ ਗੁਰਬਾਣੀ ਵਿੱਚ ਰੱਬ, ਗੁਰੂ ਅਤੇ ਬਹੁਵਚਨ ਵਿੱਚ ਗੁਰਸੰਗਤ ਲਈ ਵਰਤਿਆ ਗਿਆ ਹੈ, ਇਨ੍ਹਾਂ ਚੋਲਾਧਾਰੀ ਬਾਬਿਆਂ ਅਤੇ ਕਥਾਕਾਰਾਂ ਨੇ ਆਪਣੇ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਗੁਰੂ ਬਾਬੇ ਨੇ ਸਿੱਖ ਪੰਥ (ਸਿੱਖੀ ਦਾ ਰਸਤਾ) ਸੁਖੈਣ ਬਣਾਇਆ ਸੀ-ਗੁਰਮੁਖ ਗਾਡੀ ਰਾਹ ਚਲੰਦਾ (ਭਾਗੁ) ਪਰ ਭੇਖੀ ਬਾਬਿਆਂ ਨੇ ਕੰਡੇਦਾਰ ਅਤੇ ਗੁੰਝਲਦਾਰ ਬਣਾ ਦਿੱਤਾ ਹੈ। ਆਪੋ ਆਪਣੀਆਂ ਟਕਸਾਲਾਂ, ਡੇਰੇ ਅਤੇ ਸਭਾ ਸੁਸਾਇਟੀਆਂ ਬਣਾ ਕੇ ਅਖੌਤੀ ਧਰਮ ਦੀਆਂ ਦੁਕਾਨਾਂ ਖੋਲ੍ਹ ਕੇ, ਧਰਮ ਦੇ ਨਾਂ ਤੇ ਵੱਖ-ਵੱਖ ਜਪਾਂ-ਤਪਾਂ, ਪਾਠਾਂ ਅਤੇ ਚਮਟਾ ਕੀਰਤਨਾਂ ਦੀਆਂ ਸੇਲਾਂ ਲਾਈਆਂ ਹੋਈਆਂ ਹਨ। ਜਿੱਥੇ ਇਨਸਾਨ ਦਾ ਨਹੀਂ ਸਗੋਂ ਹੈਵਾਨ ਬਣਨ ਦਾ ਉਪਦੇਸ਼ ਦਿੱਤਾ ਜਾ ਰਿਹਾ ਹੈ। ਹੈਵਾਨ (ਪਸ਼ੂ) ਜਿਵੇਂ ਖਾਣ ਪੀਣ ਤੋਂ ਲੜਦੇ ਹੋਏ ਇੱਕ ਦੂਜੇ ਨੂੰ ਢੁੱਡ ਮਾਰਦੇ ਹਨ। ਇਵੇਂ ਹੀ ਗੁਰੂ ਕੇ ਲੰਗਰਾਂ ਵਿੱਚ ਸੁੱਚ-ਭਿੱਟ ਦੇ ਨਾਂ ਅਤੇ ਵੱਡੇ ਦਾਨੀਆਂ ਦੇ ਨਾਂ ਤੇ ਲੜਾਈਆਂ ਹੋ ਰਹੀਆਂ ਹਨ। ਤਪੜਾਂ ਅਤੇ ਕੁਰਸੀਆਂ ਨੂੰ ਹੀ ਧਰਮ ਸਮਝਿਆ ਜਾ ਰਿਹਾ ਹੈ।

ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ, ਧਰਮ ਨਾਲੋਂ ਧੜੇ ਨੂੰ ਵੱਧ ਮਹਾਨਤਾ ਦੇ ਰਹੇ ਹਨ। ਸਿੱਖਾਂ ਦਾ ਇੱਕ ਹੀ ਧੜਾ ਗੁਰੂ ਗ੍ਰੰਥ ਅਤੇ ਗੁਰ ਸੰਗਤ ਹੈ, ਦੇ ਸਿਧਾਂਤ ਨੂੰ ਵਿਸਾਰ ਕੇ ਟਕਸਾਲਾਂ, ਡੇਰੇ ਅਤੇ ਬਾਬੇ ਸਿੱਖਾਂ ਦੀਆਂ ਕੇਂਦਰੀ ਸੰਸਥਾਵਾਂ ਵਿੱਚ ਘੁਸੜ

ਕੇ, ਇਨ੍ਹਾਂ ਸੰਸਥਾਵਾਂ ਦੇ ਮੁਖੀ, ਜਥੇਦਾਰ, ਰਾਗੀ ਅਤੇ ਗ੍ਰੰਥੀ ਬਣ ਚੁੱਕੇ ਹਨ, ਜੋ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਰੂਪ ਗਿਆਨ ਨਾਲੋਂ ਅਖੌਤੀ ਸੰਤ ਬਾਬਿਆਂ ਦੀਆਂ ਕਥਾ ਕਹਾਣੀ ਅਤੇ ਕਰਾਮਾਤਾਂ ਹੀ ਸੰਗਤਾਂ ਨੂੰ ਪ੍ਰਚਾਰੀ ਜਾ ਰਹੇ ਹਨ। ਇਨ੍ਹਾਂ ਲੋਕਾਂ ਨੇ ਸਿੱਖਾਂ ਨੂੰ ਕੁੱਕੜਾਂ ਅਤੇ ਕੁੱਤਿਆਂ ਵਾਲੀ ਲੜਾਈ ਲੜਨੀ ਸਿਖਾ ਦਿੱਤੀ ਹੈ। ਅਜੋਕੇ ਬਹੁਤੇ ਸਿੱਖ ਕੁੱਕੜ ਖੋਹ ਨਹੀਂ ਤਾਂ ਹੋਰ ਕੀ ਕਰ ਰਹੇ ਹਨ? ਕੁਰਸੀਆਂ ਅਤੇ ਅਹੁਦਿਆਂ ਵਾਸਤੇ ਸਭ ਕੁਝ ਦਾਅ ਤੇ ਲਾਇਆ ਜਾ ਰਿਹਾ ਹੈ। ਸਾਡੀ ਇਨਸਾਨੀਅਤ ਕਿਧਰ ਚਲੀ ਗਈ ਹੈ? ਜਦ ਅਸੀ ਇਹ ਪੜ੍ਹਦੇ, ਗਾਉਂਦੇ ਅਤੇ ਪ੍ਰਚਾਰਦੇ ਹਾਂ ਕਿ-ਏਕ ਪਿਤਾ ਏਕਸ ਕੇ ਹਮ ਬਾਰਿਕ, ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ, ਸਭ ਮਹਿ ਜੋਤਿ ਜੋਤਿ ਹੈ ਸੋਇ, ਅਤੇ ਸਭੇ ਸਾਂਝੀਵਾਲ ਸਦਾਇਨ (ਗੁਰੁ ਗ੍ਰੰਥ) ਪਰ ਸਾਡੇ ਕਰਮ ਅਤੇ ਅਮਲ ਇਸ ਦੇ ਉਲਟ ਹਨ, ਅਸੀਂ ਧੜਾਵਾਦੀ ਹੋ ਕੇ ਇੱਕ ਦੂਜੇ ਨੂੰ ਨੀਵਾਂ ਦਿਖ਼ਾ ਰਹੇ ਹਾਂ। ਨਿਰਵੈਰ ਦਾ ਜਾਪ ਕਰਨ ਵਾਲੇ ਅਸੀਂ ਆਪਣੇ ਧਰਮ ਭਾਈਆਂ ਨਾਲ ਹੀ ਕੋਈ ਵਿਚਾਰ ਨਾਂ ਮਿਲਣ ਤੇ ਦਿਲੀ ਵੈਰ ਰੱਖਦੇ ਹਾਂ, ਦੂਜੇ ਵਿੱਚ ਰੱਬੀ ਜੋਤਿ ਨਾਂ ਸਮਝ ਕੇ ਰੱਬ ਦਾ ਹੀ ਤਿਸਕਾਰ ਕਰੀ ਜਾ ਰਹੇ ਹਾਂ। ਗੁਰੂ ਜੀ ਨੇ ਖਾਲਸਾ ਪੰਥ ਸਾਜਿਆ ਸੀ, ਅੱਜ ਅਸੀ ਵੱਖ ਵੱਖ ਟਕਸਾਲਾਂ ਅਤੇ ਡੇਰੇ ਸਾਜੇ ਦਾ ਪ੍ਰਚਾਰ ਕਰਕੇ ਲੜੀ ਜਾ ਰਹੇ ਹਾਂ। ਜਰਾ ਸੋਚੋ ਜੇ ਗੁਰੂ ਇੱਕ, ਸਿੱਖ ਪੰਥ ਇੱਕ, ਨਿਸ਼ਾਨ ਇੱਕ, ਵਿਧਾਨ ਇੱਕ ਫਿਰ ਇਹ ਵੱਖ-ਵੱਖ ਡੇਰੇ, ਟਕਸਾਲਾਂ ਅਤੇ ਵੱਖ-ਵੱਖ ਮਰਯਾਦਾ ਕਿੱਥੋਂ ਆ ਗਈਆਂ? ਸੋਚੋ, ਵਿਚਾਰੋ ਅਤੇ ਧਾਰੋ! ਅਸੀਂ ਇਨਸਾਨ ਪਹਿਲੇ ਹਾਂ ਬਾਕੀ ਸਭ ਕੁਝ ਬਾਅਦ ਵਿੱਚ। ਸਾਡੇ ਗੁਰੂਆਂ-ਭਗਤਾਂ ਨੇ ਸਾਨੂੰ ਹੈਵਾਨ ਤੋਂ ਇਨਸਾਨ ਹੀ ਬਣਾਇਆ ਸੀ ਅਤੇ ਸਦਾ ਇਨਸਾਨ ਬਣੇ ਰਹਿਣ ਦਾ ਸਦੀਵੀ ਉਪਦੇਸ਼ ਗੁਰਬਾਣੀ *ਗੁਰੂ ਗ੍ਰੰਥ ਸਾਹਿਬ* ਹੀ ਹੈ, ਸਾਨੂੰ ਦੇ ਗਏ। ਇਨ੍ਹਾਂ ਚਾਲ ਬਾਜ ਟਕਸਾਲੀਆਂ ਅਤੇ ਡੇਰੇਦਾਰ ਸੰਤ ਬਾਬਿਆਂ ਨੇ ਗੁਰੂ ਗ੍ਰੰਥ ਬਰਾਬਰ ਹੋਰ ਵੱਖ-ਵੱਖ ਗ੍ਰੰਥਾਂ ਦਾ ਪ੍ਰਕਾਸ਼ ਅਤੇ ਪ੍ਰਚਾਰ ਕਰਕੇ, ਮਨੁੱਖਤਾ ਦੇ ਸਰਬ ਸਾਂਝੇ ਗ੍ਰੰਥ * ਗੁਰੂ ਗ੍ਰੰਥ ਸਾਹਿਬ* ਦੀ ਬੇਅਦਬੀ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਤਾਂ ਧੜੇਬੰਦੀਆਂ ਖਤਮ ਕਰਕੇ, ਇਨਸਾਨ ਬਣ ਕੇ, ਇਨਸਾਨੀਅਤ ਨੂੰ ਧਾਰਨ ਅਤੇ ਮਨੁੱਖਾ ਜਨਮ ਨੂੰ ਸਫਲ ਕਰਨ ਲਈ ਪਰਉਪਕਾਰੀ ਜੀਵਨ ਜੀਂਦੇ ਹੋਏ-ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥(੪੮੬) ਦਾ ਸੁਨਹਿਰੀ ਉਪਦੇਸ਼ ਦਿੰਦਾ ਹੈ। ਸਿੱਖ ਨੇ ਤਾਂ ਗੁਰੂ ਬਾਬੇ ਨਾਨਕ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਕੇ, ਸਾਰੇ ਸੰਸਾਰ ਨੂੰ, ਆਪਸੀ ਭਾਈਚਾਰੇ ਵਿੱਚ, ਭ੍ਰਾਤਰੀਭਾਵ ਨਾਲ ਰਹਿੰਦਿਆਂ-ਏਕਸ ਕੇ ਹਮ ਬਾਰਿਕ, ਸਾਡਾ ਸਭ ਦਾ ਇਨਸਾਨੀਅਤ ਧਰਮ ਵੀ ਇੱਕ ਹੀ ਹੈ, ਦਾ ਪ੍ਰਚਾਰ ਕਰਨਾ ਹੈ ਨਾਂ ਕਿ ਕੋਈ ਵਿਚਾਰ ਨਾਂ ਮਿਲੇ ਤਾਂ, ਪੰਥ ਵਿਰੋਧੀ ਕਹਿ ਕੇ, ਆਪਣੇ ਹੀ ਭਾਈਆਂ ਨੂੰ, ਔਰੰਗਜ਼ੇਬੀ ਹੁਕਮਨਾਮਿਆਂ ਰਾਹੀ ਛੇਕੀ ਜਾਣਾ ਹੈ। ਸੋ-ਹੋਇ ਇਕੱਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰੋ ਲਿਵ ਲਾਇ॥ (੧੧੮੫) ਆਓ ਇਨਸਾਨ ਬਣੀਏ, ਹੈਵਾਨੀਅਤ ਦਾ ਤਿਆਗ ਅਤੇ ਇਨਸਾਨੀਅਤ ਦਾ ਹੀ ਪ੍ਰਚਾਰ ਕਰੀਏ, ਕਿਉਂ ਖਾਹ ਮਖਾਹ ਆਪਣੀਆਂ ਹੀ ਪੱਗਾਂ ਲਾਹੀ ਜਾ ਰਹੇ ਹਾਂ? ਸਿੱਖਾਂ ਦੀਆਂ ਜਿਆਦਾ ਆਪਸੀ ਲੜਾਈਆਂ ਇੱਕ ਗੁਰੂ ਗ੍ਰੰਥ ਸਾਹਿਬ ਅਤੇ ਇੱਕ ਮਰਯਾਦਾ ਨੂੰ ਤਿਆਗ ਕੇ, ਮਾਇਆਧਾਰੀ ਡੇਰੇਦਾਰਾਂ ਦੇ ਮੱਗਰ ਲੱਗਣਾ ਹੀ ਹੈ। ਸਾਨੂੰ ਇਹ ਸਮਝ ਕਦੋਂ ਆਵੇਗੀ ਕਿ ਅਸੀਂ ਸਾਰੇ ਇਨਸਾਨ ਪਹਿਲੇ ਹਾਂ ਬਾਕੀ ਸਭ ਕੁਝ ਬਾਅਦ ਵਿੱਚ? ਗੁਰੂ ਭਲੀ ਕਰੇ!

-0-

ਗੁਰਮੁਖਾਂ ਅਤੇ ਮਨਮੁਖਾਂ ਦੇ ਰਸਤੇ ਵੱਖਰੇ ਕਿਉਂ?

ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਅਨੁਸਾਰ ਗੁਰਮੁਖ ਜੋ ਗੁਰੂ ਨੂੰ ਹੀ ਮੁਖੀ ਮੰਨਦੇ ਹਨ ਜਿਨ੍ਹਾਂ ਨੂੰ ਸਨਮੁਖ ਵੀ ਕਿਹਾ ਜਾਂਦਾ ਹੈ ਅਤੇ ਮਨਮੁਖ ਜੋ ਆਪਣੇ ਮਨ ਨੂੰ ਹੀ ਮੁਖੀ ਰੱਖਦੇ ਹਨ ਜਿਨ੍ਹਾਂ ਨੂੰ ਵੇਮੁਖ ਵੀ ਕਿਹਾ ਜਾਂਦਾ ਹੈ।

ਗੁਰਮਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਇ॥ (੨੨)

ਭਾਵ ਗੁਰਮੁਖ ਝੂਠ ਨੂੰ ਛੱਡ ਕੇ ਸੱਚ ਨਾਲ ਪਿਆਰ ਕਰਦੇ ਹਨ ਅਤੇ ਝੂਠ ਉਨ੍ਹਾਂ ਨੂੰ ਭਾਉਂਦਾ ਨਹੀਂ ਪਰ ਮਨਮੁਖ ਸਾਕਤਾਂ ਨੂੰ ਸੱਚ ਨਹੀਂ ਭਾਉਂਦਾ ਉਹ ਕੂੜ ਦੇ ਮਗਰ ਹੀ ਜਾਂਦੇ ਹਨ। **ਗੁਰਮੁਖਿ ਵਿਚਹੁ ਆਪੁ ਗਵਾਏ॥** (੧੨੫) ਗੁਰਮੁਖ ਆਪਾਭਾਵ ਤਿਆਗਦਾ ਹੈ ਅਤੇ ਮਨਮੁਖ ਆਪਣਾ ਆਪ ਜਣਾਉਂਦਾ ਹੈ।

ਗੁਰਮੁਖਿ ਵੈਰ ਵਿਰੋਧ ਗਵਾਵੈ॥ ਗੁਰਮੁਖਿ ਸਗਲੀ ਗਣਤ ਮਿਟਾਵੈ॥ (੯੪੨) ਗੁਰਮੁਖ ਵੈਰ ਵਿਰੋਧ ਗਵਾਉਂਦਾ ਹੈ ਭਾਵ ਕਿਸੇ ਨਾਲ ਈਰਖਾਵੱਸ ਵੈਰ ਨਹੀਂ ਰੱਖਦਾ। ਗੁਰੂ ਰਸਤੇ ਤੇ ਚੱਲਣਵਾਲਾ ਗੁਰਮੁਖ **ਸਗਲੀ ਗਣਤ** ਭਾਵ ਮਨ ਦੇ ਖੋਟੇ ਸੰਕਲਪ-ਕੁਟਲ ਨੀਤੀ ਮਿਟਾ ਦਿੰਦਾ ਹੈ। **ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ॥**(੧੪੧੮) ਗੁਰਮੁਖ ਗਿਆਨ ਬਲ ਕਰਕੇ ਵਿਕਾਰ ਰਹਿਤ ਹਨ ਜੋ ਕਦੇ ਹੌਂਸਲਾ ਨਹੀਂ ਹਾਰਦੇ ਅਤੇ ਕਰਮਜੋਗੀ ਹਨ, ਉਹ ਕਦੇ ਮਨ ਕਰਕੇ ਬੁੱਢੇ ਨਹੀਂ ਹੁੰਦੇ। ਇਸ ਦੇ ਉਲਟ ਆਲਸੀ ਹਿਮਤਹੀਨ ਮਨਮੁਖ, ਜਵਾਨ ਹੋਣ ਤੇ ਵੀ ਕਰਮਜੋਗੀ ਬੁੱਢਿਆਂ ਤੋਂ ਬਦਤਰ ਹਨ।

ਦੇਂਦੇ ਥਾਵਹੁ ਦਿਤਾ ਚੰਗਾ, ਮਨਮੁਖਿ ਐਸਾ ਜਾਣੀਐ॥ (੧੩੮) ਜੋ ਵਿਅਕਤੀ ਦਾਤੇ ਨਾਲੋਂ ਦਾਤਾਂ ਨੂੰ ਚੰਗਾ ਜਾਣਦਾ ਹੈ ਉਹ ਅਸਲ ਵਿੱਚ ਮਨਮੁਖ ਹੈ। **ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ॥** (੩੦੩) ਜੋ ਪੂਰੇ ਗੁਰੂ ਦਾ ਹੁਕਮ ਨਹੀਂ ਮੰਨਦਾ, ਉਹ ਮਨਮੁਖ ਅਗਿਆਨੀ ਮਾਇਆ ਦੇ ਜ਼ਹਿਰ ਵਿੱਚ ਮੁੱਠਾ ਹੋਇਆ ਹੈ। ਸਿੱਖਾਂ ਦਾ ਪੂਰਾ ਗੁਰੂ "ਗੁਰੂ-ਗ੍ਰੰਥ" ਹੈ ਮਨਮੁਖ ਅਗਿਆਨੀ ਸਾਧ ਸੰਤ ਡੇਰੇਦਾਰ "ਗੁਰੂ ਗ੍ਰੰਥ" ਜੀ ਨੂੰ ਛੱਡ ਕੇ ਹੁਕਮ ਆਪਣੇ ਵਡੇਰੇ ਡੇਰੇਦਾਰ ਸੰਤਾਂ ਦਾ ਮੰਨਦੇ ਹਨ ਇਸ ਕਰਕੇ ਉਹ ਗੁਰਮੁਖ ਸਿੱਖ ਨਹੀਂ ਸਗੋਂ ਮਨਮੁਖ ਹਨ।

ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ॥
ਝਗੜਾ ਕਰਦਿਆਂ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ॥
ਨਾਨਕ ਮਨਮੁਖਾਂ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥ (੩੧੬)

ਲੋਭ ਲਾਲਚ ਅਤੇ ਅਹੰਕਾਰ ਵਿੱਚ ਗਲਤਾਨ ਹੋ ਕੇ ਮਨਮੁਖ ਮੂਲ (ਰੱਬ) ਨੂੰ ਭੁੱਲ ਜਾਂਦਾ ਹੈ। ਕਰਤੇ ਨੂੰ ਭੁੱਲ ਕੇ ਕੇਵਲ ਕ੍ਰਿਤਮ ਨੂੰ ਮੰਨਣ ਵਾਲੇ ਦਾ ਰਾਤ-ਦਿਨ ਝਗੜਾ ਕਰਦਿਆਂ ਗੁਜਰਦਾ ਹੈ, ਉਹ ਸ਼ਬਦ ਦੀ ਵੀਚਾਰ ਨਹੀਂ ਕਰਦਾ। ਗੁਰੂ ਜੀ ਫੁਰਮਾਂਦੇ ਹਨ ਕਿ ਅਜਿਹੇ ਮਨਮੁਖਾਂ ਨਾਲੋਂ ਤਾਂ ਟੁੱਟੀ ਹੀ ਭਲੀ ਹੈ। ਇਵੇਂ ਹੀ ਅੱਜ ਧੁਰ ਕੀ ਬਾਣੀ ਰੂਪੀ ਸ਼ਬਦ ਗੁਰੂ ਨੂੰ ਛੱਡ ਕੇ ਭੇਖੀ ਸਿੱਖ ਅਖੌਤੀ ਦਸਮ ਗ੍ਰੰਥ ਅਤੇ ਡੇਰਾਵਾਦੀ-ਸਾਧਾਂ ਨੂੰ ਮਾਨਤਾ ਦੇ ਰਿਹਾ ਹੈ ਅਜਿਹੇ

ਮਨਮੁਖ ਭੇਖੀ ਸਿੱਖਾਂ ਨਾਲੋਂ ਤੁੱਟੀ ਹੀ ਭਲੀ ਹੈ। **ਸੇ ਮਨਮੁਖ ਜੋ ਸਬਦੁ ਨ ਪਛਾਣਹਿ॥ ਗੁਰ ਕੇ ਭੈ ਕੀ ਸਾਰ ਨ ਜਾਣਹਿ॥**(੧੦੫੪) ਮਨਮੁਖ (ਵੇਮੁਖ) ਉਹ ਹਨ ਜੋ ਗੁਰੂ ਦੇ ਸ਼ਬਦ ਨੂੰ ਸਮਝਦੇ ਨਹੀਂ ਅਤੇ ਗੁਰੂ ਦੇ ਅਦਬ ਦੀ ਸਾਰ ਭਾਵ ਅਸਲੀਅਤਾ ਨਹੀਂ ਜਾਣਦੇ। ਜਰਾ ਸੋਚੋ! ਸਿੱਖਾਂ ਦਾ **ਸ਼ਬਦ-ਗੁਰੂ "ਗੁਰੂ ਗ੍ਰੰਥ"** ਹੈ ਅਤੇ ਜੋ ਸਿੱਖ ਹੋ ਕੇ ਇਸ **ਸ਼ਬਦ-ਗੁਰੂ** ਨੂੰ ਸਮਝਣਾ ਨਹੀਂ ਚਾਹੁੰਦੇ ਅਤੇ ਗੁਰੂ ਦੇ ਅਦਬ ਨੂੰ ਛੱਡ ਕੇ ਬਰਾਬਰ ਹੋਰ ਗ੍ਰੰਥਾਂ ਨੂੰ ਪ੍ਰਕਾਸ਼ਦੇ ਤੇ ਪੂਜਦੇ ਹਨ ਜੋ ਗ੍ਰੰਥ ਨਸ਼ੇ ਸੇਵਨ ਅਤੇ ਘਟੀਆ ਕਿਸਮ ਦੀਆਂ ਕਾਂਮ-ਕਲੋਲਾਂ ਦੇ ਕੂੜ ਉਪਦੇਸ਼ਾਂ ਨਾਲ ਭਰੇ ਪਏ ਹਨ ਉਹ ਮਨਮੁਖ ਹਨ।

ਮਨਮੁਖ ਦੂਜੇ ਭਾਇ ਲਗਿ ਭੰਭਲਭੂਸੇ ਖਾਇ ਭਵੰਦੇ।

ਸਤਿਗੁਰ ਸਚਾ ਪਾਤਸ਼ਾਹ ਗੁਰਮੁਖਿ ਗਾਡੀ ਰਾਹੁ ਚਲੰਦੇ..॥੨੦॥ (ਭਾ.ਗੁ.ਵਾਰ-੫)

ਭਾ. ਗੁਰਦਾਸ ਜੀ ਫਰਮਾਂਦੇ ਹਨ ਕਿ ਮਨਮੁਖ ਸੱਚ ਨੂੰ ਛੱਡ ਕੇ ਮਾਇਆ ਦੇ ਝੂਠੇ ਭਾਅ ਵਿੱਚ ਲੱਗ ਕੇ ਭੰਬਲਭੂਸਿਆਂ (ਨਰਾਰਥਕ-ਕਰਮਕਾਂਡਾਂ) ਵਿੱਚ ਪੈ ਕੇ ਭਟਕੇ ਰਹਿੰਦੇ ਹਨ ਪਰ ਗੁਰਮੁਖ ਸੱਚੇ ਸਤਿਗੁਰੂ ਪਾਤਸ਼ਾਹ ਦੇ ਸਿੱਧੇ ਰਾਹ ਤੇ ਚੱਲਦੇ ਹਨ ਅਤੇ ਉਹ ਕਦੇ ਵੀ ਸੱਚੇ ਗੁਰੂ ਦਾ ਰਾਹ ਨਹੀਂ ਛਡਦੇ।

ਇਵੇਂ ਹੀ ਸੱਚੇ ਸਿੱਖ ਭੇਖੀ ਸਾਧਾਂ, ਅਖੌਤੀ ਜਥੇਦਾਰਾਂ ਅਤੇ ਚਾਲਬਾਜ ਲੀਡਰਾਂ ਦੇ ਪਾਏ ਭੰਬਲਭੂਸਿਆਂ ਵਿੱਚ ਪੈ ਕੇ ਗੁਰੂ ਗ੍ਰੰਥ ਸਾਹਿਬ, ਸਿੱਖ ਰਹਿਤ ਮਰਯਾਦਾ ਅਤੇ ਨਾਨਕਸ਼ਾਹੀ ਕੈਲੰਡਰ ਦਾ ਪੰਥਕ ਰਾਹ ਨਹੀਂ ਛਡਦੇ, ਇਸ ਦੇ ਉਲਟ ਮਨਮੁਖ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ, ਸਿੱਖ ਰਹਿਤ ਮਰਯਾਦਾ ਅਤੇ ਨਾਨਕਸ਼ਾਹੀ ਕੈਲੰਡਰ ਜੋ ਸਿੱਖ ਕੌਮ ਦੀ ਵਲੱਖਣਤਾ ਦੇ ਪ੍ਰਤੀਕ ਹਨ ਨੂੰ ਛੱਡ ਕੇ ਅਖੌਤੀ ਦਸਮ ਗ੍ਰੰਥ, ਸੰਪ੍ਰਦਾਈ ਮਰਯਾਦਾ ਅਤੇ ਬਿਕ੍ਰਮਸ਼ਾਹੀ ਬ੍ਰਾਹਮਣੀ-ਕੈਲੰਡਰ ਦੇ ਕੁਰਾਹੇ ਪੈ ਕੇ, ਗੁਰੂ ਪੰਥ ਮਾਰਗ ਤੋਂ ਭਟਕ ਜਾਂਦੇ ਹਨ। ਇਹ ਤਾਂ ਇਉਂ ਹੈ ਜਿਵੇਂ ਇੱਕ ਔਰਤ ਆਪਣੇ ਪਤੀ ਨੂੰ ਛਡ ਕੇ ਹੋਰਨਾਂ ਦੇ ਮਗਰ ਭਟਕਦੀ ਹੈ ਲੋਕ ਉਸ ਨੂੰ ਬਦ-ਚਲਣ, ਵਿਭਚਾਰਣ ਅਤੇ ਦੁਹਾਗਣ ਕਹਿੰਦੇ ਹਨ-**ਪੂਛਤਿ ਸੁਹਾਗਣਿ ਕਰਮ ਦੁਹਾਗਣ ਕੇ ਰਿਦੈ ਵਿਭਚਾਰ ਕਤ ਸੇਜਾ ਬੁਲਾਈਐ। (ਭਾ. ਗੁ.)** ਇਵੇਂ ਹੀ ਜੋ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਨੂੰ ਛਡ ਕੇ ਹੋਰਨਾਂ ਮਗਰ ਵੀ ਲੱਗਾ ਫਿਰਦਾ ਹੈ, ਉਹ ਉਸ ਔਰਤ ਵਰਗਾ ਹੀ ਮਨਮੁਖ ਹੈ ਜੋ ਆਪਣੇ ਪਤੀ ਨੂੰ ਛੱਡ ਹੋਰਨਾਂ ਮਗਰ ਤੁਰੀ ਫਿਰਦੀ ਹੈ।

ਭਾਈ ਕਾਹਨ ਸਿੰਘ ਨਾਭਾ ਗੁਰਮਤਿ ਮਾਰਤੰਡ ਵਿੱਚ ਲਿਖਦੇ ਹਨ ਕਿ ਕੁੱਲਾ, ਭੱਲਾ ਤੇ ਭਗੀਰਥ ਤਿੰਨ ਸਿੱਖ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਆਏ ਤੇ ਕਿਹਾ ਗੁਰੂ ਜੀ ਸਾਡਾ ਜਨਮ ਮਰਨ ਕੱਟੋ ਤਾਂ ਗੁਰੂ ਜੀ ਬੋਲੇ ਗੁਰਮੁਖਾਂ ਦੇ ਕਰਮ ਕਰੋ ਤੇ ਮਨਮੁਖਾਂ ਦੇ ਤਿਆਗੋ ਤਾਂ ਸਿੱਖਾਂ ਪੁੱਛਿਆ ਕਿ ਗੁਰਮੁਖਾਂ ਤੇ ਮਨਮੁਖਾਂ ਦੇ ਕੀ ਕਰਮ ਹਨ? ਤਾਂ ਬਚਨ ਹੋਇਆ ਕਿ ਗੁਰਮੁਖ ਤੇ ਮਨਮੁਖ ਤਿੰਨ ਪ੍ਰਕਾਰ ਦੇ ਹਨ-ਇੱਕ **ਗੁਰਮੁਖ** ਹਨ ਦੁਜਾ **ਗੁਰਮੁਖ ਤਰ** ਤੇ ਤੀਜਾ **ਗੁਰਮੁਖ ਤਮ** ਹਨ। **ਗੁਰਮੁਖ**-ਉਹ ਜੋ ਭਲੇ ਸਾਥ ਭਲੇਂ ਅਰ ਬੁਰੇ ਸਾਥ ਬੁਰੇ, **ਗੁਰਮੁਖ-ਤਰ**-ਉਹ ਹਨ ਜਿੰਨ੍ਹਾਂ ਨੇ ਖੋਟੇ ਕਰਮਾਂ ਵੱਲ ਪਿੱਠ ਦਿੱਤੀ ਹੈ ਤੇ ਗੁਰਾਂ ਦੇ ਬਚਨਾਂ ਵੱਲ ਮੁਖ ਕੀਤਾ ਹੈ ਤੇ ਜੇ ਇੱਕ ਵੀ ਉਨ੍ਹਾਂ ਨਾਲ ਚੰਗਿਆਈ ਕਰਦਾ ਹੈ ਤਾਂ ਉਹ ਆਪਣੇ ਵੱਲੋਂ ਉਸ ਨਾਲ ਸਦੀਵ ਚੰਗਿਆਈ ਕਰਦੇ ਹਨ, ਉਸ ਦੀ ਭਲਿਆਈ ਵਿਸਾਰਦੇ ਨਹੀਂ ਤੇ ਆਪਣੀ ਭਲਿਆਈ ਚਿੱਤਾਰਦੇ ਨਹੀਂ, ਬੁਰੇ ਕਰਮ ਉਨ੍ਹਾਂ ਤਿਆਗ ਦਿੱਤੇ ਹਨ ਤੇ ਭਲੇ ਕਰਮ ਅੰਗੀਕਾਰ ਕੀਤੇ ਹਨ, ਜਿਸ ਦਾ ਕੰਮ ਉਨ੍ਹਾਂ

ਤੀਕ ਆਂਵਦਾ ਹੈ ਤਾਂ ਸਭ ਨਾਲ ਭਲਿਆਈ ਹੀ ਕਰਦੇ ਹਨ। **ਗੁਰਮੁਖ-ਤਮ**-ਉਹ ਹਨ ਜੋ ਗਿਆਨ ਸੰਪੰਨ ਹਨ, ਸਭਸ ਨਾਲ ਭਲਾ ਹੀ ਕਰਦੇ ਹਨ, ਜੇ ਕੋਈ ਉਨ੍ਹਾਂ ਨਾਲ ਬੁਰਾ ਵੀ ਕਰੇ ਤਾਂ ਉਸ ਨਾਲ ਵੀ ਭਲਾ ਹੀ ਕਰਦੇ ਹਨ। **ਮਨਮੁਖ**-ਉਹ ਹਨ ਜੋ ਸਦਾ ਵਿਕਾਰ ਹੀ ਕਰਦੇ ਹਨ, ਜੋ ਕੋਈ ਵੀ ਉਨ੍ਹਾਂ ਨਾਲ ਭਲਿਆਈ ਕਰੇ ਸੋ ਵਿਸਾਰ ਦਿੰਦੇ ਹਨ ਤੇ ਬੁਰਿਆਈ ਨਹੀਂ ਵਿਸਾਰਦੇ। **ਮਨਮੁਖ-ਤਰ**-ਉਹ ਹਨ ਜੋ ਕੋਈ ਭਲਾ ਬੁਰਾ ਹੋਵੇ ਸਭਸ ਨਾਲ ਬੁਰਿਆਈ ਹੀ ਕਰਦੇ ਹਨ। **ਮਨਮੁਖ-ਤਮ**-ਉਹ ਹਨ ਜੋ ਭਲੇ ਨਾਲ ਵੀ ਬੁਰਿਆਈ ਕਰਦੇ ਹਨ, ਜੇ ਅਗਲਾ ਫਿਰ ਭਲਿਆਈ ਕਰੇ ਤਾਂ ਉਹ ਫਿਰ ਬੁਰਿਆਈ ਕਰਦੇ ਹਨ। ਉਨ੍ਹਾਂ ਨੂੰ ਸ਼ਬਦ ਬਾਣੀ ਦੀ ਸਮਝ ਕੁਛ ਨਹੀਂ, ਸਗੋਂ ਕਹਿੰਦੇ ਹਨ ਸ਼ਬਦ ਦਾ ਸੁਣਨਾ ਤੇ ਭਲਿਆਈ ਕਰਨੀ ਸਾਨੂੰ ਨਹੀਂ ਫਲਦੀ ਤੇ ਭੁਰਿਆਈ ਫਲਦੀ ਹੈ।

ਗੁਰੂ ਅਰਜਨ ਦੇਵ ਜੀ ਦਾ ਸਿੱਖਾਂ ਪ੍ਰਤੀ ਉਪਦੇਸ਼-ਇਸ ਉਪਦੇਸ਼ ਨੂੰ ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਜੀ ਨੇ ਇਉਂ ਬਿਆਨ ਕੀਤਾ ਹੈ-

ਸ੍ਰੀ ਮੁਖ ਤੇ ਸ਼ੁਭ ਜੁਗਤਿ ਬਖਾਨੀ। ਹੀਰਾ ਫਟਕ (ਬਲੌਰ) ਦੁਇ ਏਕ ਸਮਾਨੀ॥੨੪॥
ਹੀਰਾ ਨਿਜ ਪ੍ਰਕਾਸ਼ ਦਿਖਰਾਵੈ। ਸਰਬ ਰੰਗ ਕੇ ਊਪਰ ਛਾਵੈ।
ਫਟਕ ਪ੍ਰਕਾਸ਼ ਪਰੈ ਨਹਿੰ ਕਾਹੂੰ। ਅੰਤਰ ਇਤੋ ਦੁਹਨਿ ਕੇ ਮਾਂਹੂੰ॥੨੫॥
ਤਿਮ ਗੁਰਮੁਖ ਕੀ ਕਰੋ ਪਛਾਨ। ਜਿਸ ਸੰਗਤਿ ਮਹਿ ਕਰਹਿੰ ਬਖਾਨ।
ਤਿਸ ਕੋ ਤੇਜ ਸਭਿਨਿ ਪਰ ਛਾਵੈ। ਕਯੋਂਕਿ ਸਦਾ ਸੋ ਸਚੁ ਕਮਾਵੈ॥੨੬॥...
ਜਿਮ ਚੰਦਨ ਬਾਵਨ ਤਰੁ ਸੀਤਲ। ਚਹੁੰ ਦਿਸ਼ਿ ਮਹਿ ਅਹਿ ਲਪਟੈਂ ਹੀ ਤਲ।
ਤਉ ਨ ਸੀਤ ਤਜਿ ਬਿਖ ਕੋ ਲੇਤਿ। ਸਰਪਨ ਕੋ ਸੀਤਲ ਕਰਿ ਦੇਤਿ॥੩੧॥
ਤਿਮ ਗੁਰਮੁਖ ਜੇ ਧਸਹਿ ਕੁਸੰਗ। ਤਹਿ ਭੀ ਦੇਤਿ ਆਪਨੋ ਰੰਗ।

(ਗੁਰ ਪ੍ਰਤਾਪ ਸੂਰਜ, ਰਾਸਿ ੩, ਅੰਸੂ ੬੪)

ਭਾਵ ਹੀਰਾ ਤੇ ਬਲੌਰੀ ਪੱਥਰ ਸ਼ਕਲ ਤੋਂ ਸਮਾਨ ਹਨ ਪਰ ਗੁਣਾਂ ਕਰਕੇ ਫਰਕ ਹੈ ਹੀਰਾ ਚਮਕਦਾ ਹੈ ਅਤੇ ਉਸ ਦਾ ਪ੍ਰਕਾਸ਼ ਸਭ ਤੇ ਪੈਂਦਾ ਹੈ ਇਸ ਦੇ ਉਲਟ ਫਟਕ (ਬਲੌਰ) ਦਾ ਆਪਣਾ ਕੋਈ ਪ੍ਰਕਾਸ਼ ਨਹੀਂ ਤੇ ਨਾਂ ਹੀ ਉਹ ਹੋਰਾਂ ਨੂੰ ਪ੍ਰਕਾਸ਼ ਦੇ ਸਕਦਾ ਹੈ। ਇਵੇਂ ਹੀ ਗੁਰਮੁਖ ਜਦ ਸੰਗਤ ਵਿਖੇ ਸੱਚ ਵਖਿਆਨਦਾ ਹੈ ਉਸ ਦਾ ਗਿਆਨ ਪ੍ਰਕਾਸ਼ ਸਭ ਤੇ ਅਸਰ ਕਰਦਾ ਹੈ ਕਿਉਂਕਿ ਉਹ ਸੱਚ ਪ੍ਰਚਾਰਦਾ ਹੈ। ਜਿਵੇਂ ਚੰਦਨ ਸ਼ੀਤਲ ਹੈ ਜ਼ਹਿਰੀਲੇ ਸੱਪ ਉਸ ਨੂੰ ਚੱਟਦੇ ਹਨ ਪਰ ਚੰਦਨ ਤੇ ਜ਼ਹਿਰ ਦਾ ਕੋਈ ਅਸਰ ਨਹੀਂ ਹੁੰਦਾ ਸਗੋਂ ਚੰਦਨ ਸੱਪਾਂ ਨੂੰ ਵੀ ਸ਼ੀਤਲ ਕਰ ਦਿੰਦਾ ਹੈ ਇਵੇਂ ਹੀ ਜੇ ਕਿਤੇ ਗੁਰਮੁਖ ਕੁਸੰਗੀਆਂ (ਮਨਮੁਖਾਂ) ਦੀ ਸੰਗਤ ਵਿੱਚ ਚਲਾ ਵੀ ਜਾਵੇ ਓਥੇ ਵੀ ਗੁਰੂ ਗਿਆਨ ਦੇ ਪ੍ਰਕਾਸ਼ ਦੀ ਰੌਸ਼ਨੀ ਵੰਡਦਾ ਹੈ।

ਆਪਾਂ ਗੁਰਮੁਖ ਅਤੇ ਮਨਮੁਖ ਸਬਦਾਂ ਦੀ ਵਿਆਖਿਆ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਅਨੁਸਾਰ ਕਰ ਚੁੱਕੇ ਹਾਂ। ਹੁਣ ਆਪਾਂ **"ਸਿੱਖ ਰਹਿਤ ਮਰਯਾਦਾ"** ਅਨੁਸਾਰ ਕਰਦੇ ਹਾਂ। ਸਿੱਖ ਰਹਿਤ ਮਰਯਾਦਾ ਜੋ ਪੰਥਕ ਵਿਦਵਾਨਾਂ ਅਤੇ ਪੰਥਕ ਜਥੇਬੰਦੀਆਂ ਦੇ ਸਿਰਤੋੜ ਯਤਨਾਂ ਸਦਕਾ ੧੯੩੨ ਈ. ਵਿੱਚ ਹੋਂਦ ਵਿੱਚ ਆਈ, ਜੋ ਸਿੱਖੀ ਦਾ ਸਵਿਧਾਨ ਮੰਨੀ ਜਾਂਦੀ ਹੈ, ਇਸ ਵਿੱਚ ਵੀ ਕਈ ਊਣਤਾਈਆਂ ਰਹਿ ਗਈਆਂ ਸਨ ਜੋ ਕਿਸੇ ਵੇਲੇ ਵੀ ਪੰਥ ਸੋਧ ਸਕਦਾ ਹੈ ਭਾਵ ਬਦਲ ਸਕਦਾ ਹੈ। ਕੇਵਲ ਇਲਾਹੀ ਬਾਣੀ ਹੀ ਨਹੀਂ ਬਦਲੀ ਜਾ ਸਕਦੀ ਬਾਕੀ

ਸਭ ਕੁਝ ਇਤਿਹਾਸ ਤੇ ਮਰਯਾਦਾ ਗੁਰਬਾਣੀ ਦੀ ਕਸਵੱਟੀ ਲਾ ਕੇ ਬਦਲੇ ਜਾ ਸਕਦੇ ਹਨ। ਸਿੱਖ ਰਹਿਤ ਮਰਯਾਦਾ ਪੰਥਕ ਹੈ, ਕਿਸੇ ਡੇਰੇ ਜਾਂ ਟਕਸਾਲ ਦੀ ਨਹੀਂ, ਇਸ ਕਰਕੇ ਸਾਰੇ ਸਿੱਖਾਂ ਅਤੇ ਸਿੱਖਾਂ ਦੇ ਗੁਰਦੁਆਰਿਆਂ ਵਿੱਚ ਇੱਕਸਾਰ ਲਾਗੂ ਹੋਣੀ ਚਾਹੀਦੀ ਹੈ, ਜਿਸ ਨਾਲ ਸਿੱਖ ਪੰਥ ਵਿੱਚ ਏਕਤਾ ਆਉਂਦੀ ਅਤੇ ਪੰਥਕ ਸ਼ਕਤੀ ਮਜਬੂਤ ਹੁੰਦੀ ਹੈ ਪਰ ਅੱਜ ਕੁਝ ਟਾਵੇਂ ਗੁਰਦੁਆਰਿਆਂ ਜਿਵੇਂ ਕਿ ਦਿੱਲੀ ਕਮੇਟੀ ਦੇ ਪ੍ਰਬੰਧ ਵਾਲਿਆਂ ਨੂੰ ਛੱਡ ਕੇ, ਇਹ ਸਿੱਖ ਰਹਿਤ ਮਰਯਾਦਾ ਲਾਗੂ ਨਹੀਂ ਹੈ, ਇੱਥੋਂ ਤੱਕ ਕਿ ਸ਼੍ਰੋਮਣੀ ਕਮੇਟੀ ਪ੍ਰਬੰਧ ਅੰਡਰ ਗੁਰਦੁਆਰਿਆਂ ਵਿੱਚ ਵੀ ਪੂਰਨ ਤੌਰ ਤੇ ਲਾਗੂ ਨਹੀਂ, ਅਜੋਕੇ ਤਖਤਾਂ ਦੇ ਜਥੇਦਾਰ ਵੀ ਇਸ ਦੀ ਪਾਲਣਾ ਨਹੀਂ ਕਰਦੇ, ਡੇਰੇਦਾਰਾਂ, ਸੰਪ੍ਰਦਾਈਆਂ ਅਤੇ ਟਕਸਾਲੀਆਂ ਦੀ ਆਪੋ ਆਪਣੀ ਵੱਖਰ-ਵੱਖਰੀ ਮਰਯਾਦਾ ਹੈ। ਅੱਜ ਤਖਤਾਂ ਦੇ ਜਥੇਦਾਰ ਧੜੇਬੰਦੀਆਂ ਵਿੱਚ ਵੰਡੇ ਹੋਏ ਹਨ। ਸਾਧ ਸੰਗਤ ਜੀ! ਜਰਾ ਸੋਚੋ ਜੇ ਸੁਪਰੀਮਕੋਰਟ ਦਾ ਜੱਜ ਸੁਪ੍ਰੀਮਕੋਰਟ ਦੇ ਸਵਿਧਾਨ (ਰੂਲਾਂ) ਨੂੰ ਹੀ ਨਾਂ ਮੰਨੇ ਤਾਂ ਉਹ ਸੁਪ੍ਰੀਮਕੋਰਟ ਤੋਂ ਵੇਮੁਖ ਹੀ ਹੋਵੇਗਾ। ਇਵੇਂ ਹੀ ਜਿਹੜਾ ਸਿੱਖ ਭਾਵੇਂ ਉਹ ਕਿਸੇ ਵੀ ਅਹੁਦੇ ਤੇ ਹੈ ਜਾਂ ਕਿਸੇ ਵੀ ਪਾਰਟੀ ਦਾ ਮੈਂਬਰ ਹੈ ਜੇ ਉਹ **ਪੰਥਕ ਸਿੱਖ ਰਹਿਤ ਮਰਯਾਦਾ** ਨੂੰ ਹੀ ਨਹੀਂ ਮੰਨਦਾ ਤਾਂ ਉਹ ਵੀ ਮਨਮੁਖ ਹੀ ਕਿਹਾ ਜਾ ਸਕਦਾ ਹੈ। ਐਸ ਵੇਲੇ ਸਿੱਖ ਪੰਥ ਕੋਲ ਜੋ ਆਪਣੀ ਵਲੱਣਤਾ ਲਈ ਗੁਰੂ ਗ੍ਰੰਥ, ਸਿੱਖ ਰਹਿਤ ਮਰਯਾਦਾ ਅਤੇ ਨਾਨਕਸ਼ਾਹੀ ਕੈਲੰਡਰ ਹੈ, ਜਿਹੜਾ ਵੀ ਸਿੱਖ ਇਨ੍ਹਾਂ ਨੂੰ ਛੱਡ ਕੇ ਹੋਰ ਗ੍ਰੰਥਾਂ, ਸੰਪ੍ਰਦਾਈ ਮਰਯਾਦਾਵਾਂ ਅਤੇ ਬਿਕ੍ਰਮਸ਼ਾਹੀ-ਕੈਲੰਡਰ ਜਾਂ ਬ੍ਰਾਹਮਣੀ ਯੰਤਰੀਆਂ ਨੂੰ ਮਾਨਤਾ ਦਿੰਦਾ ਹੈ ਉਹ ਗੁਰੂ-ਪੰਥ ਤੋਂ ਬੇਮੁਖ ਹੋਣ ਕਰਕੇ ਮਨਮੁਖ ਹੈ। ਅੱਜ ਗੁਰਮੁਖਾਂ ਦੀ ਪੰਥਕ ਕੌਮ ਡੇਰਵਾਦੀ ਮਨਮੁਖਾਂ ਬਾਦਲ-ਮੱਕੜ-ਧੁੰਮਾਂ ਆਦਿਕ ਦੇ ਮੱਗਰ ਲੱਗ ਕੇ ਕਿਉਂ ਮਨਮੁਖ ਬਣਦੀ ਜਾ ਰਹੀ ਹੈ?

ਸਿੱਖ ਨੇ ਤਾਂ ਗੁਰਮੁਖ ਗਾਡੀ ਰਾਹ ਤੇ ਚੱਲਣਾ ਹੈ ਨਾਂ ਕਿ ਮਨਮੁਖ ਪਗਡੰਡੀਆਂ ਦੇ ਔਝੜੇ (ਕੁਰਾਹੇ) ਪੈਣਾ ਹੈ। ਗੁਰਮੁਖ ਅਕਾਲ ਤਖਤ ਦੇ ਗੁਰਮਤੀ ਸਿਧਾਂਤ ਨੂੰ ਮੰਨਦਾ ਹੈ ਅਤੇ ਮਨਮੁਖ ਬਿਲਡਿੰਗ ਨੂੰ ਹੀ ਅਕਾਲ ਤਖਤ ਸਮਝ ਕੇ ਗੁਰਮਤਿ ਸਿਧਾਂਤਾਂ ਦੀਆਂ ਧੱਜੀਆਂ ਉਡਾਉਂਦਾ ਹੈ। ਗੁਰਮੁਖ ਅਕਾਲ ਦਾ ਪੁਜਾਰੀ ਹੈ ਅਤੇ ਮਨਮੁਖ ਅਖੌਤੀ ਸਾਧ-ਸੰਤਾਂ ਅਤੇ ਉਨ੍ਹਾਂ ਦੀਆਂ ਫੋਟੋਆਂ ਦਾ। ਗੁਰਮੁਖ ਗੁਰੂ ਗ੍ਰੰਥ ਨੂੰ ਸੁਪ੍ਰੀਮ ਮੰਨਦਾ ਹੈ ਅਤੇ ਮਨਮੁਖ ਦੇਹਧਾਰੀ ਸਾਧਾਂ ਅਤੇ ਅਖੌਤੀ ਗ੍ਰੰਥਾਂ ਨੂੰ। ਗੁਰਮੁਖ ਆਪ ਬਾਣੀ ਪੜ੍ਹਦਾ, ਵਿਚਾਰਦਾ ਅਤੇ ਧਾਰਦਾ ਹੈ ਪਰ ਮਨਮੁਖ ਠੇਕੇ ਤੇ ਪਾਠ ਕਰਾਉਣੇ ਹੀ ਧਰਮ-ਕਰਮ ਸਮਝਦਾ ਹੈ। ਗੁਰਮੁਖ ਕਿਰਤੀ ਹੁੰਦਾ ਹੈ ਅਤੇ ਮਨਮੁਖ ਵੈਹਲੜ ਦੂਜਿਆਂ ਦੀ ਕਿਰਤ-ਕਮਾਈ ਖਾਣ ਵਾਲਾ। ਗੁਰਮੁਖ ਗ੍ਰਿਹਸਤ ਮਾਰਗ ਦੀ ਪਾਲਨਾ ਕਰਦਾ ਹੈ ਅਤੇ ਮਨਮੁਖ ਗ੍ਰਿਹਸਤ ਦਾ ਤਿਆਗ ਕਰਕੇ ਇਧਰ ਓਧਰ ਭਟਕਦਾ ਹੈ। ਗੁਰਮੁਖ ਸਾਰੀ ਕਾਇਨਾਤ ਨੂੰ ਰੱਬ ਦੀ ਸਾਜੀ ਕਰਕੇ ਪਿਆਰ ਕਰਦਾ ਹੈ ਅਤੇ ਮਨਮੁਖ ਸ੍ਰਿਸ਼ਟੀ ਨੂੰ ਅਖੌਤੀ ਦੇਵੀ ਦੇਵਤਿਆਂ ਦੀ ਪਦਾਇਸ਼ ਮੰਨ ਕੇ ਕੇਵਲ ਆਪਣਿਆਂ ਨੂੰ ਹੀ ਪਿਆਰਦਾ ਹੈ ਤੇ ਦੂਜਿਆਂ ਨਾਲ ਨਫਰਤ ਕਰਦਾ ਹੈ। ਗੁਰਮੁਖ ਊਚ-ਨੀਚ, ਛੂਆਂ-ਛਾਤ ਅਤੇ ਸੁੱਚ-ਭਿੱਟ ਨਹੀਂ ਰੱਖਦਾ ਅਤੇ ਮਨਮੁਖ ਰੱਖਦਾ ਹੈ। ਗੁਰਮੁਖ ਕਰਮਯੋਗੀ ਅਤੇ ਮਨਮੁਖ ਕਰਮਕਾਂਡੀ ਹੁੰਦਾ ਹੈ। ਗੁਰਮੁਖ ਧਰਮ ਗ੍ਰੰਥਾਂ ਨੂੰ ਪੜ੍ਹਦਾ, ਵਿਚਾਰਦਾ ਅਤੇ ਧਾਰਦਾ ਹੈ ਪਰ ਮਨਮੁਖ ਕੇਵਲ ਪਾਠ ਪੂਜਾ ਕਰਕੇ ਮੱਥੇ ਆਦਿਕ ਹੀ ਟੇਕਦਾ ਹੈ ਧਰਮ ਗ੍ਰੰਥਾਂ ਦੇ ਉਪਦੇਸ਼ ਤੇ ਅਮਲ ਨਹੀਂ ਕਰਦਾ। ਗੁਰਮੁਖ ਰੱਬ ਨੂੰ ਸਰਬ ਨਿਵਾਸੀ ਮੰਨਦਾ ਹੈ ਅਤੇ ਮਨਮੁਖ ਕਿਸੇ ਖਾਸ ਅਸਥਾਨ ਤੇ ਹੀ ਰੱਬ ਦਾ

ਨਿਵਾਸ ਸਮਝਦਾ ਹੈ। ਗੁਰਮੁਖ ਸਾਰੇ ਸੰਸਾਰ ਨੂੰ ਆਪਣਾ ਪ੍ਰਵਾਰ ਸਮਝਦਾ ਹੈ ਅਤੇ ਮਨਮੁਖ ਨਿਜੀ ਪ੍ਰਵਾਰਕ ਮੋਹ ਵਿੱਚ ਹੀ ਜਕੜਿਆ ਰਹਿੰਦਾ ਹੈ। ਮਨਮੁਖ ਸਮੁੰਦਰ ਦਾ ਤਾਰੂ ਅਤੇ ਮਨਮੁਖ ਟੋਬੇ ਦਾ ਡੱਡੂ ਹੀ ਰਹਿੰਦਾ ਹੈ। ਗੁਰਮੁਖ ਰੱਬ ਦੀ ਪਦਾਇਸ਼ ਔਰਤ ਅਤੇ ਮਰਦ ਨੂੰ ਧਰਮ-ਕਰਮ ਵਿੱਚ ਬਰਾਬਰ ਸਮਝ ਕੇ ਮਾਨ ਦਿੰਦਾ ਹੈ ਪਰ ਮਨਮੁਖ ਔਰਤ ਨੂੰ ਨੀਵਾਂ ਕਹਿ ਕੇ ਬਰਾਬਰ ਮਾਨਤਾ ਨਹੀਂ ਦਿੰਦਾ। ਗੁਰਮੁਖ ਲਈ ਗੁਣ ਅਤੇ ਮਨਮੁਖ ਲਈ ਭੇਖ ਮਹਾਨ ਹੈ। ਗੁਰਮੁਖ ਰੱਬ ਦਾ ਬੰਦਾ ਪਰ **"ਮਨਮੁਖ ਹੋਇ ਬੰਦੇ ਦਾ ਬੰਦਾ"** (ਭਾ.ਗੁ.) ਇਸ ਲਈ ਗੁਰੂ ਸਾਹਿਬ ਜੀ ਫੁਰਮਾਂਦੇ ਹਨ ਕਿ-**ਨਾਨਕ ਮਨਮੁਖਾਂ ਨਾਲੋਂ ਤੁਟੀ ਭਲੀ ਜਿਨ ਮਾਇਆ ਮੋਹ ਪਿਆਰ॥੩੧੬)** ਗੁਰੂ ਜੀ ਹੋਰ ਫੁਰਮਾਂਦੇ ਹਨ ਕਿ-

ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਇ॥੨੧॥(੯੧੯)

ਇਸ ਦੇ ਉਲਟ ਬੇਮੁਖ-

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥
ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਇ...॥(੯੧੯)

ਸੋ ਗੁਰਮੁਖ-ਸਨਮੁਖ ਸਿੱਖ ਸਦਾ ਗੁਰੂ ਆਸਰੇ ਰਹਿੰਦਾ ਹੈ ਗੁਰੂ ਤੋਂ ਬਿਨਾਂ ਹੋਰ ਕਿਸੇ ਪਿਛੇ ਨਹੀਂ ਜਾਂਦਾ ਪਰ ਮਨਮੁਖ-ਵੇਮੁਖ ਸੱਚੇ ਸਤਗੁਰੂ ਨੂੰ ਛੱਡ ਕੇ ਕੱਚਿਆਂ ਦੇ ਮਗਰ ਲੱਗ, ਆਪਣਾ ਕੀਮਤੀ ਜੀਵਨ ਬਰਬਾਦ ਕਰ ਲੈਂਦਾ ਹੈ। ਗੁਰੂ ਜੀ ਫਰਮਾਂਦੇ ਹਨ ਕਿ-**ਨਾਨਕ ਕਚੜਿਆਂ ਸਿਉਂ ਤੋੜਿ ਢੂੰਡਿ ਸਜਨ ਸੰਤ ਪਕਿਆਂ॥(੧੧੦੨)** ਅੱਜ ਸਾਨੂੰ ਪੱਕੇ ਗੁਰਮੁਖਾਂ ਅਤੇ ਕੱਚੇ ਮਨਮੁਖਾਂ ਦੀ ਪਛਾਣ ਕਰਨੀ ਚਾਹੀਦੀ ਹੈ। ਗੁਰਮੁਖ ਸਦਾ ਗੁਰੂ ਦੀ ਗੱਲ ਕਰਦੇ ਹਨ ਅਤੇ ਮਨਮੁਖ ਹਮੇਸ਼ਾਂ ਹੀ ਭੇਖੀ ਸਾਧੂ ਸੰਤਾਂ ਦੀਆਂ ਕਥਾ ਕਹਾਣੀਆਂ ਹੀ ਸੁਣਾਉਂਦੇ ਰਹਿੰਦੇ ਹਨ। ਗੁਰਮੁਖ ਗੁਰੂਪੰਥੀ ਅਤੇ ਮਨਮੁਖ ਸਾਕਤਪੰਥੀ ਹੁੰਦੇ ਹਨ। ਸਾਕਤਾਂ ਬਾਰੇ ਹੁਕਮ ਹੈ-

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਏ ਭਾਗਿ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥(੧੩੭੧)

ਗੁਰਮੁਖ ਸਿੱਖ "ਗੁਰੂ ਗ੍ਰੰਥ" ਤੋਂ ਹੀ ਸਦਾ ਅਗਵਾਈ ਲੈਂਦਾ ਤੇ ਮਨਮੁਖ ਹੋਰ-ਹੋਰ ਸੰਤਾਂ ਤੇ ਗ੍ਰੰਥਾਂ ਮਗਰ ਹੀ ਲਗਿਆ ਰਹਿੰਦਾ ਹੈ। ਗੁਰਮੁਖ "ਗੁਰੂ ਗ੍ਰੰਥ" ਜੀ ਦੇ ਹਰੇਕ ਸ਼ਬਦ ਨੂੰ ਗੁਰੂ ਦਾ ਹੁਕਮਨਾਮਾ ਸਮਝਦਾ ਤੇ ਸਤਿਕਾਰਦਾ ਹੈ ਪਰ ਮਨਮੁਖ ਅਖੌਤੀ ਜਥੇਦਾਰਾਂ ਦੇ, ਕਿਸੇ ਵਿਰੁੱਧ ਈਰਖਾਵੱਸ ਲਿਖੇ ਚਾਰ ਅੱਖਰਾਂ ਨੂੰ ਹੀ ਹੁਕਮਨਾਮਾ ਕਹਿ ਕੇ ਸਤਕਾਰੀ ਜਾਂਦਾ ਹੈ। ਮੁਕਦੀ ਗੱਲ ਜੋ ਸਿੱਖ ਸ਼ਬਦ-ਗੁਰੂ **"ਗੁਰੂ ਗ੍ਰੰਥ"** ਜੀ ਨੂੰ ਹੀ ਸਰਬਉਚ ਮੁਖੀ ਮੰਨ ਕੇ ਇਸਦੀਆਂ ਸਿਖਿਆਵਾਂ ਤੇ ਚਲਦੇ ਹਨ ਉਹ ਹੀ ਗੁਰੂਪੰਥੀਏ-ਗੁਰਮੁਖ ਅਤੇ ਉਲਟ ਚੱਲਣ ਵਾਲੇ ਹੀ ਮਨਮੁਖ ਹਨ। ਉਪ੍ਰੋਕਤ ਲੱਖਣਾਂ ਨੂੰ ਵਾਚ ਕਰ, ਸਾਨੂੰ ਗੁਰਮੁਖਾਂ ਅਤੇ ਮਨਮੁਖਾਂ ਦਾ ਫਰਕ ਸਮਝ ਕੇ ਗੁਰੂ ਮਾਰਗ ਪੰਥ ਤੇ ਹੀ ਚਲਣਾ ਚਾਹੀਦਾ ਹੈ ਅਤੇ ਮਨਮੁਖੀ ਡੇਰੇਦਾਰ ਰਸਤੇ ਤਿਆਗ ਦੇਣੇ ਚਾਹੀਦੇ ਹਨ। ਗੁਰਮੁਖਾਂ ਅਤੇ ਮਨਮੁਖਾਂ ਦੇ ਰਸਤੇ ਇਸੇ ਕਰਕੇ ਹੀ ਵੱਖਰੇ-ਵੱਖਰੇ ਹਨ ਕਿ ਗੁਰਮੁਖ ਹਮੇਸ਼ਾਂ ਗੁਰੂ ਦੇ ਰਸਤੇ ਚਲਦੇ ਤੇ ਮਨਮੁਖ ਹਮੇਸ਼ਾ ਆਪਣੇ ਮਨ ਅਤੇ ਦੇਹਧਾਰੀ ਸਾਧਾਂ ਸੰਤਾਂ ਅਤੇ ਪੁਲੀਟੀਕਲ ਲੀਡਰਾਂ ਦੇ ਮਗਰ ਹੀ ਲੱਗੇ ਰਹਿੰਦੇ ਹਨ।

-o-

ਗੁਰਬਾਣੀ ਵਿਖੇ "ਦਰਵੇਸ਼" ਦੀ ਮਹਾਨਤਾ

ਦਰਵੇਸ਼ ਫਾਰਸੀ ਦਾ ਲਫਜ਼ ਹੈ ਅਰਥ ਹੈ ਮੰਗਤਾ। ਦਰ-ਦਰਵਾਜ਼ਾ, ਆਵੇਜ਼ (ਲਟਕਣ ਵਾਲਾ) ਭਾਵ ਦਰ ਪਰ ਲਟਕਣ ਵਾਲਾ. ਕਰਤਾਰ ਦੇ ਦਰ ਦਾ ਜਾਚਕ, ਮੰਗਤਾ, ਭਗਤ, ਸਾਧ ਅਤੇ ਮੋਤੀ ਵਰਗਾ ਆਦਿਕ। ਭਾ. ਕਾਨ੍ਹ ਸਿੰਘ ਜੀ ਨਾਭਾ ਗੁਰਮਤਿ ਮਾਰਤੰਡ ਵਿਖੇ ਲਿਖਦੇ ਹਨ ਕਿ ਜੋ ਕਰਤਾਰ ਦੇ ਦਰ ਨੂੰ ਦ੍ਰਿੜ ਕਰਕੇ ਗ੍ਰਹਿਣ ਕਰੇ ਅਰਥਾਤ ਉਸ ਦੇ ਭਰੋਸੇ ਰਹੇ, ਉਹ ਦਰਵੇਸ਼ ਹੈ ਪਰ ਜੋ ਲੋਕਾਂ ਦੇ ਦਰ-ਬਦਰ ਭਟਕਦਾ ਫਿਰੇ ਉਹ ਦਰਵੇਸ਼ ਨਹੀਂ ਮੰਗਤਾ ਹੈ। ਆਪਾਂ ਪੰਜਾਬੀ ਵਿੱਚ ਸ਼ਰੀਫ ਅਤੇ ਭਲੇਮਾਨਸ ਆਦਮੀ ਨੂੰ ਵੀ ਦਰਵੇਸ਼ ਕਹਿ ਦਿੰਦੇ ਹਾਂ ਜਿਵੇਂ ਫਲਾਨਾ ਬੰਦਾ ਬੜਾ ਦਰਵੇਸ਼ (ਸ਼ਰੀਫ, ਭਲਾਮਾਨਸ) ਹੈ। ਭਗਤਾਂ ਅਤੇ ਸੂਫੀਆਂ ਨੂੰ ਵੀ ਦਰਵੇਸ਼ ਕਿਹਾ ਜਾਂਦਾ ਹੈ। ਚੰਗੇ ਕਿਰਦਾਰ ਅਤੇ ਸਾਊ ਲੀਡਰ ਨੂੰ ਵੀ ਕਹਿ ਦਿੰਦੇ ਹਾਂ ਕਿ ਇਹ ਤਾਂ ਨਿਰਾ ਦਰਵੇਸ਼ ਹੈ। ਇਸ ਦੇ ਉਲਟ ਮਾੜੇ ਕਿਰਦਾਰ ਅਤੇ ਚਾਲਬਾਜ ਲੀਡਰ ਨੂੰ ਕਹਿ ਦਿੰਦੇ ਹਨ ਕਿ ਇਹ ਬੜਾ ਮਕਾਰ ਹੈ।

ਆਓ ਆਪਾਂ ਗੁਰਬਾਣੀ ਰਾਹੀਂ ਦਰਵੇਸ਼ ਲਫਜ਼ ਦਾ ਭਾਵ ਜਣੀਏਂ-

ਅਲਹ ਅਗਮ ਖੁਦਾਈ ਬੰਦੇ॥ਛੋਡਿ ਖਿਆਲ ਦੁਨੀਆਂ ਕੇ ਧੰਧੇ॥
ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ॥੧॥
ਸਚੁ ਕਮਾਵੈ ਸੋਈ ਕਾਜ਼ੀ॥ਜੋ ਦਿਲ ਸੋਧੈ ਸੋਈ ਹਾਜੀ॥
ਸੋ ਮੁਲਾਂ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ॥੬॥ (੧੦੮੩)

ਭਾਵ ਖੁਦਾ ਦਾ ਬੰਦਾ, ਦੁਨਿਆਵੀ ਮੋਹ ਮਾਇਆ ਤੋਂ ਨਿਰਲੇਪ, ਨਿਮਰਤਾਵਾਨ ਆਪਣੇ ਆਪ ਨੂੰ ਹਮੇਸ਼ਾਂ ਸੰਸਾਰੀ ਮੁਸਾਫਰ ਸਮਝਣ, ਸੱਚ ਕਮਾਉਣ, ਦਿਲ ਸਾਫ ਰੱਖਣ, ਕਾਮਾਦਿਕ ਵਿਸ਼ਿਆਂ ਤੇ ਕਾਬੂ ਰੱਖਣ ਵਾਲਾ ਹੀ ਸਾਈਂ ਦਾ ਦਰਵੇਸ਼ ਹੈ।

ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ॥
ਜੇ ਘਰਿ ਘਰਿ ਹੰਢੈ ਮੰਗਦਾ ਧਿਗੁ ਜੀਵਣੁ ਧਿਗੁ ਵੇਸੁ॥ (੫੫੦)

ਦਰਵੇਸ਼ੀ ਭਾਵ ਦਰਵੇਸ਼ ਦੀ ਕ੍ਰਿਆ ਨੂੰ ਕੋਈ ਵਿਰਲਾ ਹੀ ਜਾਣਦਾ ਹੈ ਉਹ ਹੀ ਅਸਲ ਦਰਵੇਸ਼ ਹੈ ਪਰ ਘਰ-ਘਰ ਮੰਗਣ ਵਾਲਾ ਮੰਗਤਾ ਹੈ, ਉਹਦਾ ਜੀਵਨ ਅਤੇ ਵੇਸ ਵੀ ਧ੍ਰਿਗ ਭਾਵ ਫਿਟਕਾਰਨਯੋਗ ਹੈ।

ਦਿਲ ਦਰਵਾਨੀ ਜੋ ਕਰੇ, ਦਰਵੇਸ਼ੀ ਦਿਲੁ ਰਾਸਿ॥ (੧੦੯੦)

ਜੋ ਦਿਲੋਂ ਦਰਵਾਨੀ (ਚੌਂਕੀਦਾਰੀ) ਕਰਦਾ ਅਤੇ ਸਾਫ ਦਿਲ ਇਨਸਾਨ ਹੈ ਉਹ ਹੀ ਦਰਵੇਸ਼ ਹੈ। ਉੱਚਕੋਟੀ ਦੇ ਭਗਤ ਬਾਬਾ ਫਰੀਦ ਜੀ ਵੀ ਇਸ ਮਹਾਂਨ ਪਦਵੀ ਬਾਰੇ ਫਰਮਾਂਦੇ ਹਨ-

ਫਰੀਦਾ ਸਾਹਿਬ ਦੀ ਕਰ ਚਾਕਰੀ, ਦਿਲ ਦੀ ਲਾਹਿ ਭਰਾਂਦਿ॥

ਦਰਵੇਸ਼ਾਂ ਨੂੰ ਲੋੜੀਐ ਰੁੱਖਾਂ ਦੀ ਜੀਰਾਂਦਿ॥
ਫਰੀਦਾ ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸੁ॥
ਗੁਨਹੀ ਭਰਿਆ ਮੈਂ ਫਿਰਾਂ, ਲੋਕੁ ਕਹੈ ਦਰਵੇਸੁ॥(੧੩੮੧)

ਦਰਵੇਸ਼ਾਂ ਨੂੰ ਹਮੇਸ਼ਾਂ ਰੁੱਖਾਂ ਦੀ ਜੀਰਾਂਦ ਭਾਵ ਰੁੱਖਾਂ ਵਰਗਾ ਜੇਰਾ-ਸ਼ਹਿਨਸ਼ੀਲਤਾ ਧਾਰਨ ਕਰਨੀ ਅਤੇ ਦਿਲ ਵਿੱਚੋਂ ਊਚ-ਨੀਚ, ਛੂਆਂ-ਛਾਤ ਦਾ ਭਰਮ ਦੂਰ ਕਰਕੇ, ਦੁਨੀਆਂ ਦੇ ਮਾਲਕ ਦੀ ਸੇਵਾਦਾਰੀ ਕਰਨੀ ਚਾਹੀਦੀ ਹੈ। ਬਾਬਾ ਜੀ ਫਰਮਾਂਦੇ ਹਨ ਕਿ ਬਾਹਰੋਂ ਤਾਂ ਮੇਰਾ ਫਕੀਰਾਂ (ਦਰਵੇਸ਼ਾਂ) ਭਾਵ ਭਲੇ ਪੁਰਖਾਂ ਵਾਲੇ ਕਾਲੇ ਕਪੜਿਆਂ ਦਾ ਭੇਸ ਹੈ ਪਰ ਅੰਦਰੋਂ ਗੁਨਾਹਾਂ (ਪਾਪਾਂ) ਨਾਲ ਭਰਿਆ ਪਿਆ ਹਾਂ ਪਰ ਲੋਕਾਈ ਮੇਰੇ ਭੇਖ ਦਾ ਭੁਲੇਖਾ ਖਾ ਕੇ ਮੈਨੂੰ ਦਰਵੇਸ਼ ਕਹੀ ਜਾ ਰਹੀ ਹੈ।

ਗੁਰਮਤਿ ਗੁਣ-ਗ੍ਰਾਹੀ ਮੱਤ ਹੈ, ਕਿਸੇ ਵੀ ਕੌਮ ਜਾਂ ਮੱਤ ਵਿੱਚ ਕੋਈ ਚੰਗਾ ਲਫਜ਼ ਭਲੇ ਪੁਰਖਾਂ ਵਾਸਤੇ ਵਰਤਿਆ ਗਿਆ ਹੈ ਗੁਰਮਤਿ ਨੇ ਉਸ ਨੂੰ ਪ੍ਰਵਾਨ ਕੀਤਾ ਹੈ। ਗੁਰ ਫੁਰਮਾਨ ਹੈ-

ਸਾਝ ਕਰੀਜੈ ਗੁਨਹ ਕੇਰੀ ਛਾਡਿ ਅਵਗਣ ਚਲੀਐ॥ (੭੬੬)

ਅੱਜ ਸਾਡੀ ਕੌਮ ਨੂੰ ਦਰਵੇਸ਼ ਗੁਰਸਿੱਖ ਲੀਡਰ ਚਾਹੀਦੇ ਹਨ ਜੋ ਵਹਿਮਾਂ-ਭਰਮਾਂ, ਕਰਮਕਾਂਡਾਂ, ਜਾਤਾਂ-ਪਾਤਾਂ, ਛੂਆਂ-ਛਾਤਾਂ ਆਦਿਕ ਬ੍ਰਾਹਮਣੀ ਕਰਮਕਾਂਡਾਂ, ਧੜੇਬੰਦੀਆਂ, ਕੌਮ ਵਿੱਚ ਫੁੱਟ ਪਾਊ ਤਾਕਤਾਂ ਅਤੇ ਅਨਸਰਾਂ ਤੋਂ ਬਚਾ ਕੇ ਗੁਰਸਿੱਖੀ ਵਾਲੇ ਗੁਣਾਂ ਅਤੇ ਏਕਤਾ ਵਾਲੀ ਮਜਬੂਤ ਮਾਲਾ ਵਿੱਚ ਪਰੋ ਸੱਕਣ। ਹੁਣ ਸ਼੍ਰੋਮਣੀ ਕਮੇਟੀ ਦੀਆਂ ਆ ਰਹੀਆਂ ਸੰਨ ੨੦੧੧ ਦੀਆਂ ਚੋਣਾਂ ਵਿੱਚ ਸਾਨੂੰ ਮਾਨ ਜਾਂ ਬਾਦਲ-ਭਗਤਾਂ ਦੀ ਥਾਂ ਗੁਰੂ-ਭਗਤ ਦਰਵੇਸ਼ ਮੈਂਬਰ ਹੀ ਚੁਣਨੇ ਚਾਹੀਦੇ ਹਨ ਜੋ ਧੜੇਬੰਦੀ ਤੋਂ ਉੱਪਰ ਉੱਠ ਕੇ ਗੁਰੂ-ਪੰਥ ਦੇ ਮੈਂਬਰ ਬਣ ਕੇ ਸਿੱਖ ਕੌਮ ਨੂੰ ਯੋਗ ਅਗਵਾਈ ਦੇ ਸੱਕਣ। ਸੋ ਗੁਰਬਾਣੀ ਵਿਖੇ ਆਏ ਐਸੇ ਵਡਮੁੱਲੇ ਤੇ ਭਾਵਪੂਰਤ ਲਫਜ਼ਾਂ ਦੇ ਅੰਤਰੀਵੀ ਭਾਵਾਂ ਨੂੰ ਸਮਝ ਕੇ ਜੇ ਅਸੀਂ ਆਪਣੇ ਜੀਵਣ ਵਿੱਚ ਅਪਣਾਈ ਜਾਵਾਂਗੇ ਤਾਂ ਅਸੀਂ ਵੀ ਦਰਵੇਸ਼ ਭਾਵ ਚੰਗੇ ਗੁਰਸਿੱਖ ਬਣ ਕੇ ਸੰਸਾਰ ਸਮਾਜ ਦੀ ਵਡਮੁੱਲੀ ਸੇਵਾ ਕਰਕੇ ਆਪਣਾ, ਪ੍ਰਵਾਰ ਅਤੇ ਸੰਗੀ ਸਾਥੀਆਂ ਦਾ ਜੀਵਣ ਸਫਲ ਕਰ ਸਕਦੇ ਹਾਂ। ਇਸ ਲਈ ਸਾਨੂੰ ਗੁਰਬਾਣੀ ਦੇ ਤੋਤਾ ਰਟਣੀ ਪਾਠਾਂ ਨਾਲੋਂ ਗੁਰਬਾਣੀ ਦੀ ਸ਼ਬਦ ਵੀਚਾਰ ਨੂੰ ਪਹਿਲ ਦੇਣੀ ਚਾਹੀਦੀ ਹੈ ਇਹ ਹੀ ਅਸਲ ਦਰਵੇਸ਼ਪੁਣਾ ਹੈ ਅਤੇ ਭੇਖੀ ਸਾਧਾਂ ਤੇ ਮਕਾਰੀ ਲੀਡਰਾਂ ਨੂੰ ਦਰਵੇਸ਼ ਸਮਝਣਾ ਭਾਰੀ ਭੁੱਲ ਹੈ ਜੋ ਸਾਡੀ ਸ਼ਰਧਾ ਦਾ ਨਜਾਇਜ਼ ਫਾਇਦਾ ਉਠਾ ਕੇ ਸਾਡੇ ਆਗੂ ਬਣ ਜਾਂਦੇ ਹਨ ਅਤੇ ਪੰਥ ਵਿੱਚ ਅੰਧ ਵਿਸ਼ਵਾਸ਼ ਫੈਲਾ ਕੇ ਕੌਮ ਨੂੰ ਦੋਹੀਂ ਹੱਥੀਂ ਲੁੱਟਦੇ ਰਹਿੰਦੇ ਹਨ।

-o-

ਨਜ਼ਰ ਲੱਗਣ ਦੇ ਡਰਾਵੇ ਅਤੇ ਲੁੱਟ!

ਨਜ਼ਰ ਅਤੇ ਨਦਰ ਅਰਬੀ ਭਾਸ਼ਾ ਦੇ ਸ਼ਬਦ ਹਨ ਅਤੇ ਵੱਖ-ਵੱਖ ਰੂਪਾਂ ਅਤੇ ਅਰਥਾਂ ਵਿੱਚ ਵਰਤੇ ਜਾਂਦੇ ਹਨ, ਜਿਵੇਂ ਨਜ਼ਰ, ਨਜ਼ਰਿ, ਨਦਰ ਅਤੇ ਨਦਰਿ। ਨਜ਼ਰ ਅਤੇ ਨਦਰ ਦੇ ਅਰਥ ਹਨ-ਨਿਗਾਹ, ਦ੍ਰਿਸ਼ਟੀ, ਧਿਆਨ, ਤਵੱਜੋ, ਉਪਹਾਰ, ਪਤਿਗਯਾ ਅਤੇ ਪ੍ਰਣ। ਗੁਰਬਾਣੀ ਵਿਖੇ ਆਮ ਤੌਰ ਤੇ ਇਹ ਸ਼ਬਦ ਕਰਤਾਰ ਦੀ ਸਵੱਲੀ ਨਜ਼ਰ ਅਤੇ ਰਹਿਮਤ ਲਈ ਵਰਤਿਆ ਗਿਆ ਹੈ-

ਜਿਨ ਕਉ ਨਦਰਿ ਕਰਮੁ ਤਿਨ ਕਾਰ॥ ਨਾਨਕ ਨਦਰੀ ਨਦਰਿ ਨਿਹਾਲ॥ (੮)

ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਨਜਰਿ ਸੰਸਕ੍ਰਿਤ ਅਤੇ ਨਜ਼ਰ ਫਾਰਸੀ ਦਾ ਸ਼ਬਦ ਹੈ-

ਨਜਰਿ ਭਈ ਘਰੁ ਘਰ ਤੇ ਜਾਨਿਆ॥ (੧੫੩)

ਨਦਰੀ-ਦ੍ਰਿਸ਼ਟੀ ਵਿੱਚ ਦਿਸਣ ਵਾਲਾ-

ਨਦਰੀ ਆਵੈ ਤਿਸੁ ਸਿਉ ਮੋਹੁ॥ (੮੦੧)

ਨਜ਼ਰਬੰਦ-ਹਵਾਲਾਤ ਵਿੱਚ ਰੱਖ ਕੇ ਜਿਸ ਤੇ ਸਿਪਾਹੀ ਨਿਗਾਹਬਾਨੀ ਕਰੇ।

ਉਪੱਠੀ ਨਦਰ-ਨਦਰਿ ਉਪਠੀ ਜੇ ਕਰੈ ਸੁਲਤਾਨਾ ਘਾਹੁ ਕਰਾਇਦਾ॥ (ਆਸਾ ਕੀ ਵਾਰ)

ਆਮ ਤੌਰ 'ਤੇ ਨਜ਼ਰ ਲੱਗਣੀ, ਬਦ ਨਜ਼ਰ ਹੋਣਾ ਆਦਿਕ ਸ਼ਬਦ ਵਰਤ ਕੇ ਭੇਖੀ, ਚਾਲਬਾਜ, ਬ੍ਰਾਹਮਣ ਅਤੇ ਅਖੌਤੀ ਸੰਤ ਲੋਗ, ਅਗਿਆਨੀ ਅਤੇ ਭੋਲੇ ਲੋਕਾਂ ਨੂੰ ਲੁਟਦੇ ਅਤੇ ਭਟਕਨਾ ਵਿੱਚ ਪਾਈ ਰਖਦੇ ਹਨ। ਇਸ ਬਾਰੇ ਪੰਥ ਦੇ ਮਹਾਂਨ ਵਿਦਵਾਨ ਲਿਖਾਰੀ ਭਾਈ ਕਾਹਨ ਸਿੰਘ ਨਾਭਾ ਗੁਰਮਤਿ ਮਾਰਤੰਡ ਵਿਖੇ ਲਿਖਦੇ ਹਨ ਕਿ-ਅਗਿਆਨੀ ਸਮਝਦੇ ਹਨ ਕਿ ਬਦ ਨਜ਼ਰ ਦਾ ਬੁਰਾ ਅਸਰ ਹੁੰਦਾ ਹੈ ਅਰ ਇਸ ਤੋਂ ਬਚਣ ਵਾਸਤੇ ਅਵਿਦਿਆ ਦੇ ਅਨੇਕ ਕਰਮ ਕਰਦੇ ਹਨ, ਜੋ ਸਿੱਖ ਧਰਮ ਵਿੱਚ ਨਿੰਦਿਤ ਹਨ-

ਰਾਮ ਨਾਮੁ ਜੋ ਜਨ ਜਪੈ ਅਨਦਿਨੁ ਸਦ ਜਾਗੈ॥
ਤੰਤੁ ਮੰਤੁ ਨਹ ਜੋਹਈ, ਤਿਤੁ ਚਾਖੁ ਨ ਲਾਗੈ॥ (੮੧੮)

ਭਾਵ ਜੋ ਰਮੇ ਹੋਏ ਰਾਮ ਨਿਰੰਕਾਰ ਨੂੰ ਸਦਾ ਯਾਦ ਰੱਖਦਾ ਹੈ, ਇਉ ਅਗਿਆਨਤਾ ਦੀ ਨੀਦਰ ਚੋ ਜਾਗਿਆ ਰਹਿੰਦਾ ਹੈ, ਉਸ ਨੂੰ (ਚਾਖ) ਬਦਨਜ਼ਰ ਨਹੀਂ ਲਗਦੀ। ਹੋਰ ਲਿਖਦੇ ਹਨ ਕਿ-

ਹਰਿ ਸਿਮਰਤ ਕਿਛੁ ਚਾਖੁ ਨਾ ਜੋਹੈ॥ ਹਰਿ ਸਿਮਰਤ ਦੈਤ ਦੇਉ ਨਾ ਪੋਹੈ॥ (੧੧੫੦)

ਭੂਤ ਪ੍ਰੇਤ ਬੇਤਾਲ ਦਾ ਅਸੇਬ ਨਹੀਂ ਹੁੰਦਾ ਅਰਥਾਤ ਭਰਮ ਤੋਂ ਮੰਨਿਆਂ ਹੋਇਆ ਅਸਰ ਮਨ ਨੂੰ ਨਹੀ ਵਿਆਪਦਾ। ਡਾ. ਰਤਨ ਸਿੰਘ ਜੱਗੀ ਵੀ ਗੁਰੂ ਗ੍ਰੰਥ ਵਿਸ਼ਵਕੋਸ਼ ਵਿੱਚ ਲਿਖਦੇ ਹਨ ਕਿ ਨਦਰ ਅਰਬੀ ਭਾਸ਼ਾ ਦੇ ਨਜ਼ਰ ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ ਦ੍ਰਿਸ਼ਟੀ, ਨਿਗਾਹ। ਅਧਿਆਤਮਿਕ ਸਹਿਤ ਵਿੱਚ ਇਹ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਦੀ ਥਾਂ

ਵਰਤੀਦਾ ਹੈ। ਗੁਰਬਾਣੀ ਵਿਖੇ ਮਿਹਰ ਦੀ ਨਦਰ ਕਰਨ ਵਾਲੇ ਨੂੰ *ਨਦਰੀ* ਕਿਹਾ ਗਿਆ ਹੈ-

ਨਾਨਕ ਨਦਰੀ ਨਦਰਿ ਕਰੇ ਤਹ ਨਾਮ ਧਨੁ ਪਲੈ ਪਾਇ॥ (੮੫੦)

ਸਾਰੇ ਭਾਰਤੀ ਧਰਮਾਂ ਦੀਆਂ ਭਗਤੀ ਭਾਵਨਾਵਾਂ ਦੇ ਸਿਧਾਂਤਕ ਵਿਕਾਸ ਤੇ ਨਜ਼ਰ ਮਾਰੀਏ ਤਾਂ ਪਰਮ ਸਤਾ ਦੀ ਅਸੀਮ ਅਕਾਣ ਕ੍ਰਿਪਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਸਾਮੀ ਧਾਰਮਿਕ ਪ੍ਰੰਪਰਾਵਾਂ ਵਿੱਚ ਪ੍ਰਮਾਤਮਾਂ ਦੀ ਕ੍ਰਿਪਾ ਨੂੰ ਕਰਮ, ਮਿਹਰ, ਬਖਸ਼ਿਸ਼, ਫ਼ਜ਼ਲ, ਨਦਰ ਆਦਿਕ ਸ਼ਬਦਾਂ ਨਾਲ ਪ੍ਰਗਟਾਇਆ ਗਿਆ ਹੈ। ਈਸਾਈ-ਮਤ ਵਿੱਚ ਇਸ ਭਾਵਨਾ ਲਈ 'ਗ੍ਰੇਸ' ਸ਼ਬਦ ਵਰਤਿਆ ਗਿਆ ਹੈ। ਸੋ ਸਪੱਸ਼ਟ ਹੈ ਕਿ ਸਾਰਿਆਂ ਧਰਮਾਂ ਵਿੱਚ ਕਿਸੇ ਨਾਂ ਕਿਸੇ ਰੂਪ ਵਿੱਚ ਈਸ਼ਵਰੀ ਕ੍ਰਿਪਾ ਦੀ ਮਹੱਤਵ ਅਸਥਾਪਨਾ ਕੀਤੀ ਗਈ ਹੈ ਪਰ ਹਰੇਕ ਧਰਮ ਦੀ ਮਾਨਤਾ ਦਾ ਪ੍ਰਕਾਰਜੀ ਰੂਪ ਵੱਖਰੇ-ਵੱਖਰੇ ਢੰਗ ਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਜਗਤ ਨੂੰ ਦਿੱਤੇ ਮੂਲ ਸਿਧਾਂਤ *ਮੂਲ ਮੰਤ੍ਰ* (ਮੁਢਲਾ ਉਪਦੇਸ਼) ਇਸ ਨੂੰ ਗੁਰਪ੍ਰਸਾਦਿ ਕਿਹਾ ਹੈ। ਸੰਸਕ੍ਰਿਤ ਵਿਖੇ ਪ੍ਰਸਾਦਿ ਦੇ ਅਰਥ ਹੋਰ ਅਰਥਾਂ ਤੋਂ ਇਲਾਵਾ ਕ੍ਰਿਪਾ,ਕਰਮ ਜਾਂ ਨਦਰ ਵੀ ਪ੍ਰਯਾਵਾਚੀ ਰੂਪ ਹਨ। ਗੁਰਮਤਿ ਵਿੱਚ ਪ੍ਰਮਾਤਮਾਂ ਦੀਆਂ ਸੰਪੂਰਨ ਸ਼ਕਤੀਆਂ ਅਤੇ ਗੁਣਾਂ ਨੂੰ *ਗੁਰੂ* ਵਿੱਚ ਅਰੋਪਤ ਕੀਤਾ ਗਿਆ ਹੈ। ਗੁਰੂ ਤੇ ਪ੍ਰਮਾਤਮਾਂ ਵਿੱਚ ਕੋਈ ਭੇਦ ਨਹੀ ਹੈ-

ਬਡੇ ਭਾਗੁ ਗੁਰੂ ਸੇਵਹਿ ਅਪਨਾ ਭੇਦੁ ਨਾਹੀ ਗੁਰਦੇਵ ਮੁਰਾਰ॥ (੫੦੪)

ਜੇ ਗੁਰੂ ਦੀਆਂ ਭਾਵਨਾਵਾਂ ਨੂੰ ਸਮੁੱਚੇ ਤੌਰ ਤੇ ਬਿਆਨ ਕਰੀਏ ਤਾਂ *ਗੁਰੂ* ਤੋਂ ਬਿਨਾ ਪ੍ਰਭੂ, ਮੁਕਤੀ, ਗਿਆਨ, ਸਨਮਾਨ, ਵਾਸਤਵਿਕ ਮਾਰਗ ਅਤੇ ਹਰਿ ਭਗਤੀ ਆਦਿਕ ਕਿਸੇ ਦੀ ਵੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਹੀ ਦਸਦਾ ਹੈ ਕਿ ਪ੍ਰਮਾਤਮਾਂ ਦੀ ਪ੍ਰਾਪਤੀ ਸਾਰੀਆਂ ਸਿਆਣਪਾਂ ਅਤੇ ਹਿਕਮਤਾਂ ਨੂੰ ਛੱਡ ਕੇ ਉਸ ਦੀ ਨਦਰ ਨਾਲ ਹੀ ਹੁੰਦੀ ਹੈ-

ਕਰਮਿ ਮਿਲੈ ਤਾਂ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥ (੪੬੫)

ਕਰਮਿ ਮਿਲੈ ਤਾਂ ਪਾਈਐ, ਨਾਹੀ ਗਲੀ ਵਾਉ ਦੁਆਉ॥ (੧੬)

ਪ੍ਰਭੂ ਕ੍ਰਿਤਾ ਨਾਲ ਗੁਰੂ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰੂ-ਸ਼ਬਦ (ਗਿਆਨ) ਨਾਲ ਆਸ਼ਾਵਾਂ, ਸ਼ੰਕਾਵਾਂ, ਹਉਮੈ ਆਦਿ ਵਿਕਾਰ ਅਤੇ ਦੁਰਵਿਰਤੀਆਂ ਭਸਮ ਹੋ ਜਾਂਦੀਆਂ ਹਨ-

ਨਾਨਕ ਨਦਰਿ ਕਰੇ ਸੋ ਪਾਏ॥ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥(੪੬੮)

ਜੋ ਕਾਦਰ ਦੀ ਨਦਰ ਤੋਂ ਵਾਂਝੇ ਹਨ, ਉਨ੍ਹਾਂ ਦਾ ਮਨ ਚੰਗੇ ਕਰਮਾਂ ਅਤੇ ਪ੍ਰਭੂ ਯਾਦ ਵਿੱਚ ਨਹੀ ਲਗਦਾ-

ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ॥ (੭੯੯)

ਵਾਸਤਵ ਵਿੱਚ ਜੇ ਪ੍ਰਭੂ ਆਪਣੀ ਕ੍ਰਿਪਾ-ਦ੍ਰਿਸ਼ਟੀ ਨੂੰ ਸੰਕੋਚ ਲਏ ਜਾਂ ਉਲਟੀ ਕਰ ਦਏ ਤਾਂ ਵੱਡੇ-ਵੱਡੇ ਬਾਦਸ਼ਾਹਾਂ ਨੂੰ ਘਸਿਆਰੇ ਬਣਾ ਅਤੇ ਭਿਖਿਆ ਮੰਗਣ ਲਾ ਦਿੰਦਾ ਹੈ-

ਨਦਰਿ ਉਪਠੀ ਜੇ ਕਰੇ ਸੁਲਤਾਨਾਂ ਘਾਹੁ ਕਰਾਇਦਾ॥ ਦਰਿ ਮੰਗਨਿ ਭਿਖ ਨ ਪਾਇਦਾ॥

(੪੭੨)

ਇੱਥੇ ਇਹ *ਨਦਰਿ ਉਪਠੀ* ਤੋਂ ਇਹ ਭਾਵ ਨਹੀ ਕਿ ਉਸ ਦੀ *ਨਦਰਿ* ਕਿਸੇ ਤਰ੍ਹਾਂ ਦੇ ਅਨਿਆਇ ਤੇ ਅਧਾਰਤ ਹੈ। ਇਹ ਕ੍ਰਿਪਾ ਦ੍ਰਿਸਟੀ ਉਨ੍ਹਾਂ ਤੇ ਹੀ ਹੁੰਦੀ ਹੈ ਜੋ ਸੱਚੇ ਮਾਰਗ ਚਲਦੇ ਹਨ। ਗੁਰਮਤਿ ਮਨੁੱਖੀ ਸਮਾਜ ਨੂੰ ਦੋ ਵਰਗਾਂ ਵਿੱਚ ਵੰਡਦੀ ਹੈ-ਗੁਰਮੁਖ ਅਤੇ ਮਨਮੁਖ (ਭਗਤ ਅਤੇ ਸੰਸਾਰੀ) ਗੁਰਮੁਖ ਆਪਣੀ ਸੰਸਾਰੀ ਯਾਤਰਾ ਪੂਰੀ ਕਰਦਾ ਹੋਇਆ ਪਰਮਾਨੰਦ ਨੂੰ ਪ੍ਰਾਪਤ ਕਰਦਾ ਹੈ ਅਤੇ ਮਨਮੁਖ ਭੰਬਲ ਭੂਸਿਆਂ ਵਿੱਚ ਪਿਆ ਰਹਿੰਦਾ ਹੈ। ਗੁਰੂ ਨਾਨਕ ਸਾਹਿਬ ਜੀ ਜਪੁਜੀ ਸਾਹਿਬ ਵਿਖੇ ਫਰਮਾਂਦੇ ਹਨ ਕਿ ਕਰਮ ਖੰਡ ਕੀ ਬਾਣੀ ਜੋਰ *ਕਰਮ* ਭਾਵ ਪ੍ਰਭੂ ਦੀ ਨਦਰਿ ਵਾਲੇ ਦੀ ਬੋਲ ਬਾਣੀ ਵਿੱਚ ਜੋਰ (ਬਲ) ਹੁੰਦਾ ਹੈ। ਪ੍ਰਮਾਤਮਾਂ ਦੀ ਪ੍ਰਾਪਤੀ ਲਈ ਸਾਧਕ ਨੂੰ ਆਪਣੇ ਆਪ ਨੂੰ ਸਾਧਨਾ ਪੈਂਦਾ ਹੈ। ਜਿਵੇਂ ਬਾਲਕ ਮਾਂ ਦੀ ਗੋਦ ਵਿੱਚ ਪਹੁੰਚਣ ਦਾ ਯਤਨ ਕਰਦਾ ਹੈ ਅਤੇ ਮਾਂ ਉਸ ਦੀ ਘਾਲ ਵੇਖ ਕ੍ਰਿਪਾ ਦੇ ਰੂਪ ਵਿੱਚ ਬਾਹਵਾਂ ਪਸਾਰ, ਉਸ ਨੂੰ ਆਪਣੀ ਗੋਦ ਵਿੱਚ ਲੈ ਲੈਂਦੀ ਹੈ। ਚੰਚਲ ਬੁੱਧੀ ਵਾਲਾ ਮਨਮੁਖ ਬਾਲਕ ਮਾਂ ਦੀ ਇਸ *ਨਦਰਿ* ਤੋਂ ਵਾਂਝਾ ਰਹਿ ਜਾਂਦਾ ਹੈ। ਇਵੇਂ ਹੀ ਸਾਧਕ ਆਪਣੇ ਕਰਮਾਂ ਦੀਆਂ ਚਲਾਕੀਆਂ ਕਰਕੇ ਪ੍ਰਭੂ ਮਾਂ ਤੋਂ ਦੂਰ ਰਹਿੰਦਾ ਹੈ ਪਰ ਜੋ ਸਾਧਕ ਧਰਮ, ਗਿਆਨ ਅਤੇ ਸਰਮ ਦੀਆਂ ਘਲਣਾ ਘਾਲਦਾ ਹੋਇਆ, ਉਸ ਦੀ ਨਦਰਿ ਦਾ ਪਾਤਰ ਬਣਦਾ ਹੈ, ਉਹ ਸੱਚ ਖੰਡ ਅਵੱਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਜਪੁਜੀ ਦੀ ਪਹਿਲੀ ਪਾਉੜੀ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖਦੇ ਜੀਵਨ ਵਿਕਾਸ ਅਤੇ ਅਧਿਆਤਮਿਕ ਉਨਤੀ ਲਈ ਮਹੱਤਵਪੂਰਨ ਪ੍ਰਸ਼ਨ ਉਠਾਇਆ ਸੀ-

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ (ਜਪੁਜੀ)

ਦਾ ਜਵਾਬ ਸਰਮ ਖੰਡ (ਨਦਰਿ ਅਵੱਸਥਾ) ਵਿੱਚੋਂ ਮਿਲਦਾ ਹੈ ਕਿ ਪ੍ਰਭੂ ਪ੍ਰਾਪਤੀ ਦੇ ਸਾਧਨ ਧਰਮ ਖੰਡ, ਗਯਾਨ ਖੰਡ ਆਦਿਕ ਸ਼ੁਭ ਕਰਮਾਂ ਦੇ ਨਾਲ ਉਸ ਦੀ *ਕਰਮ* ਮਿਹਰ (ਨਦਰਿ) ਦੀ ਅਤਿਅੰਤ ਲੋੜ ਹੈ। ਕਾਦਰ ਦੀ ਨਦਰਿ ਤੋਂ ਬਿਨਾ ਸਾਧਕ ਦਾ ਸਾਰਾ ਉਦਮ ਵਿਅਰਥ ਜਾਂਦਾ ਹੈ। ਸੱਚ ਤਾਂ ਇਹ ਹੈ ਕਿ ਉਦਮ ਦੇ ਨਾਲ ਪ੍ਰਮਾਤਮਾਂ ਦੀ ਸਵੱਲੀ ਨਦਰਿ (ਨਜ਼ਰ) ਕ੍ਰਿਪਾ ਅਗਿਆਨਤਾ ਦੇ ਭਵਸਾਗਰ ਵਿੱਚ ਡੁਬਦੇ ਸਾਧਕ ਨੂੰ ਗਿਆਨ-ਧਿਆਨ ਰੂਪ ਨਾਮ ਦੇ ਜ਼ਹਾਜ ਵਿੱਚ ਚੜ੍ਹਾ ਕੇ ਸੱਚ ਖੰਡ (ਰੱਬੀ ਮਿਲਾਪ) ਦੀ ਅਵੱਸਥਾ ਵਿੱਚ ਪਹੁੰਚਾ ਦਿੰਦੀ ਹੈ। ਭਾਵ ਸ਼ੁਭ ਕਰਮਾਂ ਦੀ ਸਾਧਨਾ ਸਾਦਕ ਨੂੰ ਸੁਪਾਤਰ ਬਣਾਉਂਦੀ ਅਤੇ ਪ੍ਰਭੂ ਦੀ ਨਦਰਿ ਸੁਪਾਤਰਤਾ ਨੂੰ ਪ੍ਰਮਾਣੀਕ੍ਰਿਤ ਕਰਦੀ ਹੈ। ਪ੍ਰਭੂ ਨਦਰਿ ਦੀ ਪ੍ਰਾਪਤੀ ਕਿਸੇ ਕਰਮਕਾਂਡੀ ਪ੍ਰਦਰਸ਼ਨੀ ਦੀ ਮੁਥਾਜ ਨਹੀਂ ਸਗੋਂ ਸਹਜ ਸੁਭਾਵ ਹੀ ਜਗਿਆਸੂ ਦੀ ਸਾਧਨਾ ਨੂੰ ਫਲੀਭੂਤ ਕਰ ਦਿੰਦੀ ਹੈ ਜਿਵੇਂ ਸ਼ਬਨਮ ਦੇ ਕਤਰੇ ਬਨਸਪਤੀ ਨੂੰ ਠਾਰ ਦਿੰਦੇ ਹਨ। ਇਸ੍ਹ ਅਵੱਸਥਾ ਨੂੰ ਗੁਰੂ ਨਾਨਕ ਸਾਹਿਬ ਜੀ ਨੇ *ਨਦਰੀ ਨਦਰਿ ਨਿਹਾਲ* ਕਿਹਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸਾਰਥਕ ਯਤਨ ਕਰਦਿਆਂ, ਕਰਤਾਰ ਦੀ ਰਹਿਮਤ ਦੀ ਨਦਰਿ (ਨਜ਼ਰ) ਦੀ ਅਤਿਅੰਤ ਲੋੜ ਹੈ-

ਨਦਰਿ ਕਰੇ ਤਾਂ ਸਿਮਰਿਆ ਜਾਇ॥ (੬੬੧)

ਇਹ ਸੀ ਨਜ਼ਰ, ਨਦਰ ਸ਼ਬਦਾਂ ਦੀ ਸਾਰਥਕ ਵਿਆਖਿਆ ਪਰ ਗਿਆਨ ਵਿਹੂਣੇ ਲੋਕ ਹੰਕਾਰੀਆਂ, ਵਿਕਾਰੀਆਂ ਅਤੇ ਭੇਖਧਾਰੀਆਂ ਦੀ ਨਜ਼ਰ ਲੱਗਣ ਤੋਂ ਹੀ ਡਰਦੇ ਰਹਿੰਦੇ ਹਨ ਕਿ

ਫਲਾਨੇ ਦੀ ਨਜ਼ਰ ਪੱਥਰ ਪਾੜ ਹੈ, ਇਸ ਨੂੰ ਫਲਾਨੇ ਦੀ ਨਜ਼ਰ ਲੱਗ ਗਈ ਹੈ, ਹੁਣ ਇਹ ਕੁਛ ਖਾਂਦਾ-ਪੀਂਦਾ ਜਾਂ ਬੋਲਦਾ ਨਹੀ ਸਗੋਂ ਦਿਨੋ ਦਿਨ ਸੁੱਕੀ ਜਾ ਰਿਹਾ ਹੈ, ਇਸ ਨੂੰ ਕੋਈ ਕੰਮ ਨਹੀ ਲੱਭ ਰਿਹਾ, ਐਸੀ ਬੁਰੀ ਨਜ਼ਰ ਲੱਗੀ ਹੈ ਕਿ ਕੋਈ ਕੰਮ ਵੀ ਨਹੀ ਹੁੰਦਾ, ਬਿਮਾਰ ਹੀ ਰਹਿੰਦਾ ਹੈ ਆਦਿਕ। ਇਸ ਸਭ ਕਾਸੇ ਦਾ ਸਾਰਥਕ ਕਾਰਨ ਲੱਭ ਕੇ ਇਲਾਜ਼ ਕਰਨ ਦੀ ਬਜਾਇ ਉਪ੍ਰੋਕਤ ਭੱਦਰਪੁਰਸਾਂ ਦੇ ਪਾਏ ਬੁਰੀ ਨਜ਼ਰ ਦੇ ਡਰਾਵੇ ਕਰਕੇ, ਇਨ੍ਹਾਂ ਦੇ ਦਰ ਤੇ ਹੀ ਭਟਕਦਾ ਹੈ। ਇਹ ਲੋਕ ਤਰ੍ਹਾਂ-ਤਰ੍ਹਾਂ ਦੇ ਉਪਾਅ ਦਸਦੇ ਹਨ, ਜਿਵੇਂ ਕਦੇ ਪਾਣੀ ਮੰਤ੍ਰ ਕੇ ਦਿੰਦੇ, ਕਦੇ ਸਵਾਹ ਦੀ ਵਿਭੂਤੀ, ਕਦੇ ਬਕਰੇ, ਛਤਰੇ ਕੁੱਕੜ ਦੀ ਭੇਟ ਕੁਰਬਾਨੀ, ਇੱਥੋਂ ਤੱਕ ਕਿ ਕਈ ਵਾਰ ਆਪਣੇ ਜਾਂ ਕਿਸੇ ਦੇ ਬੱਚੇ ਦੀ ਕੁਰਬਾਨੀ ਦੇਣ ਦਾ ਹੁਕਮ ਕਰਦੇ ਹਨ। ਡਰਿਆ ਹੋਇਆ ਇਨਸਾਨ ਸਭ ਕੁਝ ਕਰਨ ਲਈ ਤਿਆਰ ਹੋ ਜਾਂਦਾ ਹੈ ਅਤੇ ਸਾਰੇ ਓੜ-ਪੋੜ ਕਰਕੇ ਇੱਥੋਂ ਤੱਕ ਕਿ ਆਪਣੀ ਜ਼ਮੀਨ ਜਾਇਦਾਦ ਵੇਚ ਕੇ ਵੀ *ਭੱਦਰਪੁਰਸ਼ਾਂ* ਦੀਆਂ ਤਹਿ ਕੀਤੀਆਂ ਭੇਟਾਵਾਂ ਚੜ੍ਹਾਉਂਦਾ ਹੋਇਆ, ਆਪਣਾ ਡੁੱਗਾ-ਚੌੜ ਕਰ ਲੈਂਦਾ ਹੈ। ਸਦਾ ਯਾਦ ਰੱਖੋ ਨਜ਼ਰ ਕੋਈ ਬੁਰੀ ਨਹੀ ਹੁੰਦੀ ਸਗੋਂ ਸਾਡੀ ਸੋਚਣੀ ਅਤੇ ਕਰਮ ਬੁਰੇ ਹੁੰਦੇ ਹਨ। ਇਹ ਨਜ਼ਰ ਲੱਗਣੀ, ਜਾਂ ਬੁਰੀ ਨਜ਼ਰ ਦਾ ਸੰਕਲਪ ਜਿਆਦਾ ਤਰ ਹਿੰਦੂ ਸਾਧਾਂ, ਤਾਂਤ੍ਰਿਕਾਂ ਅਤੇ ਮੁਸਲਮ ਪੀਰਾਂ ਵਿੱਚ ਹੈ, ਜੋ ਆਪਣੇ ਹਲਵੇ ਮੰਡੇ ਖਾਤਰ ਅਗਿਆਨੀ ਲੋਕਾਂ ਵਿੱਚ ਵਹਿਮ ਪੈਦਾ ਕਰਕੇ ਫਿਰ ਆਪਣੇ ਦੱਸੇ ਉਪਾਵਾਂ ਰਾਹੀ ਲੁੱਟਦੇ ਹਨ। ਗੁਰੂ ਦੇ ਸਿੱਖ ਨੂੰ ਅਜਿਹੇ ਡਰਾਵਿਆਂ ਤੋਂ ਡਰਨਾਂ ਨਹੀ ਚਾਹੀਦਾ ਅਤੇ ਪ੍ਰਭੂ ਦੀ ਸਰਬਵਿਆਪਕ ਨਜ਼ਰ ਦਾ ਹੀ ਪਾਤਰ ਬਣਨਾ ਚਾਹੀਦਾ ਹੈ। ਸਿੱਖ ਦਾ ਗਿਆਨਦਾਤਾ *ਗੁਰੂ ਗ੍ਰੰਥ ਸਾਹਿਬ* ਹੈ ਨਾਂ ਕਿ ਕੋਈ ਭੇਖੀ ਬ੍ਰਾਹਮਣ, ਸਾਧ-ਸੰਤ, ਪੀਰ, ਗ੍ਰੰਥ ਜਾਂ ਕੋਈ ਭਰਮ-ਗਿਆਨੀ। ਨਿਰਾ *ਬੁਰੀ ਨਜ਼ਰ ਵਾਲੇ ਤੇਰਾ ਮੂਹ ਕਾਲਾ* ਦਾ ਫੱਟਾ ਲਗਾ ਲੈਣ ਨਾਲ ਹੀ ਬਚਿਆ ਨਹੀਂ ਜਾ ਸਕਦਾ ਸਗੋਂ ਬੁਰੀ ਨਿਗਾਹ ਰੱਖਣ ਜਾਂ ਦੇਖਣ ਵਾਲੇ ਨੂੰ ਸਮਝੌਣ ਜਾਂ ਉਸ ਨਾਲ ਕਰੜੇ ਹੱਥੀ ਸਿਝਣ ਦੀ ਲੋੜ ਹੈ। ਕਾਦਰ ਦੀ ਨਜ਼ਰ ਸਭ ਲਈ ਇੱਕੋ ਜਿਹੀ ਹੈ, ਇਹ ਵੱਖਰੀ ਗੱਲ ਹੈ ਕਿ ਜੀਵ ਆਪਣੇ ਕੀਤੇ ਬੁਰੇ ਕਰਮਾਂ ਕਰਕੇ ਕੀਤੇ ਦਾ ਫਲ ਪਾਉਂਦਾ ਹੈ। ਪ੍ਰਮਾਤਮਾਂ ਕਿਸੇ ਦੀ ਘਾਲ ਕਮਾਈ ਅੱਖੋਂ ਓਹਲੇ ਨਹੀ ਕਰਦਾ-

ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨਾ ਗਵਾਈ॥ (੮੫੯)

ਜੇ ਸਿੱਖ ਆਪਣੀ ਨਿਗਾਹ, ਨਜ਼ਰ, ਤੱਕਣੀ ਠੀਕ ਕਰ ਲਵੇ ਤਾਂ ਉਸ ਨੂੰ ਕਦੇ ਕਿਸੇ ਭੇਖੀ ਸਾਧ ਜਾਂ ਮਨਮੁਖ ਦੀ ਨਜ਼ਰ ਲੱਗ ਹੀ ਨਹੀਂ ਸਕਦੀ। ਸਿੱਖ ਕਦੇ ਵੀ ਆਪਣੀ ਕਾਰ, ਟਰੱਕ ਜਾਂ ਹੋਰ ਵਾਹਨ ਤੇ ਟੁੱਟੀਆਂ ਜੁੱਤੀਆਂ ਨਹੀ ਲਟਕਾਉਂਦਾ, ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ ਨਹੀ ਲਿਖਦਾ ਅਤੇ ਆਪਣੇ ਘਰਾਂ ਦੇ ਬਨੇਰਿਆਂ ਤੇ ਕਾਲੀਆਂ ਤੌੜੀਆਂ ਨਹੀਂ ਰੱਖਦਾ। ਅਖੌਤੀ ਬੁਰੀ ਨਜ਼ਰ ਤੋਂ ਬਚਣ ਲਈ ਕਿਸੇ ਸਾਧ, ਬ੍ਰਾਹਮਣ ਜਾਂ ਗਿਆਨੀ ਤੋਂ ਮੰਤ੍ਰੀਆਂ ਸੱਤ ਮਿਰਚਾਂ ਆਪਣੇ ਘਰ ਦੇ ਦਰਵਾਜੇ ਤੇ ਧਾਗੇ ਜਾਂ ਕਿਸੇ ਹੋਰ ਚੀਜ ਵਿੱਚ ਪਰੋ ਕੇ ਨਹੀ ਲਟਕਾਉਂਦਾ ਸਗੋਂ ਕਿਰਤ ਕਰਦਾ, ਵੰਡ ਛਕਦਾ, ਨਾਮ ਜਪਦਾ ਅਤੇ ਕਰਤਾਰ ਦੀ ਮਿਹਰ ਦੀ ਨਜ਼ਰ ਤੇ ਟੇਕ ਰੱਖਦਾ ਹੈ-

ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਣੀ ਆਸਿ॥

ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥ (੨੫੭) -੦-

ਦੂਰੰਦੇਸ਼ੀ, ਗੁਰਮਤਿ ਅਤੇ ਸਾਡੇ ਲੀਡਰ

ਸੰਸਕ੍ਰਿਤ ਵਿੱਚ ਦੂਰ ਦਾ ਅਰਥ ਹੈ ਜੋ ਨੇੜੇ ਨਹੀ, ਫਾਸਲੇ ਪੁਰ, ਵਿੱਥ ਤੇ। ਦੂਰੰਦੇਸ਼ ਫਾਰਸੀ ਦਾ ਲਫਜ਼ ਹੈ ਅਰਥ ਹੈ ਦੂਰਦਰਸ਼ੀ। ਪੰਜਾਬੀ ਵਿੱਚ-ਦੂਰ ਦੀ ਸੋਚਣ ਵਾਲਾ, ਚੰਗੇ ਮੰਦੇ ਦੀ ਪਹਿਚਾਣ ਕਰਨ ਵਾਲਾ, ਸੋਚ ਸਮਝ ਕੇ ਕੰਮ ਕਰਨ ਵਾਲਾ, ਸੁਚੇਤ। ਸੰਸਕ੍ਰਿਤ ਵਿੱਚ-ਦੀਰਘ ਦ੍ਰਿਸ਼ਟੀ ਵਾਲਾ ਆਦਿਕ। ਦੂਰੰਦੇਸ਼ ਹੋਣਾ ਵੀ ਇੱਕ ਉੱਤਮ ਗੁਣ ਅਤੇ ਰੱਬੀ ਦਾਤ ਹੈ। ਹਰੇਕ ਮਨੁੱਖ ਦੂਰੰਦੇਸ਼ ਨਹੀ ਹੋ ਸਕਦਾ ਸਗੋਂ ਵਿਚਾਰਵਾਨ ਹੀ ਇਸ ਮੁਰਾਤਬੇ ਨੂੰ ਪਹੁੰਚ ਸਕਦਾ ਹੈ। ਦੂਰੰਦੇਸ਼ੀ ਇੱਕ ਐਸਾ ਗੁਣ ਹੈ ਜਿਸ ਨੂੰ ਧਾਰਨ ਕਰਕੇ ਜੀਵਨ ਨੂੰ ਸਫਲ ਬਣਾਇਆ, ਬੁਰਾਈਆਂ ਅਤੇ ਆਫਤਾਂ ਤੋਂ ਬਚਾਇਆ ਜਾ ਸਕਦਾ ਹੈ। ਜੋ ਮਨੁੱਖ ਦੂਰੰਦੇਸ਼ ਹੁੰਦਾ ਹੈ ਹਰੇਕ ਕੰਮ ਸੋਚ ਸਮਝ ਕੇ ਦੀਰਘ ਦ੍ਰਿਸ਼ਟੀ ਨਾਲ ਕਰਦਾ ਹੈ ਜਿਸ ਨਾਲ ਉਸ ਨੂੰ, ਪ੍ਰਵਾਰ ਨੂੰ ਅਤੇ ਸੰਸਾਰ ਨੂੰ ਵੀ ਲਾਭ ਹੋਵੇ। ਉਹ ਅਉਣ ਵਾਲੇ ਸਮੇਂ ਬਾਰੇ ਪਹਿਲੇ ਹੀ ਜਾਂਚ ਲੈਂਦਾ ਅਤੇ ਵਕਤ ਨੂੰ ਵਿਚਾਰ ਕੇ ਚੱਲਦਾ ਹੈ-

ਵਖਤੁ ਵਿਚਾਰੇ ਸੁ ਬੰਦਾ ਹੋਇ॥ (੮੪)

ਇਵੇਂ ਹੀ ਜਿਨ੍ਹਾਂ ਕੌਮਾਂ ਦੇ ਆਗੂ ਦੂਰੰਦੇਸ਼ ਹੁੰਦੇ ਹਨ ਉਹ ਸਦਾ ਚੜ੍ਹਦੀਆਂ ਕਲਾਂ ਵਿੱਚ ਤਰੱਕੀ ਦੀਆਂ ਪੁਲਾਂਘਾਂ ਪੁੱਟਦੀਆਂ ਹਨ ਇਸ ਦੇ ਉਲਟ ਨਿਕੰਮੇ-ਖੁਦਗਰਜ਼ ਆਗੂ ਕੌਮ ਨੂੰ ਮੰਝਧਾਰ ਵਿੱਚ ਡੋਬਦੇ ਅਤੇ ਜੋਕਾਂ ਬਣ ਕੇ ਕੌਮ ਦਾ ਖੂੰਨ ਪੀਂਦੇ ਰਹਿੰਦੇ ਹਨ।

ਆਓ ਆਪਾਂ ਦੂਰੰਦੇਸ਼ੀ ਦੇ ਵਡਮੁੱਲੇ ਗੁਣ ਬਾਰੇ *ਗੁਰੂ ਗ੍ਰੰਥ ਸਾਹਿਬ* ਤੋਂ ਸਿਖਿਆ ਲਈਏ। ਗੁਰੂ ਜੀ ਇਸ ਬਾਰੇ ਫਰਮਾਂਦੇ ਹਨ ਕਿ-

ਅਗੋਂ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥ (੪੧੭)

ਜੇ ਸੁਚੇਤ ਜਾਂ ਦੀਰਘ ਦ੍ਰਿਸ਼ਟ ਹੋ ਕੇ ਚੱਲੀਏ ਤਾਂ ਹੋਣ ਵਾਲੇ ਨੁਕਸਾਨ ਦੀ ਸਜਾ ਨਹੀ ਭੁਗਤਣੀ ਪਵੇਗੀ-

ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲਐ॥ (੪੭੪)

ਲੰਮੀ ਨਦਰਿ ਨਾਲ ਦੇਖੀਏ ਕਿ ਇਸ ਕਰਮ ਦਾ ਫਲ ਕੀ ਹੋਵੇਗਾ ਇਸ ਕਰਕੇ ਮੂਲੋਂ ਹੀ ਕਦੇ ਮੰਦਾ ਨਾਂ ਕਰੀਏ-

ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ॥ (੯੧੮)

ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ॥ (੧੧੦੭)

ਗੁਰੂ ਨਾਨਕ ਜੀ ਫੁਰਮਾਂਦੇ ਹਨ ਕਿ ਜਿਸ ਜਗਿਆਸੂ ਦੇ ਮਨ ਨੇ ਗੁਰ ਸ਼ਬਦ ਦਾ ਆਸਰਾ ਲੈ ਕੇ ਦੀਰਘ ਦ੍ਰਿਸ਼ਟੀ ਅਪਣਾਈ ਹੈ ਉਸ ਨੇ ਸਦਾ ਸੁਖ ਪਾਇਆ ਹੈ।

ਜਬ ਘਰ ਮੰਦਰਿ ਆਗਿ ਲਗਾਨੀ ਕਢਿ ਕੂਪੁ ਕਢੈ ਪਨਿਹਾਰੇ॥ (੯੮੧)

ਭਾਵ ਜੋ ਮਨੁੱਖ ਦੂਰੰਦੇਸ਼ੀ ਤੋਂ ਕੰਮ ਨਹੀ ਲੈਂਦਾ ਜੇ ਕਿਤੇ ਉਸ ਦੇ ਘਰ ਨੂੰ ਅੱਗ ਲੱਗ ਜਾਵੇ ਤਾਂ ਉਹ ਉਸ ਨੂੰ ਬੁਝਾਉਣ ਲਈ ਖੂਹ ਪੁੱਟਣ ਲੱਗ ਜਾਵੇ ਤਦ ਤੱਕ ਘਰ ਸੜ ਕੇ ਸਵਾਹ ਹੋ ਜਾਵੇਗਾ ਅਤੇ ਉਸ ਨੂੰ ਆਪਣੀ ਮੂਰਤਾ ਤੇ ਪਛਤਾਉਣਾ ਹੀ ਪਵੇਗਾ। ਗੁਰਮਤਿ ਦੇ ਮਹਾਂਨ ਸਕਾਲਰ ਭਾਈ ਗੁਰਦਾਸ ਜੀ ਵੀ ਦੂਰ-ਦ੍ਰਿਸ਼ਟੀ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹਨ-

ਜੈਸੇ ਘਰ ਲਾਗੈ ਆਗ ਜਾਗ ਕੂਆਂ ਖੋਦਯੋ ਚਾਹੈ, ਕਾਰਜ ਨ ਸਿੱਧ ਹੋਇ ਰੋਇ ਪਛਤਾਈਐ। ਜੈਸੇ ਤੌ ਸੰਗ੍ਰਾਮ ਸਮੈ ਸੀਖਯੋ ਚਾਹੈ ਵੀਰ ਵਿਦਿਯਾ, ਅਨਥਾ ਉੱਦਮ ਜੈਤ ਪਦਵੀ ਨ ਪਾਈਐ। ਜੈਸੇ ਨਿਸ ਸੋਵਤ ਸੰਗਾਤੀ ਚਲ ਜਾਤ ਪਾਛੇ, ਭੋਰ ਭਏ ਭਾਰ ਬਾਂਧ ਚਲੇ ਕਤ ਜਾਈਐ। ਤੈਸੇ ਮਾਯਾ ਧੰਧ ਅੰਧ ਅਵਧਿ ਬਿਹਾਇ ਜਾਇ, ਅੰਤ ਕਾਲ ਕੈਸੇ ਹਰਿ ਨਾਮ ਲਿਵ ਲਾਈਐ॥੪੯੫॥ ਭਾਈ ਸਾਹਿਬ ਇਸ ਕਬਿਤ ਵਿੱਚ ਕੁਝ ਉਦਾਹਰਣਾਂ ਦੇ ਕੇ ਦਰਸਾਉਂਦੇ ਹਨ ਕਿ ਘਰ ਨੂੰ ਅੱਗ ਲੱਗ ਜਾਵੇ, ਸੇਕ ਨਾਲ ਕੋਈ ਜਾਗ ਪਵੇ ਅਤੇ ਅੱਗ ਨੂੰ ਬੁਝਾਉਣ ਲਈ ਖੂਹ ਪੁੱਟਣ ਲੱਗ ਪਵੇ ਤਾਂ ਉਹ ਸਫਲ ਨਹੀ ਹੋਵੇਗਾ ਸਗੋਂ ਪਛਤਾਕੇ ਰੋਵੇਗਾ ਹੀ। ਦੂਜੀ ਮਸਾਲ ਦਿੰਦੇ ਹਨ ਕਿ ਜੇ ਅਚਾਨਕ ਦੁਸ਼ਮਣ ਨਾਲ ਯੁੱਧ ਛਿੜ ਪਵੇ ਤੇ ਓਦੋਂ ਕੋਈ ਸ਼ਸ਼ਤਰ ਵਿਦਿਆ ਸਿਖਣੀ ਸ਼ੁਰੂ ਕਰੇ ਤਾਂ ਉਹ ਕਦੇ ਜਿੱਤ ਨਹੀ ਸਕਦਾ ਸਗੋਂ ਭਾਰੀ ਮਾਰ ਖਵੇਗਾ। ਤੀਜੀ ਉਦਾਹਰਣ ਦਿੰਦੇ ਹਨ ਕਿ ਜਿਵੇਂ ਕਿਸੇ ਯਾਤਰਾ ਸਮੇਂ ਸੰਗੀ ਸਾਥੀ ਰਾਤ ਸੌਂ ਕੇ ਅਚਾਨਕ ਤੁਰ ਜਾਣ ਤੇ ਇਕੱਲਾ ਸਾਥੀ ਦਿਨ ਚੜ੍ਹੇ ਉਹ ਭਾਰ ਬੰਨ੍ਹ ਕੇ ਕਿੱਥੇ ਚੱਲਕੇ ਜਾਵੇਗਾ? ਚੌਥੀ ਮਸਾਲ ਦਿੰਦੇ ਹਨ ਕਿ ਇਵੇਂ ਹੀ ਮਾਇਆ ਦੇ ਧੰਦਿਆਂ ਵਿੱਚ ਸਾਰੀ ਉਮਰ ਬੀਤ ਜਾਵੇ ਤਾਂ ਕੇਵਲ ਅੰਤ ਵੇਲੇ ਕਿਵੇਂ ਕਰਤਾਰ ਦੇ ਨਾਮ ਵਿੱਚ ਸੁਰਤ ਜੁੜ ਸਕਦੀ ਹੈ। ਸਾਰੀ ਉਮਰ ਤਾਂ ਮੋਹ ਮਾਇਆ ਵਿੱਚ ਗਲਤਾਨ ਹੋਏ ਗਾਫਲਤਾ ਨਾਲ ਗਵਾ ਦਿੱਤੀ ਅੰਤ ਵੇਲੇ ਰੱਬ ਕਿਵੇਂ ਯਾਦ ਆਵੇਗਾ? ਭਾਵ ਹਰ ਵੇਲੇ ਪ੍ਰਭੂ ਨੂੰ ਯਾਦ ਰੱਖਣ ਵਾਲਾ ਹੀ ਅੰਤ ਵੇਲੇ ਉਸ ਦੀ ਯਾਦ ਵਿੱਚ ਲੀਨ ਹੋ ਸਕਦਾ ਹੈ।

ਅੱਜ ਦੀ ਤਾਰੀਖ ਵਿੱਚ ਸਿੱਖ ਕੌਮ ਬਹੁਤੇ ਭੇਖੀ, ਲਾਲਚੀ, ਚਾਲ ਬਾਜ, ਮਕਾਰੀ ਸੰਤਾਂ ਅਤੇ ਲੀਡਰਾਂ ਦੇ ਵੱਸ ਪੈ ਚੁੱਕੀ ਹੈ। ਦੂਰੰਦੇਸ਼ੀ ਵਾਲੇ ਲੀਡਰ ਕੌਮ ਦੀ ਕਮਾਨ ਛੱਡ ਚੁੱਕੇ ਹਨ ਜਾਂ ਸਾਨ੍ਹਾਂ ਦੇ ਭੇੜ ਵਿੱਚ ਨਹੀ ਆਉਣਾਂ ਚਾਹੁੰਦੇ ਤਾਂ ਕੌਮ ਦਾ ਭਲਾ ਕਿਵੇਂ ਹੋਵੇਗਾ? ਅੱਜ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਆ ਰਹੀਆਂ ਹਨ। ਬਾਦਲ ਧੜਾ ਸ਼੍ਰੋਮਣੀ ਕਮੇਟੀ ਤੇ ਕਾਬਜ਼ ਹੈ ਜੋ ਡੇਰਾਵਾਦ ਅਤੇ ਬ੍ਰਾਹਮਣਵਾਦ ਦੀ ਗ੍ਰਿਫਤ ਵਿੱਚ ਹੈ। ਇਸ ਕਰਕੇ ਸਿੱਖ ਸ਼ਕਲ ਅਤੇ ਨਾਂ ਦੀ ਦੁਰਵਰਤੋਂ ਕਰਕੇ ਜਾਂ ਆੜ ਲੈ ਕੇ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਤੇ ਕਾਬਜ ਹੋਣ ਲਈ ਆਪਣੀ ਕੂਟਨੀਤੀ ਰਾਹੀ ਤਰਲੋ ਮੱਛੀ ਹੋ ਰਿਹਾ ਹੈ। ਜਿਸ ਵਿੱਚ ਉਸ ਨੇ ਸਹਿਜਧਾਰੀ ਸਿੱਖਾਂ ਦੇ ਨਾਂ ਤੇ ਭਾਰੀ ਸਫਲਤਾ ਵੀ ਪ੍ਰਾਪਤ ਕੀਤੀ ਹੈ। ਦੂਜੇ ਪਾਸੇ ਪੰਥ ਅਤੇ ਪੰਥਕ ਨਿਸ਼ਾਨੇ ਦੀਆਂ ਟਾਹਰਾਂ ਮਾਰਨ ਅਤੇ ਸੰਘਰਸ਼ ਕਰਨ ਵਾਲੇ ਖਿਦੋ ਦੀਆਂ ਲੀਰਾਂ ਵਾਂਗ ਫਟੇ ਪਏ ਹਨ। ਉਨ੍ਹਾਂ ਨੂੰ ਆਪਣੇ ਸਾਥੀਆਂ ਦੀਆਂ ਛੋਟੀਆਂ ਮੋਟੀਆਂ ਕਮਜ਼ੋਰੀਆਂ ਨੂੰ ਭੰਡਣ ਅਤੇ ਆਪੋ ਆਪਣੀ ਢਾਈ ਪਾ ਦੀ ਖਿਚੜੀ ਪਕਾਉਣ ਤੋਂ ਬਿਨਾਂ ਹੋਰ ਕੁਝ ਸੁਝ ਹੀ ਨਹੀਂ ਰਿਹਾ। ਭਲਿਓ! ਗੁਰੂ ਨੇ ਤੁਹਾਨੂੰ ਗੁਰਬਾਣੀ ਰਾਹੀ ਦੂਰੰਦੇਸ਼ੀ ਬਖਸ਼ੀ ਹੈ-

ਹੋਇ ਇਕੱਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰੋ ਲਿਵ ਲਾਇ॥ (੧੧੮੫)

ਅਗੋਂ ਦੇ ਜੇ ਚੇਤੀਐ ਤਾਂ ਕਾਇਤ ਮਿਲੈ ਸਜਾਇ॥ (੪੧੭)

ਗੱਲਾਂ ਤੁਸੀ ਰਾਜ ਭਾਗ ਦੀਆਂ ਕਰ ਰਹੇ ਹੋ ਪਰ ਰਾਜ ਲੈਣਾ ਕਿਵੇਂ ਹੈ? ਇਸ ਬਾਰੇ ਕਦੇ ਦੀਰਘ ਦ੍ਰਿਸ਼ਟੀ ਨਹੀ ਅਪਣਾਉਂਦੇ। ਤੁਹਾਡੇ ਸਾਹਮਣੇ ਦੁਸ਼ਮਣ ਪਾੜੋ ਤੇ ਰਾਜ ਕਰੋ ਦੀਆਂ ਮਾਰੂ ਚਾਲਾਂ ਚੱਲ ਰਿਹਾ ਹੈ। ਕਦੇ ਤੁਹਾਨੂੰ ਸੰਪ੍ਰਦਾਵਾਂ, ਡੇਰਿਆਂ, ਜਾਤ ਬਰਾਦਰੀਆਂ, ਵੱਖ ਵੱਖ ਗ੍ਰੰਥਾਂ ਅਤੇ ਕਦੇ ਧੜੇਬੰਦੀਆਂ ਵਿੱਚ ਵੰਡੀ ਜਾ ਰਿਹਾ ਹੈ। ਜਰਾ ਠੰਡੇ ਦਿਲ ਦਿਮਾਗ ਨਾਲ ਸੋਚੋ ਤੁਸੀ *ਗੁਰੂ* ਦੇ ਸਿੱਖ ਹੋ ਜਾਂ ਵੱਖ ਵੱਖ ਸਾਧਾਂ ਸੰਤਾਂ ਅਤੇ ਸੰਪ੍ਰਦਾਵਾਂ ਦੇ। ਥੋੜ੍ਹੀ ਜਿਹੀ ਦੂਰੰਦੇਸ਼ੀ ਵਰਤੋ, ਸਭ ਮਨ-ਮੋਟਾਵ ਧੜੇ ਭੁਲਾ ਕੇ *ਗੁਰੂ* ਦੇ ਨਾਂ ਤੇ ਇਕੱਠੇ ਹੋ ਜਾਓ ਫਿਰ ਇਹ ਸਾਧ

ਲਾਣਾ ਤੇ ਬਾਦਲ ਦੇ ਬਦਲ ਆਪੇ ਉੱਡ ਜਾਣਗੇ। ਅੱਜ ਤੁਹਾਨੂੰ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਰਹਿਤ ਮਰਯਾਦਾ ਇਕੱਠੇ ਕਰ ਸਕਦੇ ਹਨ। ਜਿਵੇਂ ਮੱਖੀਆਂ ਸ਼ਹਿਦ ਦੁਆਲੇ ਇਕੱਠੀਆਂ ਹੋ ਇੱਕ ਵੱਡਾ ਛੱਤਾ ਬਣ ਜਾਂਦੀਆਂ ਹਨ ਇਵੇਂ ਹੀ-

ਸਾਧਸੰਗਤਿ ਮਿਲਿ ਰਹੀਐ ਮਾਧੋ ਜੈਸੇ ਮਧੁਪ ਮਖੀਰਾ॥ (੪੮੬)

ਤੁਸੀ ਜਰਾ ਸੋਚੋ ਕਿ ਅਸੀ ਇੱਕ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਰਹਿਤ ਮਰਯਾਦਾ ਨੂੰ ਕਿਉ ਨਹੀ ਅਪਣਾਅ ਰਹੇ? ਜੋ ਸਾਡੀ ਏਕਤਾ ਦੇ ਸੂਤਰ ਅਤੇ ਮਜਬੂਤ ਥੰਮ ਹਨ। ਹੁਣ ਸਿੱਖ ਕੌਮ ਨੂੰ ਦੂਰੰਦੇਸ਼ ਲੀਡਰਾਂ ਦੀ ਲੋੜ ਹੈ ਜੋ ਆਪਸੀ ਖਹਿਬਾਜ਼ੀ ਛੱਡ, ਇਕੱਠੇ ਹੋ ਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ ਮੈਦਾਨ ਵਿੱਚ ਨਿਤਰਨ। ਦੂਰੰਦੇਸ਼ੀ ਇਹ ਹੀ ਹੈ ਕਿ ਵੱਧ ਤੋਂ ਵੱਧ ਵੋਟਾਂ ਬਣਾਓ ਅਤੇ ਲੋੜਵੰਦਾਂ ਦੀ ਮਦਦ ਕਰੋ। ਪਛੜੀਆਂ ਸ਼੍ਰੇਣੀਆਂ ਵਾਲੇ ਵੀਰ ਸਾਡੇ ਹੀ ਸਕੇ ਭਰਾ ਹਨ, ਉਨ੍ਹਾਂ ਨਾਲ ਘੁਟਵੀਆਂ ਜੱਫੀਆਂ ਪਾ ਲਓ ਅਤੇ ਮੰਨੂੰ ਬ੍ਰਾਹਮਣ ਦੀ ਪੈਦਾ ਕੀਤੀ ਜਾਤ-ਪਾਤ ਦੇ ਭਾਂਡੇ ਤੋੜ ਦਿਓ। ਸੋਚੋ ਗੁਰੂ ਨੇ ਸਾਨੂੰ ਸਿੱਖ ਬਣਾਇਆ ਸੀ ਨਾਂ ਕਿ ਜਾਤਾਂ ਪਾਤਾਂ ਦੀਆਂ ਜਮਾਤਾਂ ਵਿੱਚ ਵੰਡਿਆ ਸੀ? ਅੱਜ ਸਾਰੇ ਗੁੱਸੇ ਗਿਲੇ ਭੁਲਾ ਕੇ ਇੱਕ ਹੋ ਜਾਓ। ਗੁਰੂ ਜੀ ਦੇ ਹਜ਼ੂਰੀ ਸਿੱਖ ਅਤੇ ਪ੍ਰਸਿੱਧ ਵਿਦਵਾਨ ਭਾਈ ਨੰਦ ਲਾਲ ਜੀ ਦੀ ਸਿਖਿਆ ਹੀ ਪੱਲੇ ਬੰਨ੍ਹ ਲਓ- **ਸਾਰੀ ਉਮਰ ਗੁਨਾਹੀ ਬੀਤੀ, ਹਰਿ ਕੀ ਭਗਤਿ ਨਾਂ ਕੀਤੀ। ਆਗੈ ਸਮਝ ਚਲੋ ਨੰਦ ਲਾਲਾ ਪਾਛੈ ਜੋ ਬੀਤੀ ਸੋ ਬੀਤੀ** (ਭਾ. ਨੰਦ ਲਾਲ) ਅੰਤ ਵਿੱਚ ਮੈਂ ਬਾਦਲ ਸਾਹਬ ਦੀ ਸਿਫਤ ਕਰਨੋ ਨਹੀ ਰਹਿ ਸਕਦਾ ਜਿਸ ਨੇ ਆਪਣੇ ਦਲ ਨੂੰ ਏਕਤਾ ਵਿੱਚ ਪਰੋਤਾ ਹੋਇਆ ਹੈ। ਕਹਿੰਦੇ ਹਨ ਕਿ ਕਾਂ ਵਿੱਚ ਵੀ ਗੁਣ ਹੈ ਭਾਵੇਂ ਉਹ ਗੰਦਗੀ ਫਰੋਲਦਾ ਤੇ ਥਾਂ ਥਾਂ ਠੂੰਗੇ ਮਾਰਦਾ ਫਿਰਦਾ ਹੈ ਪਰ ਚਲਾਕ ਏਨਾਂ ਹੈ ਕਿ ਕਿਸੇ ਦਾ ਵਿਸਾਹ ਨਹੀਂ ਖਾਂਦਾ। ਤੁਸੀਂ ਤਾਂ ਆਪਣੇ ਆਪ ਨੂੰ ਤੱਤ ਗੁਰਮਤਿ ਦੇ ਧਾਰਨੀ ਸਮਝਦੇ ਅਤੇ ਪ੍ਰਚਾਰਦੇ ਹੋ, ਫਿਰ ਕੀ ਗੱਲ ਹੈ ਤੁਸੀ ਸਾਰੇ ਬਾਦਲ ਵਿਰੋਧੀ ਇਕੱਠੇ ਹੋ ਮਿਲ ਕੇ ਨਹੀਂ ਚੱਲਦੇ? ਜਦ ਗੁਰੂ ਅਤੇ ਰਹਿਤ ਮਰਯਾਦਾ ਇੱਕ ਹੈ ਫਿਰ ਤੁਹਾਡੇ ਵਿੱਚ ਦੋਫਾੜ ਕਿਉ ਹੈ? ਕੋਈ ਡੇਰਾਵਾਦੀ ਅਤੇ ਸਰਕਾਰਵਾਦੀ ਨਾਰਦਮੁਨੀ ਜਰੂਰ ਤੁਹਾਡੇ ਵਿੱਚ ਸਿੱਖੀ ਬਾਣਾ ਧਾਰਨ ਕਰਕੇ ਘੁਸੜਿਆ ਹੋਇਆ ਹੈ, ਜੋ ਤੁਹਾਨੂੰ ਇੱਕ-ਦੂਜੇ ਦੇ ਨੇੜੇ ਨਹੀਂ ਆਉਣ ਦੇ ਰਿਹਾ, ਬੜੀ ਦੂਰੰਦੇਸ਼ੀ ਅਤੇ ਗੁਰਮਤਿ ਜੁਗਤਿ ਨਾਲ ਉਸ ਨੂੰ ਪਛਾਣ ਕੇ ਪਛਾੜਨ ਦੀ ਲੋੜ ਹੈ। ਸੋ ਕੌਮ ਦੇ ਆਗੂਓ *ਗੁਰੂ ਗ੍ਰੰਥ ਸਾਹਿਬ* ਜੀ ਤੋਂ ਗੁਰਮਤਿ ਸੇਧਾਂ ਲੈ ਕੇ ਦੂਰੰਦੇਸ਼ ਬਣੋ। ਇੱਕ ਗ੍ਰੰਥ, ਪੰਥ ਅਤੇ ਮਰਯਾਦਾ ਦੇ ਧਾਰਨੀ ਹੋ ਕੇ ਸਭ ਇਕੱਠੇ ਹੋ ਜਾਓ ਅਤੇ ਗੁਰਦੁਆਰਿਆਂ ਨੂੰ ਦੂਰੰਦੇਸ਼ੀ ਨਾਲ ਸੰਪ੍ਰਦਾਈ ਡੇਰਾਵਾਦੀਆਂ ਅਤੇ ਮੌਡਰਨ ਮਹੰਤਾਂ ਟਾਈਪ ਆਗੂਆਂ ਤੋਂ ਅਜ਼ਾਦ ਕਰਾਓ, ਇਹ ਹੀ ਸਾਰਥਕ ਦੂਰੰਦੇਸ਼ੀ ਸਮਝੀ ਜਾਵੇਗੀ। ਸ਼੍ਰੋਮਣੀ ਕਮੇਟੀ ਨੂੰ ਭੰਡਣ ਦੀ ਥਾਂ ਤੇ, ਉਸ ਦੇ ਮੈਂਬਰ ਬਣ ਕੇ ਉਸ ਦੀ ਨੁਹਾਰ ਬਦਲੋ। ਅੱਜ ਗੁਰਮਤਿ ਵਿਰੋਧੀ ਲੀਡਰ ਸਾਰੇ ਇਕੱਠੇ ਹਨ ਫਿਰ ਦੂਰੰਦੇਸ਼ੀ ਵਰਤ ਕੇ ਗੁਰਮਤਿ ਦੇ ਧਾਰਨੀ ਲੀਡਰ ਇਕੱਠੇ ਕਿਉਂ ਨਹੀਂ ਹੁੰਦੇ? ਕਿਉਂਕਿ ਹਉਮੈਂ, ਹੰਕਾਰ, ਖੁਦਗਰਜ਼ੀ, ਚੌਧਰ ਛੱਡਣੀ ਅਤੇ ਆਪਾ ਮਿਟਾਉਣਾ ਪੈਂਦਾ ਹੈ-

ਆਪੁ ਗਵਾਈਐ ਤਾਂ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥ (੭੨੨)

ਅਜੋਕੇ ਜੁਗ ਵਿੱਚ ਬਾਹੂ ਬਲ ਨਾਲੋਂ ਦੂਰੰਦੇਸ਼ੀ ਨਾਲ ਹੀ ਵਿਰੋਧੀ ਨੂੰ ਜਿਤਿਆ ਅਤੇ ਕੌਮੀ ਝੰਡੇ ਝੁਲਾਏ ਜਾ ਸਕਦੇ ਹਨ। ਇਸ ਲਈ ਕੌਮੀ ਆਗੂ ਬਹੁਤ ਹੀ ਦੂਰੰਦੇਸ਼ ਹੋਣੇ ਚਾਹੀਦੇ ਹਨ ਜੋ ਕੌਮੀ ਕਾਰਜਾਂ ਲਈ ਰਲ ਮਿਲ ਕੇ ਚੱਲ ਸੱਕਣ। -0-

ਸੰਗਤੀ ਕੁਲਾਂ ਤਰਦੀਆਂ ਹਨ ਕਿ ਜੱਦੀ-ਪੁਸ਼ਤੀ?

ਮਹਾਨ ਕੋਸ਼ ਅਨੁਸਾਰ ਕੁਲ ਸ਼ਬਦ ਸੰਸਕ੍ਰਿਤ ਦਾ ਹੈ ਜਿਸ ਦੇ ਪ੍ਰਕਰਣ ਅਨੁਸਾਰ ਵੱਖ-ਵੱਖ ਅਰਥ ਹਨ ਜਿਵੇਂ ਨਸਲ, ਵੰਸ਼, ਪੁਸ਼ਤ, ਪੀੜ੍ਹੀ, ਵੰਸ਼ਾਵਲੀ, ਅਬਾਦ ਦੇਸ਼, ਘਰ, ਗ੍ਰਿਹ, ਸਭ ਅਤੇ ਤਮਾਮ ਆਦਿਕ। ਇਨ੍ਹਾਂ ਵਿੱਚੋਂ ਕੁਲ, ਵੰਸ਼, ਪੁਸ਼ਤ ਅਤੇ ਪੀੜ੍ਹੀ ਸਮ ਅਰਥਕ ਹਨ। ਕੁਲ ਦਾ ਬਹੁਵਚਨ ਕੁਲਾਂ ਅਤੇ ਕੁਲਹ ਹੈ- **ਕੁਲਹ ਸਮੂੰਹ ਉਧਾਰਣ ਸਉ** (੧੩੯੭) ਕੁਲਾਹ ਫਾਰਸੀ ਸ਼ਬਦ ਹੈ ਅਰਥ ਹੈ ਟੋਪੀ-**ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ** (੧੨੮੬) ਕੁਲਘਾਤੀ-ਕੁਲਘਾਤ ਕਰਨ ਵਾਲਾ, ਕੁਲਪਤਿ-ਖਾਨਦਾਨ ਦਾ ਸਰਦਾਰ, ਕੁਲਦੀਪ-ਵੰਸ਼ ਨੂੰ ਰੋਸ਼ਨ ਅਤੇ ਕੁਲਪਾਲਕ-ਵੰਸ਼ ਦੀ ਪਾਲਨਾ ਕਰਨ ਵਾਲਾ। ਕੁਲਪੂਜ-ਕੁਲ ਪ੍ਰਵਾਰ ਬੰਸ ਵਿੱਚ ਪੂਜਿਆ ਜਾਣ ਵਾਲਾ। ਕੁਲ ਦਾ ਅਰਥ ਵੰਸ਼ ਅਤੇ ਕੁੱਲ ਦਾ ਸਭ, ਤਮਾਮ ਅਤੇ ਪੂਰਾ ਹੈ। ਪੁਸ਼ਤ ਫਾਰਸੀ ਦਾ ਲਫਜ਼ ਹੈ ਅਰਥ ਹੈ ਪੀੜ੍ਹੀ, ਕੁਲ, ਖਾਨਦਾਨ। ਗੁਣੀ ਗਿਆਨੀ, ਕਥਾਵਾਚਕ, ਮੰਨੇ ਗਏ ਸੰਤ ਮਹਾਤਮਾਂ ਅਤੇ ਕੁਝ ਲਿਖਾਰੀ ਸਜਨ ਆਪਣੇ ਵਖਿਆਨਾਂ ਅਤੇ ਲੇਖਾਂ ਵਿੱਚ ਕੁਲਾਂ ਦੀ ਮਿਥਿਹਾਸਕ ਗਿਣਤੀ-ਮਿਣਤੀ ਕਰਕੇ ਤਰਨ ਜਾਂ ਉਧਰਨ ਦੀ ਗੱਲ ਕਰਦੇ ਹਨ ਜਿਵੇਂ ਫਲਾਨੇ ਦੀਆਂ ਦੋ ਕੁਲਾਂ, ਸੱਤ ਕੁਲਾਂ ਅਤੇ ਇੱਕੀ ਕੁਲਾਂਹ ਤਰ ਗਈਆਂ ਆਦਿਕ। ਦੁਨਿਆਵੀ ਤੌਰ ਤੇ ਦੋ ਕੁਲਾਂ ਨਾਨਕੇ ਅਤੇ ਦਾਦਕੇ, ਇੱਕੀ ਕੁਲਾਂ ਮਹਾਨਕੋਸ਼ ਦੇ ਪੰਨਾ ੧੨੧ ਤੇ ਲਿਖਿਆ ਹੈ ਕਿ ਭਗਤਮਾਲਾ ਆਦਿਕ ਪੁਸਤਕਾਂ ਵਿੱਚ ਦੇਖੀਦਾ ਹੈ ਕਿ ਜੋ ਵਾਹਗੁਰੂ ਦਾ ਭਗਤ ਹੈ, ਉਹ ਇੱਕ ਆਪ ਵੀ ਉਧਰਦਾ ਹੈ ਅਤੇ ਉਸ ਦੀਆਂ ਦਸ ਪੀੜ੍ਹੀਆਂ ਪਹਿਲੀਆਂ ਅਤੇ ਦਸ ਅੱਗੇ ਆਉਣ ਵਾਲੀਆਂ ਭੀ ਅਧਰ ਜਾਂਦੀਆਂ ਹਨ- **ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥** (੧੧੩੩) ਭਾਵ ਇਹ ਹੈ ਕਿ ਤੱਤ ਗਿਆਨੀ ਦੀ ਸੰਗਤ ਵਾਲੇ ਦੁਨਿਆਵੀ ਮਾਇਆਜਾਲ, ਭਰਮ ਭੁਲੇਖਿਆਂ ਅਤੇ ਛਲ ਫਰੇਬੀ ਡਰਾਵਿਆਂ ਤੋਂ ਮੁਕਤ ਹੋ ਜਾਂਦੇ ਹਨ। ਕਈ ਗਯਾਨੀ ਲਿਖਦੇ ਹਨ ਕਿ ਸੱਤ ਪੀੜ੍ਹੀਆਂ ਪਿਤਾ ਦੀਆਂ, ਸੱਤ ਨਾਨੇ ਦੀਆਂ ਅਤੇ ਸੱਤ ਸਹੁਰੇ ਕੁਲ ਦੀਆਂ। ਜਿਆਦਾ ਪ੍ਰਚਾਰ ਇਹ ਹੁੰਦਾ ਰਿਹਾ ਅਤੇ ਹੋ ਰਿਹਾ ਹੈ ਕਿ ਭਗਤ, ਗੁਰਮੁਖ ਬ੍ਰਹਮਗਿਆਨੀ ਜਾਂ ਗੁਰੂ ਦੀਆਂ ਸੱਤ ਜਾਂ ਇੱਕੀ ਕੁਲਾਂ ਤਰ ਜਾਂਦੀਆਂ ਹਨ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਫਿਰ ਬਾਕੀ ਕੁਲਾਂ ਦਾ ਕੀ ਬਣਦਾ ਹੈ? ਕੀ ਭਗਤ, ਗੁਰਮੁਖ ਬ੍ਰਹਮਗਿਆਨੀ ਜਾਂ ਗੁਰੂ ਬਾਕੀ ਸਭ ਨੂੰ ਛੱਡ ਕੇ ਦੋ, ਸੱਤ ਜਾਂ ਇੱਕੀ ਆਦਿਕ ਗਿਣਤੀ ਦੀਆਂ ਕੁਲਾਂ ਹੀ ਤਾਰਦੇ ਹਨ? ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਭਗਤਾਂ, ਗੁਰਮੁਖਾਂ, ਬ੍ਰਹਮਗਿਆਨੀਆਂ ਬਲਕਿ ਗੁਰੂਆਂ ਦੀ ਬਹੁਤੀ ਉਲਾਦ ਉਨ੍ਹਾਂ ਤੋਂ ਬਾਗੀ ਹੋ ਕੇ ਅਖੌਤੀ ਕਰਮਕਾਂਡਾਂ ਵਿੱਚ ਡੁਬਦੀ ਰਹੀ। ਸਮਰੱਥ ਗੁਰੂ ਨਾਨਕ ਸਾਹਿਬ ਦੇ ਬੱਚੇ ਵੀ ਗੁਰੂ ਤੋਂ ਬਾਗੀ ਰਹੇ- **ਪੁਤ੍ਰੀ ਕਉਲੁ ਨ ਪਾਲਿਓ॥** (੯੬੭) ਦਾਸ ਨੇ ਕਈ ਗੁਣੀ ਗਿਆਨੀ ਅਤੇ ਕਥਾਵਾਚਕਾਂ ਨਾਲ ਵਿਚਾਰ ਕੀਤੀ, ਬਹੁਤੇ ਗਿਣਤੀ-ਮਿਣਤੀ ਦੀਆਂ ਕੁਲਾਂ ਤਰਨ ਦੇ ਹੀ ਅਰਥ ਕਰਦੇ ਰਹੇ ਪਰ ਕੁਝ ਨੇ ਦੂਜਿਆਂ ਤੋਂ ਫਰਕ ਨਾਲ ਕੁਝ ਠੀਕ ਦੱਸੇ। ਅਖੀਰ ਬਜੁਰਗ ਪਰ ਸ਼ੇਰ ਦਿਲ ਵਿਦਵਾਨ ਲਿਖਾਰੀ ਸ੍ਰ ਗੁਰਬਖਸ਼ ਸਿੰਘ ਕਾਲਾ ਅਫਗਾਨਾ ਨੇ ਰਵਾਇਤੀ ਅਰਥਾਂ ਤੋਂ ਉਪਰ ਗੁਰਮਤਿ ਸਿਖਿਆ ਵਾਲੇ ਅਰਥ ਦੱਸੇ। ਗੁਰਬਾਣੀ ਵਿਖੇ ਵੀ ਦੋ,

ਇੱਕੀ ਅਤੇ ਸਭ ਕੁਲਾਂ ਦਾ ਜਿਕਰ ਆਇਆ ਹੈ-

ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ (੮੫੮)

ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ (੧੧੩੩)

ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤਿਨ੍ਹ ਸਭ ਕੁਲ ਕੀਓ ਉਧਾਰੁ॥ (੧੩੯੬)

ਪਹਿਲੀ ਪੰਗਤੀ ਭਗਤ ਰਵਿਦਾਸ ਜੀ ਦੀ ਹੈ ਕਿ-ਹੋਇ ਪੁਨੀਤ ਭਗਵੰਤ ਭਜਨ ਤੇ ਆਪ ਤਾਰ ਤਾਰੇ ਕੁਲ ਦੋਇ॥ ਉਸ ਵੇਲੇ ਊਚ ਅਤੇ ਨੀਚ ਕੁਲ ਦਾ ਬੜਾ ਜੋਰ ਸੀ। ਉਚ-ਨੀਚ ਕੁਲਾਂ ਪੈਦਾ ਕਰਨ ਵਾਲਾ ਚਲਾਕ ਬ੍ਰਾਹਮਣ ਉੱਚੀ ਕੁਲ ਦਾ ਉਧਾਰ ਕਰਦਾ, ਨੀਚ ਕੁਲ ਨੂੰ ਦੁਰਕਾਰਦਾ ਅਤੇ ਨਰਕਾਂ ਦਾ ਭਾਗੀ ਹੋਣਾ ਦਸਦਾ ਸੀ। ਇੱਥੇ ਭਗਤ ਰਵਿਦਾਸ ਜੀ ਨੇ ਹਿੱਕ ਤੇ ਹੱਥ ਧਰਕੇ ਇਸ ਅਖੌਤੀ ਬ੍ਰਹਮਗਿਆਨੀ ਦਾ ਭਾਂਡਾ ਚੁਰਾਹੇ ਵਿੱਚ ਭੰਨਦਿਆਂ, ਨੀਚ ਕੁਲ ਦਾ ਸੰਤਾਪ ਭੋਗ ਰਹੇ ਲੋਕਾਂ ਨੂੰ ਹੌਸਲਾ ਦਿੱਤਾ ਕਿ ਸਰਬ ਨਿਵਾਸੀ ਰਾਮ ਭਗਵੰਤ ਦਾ ਭਜਨ ਭਾਵ ਉਸ ਨੂੰ ਯਾਦ ਕਰਨ ਵਾਲਾ ਹਰ ਇਨਸਾਨ ਆਪ ਤਰਦਾ ਅਤੇ ਉੱਚੀ-ਨੀਵੀ ਦੋਹਾਂ ਕੁਲਾਂ ਨੂੰ ਤਾਰ ਲੈਂਦਾ ਹੈ। ਇੱਥੇ ਕਿਸੇ ਗਿਣਤੀ ਵਾਲੇ ਨਾਨਕਿਆਂ ਅਤੇ ਦਾਦਕਿਆਂ ਦੀਆਂ ਕੁਲਾਂ ਦੀ ਗੱਲ ਨਹੀ ਸਗੋਂ ਊਚ ਅਤੇ ਨੀਚ ਕੁਲ, ਜਾਤ, ਬਰਾਦਰੀ ਦੀ ਹੈ। ਕੋਈ ਕੁਲ ਜਾਂ ਕਿਸਮ ਮਾੜੀ ਨਹੀਂ ਸਗੋਂ ਮਾੜੇ ਕਰਮਾਂ ਕਰਕੇ ਨੀਚ ਅਤੇ ਚੰਗੇ ਕਰਮਾਂ ਕਰਕੇ ਊਚ ਹੈ। ਗੁਰਬਾਣੀ ਵਿੱਚ ਪ੍ਰਚਲਤ ਮੁਹਾਵਰੇ, ਅਖੌਤਾਂ, ਇਤਿਹਾਸ ਅਤੇ ਮਿਥਿਹਾਸ ਦੀ ਵੀ ਸਮਝਣ-ਸਮਝੌਣ ਲਈ ਵਰਤੋਂ ਕੀਤੀ ਗਈ ਹੈ ਨਾਂ ਕਿ ਉਹ ਗੁਰੂ ਦਾ ਆਪਣਾ ਵਿਚਾਰ ਹੈ। ਦੂਜੀ ਪੰਗਤੀ ਭੈਰੋਂ ਰਾਗ ਵਿਖੇ ਗੁਰੂ ਅਮਰਦਾਸ ਜੀ ਦੀ ਹੈ ਕਿ- **ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥** ਇੱਥੇ ਵੀ ਜੇ ਪ੍ਰਵਾਰਕ, ਜਾਤ ਬਰਾਦਰੀ ਜਾਂ ਕੁਲ ਨੂੰ ਦੇਖੀਏ ਤਾਂ ਪ੍ਰਹਲਾਦ ਦਾ ਪਿਉ ਹਰਨਾਸ਼ਕ ਇੱਕ ਹੰਕਾਰੀ ਦੈਂਤ ਸੀ ਜਿਸ ਨੇ ਪ੍ਰਹਿਲਾਦ ਨੂੰ ਭਾਰੀ ਦੁੱਖ ਦਿੱਤੇ। ਦੂਜਾ ਕੀ ਭਗਵਾਨ ਨੇ ਪ੍ਰਹਲਾਦ ਭਗਤ ਦੀਆਂ ਇੱਕੀ ਕੁਲਾਂ ਹੀ ਤਾਰਨੀਆਂ ਸਨ? ਬਾਕੀਆਂ ਨਾਲ ਦੁਸ਼ਮਣੀ ਕਰਨੀ ਸੀ? ਕੀ ਭਗਵਾਨ ਵੀ ਵਿਤਕਰਾ ਕਰਦਾ ਹੈ? ਨਹੀ ਪਾਠਕ ਜਨੋਂ ਸੱਚੇ ਮਾਰਗ ਤੇ ਚੱਲਣ ਵਾਲਿਆਂ ਦੀ ਸੰਗਤ ਕਰਨ ਵਾਲੇ ਸਦਾ ਹੀ ਤਰਦੇ ਰਹਿੰਦੇ ਹਨ ਭਾਵ ਵਹਿਮਾਂ-ਭਰਮਾਂ, ਊਚ-ਨੀਚ, ਥੋਥੇ ਕਰਮਾਂ ਅਤੇ ਅਗਿਆਨਤਾ ਦੇ ਸਾਗਰ ਵਿੱਚ ਨਹੀ ਡੁੱਬਦੇ ਸਗੋਂ ਗੁਰਮੁਖਾਂ ਦੀ ਸੰਗਤ ਰਾਹੀ ਗੁਰੂ ਦਾ ਗਿਆਨ ਲੈ ਕੇ ਉਧਰਦੇ ਹਨ। ਪ੍ਰਹਿਲਾਦ ਜਨ ਕੇ ਇੱਕੀਹ ਕੁਲ ਉਧਾਰੇ ਭਾਵ ਪ੍ਰਹਲਾਦ ਦੀ ਸੰਗਤ ਕਰਨ ਅਤੇ ਅੱਗੇ ਪ੍ਰਹਲਾਦ ਦੀ ਸੰਗਤ ਕਰਨ ਵਾਲਿਆਂ ਦੀ ਸੰਗਤ ਕਰਨ ਭਾਵ ਸਦਾ ਰੱਬੀ ਰਜ਼ਾ ਵਿੱਚ ਰਹਿ ਗੁਰਮੁਖਾਂ ਤੋਂ ਗਿਆਨ ਧਾਰਨ ਕਰਨ ਅਤੇ ਅੱਗੇ ਊਚ-ਨੀਚ ਸਭ ਨੂੰ ਬਰਾਬਰ ਗਿਆਨ ਵੰਡਣ ਵਾਲੇ ਸਦਾ ਹੀ ਤਰਦੇ ਹਨ। ਤੀਜੀ ਪੰਗਤੀ ਵਿੱਚ ਗੁਰੂ ਅਰਜਨ ਸਾਹਿਬ ਜੀ ਦਰਸਾਂਦੇ ਹਨ ਕਿ- **ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤਿਨ੍ਹ ਸਭ ਕੁਲ ਕੀਓ ਉਧਾਰੁ॥** ਭਾਵ ਹਰੀ ਦੇ ਮਾਰਗ ਦਰਸ਼ਕ ਗੁਰੂ ਨਾਨਕ ਸਾਹਿਬ ਨੂੰ ਜਿਨ੍ਹਾਂ ਪਰਸਿਆ ਭਾਵ ਗੁਰੂ ਨਾਨਕ ਸਾਹਿਬ ਦੇ ਮਾਰਗ ਨੂੰ ਧਾਰਨ ਕੀਤਾ ਤਿਨ੍ਹਾਂ ਨੇ ਗੁਰੂ ਗਿਆਨ ਦੁਆਰਾ ਸਭ ਕੁਲਾਂ ਉਧਾਰ ਲਈਆਂ ਭਾਵ ਗੁਰੂ ਦੀ ਤਤਕਾਲੀ ਅਤੇ ਸ਼ਬਦੀ ਗਿਆਨ ਦੀ ਸੰਗਤ ਕਰਕੇ ਊਚ-ਨੀਚ ਸਭ ਪ੍ਰਕਾਰ ਦੀਆਂ

ਕੁਲਾਂ ਉਧਾਰ ਲਈਆਂ ਭਾਵ ਸਿੱਧੇ ਰਸਤੇ ਪਾ ਲਿਆ। ਚੇਤੇ ਰੱਖੋ ਭਗਤ, ਗੁਰਮੁਖ, ਬ੍ਰਹਮਗਿਆਨੀ ਜਾਂ ਗੁਰੂ ਦੀ ਕੁਲ ਉਹ ਹੀ ਹੁੰਦੀ ਅਤੇ ਤਰਦੀ ਹੈ ਜੋ ਉਨ੍ਹਾਂ ਦੇ ਸੱਚੇ-ਸੁੱਚੇ ਉਪਦੇਸ਼ ਨੂੰ ਅਪਣਾ ਕੇ ਜੀਵਨ ਵਿੱਚ ਧਾਰਨ ਕਰਦੀ ਹੈ। ਭਗਤਾਂ ਅਤੇ ਗੁਰੂਆਂ ਤੋਂ ਬਾਗੀ ਗੁਰਮੁਖਾਂ ਦੀ ਬਜਾਏ ਮਨਮੁਖਾਂ ਦੀ ਸੰਗਤ ਕਰਨ ਵਾਲੇ ਅਗਿਆਨਤਾ ਦੇ ਸਾਗਰ ਵਿੱਚ ਡੁੱਬਦੇ ਰਹਿੰਦੇ ਹਨ। ਸੰਗਤ ਨੂੰ ਸੁਚੇਤ ਹੋਣ ਦੀ ਲੋੜ ਹੈ ਨਹੀਂ ਤਾਂ ਇਹ ਨੰਗੀਆਂ ਲੱਤਾਂ ਅਤੇ ਗੋਲ ਪੱਗਾਂ ਵਾਲੇ ਡੇਰੇਦਾਰ ਗੁਰਬਾਣੀ ਦੇ ਗਲਤ ਅਰਥ ਕਰਕੇ ਭਾਵ ਬ੍ਰਾਹਮਣ ਦੀਆਂ ਪੈਦਾ ਕੀਤੀਆਂ ਮਨਘੜਤ ਲੋਟੂ ਸਾਖੀਆਂ (ਕਹਾਣੀਆਂ) ਸੁਣਾ-ਸੁਣਾ ਕੇ ਥੋਥੇ ਕਰਮਕਾਂਡਾਂ, ਨਰਕ ਦਾ ਡਰ ਅਤੇ ਸਵਰਗ ਦਾ ਲਾਲਚ, ਗਿਣਤੀ-ਮਿਣਤੀ ਦੇ ਮੰਤ੍ਰ ਪਾਠ ਅਤੇ ਗਿਣਤੀ-ਮਿਣਤੀ ਦੇ ਲੋਕ-ਪ੍ਰਲੋਕ, ਜਾਤਾਂ ਪਾਤਾਂ ਅਤੇ ਗਿਣਤੀ ਦੀਆਂ ਕੁਲਾਂ ਵਿੱਚ ਉਲਝਾ, ਸਾਡੇ ਗਿਆਨ ਦੇ ਦਰਵਾਜੇ ਬੰਦ ਕਰ, ਸਾਨੂੰ ਅੰਧ ਵਿਸ਼ਵਾਸ਼ੀ ਬਣਾ ਕੇ, ਸਦਾ ਹੀ ਲੁੱਟਦੇ ਰਹਿਣਗੇ। ਗੁਰੂ ਦਾ ਸਿਧਾਂਤ ਸਾਰਥਕ ਖੋਜ ਦਾ ਹੈ ਨਾਂ ਕਿ ਅੰਧ ਵਿਸ਼ਵਾਸ਼ੀ ਹੋ ਗਿਣਤੀ-ਮਿਣਤੀ ਦੇ ਪਾਠ, ਪੂਜਾ ਕਰੀ ਜਾਣ ਜਾਂ ਦੇਖਾ-ਦੇਖੀ ਜਣੇ-ਖਣੇ ਨੂੰ ਮੱਥੇ ਟੇਕੀ ਜਾਣ ਦਾ। ਸੋ ਸਾਨੂੰ ਪੰਜਾਬੀ, ਗੁਰਮੁਖੀ, ਪੰਜਾਬੀ ਵਿਆਕਰਣ ਅਤੇ ਗੁਰਬਾਣੀ ਵਿਆਕਰਣ ਸਿੱਖ ਕੇ ਗੁਰਬਾਣੀ ਦਾ ਪਾਠ, ਅੱਖਰੀ ਅਰਥ ਅਤੇ ਭਾਵ ਅਰਥ ਕਰਕੇ ਗੁਰਬਾਣੀ ਨੂੰ ਗੁਰੂ ਸਿਧਾਂਤਾਂ ਅਨੁਸਾਰ ਸਮਝ ਕੇ, ਉਸ ਤੇ ਚੱਲਣ ਅਤੇ ਦੂਜਿਆਂ ਨੂੰ ਸਿਖਾਉਣ ਦੀ ਲੋੜ ਹੈ। ਗੁਰ ਫੁਰਮਾਨ ਵੀ ਹੈ-

ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ (੧੨੫੫)

ਸੋ ਸੰਗਤੀ ਕੁਲਾਂ ਹੀ ਤਰਦੀਆਂ ਹਨ ਨਾਂ ਕਿ ਜਦੀ ਪੁਸ਼ਤੀ ਜਾਂ ਜਾਤ ਪਾਤੀ। ਗੁਰਮਤਿ ਕੁਲਵਾਦ ਦੀ ਪ੍ਰਚਾਰਕ ਨਹੀਂ ਸਗੋਂ ਕਰਤਾਰ ਅਤੇ ਮਨੁੱਖਤਾਵਾਦ ਦੀ ਹਾਮੀ ਹੈ।

-o-

ਵਾਹਿਗੁਰੂ ਸ਼ਬਦ ਦਾ ਕੀਤਾ ਜਾ ਰਿਹਾ ਬ੍ਰਾਹਮਣੀਕਰਣ!

ਗੁਰਮਤਿ ਨੂੰ ਬ੍ਰਾਹਮਣੀ ਮੱਤ ਵਿੱਚ ਰਲਗਡ ਕਰਦੀ ਸੰਪ੍ਰਦਾਈ-ਡੇਰੇਦਾਰ ਕਥਾਕਾਰਾਂ ਵਲੋਂ ਵਾਹਿਗੁਰੂ ਸ਼ਬਦ ਦੀ ਕੀਤੀ ਜਾ ਰਹੀ ਗਲਤ ਵਿਆਖਿਆ ਵੱਲ ਪ੍ਰਬੰਧਕ ਅਤੇ ਗੁਰ-ਸੰਗਤਾਂ ਵਿਸ਼ੇਸ਼ ਧਿਆਨ ਦੇਣ! ਡੇਰੇਦਾਰ ਸੰਪ੍ਰਦਾਈ ਪ੍ਰਚਾਰਕ ਵਾਹਿਗੁਰੂ ਸ਼ਬਦ ਦੇ ਅਰਥ ਕਰ ਰਹੇ ਹਨ ਕਿ *ਵ* ਸਤਿਜੁਗ ਦੇ ਅਵਤਾਰ ਵਾਸਦੇਵ (ਵਿਸ਼ਨੂ) ਤੋਂ ਲਿਆ, *ਹ* ਦੁਆਪਰ ਦੇ ਅਵਤਾਰ ਹਰਿਕ੍ਰਿਸ਼ਨ ਤੋਂ, *ਰ* ਤ੍ਰੇਤੇ ਦੇ ਅਵਤਾਰ ਰਾਮ ਤੋਂ ਅਤੇ *ਗ* ਕਲਜੁਗ ਦੇ ਅਵਤਾਰ ਗੋਬਿੰਦ ਤੋਂ ਆਦਿਕ। ਜਰਾ ਧਿਆਨ ਦਿਓ! ਕੀ ਗੁਰੂ ਸਾਹਿਬ ਮੰਨੇ ਗਏ ਚਾਰ ਜੁੱਗਾਂ ਜਾਂ ਅਵਤਾਰਾਂ ਨੂੰ ਮਾਨਤਾ ਦਿੰਦੇ ਹਨ? ਉਤਰ ਹੈ ਨਹੀਂ ਜਦ ਕਿ ਇਹ ਅਵਤਾਰ ਆਪਣੇ ਆਪਣੇ ਸਮੇਂ ਦੇ ਰਾਜੇ ਹੋਏ ਹਨ ਪਰ ਲੋਕ ਇਨ੍ਹਾਂ ਨੂੰ ਪ੍ਰਮਾਤਮਾਂ ਦੇ ਅਵਤਾਰ ਦੱਸ ਕੇ ਪੂਜਾ ਕਰਦੇ ਸਨ ਤੇ ਹਨ ਕਿਉਂਕਿ ਉਸ ਵੇਲੇ ਲੋਕ ਰਾਜੇ ਦਾ ਹੁਕਮ ਹੀ ਰੱਬੀ ਫੁਰਮਾਨ ਸਮਝਦੇ ਸਨ- **ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥**(੪੨੩) ਗੁਰੂ ਜੀ ਇਨ੍ਹਾਂ ਮੰਨੇ ਗਏ ਅਵਤਾਰਾਂ ਬਾਰੇ ਫੁਰਮਾਂਦੇ ਹਨ- **ਅਵਤਾਰ ਨਾ ਜਾਨੈ ਅੰਤੁ॥ ਪ੍ਰਮੇਸਰ ਪਾਰਬ੍ਰਹਮੁ ਬਿਅੰਤ॥** (੮੯੪) ਅਵਤਾਰ ਵਾਹਿਗੁਰੂ ਪ੍ਰਮੇਸ਼ਰ ਦੀ ਬੇਅੰਤਤਾ ਨੂੰ ਹੀ ਨਹੀਂ ਜਾਣਦੇ ਜੋ ਜਨਮ ਮਰਨ ਤੋਂ ਰਹਿਤ ਹੈ। ਅਵਤਾਰ ਤਾਂ ਮਾਂ ਬਾਪ ਤੋਂ ਜੰਮੇ ਅਤੇ ਸਮੇ ਨਾਲ ਸਰੀਰ ਕਰਕੇ ਮਰੇ ਵੀ ਪਰ ਲੋਕ ਭਰਮਾਂ ਵਿੱਚ ਪਏ ਹੋਏ ਕੱਚੀਆਂ ਗੱਲਾਂ ਕਰਦੇ ਹਨ- **ਭਰਮਿ ਭੂਲੇ ਨਰ ਕਰਤ ਕਚਰਾਇਣ॥ ਜਨਮ ਮਰਨ ਤੇ ਰਹਿਤ ਨਾਰਾਇਣ॥** (੧੧੩੬) ਗੁਰੂ ਸਾਹਿਬ ਕਲਪਿਤ ਅਵਤਾਰਾਂ ਦੇ ਪਹਿਲੇ ਅੱਖਰਾਂ ਨੂੰ ਜੋੜ ਕੇ ਹੀ ਵਾਹਿਗੁਰੂ ਸ਼ਬਦ ਬਣਾਕੇ ਸਿੱਖਾਂ ਨੂੰ ਉਨ੍ਹਾਂ ਦੇ ਨਾਵਾਂ ਵਾਲਾ ਮੰਤ੍ਰ ਹੀ ਕਿਉਂ ਦੇਣਗੇ? ਗੁਰੂ ਜੀ ਤਾਂ ਫੁਰਮਾਂਦੇ ਹਨ- **ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥ ਨਾਨਕ ਕਾ ਪਾਤਿਸ਼ਾਹੁ ਦਿਸੈ ਜਾਹਰਾ॥** (੩੯੭) ਫਿਰ ਸਾਡੇ ਸਾਧਾਂ ਅਤੇ ਸੰਪ੍ਰਦਾਈ-ਡੇਰੇਦਾਰ ਪ੍ਰਚਾਰਕਾਂ ਨੂੰ ਕਿਸਨੇ ਹੱਕ ਦਿੱਤਾ ਹੈ ਕਿ ਉਹ ਆਪਣੀ ਮਨ-ਮਰਜੀ ਨਾਲ ਗੁਰਮਤਿ ਦੀ ਬ੍ਰਾਹਮਣੀ ਵਿਆਖਿਆ ਕਰੀ ਜਾਣ?

ਆਓ ਜਰਾ ਵਾਹਿਗੁਰੂ ਸ਼ਬਦ ਦੀ ਵਿਚਾਰ ਕਰੀਏ! ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨ੍ਹਾਭਾ ਦੇ ਲਿਖੇ ਮਹਾਨ ਕੋਸ਼ ਦੇ ਪੰਨਾ ੧੦੮੭ 'ਤੇ ਵਾਹਗੁਰੂ ਸ਼ਬਦ ਦੀ ਵਿਆਖਿਆ ਇਵੇਂ ਹੈ- ਜੋ ਮਨ ਬੁੱਧਿ ਤੋਂ ਪਰੇ ਸਭ ਤੋਂ ਵੱਡਾ ਪਾਰਬ੍ਰਹਮ ਧੰਨਤਾਯੋਗ ਕਰਤਾਰ, ਜਿਸ ਨੇ ਸੰਸਾਰਕ ਖੇਲ ਦੀ ਰਚਨਾ ਕੀਤੀ ***ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ** (੧੪੦੩) ਵਾਹ ਦਾ ਅਰਥ ਹੈ ਅਸਚਰਜ ਰੂਪ, ਗੁ =ਅੰਧਕਾਰ ਵਿੱਚ, ਰੂ=ਪ੍ਰਕਾਸ਼ ਕਰਨ ਵਾਲਾ- **ਵਾਹ ਨਾਮ ਅਚਰਜ ਕੋ ਹੋਈ। ਅਚਰਜ ਤੇ ਪਰ ਉਕਤਿ ਨ ਕੋਈ। ਗੋ ਤਮ ਤਨ ਅਗਯਾਨ ਅਨਿੱਤ। ਰੂ ਪ੍ਰਕਾਸ਼ ਕੀਯੋ ਜਿਨ ਚਿੱਤ।** (ਨਾਨਕ ਪ੍ਰਕਾਸ਼) ਸਿੱਖਾਂ ਦਾ ਮੂਲਮੰਤ੍ਰ- **ਸਤਿਗੁਰੁ ਪੁਰਖੁ ਦਿਆਲ ਹੁਇ ਵਾਹਗੁਰੂ ਸਚ ਮੰਤ੍ਰ ਸੁਣਾਇਆ** (ਭਾ. ਗੁ.) ਵਾਹੁ- ਵਾਹਗੁਰੂ ਦਾ ਸੰਖੇਪ-**ਵਾਹੁ ਵਾਹੁ ਗੁਰਸਿਖ ਨਿਤ ਕਰਹਿ** (੫੧੫) ਕਰਤਾਰ ਬੇਪਰਵਾਹ ਹੈ- **ਵਾਹੁ ਵਾਹੁ ਵੇਪਰਵਾਹੁ ਹੈ** (ਗੂਜਰੀ ਮ:੩) ਗੁਰੂ ਅਮਰਦਾਸ ਜੀ ਨੇ ਖਾਸ ਕਰਕੇ ਕਰਤਾਰ ਦੀ ਮਹਿਮਾ ਵਾਹੁ ਵਾਹੁ ਸ਼ਬਦ ਨਾਲ ਕੀਤੀ ਹੈ- **ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ, ਵਾਹੁ ਵਾਹੁ ਕਰਿ ਧਯਾਇਯਉ** (੧੪੦੫ ਸਵੈਯੇ ਮ:੪ ਕੇ) *ਵਾਹ* ਦਾ ਅਰਥ ਧੰਨ ਧੰਨ ਵੀ ਹੈ- **ਵਾਹੁ ਮੇਰੇ ਸਾਹਿਬਾ ਵਾਹੁ** (੭੫੫)

ਗੁਰੂ ਗ੍ਰੰਥ ਸੰਕੇਤ ਕੋਸ਼ ਦੇ ਲੇਖਕ ਪਿਆਰਾ ਸਿੰਘ ਪਦਮ ਅਨੁਸਾਰ-ਵਾਹਗੁਰੂ ਦੋ ਸ਼ਬਦਾਂ ਦਾ ਸਮਾਸ ਹੈ (ਵਾਹ ਤੇ ਗੁਰੂ) ਵਾਹ ਦਾ ਅਰਥ ਅਸਚਰਜ ਅਤੇ ਗੁਰੂ ਦਾ ਅਰਥ ਪ੍ਰਕਾਸ਼ਕ

ਗਿਆਨ ਸਤਾ ਹੈ। ਦੂਜੇ ਸ਼ਬਦਾਂ ਵਿੱਚ ਉਹ ਪਰਮ ਸ਼ਕਤੀ ਜੋ ਅਗੰਮ ਅਗੋਚਰ ਹੋਣ ਕਰਕੇ ਅਸਚਰਜ ਤੇ ਰਹਿਨੁਮਾਈ ਦੇਣ ਵਾਲੀ ਹੈ। ਪ੍ਰਾਚੀਨ ਭਾਰਤੀ ਸਹਿਤ ਵਿੱਚ ਇਹ ਸ਼ਬਦ ਪ੍ਰਾਪਤ ਨਹੀਂ ਪਰ ਸਿੱਖ ਸਹਿਤ ਵਿੱਚ ਨਵਾਂ ਸਿਰਜਿਆ ਗਿਆ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਦੇਖਿਆਂ ਇਉਂ ਪਤਾ ਲਗਦਾ ਹੈ ਕਿ ਪਹਿਲੇ ਪਹਿਲ ਜੋ ਗੁਰੂ ਦਰਸ਼ਨ ਲਈ ਸਿੱਖ ਅਉਂਦੇ ਸਨ, ਉਹ ਗੁਰੂ ਤੋਂ ਪ੍ਰਭਾਵਿਤ ਹੋ ਕੇ ਵਾਹ-ਗੁਰੂ, ਵਾਹ-ਗੁਰੂ (ਧੰਨ ਗੁਰੂ, ਧੰਨ ਗੁਰੂ) ਸ਼ਬਦ ਦਾ ਉਚਾਰਣ ਕਰਦੇ ਸਨ। ਉਹ ਆਪਣੇ ਆਤਮਕ ਅਨੰਦ ਨੂੰ ਇਸੇ ਤਰ੍ਹਾਂ ਹੀ ਪ੍ਰਗਟ ਕਰ ਸਕਦੇ ਸਨ। ਹੌਲੀ ਹੌਲੀ ਦੋਵੇਂ ਸ਼ਬਦ ਜੁੜ ਕੇ ਸਮਾਸ ਬਣ ਗਿਆ ਤੇ ਇਹ ਪ੍ਰਮੇਸ਼ਰ ਦੇ ਅਰਥਾਂ ਵਿੱਚ ਵਰਤਿਆ ਜਾਣ ਲੱਗਾ। ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋ ਰਹੀ ਸੀ ਉਸ ਸਮੇਂ ਭੱਟਾਂ ਇਸ ਸ਼ਬਦ ਦਾ ਪ੍ਰਯੋਗ ਜਿਵੇਂ ਕੀਤਾ ਉਸ ਤੋਂ ਪ੍ਰਤੱਖ ਹੁੰਦਾ ਹੈ ਕਿ ਇਹ ਸ਼ਬਦ ਪ੍ਰਮੇਸ਼ਰ ਦਾ ਬੋਧਕ ਹੋ ਗਿਆ ਸੀ- **ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ** (੧੪੦੩) ਸਾਰੀ ਰਚਨਾ ਪ੍ਰਮੇਸ਼ਰ ਦੀ ਹੀ ਹੋ ਸਕਦੀ ਹੈ, ਕਿਸੇ ਦੇਹਧਾਰੀ ਗੁਰੂ ਦੀ ਨਹੀਂ। ਪ੍ਰਸਿੱਧ ਵਿਦਵਾਨ ਭਾਈ ਵੀਰ ਸਿੰਘ ਅਨੁਸਾਰ-ਸੰਸਕ੍ਰਿਤ ਵਿੱਚ ਵਾਹ-ਲੈ ਜਾਣਾ, ਗੁਰੂ-ਗਿਆਨ ਪ੍ਰਕਾਸ਼ਕ ਭਾਵ ਜਿਸ ਪਾਸ ਗੁਰੂ ਲੈ ਜਾਏ ਸੋ ਪਾਰਬ੍ਰਹਮ ਪ੍ਰਮੇਸ਼ਰ। ਫਾਰਸੀ ਵਿੱਚ-ਵਾਹ-ਧੰਨ ਧੰਨ। **ਪਾਰਬ੍ਰਹਮ-ਵਾਹੁ ਵਾਹੁ ਤਿਸ ਨੋ ਆਖੀਐ ਜੋ ਸਭ ਮਹਿ ਰਹਿਆ ਸਮਾਇ॥** (੫੧੪) **ਸਿਫਤ ਸਲਾਹ-ਵਾਹੁ ਵਾਹੁ ਸਿਫਤਿ ਸਲਾਹ ਹੈ** (੫੧੪) ਅਤੇ ਭਾਈ ਸਾਹਿਬ ਲਿਖਦੇ ਹਨ ਕਿ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਪਹਿਲੀ ਵਾਰ ਦੀ ੪੯ ਵੀਂ ਪਾਉੜੀ *ਭਾਈ* ਜੀ ਦੀ ਨਹੀਂ ਹੋ ਸਕਦੀ ਕਿਉਂਕਿ ਇਸ ਪਰ ਗੁਣੀ ਜਣਾਂ ਨੂੰ ਸ਼ੰਕੇ ਹਨ ਕਿ-ਸਤਿਜੁਗ, ਤ੍ਰੇਤਾ, ਦੁਆਪਰ ਅਤੇ ਕਲਜੁਗ ਵਿੱਚੋਂ ਵਾਸਦੇਵ, ਰਾਮ, ਹਰਿਕ੍ਰਿਸ਼ਨ ਅਤੇ ਗੋਬਿੰਦ ਅਵਤਾਰਾਂ ਦੇ ਨਾਵਾਂ ਤੋਂ *ਵਾ, ਰਾ, ਹ, ਗੋ* ਚਾਰ ਅੱਖਰ ਲੀਤੇ ਤਾਂ *ਵਾਰਾਹਗੋ* ਬਣਿਆਂ ਪਰ ਵਾਹਿਗੁਰੂ ਨਾਂ ਬਣਿਆਂ। ਜੇ ਸਤਿਜੁਗ, ਦੁਆਪਰ, ਤ੍ਰੇਤੇ ਅਤੇ ਕਲਜੁਗ ਦਾ ਕ੍ਰਮ ਬਦਲੋ ਤਾਂ *ਵਾਹਗੋਰਾ* ਬਣਦਾ ਹੈ। ਜੇ ਇੱਕ ਮਾਤ੍ਰ ਹੀ ਲਓ ਤਾਂ *ਵਹਗਰ* ਬਣਦਾ ਹੈ। ਵਾਸਦੇਵ ਚੋਂ 'ਵ' ਕੰਨੇ ਵਾਲਾ ਤੇ ਹਰੀਕ੍ਰਿਸ਼ਨ ਚੋਂ 'ਹ' ਮੁਕਤਾ ਤੇ ਰਾਮ ਵਿੱਚੋਂ 'ਰ' ਤੇ ਗੋਬਿੰਦ ਵਿੱਚੋਂ 'ਗੁ' ਲੀਤੇ। 'ਵ* ਤਾਂ ਕੰਨੇ ਸਮੇਤ ਲਿਆ, 'ਰਾ' ਦਾ ਕੰਨਾ ਉਡਾ ਦਿੱਤਾ ਅਤੇ 'ਗੋ' ਦਾ ਹੋੜਾ ਔਂਕੜ ਵਿੱਚ ਬਦਲ ਦਿੱਤਾ, ਇਹ ਭਿੰਨਤਾ ਕਿਉਂ? ਭਾਈ ਗੁਰਦਾਸ ਜੀ ਵੇਲੇ ਸਤਿਗੁਰੂ 'ਹਰਿ ਗੋਬਿੰਦ' ਜੀ ਸਨ, ਤਾਂ ਅੱਖਰ 'ਹ' ਲੈਣਾ ਚਾਹੀਦਾ ਸੀ, ਹਰਿ ਗੋਬਿੰਦ ਚੋਂ 'ਗ' ਕੀਕੂੰ ਲੀਤਾ? ਉਂਝ ਵਡਿਆਈ ਨਮਿੱਤ ਗੁਰ ਨਾਨਕ ਨਾਮ ਚੋਂ 'ਨ' ਅੱਖਰ ਲੈਣਾ ਚਾਹੀਦਾ ਸੀ ਕਿਉਂਕਿ ਗੁਰੂ ਨਾਨਕ ਜੀ ਜਗਤ ਗੁਰੂ ਸਨ-ਜ਼ਾਹਰ ਪੀਰ ਜਗਤਿ ਗੁਰ ਬਾਬਾ (ਭਾ. ਗੁ.) ਗੋਬਿੰਦ ਗੁਰੂ ਜਿਸ ਤੋਂ ਲੇਖਕ ਦਾ ਇਸ਼ਾਰਾ 'ਗੁਰੂ ਬੋਬਿੰਦ ਸਿੰਘ ਜੀ' ਵੱਲ ਹੈ, ਅਜੇ ਪ੍ਰਗਟੇ ਨਹੀਂ ਸੇ। ਭਾਈ ਗੁਰਦਾਸ ਜੀ ਨੇ ਛਟਵਾਂ ਗੁਰੂ ਪੀਰ ਭਾਰੀ ਜੋ ਪ੍ਰਤੱਖ ਸੇ, ਛੱਡ ਕੇ ਅਤੇ ਆਦਿ ਗੁਰੂ ਨਾਨਕ ਛੱਡਕੇ ਦਸਮੇਂ ਗੁਰੂ ਦਾ ਅੱਖਰ 'ਗ' ਕਿਸ ਤਰ੍ਹਾਂ ਲੈ ਲਿਆ? ਕ੍ਰਿਸ਼ਨ ਅਤੇ ਰਾਮ ਕੇਵਲ ਅਵਤਾਰ ਮੰਨੇ ਜਾਂਦੇ ਹਨ ਅਰ ਕ੍ਰਿਸ਼ਨ ਤੋਂ ਛੁੱਟ ਬਾਕੀ ਦੇ ਅਵਤਾਰ ਵੀ ਸੋਲਾਂ ਕਲਾਂ ਸੰਪੂਰਨ ਨਹੀਂ ਮੰਨੀਂਦੇ। ਇਨ੍ਹਾਂ ਨੂੰ ਸਤਿਗੁਰੂ ਦੀ ਪਦਵੀ ਕਦੀ ਨਹੀਂ ਮਿਲੀ। ਰਾਮ ਚੰਦਰ ਦੇ ਗੁਰੂ ਵਸ਼ਿਸ਼ਟ ਤੇ ਵਾਸਦੇਵ ਸਨ ਅਤੇ ਸੰਦੀਪਨ ਤੇ ਦੁਰਬਾਸ਼ਾ ਰਿਖੀ ਕ੍ਰਿਸ਼ਨ ਦੇ ਗੁਰੂ ਸੇ। ਭਾਈ ਗੁਰਦਾਸ ਜੀ ਨੇ ਇਨ੍ਹਾਂ ਨੂੰ "ਗੁਰੂ ਕਿਕੂੰ ਆਖਿਆ? ਏਹ ਤਾਂ ਕੇਵਲ ਅਵਤਾਰ ਸੇ।"

ਸੋ ਹਿੰਦੂ ਮੱਤ ਅਨੁਸਾਰ ਸਤਿਜੁਗ ਵਿੱਚ ਵਾਸਦੇਵ ਯਾਂ ਵਿਸ਼ਨੂੰ ਉਸ ਨਾਮ ਦੇ ਅਵਤਾਰ ਨਹੀਂ ਹੋਏ। ਵਾਸਦੇਵ ਨਾਮ ਹੈ ਕ੍ਰਿਸ਼ਨ ਦਾ ਜੋ ਉਨ੍ਹਾਂ ਦੇ ਪਿਤਾ ਵਾਸੁਨਵ ਤੋਂ ਬਣਿਆ ਹੈ। ਵਾਸਦੇਵ ਦਾ ਦੂਸਰਾ ਅਰਥ ਹੈ ਵਿਆਪਕ ਪਰਮੇਸ਼ਰ (ਦੇਖੋ ਵਿਸ਼ਨੂੰ ਪੁਰਾਣ) ਫਿਰ ਵਿਸ਼ਨੂੰ ਕਿ

ਜਿਸ ਦਾ ਭਗਤੀ ਮਾਰਗ ਵਾਲੇ ਹਿੰਦੂ ਧਿਆਨ ਧਰਦੇ ਹਨ ਉਹ ਦੇਹਧਾਰੀ ਨਹੀਂ ਪਰ ਇੱਕ ਦੇਵਤਾ ਦਾ ਨਾਮ ਭੀ ਹੈ ਜੋ ਸਭਨਾਂ ਦੇਵਤਿਆਂ ਦਾ ਸ਼੍ਰੋਮਣੀ ਹੈ। ਵੇਦ ਵਿੱਚ ਹੋਰ ਅੱਠ ਦੇਵਤੇ ਹਨ ਜੋ ਵਸੂ ਕਹੀ ਦੇ ਹਨ। ਉਨ੍ਹਾਂ ਦੀਆਂ ਗਿਣਤੀਆਂ ਵਿੱਚੋਂ ਇੱਕ ਗਿਣਤੀ ਵਿੱਚ ਵਿਸ਼ਨੂੰ ਦਾ ਨਾਮ ਆਉਂਦਾ ਹੈ ਪਰ ਇਹ ਅੱਠੇ ਵੀ ਦੇਵਤੇ ਹੀ ਮੰਨੇ ਗਏ ਹਨ। ਵਿਸ਼ਨੂੰ ਦਾ ਦੂਸਰਾ ਅਰਥ ਵੀ ਵਿਆਪਕ ਹੀ ਹੈ। ਸੋ ਇਹ ਅਰਥ ਕਰਨਾ ਕਿ ਵਾਸਦੇਵ ਜੀ ਸਤਿਜੁਗ ਦੇ ਅਵਤਾਰ ਸਨ ਇਹ ਭੀ ਨਹੀਂ ਢੁਕਦਾ ਕਿਉਂਕਿ ਵਾਸਦੇਵ ਦੇ ਸਤਿਜੁਗ ਵਿੱਚ ਸਤਿਗੁਰੂ ਹੋਣ ਦਾ ਲੇਖ ਵੇਦ ਵਿੱਚ ਨਹੀਂ ਮਿਲਦਾ। ਸਤਿਗੁਰੂ ਪਦ ਦਸ ਗੁਰੂ ਸਾਹਿਬਾਨਾਂ ਨਾਲ ਵਰਤਿਆ ਗਿਆ ਹੈ। ਪਹਿਲੇ ਤ੍ਰੇਤੇ ਤੇ ਦੁਆਪਰ ਦੇ ਅਵਤਾਰਾਂ ਰਾਮ ਕ੍ਰਿਸ਼ਨ ਨਾਲ ਵੀ ਨਹੀਂ ਲਾਇਆ ਗਿਆ, ਉਹ ਅਵਤਾਰ ਕਹਾਏ ਅਤੇ ਦੇਹਧਾਰੀ ਗੁਰੂ ਉਨਾਂ ਨੇ ਧਾਰਨ ਕੀਤੇ। ਸੋ ਇਹ ਅਰਥ ਕਰਨਾਂ ਭੀ ਨਹੀਂ ਢੁੱਕਦਾ ਕਿ ਸਤਿਜੁਗ ਵਿੱਚ ਵਾਸਦੇਵ ਸਤਿਗੁਰੂ ਸੀ। ਨਾਂ ਇਹ ਢੁੱਕਦਾ ਹੈ ਕਿ ਸਤਿਗੁਰੂ ਨੇ ਵਾਸਦੇਵ ਵਿੱਚੋਂ ਵਵਾ ਲੀਤਾ ਕਿਉਂਕਿ ਤੁਕ ਵਿੱਚ ਕੋਈ ਕ੍ਰਿਆ ਪਦ ਨਹੀਂ ਪਿਆ, ਜੋ ਲੀਤਾ ਦਾ ਅਰਥ ਦੇਵੇ ਯਾ ਕਿਸੇ ਮਾਤ੍ਰਾ ਵਿੱਚੋਂ ਸੰਭਾਵਨ ਹੋ ਸਕੇ।

ਵਾਹਿਗੁਰੂ ਸ਼ਬਦ ਜਨਮ ਸਾਖੀਆਂ ਵਿੱਚ ਵੀ ਲਿਖਿਆ ਮਿਲਦਾ ਹੈ *ਬੋਲੋ ਭਾਈ ਵਾਹਿਗੁਰੂ* ਭੱਟਾਂ ਤੋਂ ਪਹਿਲਾਂ ਸੰਖੇਪ ਵਾਹੁ ਰੂਪ ਵਿੱਚ ਗੁਰਬਾਣੀ ਵਿੱਚ ਵਰਤਿਆ ਹੈ, ਭੱਟਾਂ ਨੇ ਤਾਂ ਇਸ ਦੀ ਖੁੱਲ੍ਹ ਕੇ ਵਰਤੋਂ ਕੀਤੀ ਹੈ- **ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥** (ਗੁਰੂ ਗ੍ਰੰਥ) ਭ੍ਹਾ ਗੁਰਦਾਸ ਜੀ ਨੇ ਵੀ ਵਾਰਾਂ ਵਿੱਚ ਕਈ ਵਾਰ ਵਰਤਦਿਆਂ ਸਪੱਸ਼ਟ ਕੀਤਾ ਹੈ- **ਵਾਹਿਗੁਰੂ ਗੁਰਿ ਮੰਤ੍ਰ ਹੈ ਜਪਿ ਹਉਮੈ ਖੋਈ॥** ਅਤੇ ਗੁਰੂ ਨਾਨਕ ਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਦੇਣ ਵੇਲੇ ਗੁਰ ਮੰਤ੍ਰ ਤੇ ਫਤਿਹ ਦੇ ਰੂਪ ਵਿੱਚ ਦ੍ਰਿੜ ਕਰਵਾਇਆ ਹੈ। ਅੱਜ ਵੀ ਦੇਖੋ ਹਿੰਦੂ ਰਾਮ ਰਾਮ, ਮੁਸਲਿਮ ਅੱਲਾਹ ਅੱਲਾਹ ਅਤੇ ਸਿੱਖ ਵਾਹਗੁਰੂ ਵਾਹਗੁਰੂ ਜਪਦੇ ਹਨ। ਹੋਰ ਵੀ ਬਹੁਤ ਸਾਰੇ ਪ੍ਰਮਾਣ ਦਿੱਤੇ ਜਾ ਸਕਦੇ ਹਨ ਪਰ ਉਪ੍ਰੋਕਤ ਪ੍ਰਮਾਣਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਵਾਹਿਗੁਰੂ ਸ਼ਬਦ ਕਿਸੇ ਜੁਗ ਦੇ ਅਵਤਾਰ ਤੋਂ ਨਹੀਂ ਲਿਆ। ਜਿਹੜੇ ਅਵਤਾਰ ਆਪ ਜਰ, ਜੋਰੂ ਅਤੇ ਜ਼ਮੀਨ ਲਈ ਲੜਦੇ ਰਹਿ ਹੋਣ, ਗੁਰੂ ਜੀ ਉਨ੍ਹਾਂ ਦਾ ਨਾਮ ਕਿਉਂ ਜਪਾਉਣਗੇ? ਸਤਿਗੁਰੂ ਨਾ ਹਿੰਦੂ ਹਨ ਨਾਂ ਮੁਸਲਮਾਨ- **ਨਾ ਹਮ ਹਿੰਦੂ ਨ ਮੁਸਲਮਾਨ॥ ਅਲਾਹ ਰਾਮ ਕੇ ਪਿੰਡ ਪਰਾਨ॥** (ਗੁਰੂ ਗ੍ਰੰਥ) ਅੱਜ ਗੁਰੂ ਗ੍ਰੰਥ ਦੀ ਫਿਲਾਸਫੀ ਨੂੰ ਛੱਡ ਕੇ ਕੋਈ ਆਪਣੇ ਆਪ ਨੂੰ ਪੰਡਿਤ ਅਤੇ ਵੇਦਾਂਤੀ ਕਹਾ ਰਿਹਾ ਹੈ। ਜਰਾ ਸੋਚੋ! ਨਿਆਰੇ ਸਿੱਖ ਪੰਥ ਦਾ ਆਗੂ ਵੇਦਾਂਤੀ ਕਿਵੇਂ ਹੋ ਸਕਦਾ ਹੈ? ਡੇਰੇਦਾਰ ਸੰਪ੍ਰਦਾਈ ਆਪਣੇ ਨਾਂ ਪਿਛੇ ਸਨਾਤਨ ਮੱਤ ਵਾਲੇ ਲਫਜ਼ ਸ੍ਰੀ ਮਾਨ ਸੰਤ ਜੀ ਮਹਾਰਾਜ ੧੦੮ ਜਾਂ ੧੦੦੮ ਲਿਖ ਰਹੇ ਹਨ. ਅਤੇ ਸਿੱਖਾਂ ਦੇ ਗੁਰਦੁਆਰਿਆਂ ਵਿੱਚ ਬ੍ਰਾਹਮਣਵਾਦ ਦਾ ਪ੍ਰਚਾਰ ਕਰ ਰਹੇ ਹਨ। ਗੁਰਬਾਣੀ ਦੇ ਨਿਰੋਲ ਅਰਥ ਕਰਦਿਆਂ, ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਸੁਣਾਉਂਦਿਆਂ ਇਨ੍ਹਾਂ ਦੀ ਜ਼ਬਾਨ ਨਹੀਂ ਚਲਦੀ ਪਰ ਊਟ ਪਟਾਂਗੀ ਸਾਖੀਆਂ, ਚੁਟਕਲੇ ਅਤੇ ਬ੍ਰਾਹਮਣੀ ਵਿਚਾਰਧਾਰਾ ਬੜੇ ਫਕਰ ਨਾਲ ਸੁਣਾ ਸੁਣਾ ਕੇ ਸਿੱਖਾਂ ਦਾ ਭਗਵਾਕਰਨ ਕਰਨ ਵਿੱਚ, ਅੱਡੀ ਚੋਟੀ ਦਾ ਜੋਰ ਲਾਉਂਦੇ ਹੋਏ, ਇਹ ਬ੍ਰਾਹਮਣਨੁਮਾ ਬਾਬੇ ਕਥਾਵਾਚਕ, ਸਾਡੇ ਆਗੂ ਵੀ ਬਣੇ ਫਿਰਦੇ ਹਨ। ਆਰ.ਐੱਸ.ਐੱਸ਼.ਇਨ੍ਹਾਂ ਦੇ ਡੇਰਿਆਂ ਵਿੱਚ ੯੯% ਘੁਸੜ ਕੇ, ਪੰਜ ਕਕਾਰੀ ਬਾਣਾ ਧਾਰਨ ਕਰਕੇ, ਪ੍ਰਚਾਰਕ ਵੀ ਬਣ ਚੁੱਕੀ ਹੈ, ਜਿਨ੍ਹਾਂ ਦੀ ਪਛਾਣ ਸਿਰਫ ਗੁਰ-ਸਿਧਾਂਤ ਤੋਂ ਹੀ ਕੀਤੀ ਜਾ ਸਕਦੀ ਹੈ, ਨਿਰਾ ਬਾਣੇ ਤੋਂ ਨਹੀਂ ਕਿ ਇਹ ਲੋਕ ਕੌਣ ਹਨ? ਇਹ ਲੋਕ ਸਾਡੇ ਸਿੱਖੀ ਸਿਧਾਂਤ ਮਿਲਗੋਭੇ ਕਰੀ ਜਾ ਰਹੇ ਹਨ ਜਦ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ- **ਨਾ ਹਮ ਹਿੰਦੂ ਨ ਮੁਸਲਮਾਨ॥** ਗਿਆਨੀ ਗਿਆਨ ਸਿੰਘ ਪੰਥ

ਪ੍ਰਕਾਸ਼ ਵਿੱਚ ਵੀ ਲਿਖਦੇ ਹਨ ਕਿ-ਹਿੰਦੂ ਤੁਰਕਨ ਤੇ ਹੈ ਨਿਆਰਾ। ਫਿਰਕਾ ਇਨਕਾ ਅਪਰ ਅਪਾਰਾ। (ਪੰਥ ਪ੍ਰਕਾਸ਼) ਸੋ ਸਾਧ ਸੰਗਤ ਜੀ! ਵਾਹਿਗੁਰੂ ਸ਼ਬਦ ਬਾਰੇ ਜੇ ਕੋਈ ਬਾਬਾ ਜਾਂ ਕਥਾਵਾਚਕ ਤਰੋੜ ਮਰੋੜ ਕੇ ਗਲਤ ਅਰਥ ਕਰਦਾ ਹੈ ਤਾਂ ਚੁਪ ਕਰਕੇ ਅੱਖਾਂ ਮੀਟੀ ਸੁਣੀ ਹੀ ਨਾਂ ਜਾਓ। ਪਹਿਲਾਂ ਆਪ ਗੁਰ-ਸਿਧਾਂਤਾਂ (ਗੁਰਮਤਿ ਫਿਲੌਸਫੀ) ਤੋਂ ਜਾਣੂ ਹੋਵੋ ਤਾਂ ਤੁਸੀਂ ਇਨ੍ਹਾਂ ਸੰਪ੍ਰਦਾਈ-ਡੇਰੇਦਾਰ ਕਥਾਕਾਰਾਂ ਨੂੰ ਨਿਧੜਕ ਹੋ ਕੇ ਸਵਾਲ-ਜਵਾਬ ਕਰ ਸਕਦੇ ਹੋ। ਜੇ ਤੁਸੀਂ ਸਾਰੀ ਉਮਰ ਇਨ੍ਹਾਂ ਕਥਾਕਾਰਾਂ ਨੂੰ ਹੀ ਸੁਣਦੇ ਰਹੇ ਪਰ ਆਪ ਪੜ੍ਹਨ, ਵਿਚਾਰਨ, ਧਾਰਨ ਅਤੇ ਪ੍ਰਚਾਰਨ ਦੀ ਕੋਸ਼ਿਸ਼ ਨਾ ਕੀਤੀ ਤਾਂ ਤੁਸੀਂ ਵੀ ਠੱਗੇ ਜਾਓਗੇ ਭਾਵ ਤੁਹਾਡਾ ਵੀ ਬ੍ਰਾਹਮਣੀਕਰਣ ਹੋ ਜਾਵੇਗਾ। ਇਹੋ ਲੋਕ ਤੁਹਾਡਾ ਐਸਾ ਮਾਂਈਡਵਾਸ਼ ਕਰਨਗੇ ਕਿ ਤੁਸੀਂ ਇਨ੍ਹਾਂ ਭੱਦਰਪੁਰਸ਼ਾਂ ਨੂੰ ਸਵਾਲ-ਜਵਾਬ ਕਰਨਾਂ ਵੀ ਪਾਪ ਸਮਝਣ ਲੱਗ ਜਾਓਗੇ।

ਵਾਹਿਗੁਰੂ ਸ਼ਬਦ ਦੇ ਸਿੱਧੇ ਅਰਥ ਹਨ (ਵਾਹ) ਅਸਚਰਜ, ਅਦਭੁਤ, ਵੰਡਰਫੁਲ, ਧੰਨਤਾਯੋਗ ਅਤੇ (ਗੁਰੂ) ਅਗਿਅਨਤਾ ਦੇ ਅੰਧੇਰੇ ਵਿੱਚ ਗਿਆਨ ਦਾ ਪ੍ਰਕਾਸ਼ ਕਰਨਵਾਲਾ ਸਰਬ ਵਿਆਪਕ ਗੁਰ-ਪਰਮੇਸ਼ਰ (**ਗੁਰ ਪਰਮੇਸਰੁ ਏਕੋ ਜਾਣੁ॥ ਜਾ ਮਹਿ ਭੇਦ ਰੰਚ ਪਛਾਨ॥**) (੮੬੪) ਸਿੱਖ ਦਾ ਗੁਰੂ ਹੈ ਸ਼ਬਦ (ਗਿਆਨ) **ਸਬਦ ਗੁਰ ਪੀਰਾ ਗਹਿਰ ਗੰਭੀਰਾ ਬਿਨ ਸਬਦੈ ਜਗੁ ਬਉਰਾਨੰ॥** (੬੩੫) ਉਹ ਸ਼ਬਦ (ਗਿਅਨ) ਹੀ ਵਾਹਿਗੁਰੂ ਹੈ। ਜਦ ਸਿੱਖ ਦਾ ਹਿਰਦਾ ਐਸੇ ਰੱਬੀ-ਗਿਆਨ (ਸ਼ਬਦ) ਨਾਲ ਭਰ ਜਾਂਦਾ ਹੈ ਜਾਂ ਅਕਾਲ ਪੁਰਖ ਦੀਆਂ ਦਿੱਤੀਆਂ ਦਾਤਾਂ ਦਾ ਸ਼ੁਕਰਾਨਾਂ ਕਰਦਾ ਹੈ ਜਾਂ ਉਸ ਦੇ ਅਨੋਖੇ ਅਦਭੁਤ ਕੌਤਕ ਅਤੇ ਨਜਾਰੇ ਤੱਕਦਾ ਹੈ ਤਾਂ ਉਸ ਦਾ ਮਨ ਇਕਾਗਰ ਹੋ ਕਹਿ ਉੱਠਦਾ ਹੈ- **ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ॥** (੧੪੦੩) ਧੰਨ ਵਾਹਿਗੁਰੂ! ਧੰਨ ਵਾਹਿਗੁਰੂ!! ਧੰਨ ਵਾਹਿਗੁਰੂ!!! ਤੂੰ ਹੀ ਗਿਆਨ ਦਾ ਦਾਤਾ ਹੈਂ ਨਾਂ ਕਿ ਕੋਈ *ਵ* ਵਿਸ਼ਨੂੰ *ਹ* ਹਰਿਕ੍ਰਿਸ਼ਨ, *ਗ* ਗੋਬਿੰਦ ਅਤੇ *ਰ* ਰਾਮ ਅਵਤਾਰ। ਬਚੋ! ਐਸੇ ਕਥਾਕਾਰਾਂ ਕੋਲੋਂ ਜੋ ਵਾਹਿਗੁਰੂ ਸ਼ਬਦ ਵਿੱਚ ਵੀ ਦੇਵੀ ਦੇਵਤੇ-ਅਵਤਾਰਾਂ ਦੇ ਨਾਂ ਘਸੋੜ ਰਹੇ ਹਨ. ਗੁਰਬਾਣੀ ਜਾਂ ਗੁਰ ਸਿਧਾਂਤਾਂ ਦੀ ਵਿਆਖਿਆ ਵੇਦਾਂ, ਸਿਮਰਤੀਆਂ, ਪੁਰਾਣਾਂ ਅਤੇ ਸੰਪ੍ਰਦਾਈ-ਡੇਰੇਦਾਰ ਸੰਤਾਂ ਦੇ ਲਿਖੇ ਗ੍ਰੰਥਾਂ ਅਨੁਸਰ ਨਹੀਂ ਕੀਤੀ ਜਾ ਸਕਦੀ ਬਲਕਿ ਗੁਰਬਾਣੀ ਦੇ ਸਿਧਾਂਤ ਗੁਰਬਾਣੀ ਵਿੱਚੋਂ ਹੀ ਖੋਜੇ ਜਾ ਸਕਦੇ ਹਨ। ਜਿਵੇਂ ਸਮੁੰਦਰ ਵਿੱਚ ਡੂੰਗੀ ਚੁੱਭੀ ਮਾਰਨਵਾਲਾ ਹੰਸ ਮੋਤੀ ਹੀਰੇ ਲੱਭ ਲੈਂਦਾ ਹੈ *ਹੀਰੇ ਰਤਨ ਲਭੰਨਿ* ਪਰ ਬਗਲਾ ਡਡੀਆਂ ਮੱਛੀਆਂ ਹੀ ਭਾਲਦਾ ਰਹਿੰਦਾ ਹੈ- **ਹੰਸਾਂ ਹੀਰਾ ਮੋਤੀ ਚੁਗਣਾ ਬਗ ਡਡਾਂ ਭਾਲਣ ਜਾਵੈ** (੯੬੦) ਜਿਵੇਂ ਭ੍ਹਾ ਰਣਧੀਰ ਸਿੰਘ ਅਤੇ ਪ੍ਰੋ ਸਾਹਿਬ ਸਿੰਘ ਜੀ ਨੇ ਗੁਰਬਾਣੀ ਵਿੱਚੋਂ ਗੁਰਬਾਣੀ ਵਿਆਕਰਣ ਲੱਭੀ ਜਿਸ ਅਨੁਸਾਰ ਸਾਰੀ ਬਾਣੀ ਦੇ ਅਰਥ ਕੀਤੇ ਨਾਂ ਕਿ ਕਿਸੇ ਵੇਦ ਜਾਂ ਡੇਰੇ ਸੰਪ੍ਰਦਾ ਦੇ ਗ੍ਰੰਥ ਅਨੁਸਾਰ। ਵਾਹਿਗੁਰੂ ਕਿਸੇ ਦੇਵੀ ਦੇਵਤੇ ਜਾਂ ਅਵਤਾਰ ਦੇ ਅੱਖਰਾਂ ਦਾ ਮੁਥਾਜ ਨਹੀਂ ਸਗੋਂ ਸੁਤੰਤਰ ਹੈ ਕਿਸੇ ਨੂੰ ਕੋਈ ਹੱਕ ਨਹੀਂ ਇਸ ਦੀ ਵੇਦਾਂਤੀ ਵਿਆਖਿਆ ਕਰੇ। ਸਿੱਖ ਦੇਵੀਆਂ ਜਾਂ ਅਵਤਾਰਾਂ ਦੇ ਪੂਜਕ ਨਹੀਂ ਸਗੋਂ ਇੱਕ ਅਕਾਲ ਦੇ ਪੁਜਾਰੀ ਹਨ। ਸੋ ਪ੍ਰਬੰਧਕ ਸਹਿਬਾਨ ਅਤੇ ਗੁਰ-ਸੰਗਤ ਜੀ! ਇਨ੍ਹਾਂ ਲੰਬੇ ਚੋਲੇ ਵਾਲਿਆਂ ਡੇਰੇਦਾਰ-ਸੰਪ੍ਰਦਾਈਆਂ ਨੂੰ ਸਿੱਖੀ ਨੂੰ ਭਗਵਾਕਰਨ ਕਰਨ ਤੋਂ ਰੋਕੋ ਨਹੀਂ ਤਾਂ ਇਹ ਲੋਕ ਸਮੁੱਚੀ ਬਾਣੀ ਦੀ ਵੇਦਾਂਤੀ ਵਿਆਖਿਆ ਕਰ ਦੇਣਗੇ ਜੋ ਗੁਰਸਿੱਖਾਂ ਨੂੰ ਕਲਪਿਤ, ਕਰਮਕਾਂਡੀ ਵਹਿਮਾਂ-ਭਰਮਾਂ ਦੇ ਬ੍ਰਾਹਮਣਵਾਦ ਰੂਪ ਖਾਰੇ ਸਮੁੰਦਰ ਵੱਲ ਧਕੇਲ ਦੇਵੇਗੀ। ਸੋ ਗੁਰਸਿੱਖੋ! ਆਪ ਵੀ ਵਿਚਾਰਵਾਦੀ ਬਣੋ ਨਿਰਾ ਕਲਪਿਤ ਕੰਨ-ਰਸੀ ਕਥਾ ਕਹਾਣੀਆਂ ਸੁਣਨ ਦੇ ਹੀ ਆਦੀ ਹੀ ਨਾਂ ਬਣੇ ਰਹੋ।

-o-

ਮੁਰਦੇ ਦੀਆਂ ਹੱਡੀਆਂ, ਪਤਾਲਪੁਰੀ ਅਤੇ ਸਾਡੇ ਲੀਡਰ

ਪਤਾਲਪੁਰੀ (ਕੀਰਤਪੁਰ ਸਾਹਿਬ) ਜਾਂ ਗੋਇੰਦਵਾਲ ਸਾਹਿਬ ਵਿਖੇ ਸ਼ਪੈਸ਼ਲ ਮੁਰਦਾਘਾਟ ਬਣਾ ਕੇ, ਮੁਰਦੇ ਦੀਆਂ ਹੱਡੀਆਂ (ਅਸਤੀਆਂ) ਦਾਨ ਦਸ਼ਨਾਂ ਸਮੇਤ ਪਾਉਣ ਦੀ ਕਰਮਕਾਂਡੀ ਸਿਖਿਆ ਸਾਡੇ ਸਿੱਖ ਲੀਡਰਾਂ ਨੇ ਕਿਸੇ ਬ੍ਰਾਹਮਣ, ਡੇਰਾਵਾਦੀ ਸਾਧ ਜਾਂ ਸੰਪ੍ਰਦਾਈ ਟਕਸਾਲੀਆਂ ਤੋਂ ਲਈ ਲਗਦੀ ਹੈ ਵਰਨਾ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਰਹਿਤ ਮਰਯਾਦਾ ਵਿਖੇ ਇਵੇਂ ਕਰਨ ਦੀ ਕੋਈ ਰੀਤ ਨਹੀਂ ਹੈ। ਮੁਰਦੇ ਦੀਆਂ ਹੱਡੀਆਂ ਰਾਖ ਸਮੇਤ ਕਿਤੇ ਵੀ ਵਗਦੇ ਪਾਣੀ ਵਿੱਚ ਜਲ ਪ੍ਰਵਾਹ ਕੀਤੀਆਂ ਜਾ ਸਕਦੀਆਂ ਹਨ ਜਾਂ ਕਿਤੇ ਵੀ ਧਰਤੀ ਵਿੱਚ ਦੱਬੀਆਂ ਜਾ ਸਕਦੀਆਂ ਹਨ। ਆਓ ਇਸ ਬਾਰੇ ਹੋਰ ਵਿਸਥਾਰ ਨਾਲ ਵਿਚਾਰ ਕਰੀਏ! ਸਿੱਖ-ਸਿੱਖਣਵਾਲਾ, ਲੀਡਰ-ਆਗੂ, ਪਤਾਲਪੁਰੀ-ਪਤਾਲ ਦੀ ਨਗਰੀ, ਮੁਰਦੇ-ਮਰ ਚੁੱਕੇ, ਹੱਡੀਆਂ-ਅਸਤੀਆਂ, ਹਰਦੁਵਾਰ-ਹਿੰਦੂਆਂ ਦੀਆਂ ਸੱਤ ਪਵਿਤਰ ਨਗਰੀਆਂ ਚੋਂ ਇੱਕ ਨਗਰੀ, ਪਾਂਡੇ-ਵਹੀ ਖਾਤੇ ਲਿਖਣ ਅਤੇ ਧਰਮ-ਕਰਮ ਦੀਆਂ ਰਸਮਾਂ ਨਿਭਾਉਣ ਵਾਲੇ ਬ੍ਰਾਹਮਣ, ਡੇਰਾਵਾਦੀ ਸਾਧ-ਧਰਮ ਦੇ ਨਾਂ ਤੇ ਵੱਖਰੇ ਡੇਰੇ ਪੈਦਾ ਕਰਕੇ ਜਨਤਾ ਨੂੰ ਲੁੱਟਣ ਵਾਲੇ ਭੇਖੀ ਆਦਿਕ। ਸਿੱਖ ਰਹਿਤਮਰਯਾਦਾ ਅਨੁਸਾਰ ਇਹ ਸੰਸਕਾਰ ਮੰਨੇ ਗਏ ਹਨ। ਜਨਮ, ਅੰਮ੍ਰਿਤ, ਅਨੰਦ ਅਤੇ ਮ੍ਰਿਤਕ ਸੰਸਕਾਰ ਆਦਿਕ। ਸਿੱਖ ਇੱਕ ਵੱਖਰੀ (ਵਿਲੱਖਣ) ਕੌਮ ਹੈ ਅਤੇ ਇਸ ਦੇ ਜਨਮ ਤੋਂ ਮਰਨ ਤੱਕ ਸਾਰੇ ਧਰਮ-ਕਰਮ-ਕਾਰਨਾਮੇ-ਸੰਸਕਾਰ ਵੀ ਵਿਲੱਖਣ ਹਨ। ਇਨ੍ਹਾਂ ਸੰਸਕਾਰਾਂ ਦੀ ਵਿਆਖਿਆ ਸਿੱਖ ਰਹਿਤ ਮਰਯਾਦਾ ਵਿੱਚ ਵੀ ਕੀਤੀ ਹੋਈ ਹੈ।

ਜਨਮ ਸੰਸਕਾਰ- ਜਦ ਸਿੱਖ ਦੇ ਘਰ ਕਿਸੇ ਬੱਚੇ ਜਾਂ ਬੱਚੀ ਦਾ ਜਨਮ ਹੋਵੇ, ਜਦ ਮਾਂ ਤੁਰਨ-ਫਿਰਨ ਅਤੇ ਇਸ਼ਨਾਨ ਕਰਨਯੋਗ ਹੋ ਜਾਵੇ (ਕਿਸੇ ਚਾਲੀ ਦਿਨਾਂ ਦੇ ਚਾਲੀਸੇ ਦੀ ਕੋਈ ਲੋੜ ਨਹੀਂ) ਤਾਂ ਟੱਬਰ ਅਤੇ ਸਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦ ਲੈ ਕੇ ਜਾਣ, ਗੁਰਬਾਣੀ ਦਾ ਪਾਠ, ਕੀਰਤਨ ਜਾਂ ਵਿਖਿਆਣ ਤੋਂ ਬਾਅਦ ਅਰਦਾਸ ਕਰਕੇ, ਗੁਰੂ ਗ੍ਰੰਥ ਸਾਹਿਬ ਚੋਂ ਹੁਕਮਨਾਮਾ ਲਿਆ ਜਾਵੇ ਅਤੇ ਸ਼ਬਦ ਦੇ ਪਹਿਲੇ ਅੱਖਰ ਤੋਂ ਨਾਮ ਰੱਖਿਆ ਜਾਵੇ। ਜੇ ਲੜਕਾ ਹੈ ਤਾਂ ਨਾਮ ਨਾਲ ਸਿੰਘ ਜੇ ਲੜਕੀ ਹੈ ਤਾਂ ਕੌਰ ਪਦ ਦੀ ਵਰਤੋਂ ਕੀਤੀ ਜਾਵੇ। ਜਨਮ ਦੇ ਸਬੰਧ ਵਿੱਚ ਖਾਣ-ਪੀਣ ਵਿੱਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ ਕਿਉਂਕਿ-

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥ (੪੭੨)

ਅੰਮ੍ਰਿਤ ਸੰਸਕਾਰ- ਜਦ ਬੱਚਾ ਜਾਂ ਬੱਚੀ ਸੁਰਤ ਸੰਭਾਲ ਕੇ ਆਪਣੀ ਕਿਰਿਆ-ਕਰਮ ਕਰਨ ਦੇ ਯੋਗ ਹੋ ਜਾਣ ਤਾਂ ਉਨ੍ਹਾਂ ਨੂੰ ਗੁਰਮੁਖੀ ਅੱਖਰ ਸਿਖਾ ਕੇ ਗੁਰਬਾਣੀ ਪੜ੍ਹਨੀ ਵਿਚਾਰਨੀ ਸਿਖਾਈ ਜਾਵੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਗੁਰਮੁਖ ਪਿਆਰੇ ਪੰਜਾਂ ਪਿਆਰਿਆਂ ਤੋਂ ਖੰਡੇ ਦੀ ਪਾਹੁਲ ਦੇ ਕੇ, ਗੁਰਮਤਿ ਮਰਯਾਦਾ ਦ੍ਰਿੜ ਕਰਵਾਈ ਜਾਵੇ ਅਤੇ ਦੱਸਿਆ ਜਾਵੇ ਕਿ ਅੱਜ ਤੋਂ ਤੁਹਾਡਾ ਗੁਰੂ, ਗੁਰੂ ਗ੍ਰੰਥ ਸਾਹਿਬ ਹੀ ਹੈ। ਇਸ ਗੁਰੂ ਤੋਂ ਬਿਨਾਂ ਹੋਰ ਕਿਸੇ ਜਣੇ-ਖਣੇ ਸਾਧ-ਸੰਤ ਨੂੰ ਮੱਥਾ ਨਹੀਂ ਟੇਕਣਾ ਸਗੋਂ ਸਭ ਨੂੰ ਫਤਹਿ ਹੀ ਬੁਲਾਉਣੀ ਹੈ। ਕਿਸੇ ਪਾਖੰਡੀ ਸਾਧ ਦੇ ਡੇਰੇ ਜਾਂ ਮੜੀ-ਮੱਟ ਤੇ ਨਹੀਂ ਜਾਣਾ ਸਗੋਂ ਗੁਰਬਾਣੀ ਨੇਮ ਨਾਲ ਪੜ੍ਹਨੀ ਵਿਚਾਰਨੀ ਅਤੇ ਉਸ ਅਨੁਸਾਰ ਅਮਲੀ ਜੀਵਨ ਜੀਣਾ ਹੈ। ਜਿਸ ਪ੍ਰਾਣੀ ਦਾ ਇਹ ਸੰਸਕਾਰ

ਬਚਪਨ ਵਿੱਚ ਨਹੀਂ ਹੋਇਆ ਕਦੇ ਵੀ ਹੋ ਸਕਦਾ ਹੈ।

ਅਨੰਦ ਸੰਸਕਾਰ- ਜਦ ਲੜਕਾ ਜਾਂ ਲੜਕੀ ਮਨ, ਕਰਮ, ਅਤੇ ਸਰੀਰ ਕਰਕੇ ਯੋਗ ਹੋ ਜਾਣ ਤਾਂ ਉਨ੍ਹਾਂ ਦੀ ਵਿਦਿਆ, ਆਯੂ ਅਤੇ ਆਰਥਕ ਬਰਾਬਰਤਾ ਆਦਿਕ ਗੁਣ ਦੇਖ ਕੇ ਜਾਤ-ਪਾਤ ਤੋਂ ਉਪਰ ਉੱਠ ਕੇ ਰਿਸ਼ਤਾ ਕਰਨਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਅਨੰਦ ਕਾਰਜ ਵਿਆਹ ਕਰਨਾ ਚਾਹੀਦਾ ਹੈ। ਵਿਆਹ ਵੇਲੇ ਜੈ ਮਾਲਾ ਪੌਣੀ ਜਾਂ ਵੇਦੀ ਦੁਆਲੇ ਫੇਰੇ ਕਰਨੇ ਮਨਮਤ ਹਨ। ਵਿਆਹ ਵੇਲੇ ਸ਼ਰਾਬ ਆਦਿਕ ਨਸ਼ੇ ਵਰਤਨੇ ਅਤੇ ਦਾਜ-ਦਹੇਜ ਮੰਗਣਾ ਅਤੇ ਇਸ ਦਾ ਵਿਖਾਲਾ ਕਰਨਾ ਵੀ ਭਾਰੀ ਮਨਮਤ ਹੈ। ਪਤੀ-ਪਤਨੀ ਆਪਣੇ ਆਪ ਨੂੰ ਸਮਾਜਿਕ ਤੌਰ ਤੇ ਬਰਾਬਰ ਸਮਝਣ ਅਤੇ ਅਕਾਲ ਪੁਰਖ ਦੀ ਰਹਿਮਤ ਸਦਕਾ ਪ੍ਰਵਾਰਕ ਵਾਧੇ ਵਿੱਚ ਲੜਕੀ-ਲੜਕੇ ਨੂੰ ਬਰਾਬਰ ਸਮਝਿਆ ਜਾਵੇ ਕਿਉਂਕਿ ਧੀਆਂ-ਪੁੱਤ ਸਭ ਕਰਤੇ ਦੀ ਦਾਤ ਹਨ।

ਮ੍ਰਿਤਕ ਸੰਸਕਾਰ- (ਮੁਰਦਾ ਦੇਹ ਨੂੰ ਬਿਲੇ ਲਾਉਣ ਦਾ ਕਿਰਿਆਕਰਮ) ਸਿੱਖ ਰਹਿਤ ਮਰਯਾਦਾ ਅਨੁਸਾਰ (ਅ) ਜੇ ਪ੍ਰਾਣੀ ਮਰਨ ਵੇਲੇ ਮੰਜੇ ਤੇ ਹੋਵੇ ਤਾਂ ਹੇਠ ਨਹੀਂ ਉਤਾਰਨਾ, ਦੀਵਾ-ਵੱਟੀ, ਗਊ ਮਣਸਾਉਣਾ ਜਾਂ ਹੋਰ ਮਨਮਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ ਹੀ ਉਚਾਰਣ ਕਰਨਾ ਹੈ। (ਅ) ਪ੍ਰਾਣੀ ਦੇ ਦੇਹ ਤਿਆਗਣ ਤੇ ਧਾਹ ਨਹੀਂ ਮਾਰਨੀ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ, ਮਨ ਨੂੰ ਵਾਹਿਗੁਰੂ ਦੀ ਰਜਾ ਵਿੱਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ ਜਾਪ ਹੀ ਚੰਗਾ ਹੈ। (ੲ) ਪ੍ਰਾਣੀ ਭਾਵੇਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ। ਜਿੱਥੇ ਸਸਕਾਰ ਦਾ ਪ੍ਰਬੰਦ ਨਾਂ ਹੋ ਸਕੇ ਓਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਨ ਤੋਂ ਸ਼ੰਕਾ ਨਹੀਂ ਕਰਨੀ। (ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ। (ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾਕੇ ਸੁਵੱਸ਼ ਬਸਤ੍ਰ ਪਾਏ ਜਾਣ ਤੇ ਕਕਾਰ ਜੁਦਾ ਨਾਂ ਕੀਤੇ ਜਾਣ। ਫਿਰ ਤਖਤੇ ਉੱਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧ ਕੇ ਅਰਥੀ ਨੂੰ ਸ਼ਮਸ਼ਾਨ ਭੂਮੀ ਵੱਲ ਲਿਜਾਂਦੇ ਸਮੇਂ ਵੈਰਾਗਮਈ ਸ਼ਬਦਾਂ ਦਾ ਉਚਾਰਣ ਕੀਤਾ ਜਾਵੇ। ਸਸਕਾਰ ਦੀ ਥਾਂ ਤੇ ਪਹੁੰਚ ਕੇ ਚਿਖਾ ਰਚਕੇ ਸਰੀਰ ਨੂੰ ਅਗਨ ਭੇਂਟ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉੱਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿੱਥ ਤੇ ਬੈਠ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰਾਂ ਬਲ ਉੱਠੇ ਤਾਂ ਸੋਹਿਲੇ ਦਾ ਪਾਠ ਕਰ, ਅਰਦਾਸਾ ਸੋਧ, ਸੰਗਤ ਮੁੜ ਆਵੇ (ਕੋਈ ਕਪਾਲ ਕਿਰਿਆ-ਮੁਰਦੇ ਦੇ ਸਿਰ ਸੋਟਾ ਮਾਰਨਾ ਕਿ ਬ੍ਰਹਮਰੁੰਦਰ ਫੋੜਿਆ ਹੈ ਆਦਿ ਨਹੀਂ ਕਰਨੀ) ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਪ੍ਰਾਣੀ ਨਮਿਤ ਵਿੱਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ, ਪਾਠ ਦੇ ਦਿਨਾਂ ਦੀ ਗਿਣਤੀ ਮੁਕਰਰ ਨਹੀਂ, ਪ੍ਰਵਾਰ ਅਤੇ ਸਬੰਧੀ ਰਲ ਕੇ ਪਾਠ ਕਰਨ। ਜੇ ਹੋ ਸਕੇ ਤਾਂ ਹਰ ਰੋਜ ਰਾਤ ਨੂੰ ਕੀਰਤਨ ਭੀ ਹੋਵੇ, ਇਸ ਪਿੱਛੋਂ ਚਲਾਣੇ ਦੀ ਕ੍ਰੋਈ ਰਸਮ ਬਾਕੀ ਨਹੀਂ ਰਹਿ ਜਾਂਦੀ। (ਕ) ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਜਲ ਪ੍ਰਵਾਹ ਕਰ ਦਿੱਤੀ ਜਾਵੇ ਜਾਂ ਓਥੇ ਹੀ ਦਬਾ ਦਿੱਤੀ ਜਾਵੇ। ਸਸਕਾਰ ਅਸਥਾਨ ਤੇ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ। (ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁੱਢਾ ਮਰਨਾ ਆਦਿ ਕਰਨਾ ਮਨਮਤ ਹੈ। ਨੋਟ-ਅੰਗੀਠੇ ਵਿੱਚੋਂ ਫੁੱਲ ਚੁਗ

ਕੇ (ਹੱਡੀਆਂ ਇਕੱਠੀਆਂ ਕਰਕੇ) ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿੱਚ ਜਾ ਕੇ ਪਾਣੇ ਭਾਰੀ ਮਨਮਤ ਹੈ। (ਸਿੱਖ ਰਹਿਤ ਮਰਯਾਦਾ) ਉਪ੍ਰੋਕਤ ਹਵਾਲਾ ਦਾਸ ਨੇ ਸਿੱਖ ਰਹਿਤ ਮਰਯਾਦਾ ਚੋਂ ਦਿੱਤਾ ਹੈ ਪਰ ਜਦੋਂ ਅਸੀਂ ਇਸ ਬਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਗੁਰਮਤਿ ਵਿੱਚ ਬ੍ਰਾਹਮਣੀ ਕਰਮਕਾਂਡਾਂ ਦਾ ਭਰਵਾਂ ਖੰਡਨ ਹੈ। ਗੁਰੂ ਨਾਨਕ ਸਾਹਿਬ ਵੀ ਆਸਾ ਰਾਗ ਵਿੱਚ ਫੁਰਮਾਂਦੇ ਹਨ ਕਿ-

ਆਸਾ ਮਹਲਾ ੧ ॥ ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲ॥
ਉਨਿ ਚਾਨਣਿ ਓਹੁ ਸੋਖਿਆ ਜਮ ਸਿਉ ਚੂਕਾ ਮੇਲੁ॥੧॥
ਲੋਕਾ ਮਤ ਕੋ ਫਕੜਿ ਪਾਇ॥
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥੧॥ ਰਹਾਉ॥
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥
ਐਥੇ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥੨॥
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ॥੩॥
ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ॥੪॥੨॥੩੨॥ (੩੫੮)

ਭਾਵ: ਪ੍ਰਭੂ ਦਾ ਨਾਮ ਹੀ ਦੀਵਾ ਹੈ ਅਤੇ ਰੱਬੀ ਵਿਛੋੜੇ ਦਾ ਦੁਖ ਉਸ ਵਿੱਚ ਮੈਂ ਤੇਲ ਪਾਇਆ ਹੈ। ਉਸਦੇ ਪ੍ਰਕਾਸ਼ ਨਾਲ ਅਗਿਆਨਤਾ ਦਾ ਅੰਧੇਰਾ ਦੂਰ ਹੁੰਦਾ ਹੈ ਅਤੇ ਆਤਮਕ ਮੌਤ ਦਾ ਜਮ ਨੇੜੇ ਨਹੀਂ ਅਉਂਦਾ। ਲੋਕੋ ਮਤਾਂ ਮੇਰਾ ਮਖੌਲ ਉਡਾਉ! ਜਿਵੇਂ ਲੱਖਾਂ ਮਣਾਂ ਲੱਕੜਾਂ ਨੂੰ ਅੱਗ ਦੀ ਇੱਕ ਰੱਤੀ ਜਿਨ੍ਹੀ ਚਿਣਗ ਹੀ ਸਾੜ ਕੇ ਸੁਵਾਹ ਕਰ ਦਿੰਦੀ ਹੈ। ਇਹ ਜਿਹੜੇ ਤੁਸੀਂ ਗਯਾ ਜਾ ਕੇ ਪਿੰਡ ਭਰੌਂਦੇ, ਪੱਤਲਾਂ ਤੇ ਜੌਆਂ ਦੇ ਪੇੜੇ ਮਨਸਦੇ ਹੋ ਅਤੇ ਹਰਿਦੁਵਾਰ ਮੁਰਦੇ ਦੀਆਂ ਹਡੀਆਂ ਪੌਣੀਆਂ ਆਦਿਕ ਕਰਮਕਾਂਡ ਕਰਦੇ ਹੋ,ਇਹ ਮੇਰੇ ਲਈ ਸਭ ਪ੍ਰਮਾਤਮਾਂ ਅਤੇ ਕਰਤਾਰ ਦਾ ਨਾਮ ਹੀ ਕਿਰਿਆ ਕਰਮ ਹੈ ਜੋ ਹਰ ਥਾਂ ਮੇਰਾ ਆਸਰਾ ਹੈ। ਮੇਰੇ ਲਈ ਪ੍ਰਭੂ ਦੀ ਸਿਫਤ ਸਲਾਹ ਹੀ ਗੰਗਾ ਅਤੇ ਬਨਾਰਸ ਹੈ ਜਿਸ ਵਿੱਚ ਮੈਂ ਆਪਣੇ ਆਪ ਦਾ ਇਸ਼ਨਾਨ ਕਰਦਾ ਹਾਂ। ਰਾਤ ਦਿਨ ਪ੍ਰਭੂ ਪ੍ਰੇਮ ਹੀ ਅਸਲ ਤੀਰਥ ਇਸ਼ਨਾਨ ਹੈ। ਲੋਕੀਂ ਜੋ ਮਰ ਗਏ ਪਿਤਰਾਂ ਲਈ ਕੁਛਾ ਵਿਛਾ ਕੇ ਪਿੰਡ ਮਣਸ ਦੇ ਹਨ ਉਹ ਤਾਂ (ਛਮਿਛਰੀ) ਧਰਤੀ ਦੇ ਪਿਤਰ (ਲੋਕੀਂ) ਅਤੇ ਬ੍ਰਾਹਮਣ ਹੀ ਖਾ ਜਾਂਦਾ ਹੈ। ਹੇ ਨਾਨਕ ਕਰਤਾਰ ਦੀ ਬਖਸ਼ਿਸ਼ ਦਾ ਪਿੰਡ (ਪਿਤਰਾਂ ਨਮਿਤ ਸਮਗਰੀ ਦਾਨ) ਤਾਂ ਕਦੇ ਮੁਕਦਾ ਹੀ ਨਹੀਂ। ਗੁਰੂ ਅਮਰਦਾਸ ਜੀ ਵੀ ਆਪਣੇ ਸਰੀਰਕ ਅੰਤ ਵੇਲੇ ਸਮੂੰਹ ਸਿੱਖਾਂ ਨੂੰ ਸਿਖਿਆ ਦਿੰਦੇ ਹਨ ਕਿ-

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥
ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥
ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ॥
ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ॥ (੯੨੩)

ਮੇਰੇ ਸਰੀਰ ਛੱਡਣ ਤੋਂ ਬਾਅਦ ਕਿਸੇ ਨੇ ਰੋਣਾ ਨਹੀਂ ਸਗੋਂ ਪ੍ਰਭੂ ਦੀ ਕੀਰਤੀ ਹੀ ਕਰਨੀ ਹੈ

ਅਤੇ ਕੇਸੋ ਗੋਪਾਲ ਪ੍ਰਭੂ ਦੇ ਪੰਡਿਤਾਂ ਭਾਵ ਵਿਦਵਾਨਾਂ ਤੋਂ ਹਰੀ ਪ੍ਰਭੂ ਦੀ ਸਿਫਤ ਸਲਾਹ ਰੂਪ ਪੁਰਾਨ ਦੀ ਕਥਾ ਹੀ ਕਰਾਉਣੀ ਹੈ। ਕੋਈ ਬੁੱਢਾ ਮਰੇ ਦਾ ਬੇਬਾਣ ਨਹੀਂ ਕੱਢਣਾ, ਪ੍ਰਭੂ ਪ੍ਰਤੀ ਪਿਆਰ ਹੀ ਮੇਰੇ ਲਈ ਬੇਬਾਣ, ਪਿੰਤ, ਪੱਤਲ ,ਕਿਰਿਆ ,ਦੀਵਾ, ਫੁੱਲ ਅਤੇ ਹਰਸਰ ਹੈ। ਗੁਰੂ ਇਹ ਸਾਰੀ ਕਿਰਿਆ ਸੰਗਤ ਤੋਂ ਕੁਰਬਾਨ ਕਰਦਾ ਹੈ। (ਵਿਸਥਾਰ ਲਈ ਪ੍ਰੋ ਸਾਹਿਬ ਸਿੰਘ ਦੇ ਟੀਕੇ ਚੋਂ ਦੇਖਿਆ ਜਾ ਸਕਦਾ ਹੈ) ਗੁਰੂ ਸਾਹਿਬ ਨੇ ਕਿਤੇ ਵੀ ਹਰਿਦਵਾਰ ਦੀ ਥਾਂ ਕੀਰਤਪੁਰ ਜਾਂ ਗੋਇੰਦਵਾਲ ਸਾਹਿਬ ਵਿਖੇ ਮੁਰਦੇ ਦੀਆਂ ਹੱਡੀਆਂ ਪਾਉਣ ਦੀ ਹਦਾਇਤ ਨਹੀਂ ਕੀਤੀ। ਹੋਰ ਵੀ ਫੁਰਮਾਨ ਹੈ-

ਜੇ ਮਿਰਤਕ ਕਉ ਚੰਦਨੁ ਚੜਾਵੈ॥ ਉਸ ਤੇ ਕਹਹੁ ਕਵਨ ਫਲ ਪਾਵੈ॥
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ॥
ਤਾਂ ਮਿਰਤਕ ਕਾ ਕਿਆ ਘਟਿ ਜਾਈ॥੩॥ (੧੧੬੦)

ਮ੍ਰਿਤਕ ਸਰੀਰ ਨੂੰ ਬਿਲੇ ਲੌਣ ਦੇ ਕਈ ਤਰੀਕੇ ਹਨ-

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ॥੨॥ (੬੪੮)

ਜਿਵੇਂ ਦਾਹ ਸਸਕਾਰ ਕਰਨਾ, ਪਾਣੀ ਵਿੱਚ ਪ੍ਰਵਾਹ ਕਰ ਦੇਣਾ, ਕੁਤੇ ਆਦਿਕ ਪਸ਼ੂਆਂ ਨੂੰ ਖਵਾ ਦੇਣਾ, ਖੂਹ ਵਿੱਚ ਸੁੱਟ ਦੇਣਾਂ ਅਤੇ ਮਿੱਟੀ ਵਿੱਚ ਦਬਾ ਦੇਣਾ ਆਦਿਕ। ਦਾਹ ਸਸਕਾਰ ਦਾ ਤਰੀਕਾ ਸਭ ਤੋਂ ਵਧੀਆ ਹੈ, ਇਸ ਨਾਲ ਵਾਤਾਵਰਣ ਸ਼ੁੱਧ ਰਹਿੰਦਾ ਹੈ ਅਤੇ ਬਦਬੂ ਅਤੇ ਬੀਮਾਰੀਆਂ ਵੀ ਨਹੀਂ ਫੈਲਦੀਆਂ। ਮੁਰਦਾ ਸਰੀਰ ਤਾਂ ਮਿੱਟੀ ਦੀ ਢੇਰੀ ਹੈ ਭਾਵੇਂ ਉਸ ਤੇ ਚੰਦਨ ਚੜ੍ਹਾ ਦਿੱਤਾ ਜਾਵੇ ਤੇ ਭਾਵੇਂ ਵਿਸ਼ਟਾ ਆਦਿਕ ਗੰਦ ਵਿੱਚ ਸੁੱਟ ਦਿੱਤਾ ਜਾਵੇ, ਮੁਰਦਾ ਸਰੀਰ ਨੂੰ ਕੋਈ ਫਰਕ ਨਹੀਂ ਪੈਂਦਾ। ਬ੍ਰਾਹਮਣਾਂ ਨੇ ਆਪਣੀ ਪੇਟ ਪੂਰਤੀ ਲਈ ਹਿੰਦੂ ਜਨਤਾ ਵਿੱਚ ਇਸ ਭਰਮ ਦਾ ਪ੍ਰਚਾਰ ਕਰ ਦਿੱਤਾ ਸੀ ਕਿ ਮ੍ਰਿਤਕ ਪ੍ਰਾਣੀ ਦੀਆਂ ਅਸਤੀਆਂ (ਫੁੱਲ) ਹਰਿਦੁਆਰ ਪਾ ਕੇ, ਬ੍ਰਾਹਮਣ ਨੂੰ ਦਾਨ ਦਸ਼ਣਾ ਦੇਣ ਨਾਲ ਮ੍ਰਿਤਕ ਪ੍ਰਾਣੀ ਦੀ ਮੁਕਤੀ ਹੋ ਜਾਂਦੀ ਹੈ। ਗੁਰਮਤਿ ਦਾ ਸਿਧਾਂਤ ਮਰਨ ਬਾਅਦ ਮੁਕਤੀ ਨੂੰ ਨਹੀਂ ਮੰਨਦਾ- **ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮਕਤਿ ਕਿਨਿ ਪਾਈ॥** (੯੩) ਭਗਤ ਨਾਮਦੇਵ ਜੀ ਵੀ ਫੁਰਮਾਂਦੇ ਹਨ- **ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕਇਲਾ॥** (੧੨੯੨) ਗੁਰਮਤਿ ਦਾ ਸਿਧਾਂਤ ਤਾਂ ਜਿੰਦੇ ਜੀਅ ਜੀਵਨ ਮੁਕਤ ਹੋਣ ਦਾ ਹੈ-

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆਂ, ਖੇਲੰਦਿਆਂ, ਪੈਨੰਦਿਆਂ, ਖਾਵੰਦਿਆਂ ਵਿਚੇ ਹੋਵੇ ਮੁਕਿਤ॥ (੫੨੨)

ਗੁਰਮਤਿ ਕਿਸੇ ਵਿਸ਼ੇਸ਼ ਥਾਂ ਨੂੰ ਰੱਬ ਦਾ ਘਰ ਜਾਂ ਪਵਿਤ੍ਰ ਨਹੀਂ ਮੰਨਦੀ। ਸੰਸਾਰੀ ਗ੍ਰਿਹਸਤ ਵਿੱਚ ਰਹਿੰਦਿਆਂ ਦਸਾਂ ਨੌਹਾਂ ਦੀ ਕਿਹਤ ਕਮਾਈ ਕਰ, ਵੰਡ ਛਕ, ਨਾਮ ਜਪ (ਰੱਬ ਨੂੰ ਸਦਾ ਯਾਦ ਰੱਖ) ਹਸਦੇ, ਖੇਡਦੇ, ਖਾਂਦੇ, ਪੀਂਦੇ ਘਰ ਪ੍ਰਵਾਰ ਵਿੱਚ ਵਿਚਰਦੇ ਹੋਏ, ਮੋਹ ਮਾਇਆ ਅਤੇ ਵਿਸ਼ੇ ਵਿਕਾਰਾਂ ਤੋਂ ਮੁਕਤ ਹੋਣਾ ਹੀ ਗੁਰਮਤਿ ਦੀ ਜੀਵਨ ਮੁਕਤੀ ਹੈ। ਜਿਵੇਂ ਹਰਿਦੁਆਰੀ ਬ੍ਰਾਹਮਣ ਹਿੰਦੂ ਜਨਤਾ ਨੂੰ ਫੋਕਟ ਕਰਮਕਾਂਡਾ ਵਿੱਚ ਪਾ ਕੇ ਲੁੱਟਦੇ ਸਨ ਉਵੇਂ ਹੀ ਕਾਂਸ਼ੀ ਤੋਂ ਪੜ੍ਹ ਕੇ ਆਏ ਨਿਰਮਲੇ, ਉਦਾਸੀ, ਡੇਰੇਦਾਰ, ਸੰਪ੍ਰਦਾਈ ਸੰਤ ਬਾਬਿਆਂ ਅਤੇ ਉਨ੍ਹਾਂ

ਦੇ ਲਿਖਾਰੀਆਂ ਨੇ ਸਿੱਖ ਧਰਮ ਵਿੱਚ ਵੀ ਬ੍ਰਾਹਮਣੀ ਕਰਮਕਾਂਡ ਘਸੋੜ ਦਿੱਤੇ, ਹਰਿਦਵਾਰ ਦੀ ਥਾਂ ਕੀਰਤਪੁਰ ਪਤਾਲਪੁਰੀ ਬਣਾ ਲਈ, ਕਰਤਾਰਪੁਰ ਅਤੇ ਗੋਇੰਦਵਾਲ ਸਾਹਿਬ ਵਿਖੇ ਵੀ ਡੇਰੇ ਲਾ ਕੇ ਸਿੱਖਾਂ ਨੂੰ ਫੁੱਲ ਪ੍ਰਵਾਹ ਦੇ ਨਾਂ ਤੇ ਲੁੱਟਣਾਂ ਸ਼ੁਰੂ ਕਰ ਦਿੱਤਾ। ਜਿੱਥੇ ਫੁੱਲ ਪਾਏ ਜਾਂਦੇ ਹਨ ਓਥੇ ਨਾਲ-ਨਾਲ ਸੋਨਾ, ਚਾਦੀ, ਰੁਪਿਆ ਪੈਸਾ ਅਤੇ ਬਸਤ੍ਰ-ਭਾਂਡੇ ਵੀ ਅਰਪਨ ਕੀਤੇ ਜਾ ਰਹੇ ਹਨ। ਤੁਸੀਂ ਓਥੋਂ ਹੀ ਖ਼੍ਰੀਦ ਕੇ ਓਥੇ ਹੀ ਭੇਟ ਕਰ ਸਕਦੇ ਹੋ। ਸਾਡੇ ਵੱਡੇ-ਵੱਡੇ ਸੰਤ ਬਾਬੇ ਅਤੇ ਸਿੱਖ ਲੀਡਰ ਜਲੂਸ ਦੀ ਸ਼ਕਲ ਵਿੱਚ ਪ੍ਰਦਰਸ਼ਨੀ ਕਰਦੇ ਹੋਏ, ਮੁਰਦੇ ਦੀਆਂ ਹੱਡੀਆਂ (ਫੁੱਲਾਂ) ਨੂੰ ਮਹਿੰਗੇ-ਮਹਿੰਗੇ ਕਲਸਾਂ ਵਿੱਚ ਪਾ ਕੇ ਲੈ ਜਾਂਦੇ ਹੋਏ, ਗੁਰ ਸਿਧਾਂਤਾਂ ਦਾ ਕਤਲ ਕਰਦੇ ਹਨ। ਇੱਕ ਪਾਸੇ ਕਹਿੰਦੇ ਹਨ *ਹਮ ਹਿੰਦੂ ਨਹੀ* ਸਾਡੀ ਵੱਖਰੀ ਕੌਮ ਅਤੇ ਵੱਖਰੇ ਰਸਮੋਂ ਰਿਵਾਜ ਹਨ। ਗੁਰਬਾਣੀ ਵੀ ਫੁਰਮਾਂਦੀ ਹੈ-

ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥ (੧੧੩੬)

ਬਹੁਤੇ ਗੁਰਦੁਆਰਿਆਂ ਵਿੱਚ ਗੁਰਬਾਣੀ ਨੂੰ ਡੀਪਲੀ ਵਿਚਾਰਨ ਤੀ ਥਾਂ ਤੋਤਾ ਰਟਨੀ ਪਾਠ ਪੂਜਾ ਅਤੇ ਥੋਥੇ ਕਰਮਕਾਂਡ ਹੀ ਕੀਤੇ-ਕਰਵਾਏ ਜਾ ਰਹੇ ਹਨ। ਪੁੰਨਿਆਂ, ਮਸਿਆ, ਪੰਚਕਾਂ, ਹੋਲੀਆਂ ਅਤੇ ਲੋਹੜੀਆਂ ਵੀ ਗੁਰਦੁਆਰਿਆਂ ਵਿੱਚ ਮਨਾਈਆਂ ਜਾ ਰਹੀਆਂ ਹਨ। ਇੱਥੋਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਧਾਰਮਿਕ ਅਤੇ ਰਾਜਨੀਤਕ ਲੀਡਰਾਂ ਨੇ ਮੁਰਦੇ ਦੇ ਹੱਡ (ਫੁੱਲ) ਪਤਾਲਪੁਰੀ ਵਿੱਚ ਪਾਉਣੇ ਹਰਿਦੁਆਰੀ ਪਾਂਡਿਆਂ ਅਤੇ ਸੰਪ੍ਰਦਾਈ ਡੇਰੇਦਾਰ ਸਾਧਾਂ ਕੋਲੋਂ ਹੀ ਸਿੱਖੇ ਹਨ, ਗੁਰੂ ਸਾਹਿਬ ਨੇ ਸਾਨੂੰ ਸੰਤ-ਸਿਪਾਹੀ ਬਣਾ ਕੇ *ਸਿੰਘ ਅਤੇ ਕੌਰ* ਦਾ ਲਕਬ ਦਿੱਤਾ ਸੀ, ਗਿਦੜਾਂ ਤੋਂ ਸ਼ੇਰ ਬਣਾਇਆ ਸੀ ਪਰ ਅੱਜ ਸਾਡੇ ਖੋਤੇਨੂੰ ਅਖੋਤੀ ਸੰਤਾਂ, ਪ੍ਰਚਾਰਕਾਂ ਅਤੇ ਲੀਡਰਾਂ ਨੇ ਖੱਲ (ਬਾਣਾ) ਸ਼ੇਰਾਂ ਵਾਲਾ ਪਾਇਆ ਹੋਇਆ ਹੈ ਅਤੇ ਕਰਮ ਖੋਤਿਆਂ (ਕਰਮਕਾਂਡੀਆਂ) ਵਾਲੇ ਕਰ ਰਹੇ ਹਨ। ਅੱਜ ਸਾਨੂੰ ਖੋਤੇ ਅਤੇ ਸ਼ੇਰ, ਕੇਸਾਧਾਰੀ ਬ੍ਰਾਹਮਣ ਅਤੇ ਗੁਰਸਿੱਖ ਦੀ ਪਛਾਣ ਗੁਰਬਾਣੀ ਦੇ ਸਿਧਾਂਤਾਂ ਅਤੇ ਸਿੱਖ ਰਹਿਤ ਮਰਯਾਦਾ ਦੀ ਕਸਵੱਟੀ ਤੇ ਕਰਨੀ ਚਾਹੀਦੀ ਹੈ ਨਹੀਂ ਤਾਂ ਇਹ ਭੇਖੀ, ਮਾਇਆਧਾਰੀ ਸੰਤ ਬਾਬੇ, ਪ੍ਰਚਾਰਕ ਅਤੇ ਲੀਡਰ ਸਿੱਖਾਂ ਨੂੰ ਵੀ ਬ੍ਰਾਹਮਣ ਵਾਂਗ ਕਰਮਕਾਂਡੀ ਸਿੱਖ ਬਣਾ ਕੇ ਸਦਾ ਲੁੱਟਦੇ ਰਹਿੰਣਗੇ, ਸਿੱਖ ਰਹੁਰੀਤਾਂ ਅਤੇ ਸਿਧਾਂਤਾਂ ਦਾ ਭਗਵਾਕਰਣ ਕਰ ਦੇਣਗੇ। ਅਕਾਸ਼! ਅਸੀਂ ਗੁਰੂ ਸਿਧਾਤਾਂ ਨੂੰ ਕਦੇ ਸਮਝਾਂਗੇ ਵੀ ਜਾਂ ਕੇਵਲ ਪਾਠ ਕਰਾ ਕੇ, ਭੇਟਾ ਚੜ੍ਹਾ ਕੇ, ਫੋਕੇ ਮੱਥੇ ਹੀ ਟੇਕੀ ਜਾਵਾਂਗੇ।

-O-

ਕੀ ਬਾਹਰਲੇ ਵੇਸ-ਭੇਖ ਧਰਮ ਮੰਨੇ ਜਾ ਸਕਦੇ ਹਨ?

ਰੱਬ ਦੇ ਬਣਾਏ ਕੁਦਰਤੀ ਨਿਯਮਾਂ ਨੂੰ ਧਾਰਨ ਕਰਨਾ ਹੀ ਧਰਮ ਹੈ। ਭੇਖ ਸੰਸਕ੍ਰਿਤ ਦਾ ਲਫ਼ਜ ਹੈ ਜਿਸ ਦਾ ਅਰਥ ਹੈ ਭੇਸ, ਬਾਹਰੀ ਪਹਿਰਾਵਾ, ਚਿੰਨ੍ਹ ਅਤੇ ਲਿਬਾਸ ਜੋ ਹਰੇਕ ਦੇਸ਼, ਧਰਮ ਅਤੇ ਕੌਮ ਦਾ ਵੱਖਰਾ ਵੱਖਰਾ ਮੰਨਿਆਂ ਗਿਆ ਹੈ। ਇਹ ਵੇਸ-ਭੇਖ ਲੋਕਾਂ ਦੇ ਆਪੋ ਆਪਣੇ ਬਣਾਏ ਹੋਏ ਹਨ। ਪ੍ਰਮਾਤਮਾਂ ਤਾਂ ਸਭ ਨੂੰ ਇਨਸਾਨ ਪੈਦਾ ਕਰਦਾ ਹੈ-**ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭਿ ਬੰਦੇ॥ਏਕ ਨੂਰ ਤੇ ਸਭਿ ਜਗੁ ਉਪਜਿਆ ਕਉਣ ਭਲੇ ਕਉਣ ਮੰਦੇ॥(੧੩੪੯)** ਸਾਰੇ ਸਰੀਰ ਕਰਤਾਰ ਨੇ ਹੀ ਬਣਾਏ ਹਨ। ਸਾਰੀ ਕੁਦਰਤਿ ਨੂੰ ਸਾਜਨ ਵਾਲਾ ਕਰਤਾਰ ਹੀ ਹੈ। ਬਸਤਰ ਸਰੀਰ ਦੀ ਲੋੜ ਹਨ ਨਾਂ ਕਿ ਸਭ ਕੁਝ, ਜਿਵੇਂ ਬਸਤਰਾਂ ਦੇ ਵੱਖ-ਵੱਖ ਰੰਗ ਹਨ ਇੰਵੇਂ ਹੀ ਵੱਖ-ਵੱਖ ਦੇਸ਼ਾਂ ਅਤੇ ਕੌਮਾਂ ਦੇ ਪਹਿਰਾਵੇ ਵੀ ਵੱਖ-ਵੱਖ ਹਨ ਪਰ ਇਹ ਸਾਰੇ ਪਹਿਰਾਵੇ ਸਰੀਰ ਤੱਕ ਸੀਮਤ ਹਨ, ਅਤਮਾਂ (ਪ੍ਰਮਾਤਮਾਂ ਦੀ ਅੰਸ, ਜੋਤਿ, ਸਤਾ, ਸਰੀਰ ਵਿੱਚ ਹਰਕਤ ਕਰਨ ਵਾਲੀ ਤਾਕਤ, ਅੰਤਰ ਆਤਮਾਂ ਭਾਵ ਸਾਡਾ ਆਪਾ) ਇਨ੍ਹਾਂ ਬਾਹਰੀ ਪਹਿਰਾਵਿਆਂ ਤੋਂ ਮੁਕਤ ਹੈ।

ਧਰਮ ਦੇ ਠੇਕੇਦਾਰਾਂ ਨੇ ਧਰਮ ਨੂੰ ਵੱਖ-ਵੱਖ ਵੇਸਾਂ-ਭੇਖਾਂ ਵਿੱਚ ਵੰਡ ਕੇ ਸੀਮਤ ਕਰ ਦਿੱਤਾ ਹੈ ਜਿਵੇਂ ਕਿਸੇ ਦਾ ਵੇਸ-ਭੇਖ ਚਿੱਟੇ ਕਪੜੇ ਤੇ ਰੁੰਡਤ-ਮੁੰਡਤ ਹੈ। ਕਿਸੇ ਦਾ ਭਗਵੇ ਕਪੜੇ ਤੇ ਜਨੇਊ ਹੈ। ਕਿਸੇ ਦਾ ਨੀਲੇ ਕਪੜੇ ਤੇ ਸੁੰਨਤ ਹੈ। ਕਿਸੇ ਦਾ ਟਾਈ ਅਤੇ ਕਰਾਸ ਹੈ। ਕਿਸੇ ਦਾ ਜਟਾਵਾਂ ਤੇ ਕੋਈ ਨਗਨ ਰਹਿੰਦਾ ਹੈ। ਕੋਈ ਪੰਜ ਕਕਾਰ ਅਤੇ ਕੋਈ ਕੰਨਾਂ ਵਿੱਚ ਮੁੰਦਰਾਂ ਤੇ ਹੱਥ ਵਿੱਚ ਚਿੱਪੀ ਰੱਖਦਾ ਹੈ। ਕੋਈ ਮੱਥੇ ਤੇ ਤਿੰਨ ਲਕੀਰਾਂ ਤੇ ਹੱਥ ਵਿੱਚ ਤ੍ਰਿਸ਼ੂਲ ਫੜਦਾ ਹੈ। ਕੋਈ ਟੱਲੀਆਂ ਵਜਾਉਂਦਾ ਅਤੇ ਸਿਰ ਤੇ ਮੋਰ ਪੰਖ ਧਾਰਨ ਕਰਦਾ ਹੈ। ਕੋਈ ਲੰਬੇ ਕੇਸ ਰੱਖਣ ਅਤੇ ਕੋਈ ਮੁੰਡਤ ਰਹਿਣਾ ਹੀ ਆਪਣਾ ਧਾਰਮਿਕ ਵੇਸ-ਭੇਖ ਸਮਝੀ ਬੈਠਾ ਹੈ। ਕੁਦਰਤੀ ਰੰਗਾਂ ਨੂੰ ਵੀ ਧਰਮਾਂ ਤੇ ਕੌਮਾਂ ਦੇ ਪਹਿਰਾਵਿਆਂ ਵਿੱਚ ਵੰਡ ਲਿਆ ਗਿਆ ਹੈ। ਹਾਂ ਸਕੂਲ, ਪੁਲੀਸ ਅਤੇ ਫੌਜ ਆਦਿਕ ਦੀ ਵੱਖਰੀ ਪਹਿਚਾਨ ਲਈ ਵਰਦੀ ਦੇ ਰੰਗ ਵੱਖ ਵੱਖ ਹੋ ਸਕਦੇ ਹਨ ਪਰ ਇਨਸਾਨੀਅਤ ਤੌਰ ਤੇ ਨਹੀਂ।

ਗੁਰਮਤਿ ਤਾਂ ਇਨ੍ਹਾਂ ਵੇਸਾਂ-ਭੇਖਾਂ ਤੋਂ ਉੱਪਰ ਉੱਠਣ ਦਾ ਉਪਦੇਸ਼ ਦਿੰਦੀ ਹੈ

ਛੋਡਹੁ ਵੇਸ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥ (੫੯੮)

ਇਸ ਪਾਵਨ ਤੁਕ ਵਿੱਚ ਬਿਲਕੁਲ ਵੇਸਾਂ-ਭੇਖਾਂ ਤੇ ਮਨ ਦੀਆਂ ਚਤੁਰਾਈਆਂ ਵਾਲੀ ਦੁਬਿਧਾ ਨੂੰ ਛੱਡਣ ਦਾ ਉਪਦੇਸ਼ ਹੈ।

ਜੋਗੁ ਨ ਭਗਵੀਂ ਕਪੜੀਂ ਜੋਗੁ ਨ ਮੈਲੇ ਵੇਸ॥

ਨਾਨਕ ਘਰ ਬੈਠਿਆਂ ਜੋਗੁ ਪਾਈਏ ਸਤਿਗੁਰ ਕੇ ਉਪਦੇਸੁ॥ (੧੪੨੧)

ਇਸ ਪਾਵਨ ਪੰਕਤੀ ਵਿਖੇ ਜਿੱਥੇ ਭੇਖ ਦਾ ਖੰਡਨ ਹੈ ਉਥੇ ਨਾਲ ਮੈਲੇ ਕੁਚੈਲੇ ਦਲਿਦ੍ਰੀ ਰਹਿਣ ਦਾ ਵੀ ਵਿਰੋਧ ਹੈ ਅਤੇ ਹਿਰਦੇ ਘਰ ਵਿੱਚ ਟਿਕਣ ਦਾ ਹੀ ਹੁਕਮ ਹੈ। **ਭੇਖੀਂ ਪ੍ਰਭੂ ਨ**

ਲਭਈ ਵਿਨ ਸਚੀ ਸਿਖੰ॥ (੧੦੯੯) ਭੇਖਾਂ ਨਾਲ ਰੱਬ ਨਹੀਂ ਲੱਭਦਾ ਸੱਚੀ ਸਿਖਿਆ ਤੋਂ ਬਿਨਾ। ਭੇਖ ਦਿਖਾਵੈ ਸਚੁ ਨ ਕਮਾਵੈ (੭੩੮) ਕੇਵਲ ਭੇਖ ਦਖਾਉਂਦਾ ਹੈ ਸੱਚ ਨਹੀਂ ਕਮਾਉਂਦਾ। ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥(੨੬੯) ਪ੍ਰਭੂ ਬਾਹਰਲੇ ਕਿਸੇ ਵੀ ਭੇਖ ਤੇ ਨਹੀਂ ਭਿਜਦਾ ਭਾਵ ਪ੍ਰਸੰਨ ਨਹੀਂ ਹੁੰਦਾ।

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ॥

ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡ ਅਜਾਂਇ॥ (੧੩੬੯)

ਭਾਵ ਮਨ ਤਾਂ ਵੱਸ ਕੀਤਾ ਨਹੀਂ ਕੇਸ ਕਾਹਦੇ ਲਈ ਮੁੰਡਾਏ ਹਨ, ਮੁੰਡਨ ਕਾਹਦੇ ਵਾਸਤੇ ਕੀਤਾ ਹੈ?

ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ॥

ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ॥ (੧੩੬੫)

ਭਾਂਵੇ ਜਟਾਂ ਧਾਰਨ ਕਰ ਲੈ ਤੇ ਭਾਂਵੇ ਬਿਲਕੁਲ ਮੁੰਡਤ ਹੋ ਜਾਹ, ਇਨ੍ਹਾਂ ਬਾਹਰਲੇ ਭੇਖਾਂ ਨਾਲ ਰੱਬ ਨਹੀਂ ਮਿਲਣਾ, ਉਹ ਤਾਂ ਸੱਚੀ-ਸੁਚੀ ਪ੍ਰੀਤ ਨਾਲ ਮਿਲਦਾ ਹੈ।

ਨਗਨ ਫਿਰਤ ਜੌ ਪਾਈਐ ਜੋਗੁ॥ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥(੩੨੪)

ਜੇ ਨੰਗੇ ਰਹਿਣ ਨਾਲ ਹੀ ਰੱਬ ਮਿਲਦਾ ਹੈ ਤਾਂ ਬਨਾਂ ਵਿੱਚ ਹਮੇਸ਼ਾਂ ਨੰਗੇ ਰਹਿਣ ਵਾਲੇ ਪਸ਼ੂਆਂ ਪੰਛੀਆਂ ਮਿਰਗਾਂ ਆਦਿਕ ਨੂੰ ਹੀ ਮਿਲਣਾ ਚਾਹੀਦਾ ਹੈ ਕਿਉਂਕਿ ਉਹ ਤਾਂ ਹਮੇਸ਼ਾਂ ਨੰਗੇ ਰਹਿੰਦੇ ਹਨ।

ਸੋ ਗੁਰੂਆਂ ਭਗਤਾਂ ਅਤੇ ਸੱਚ ਦੇ ਮੁਤਲਾਸ਼ੀਆਂ ਨੇ ਵੇਸਾਂ-ਭੇਖਾਂ ਨੂੰ ਕੋਈ ਮਾਨਤਾ ਨਹੀਂ ਦਿੱਤੀ ਫਿਰ ਅੱਜ ਗੁਰੂਆਂ ਭਗਤਾਂ ਦੇ ਪੈਰੋਕਾਰ ਵੇਸ-ਭੇਖ ਨੂੰ ਹੀ ਮਹਾਨਤਾ ਕਿਉਂ ਦੇ ਰਹੇ ਹਨ? ਇਨ੍ਹਾਂ ਵੇਸਾਂ-ਭੇਖਾਂ ਦਾ ਪ੍ਰਚਾਰ ਕੇਵਲ ਸਾਧਾਂ ਸੰਤਾਂ ਤੇ ਭੇਖੀ ਧਾਰਮਿਕ ਆਗੂਆਂ ਨੇ ਹੀ ਕੀਤਾ ਹੈ। ਮਨੁੱਖਤਾ ਨੂੰ ਵੇਸਾਂ-ਭੇਖਾਂ ਵਿੱਚ ਉਲਝਾ ਕੇ ਆਪੋ ਆਪਣੇ ਹਲਵੇ ਮੰਡੇ ਚਲਾ ਰਹੇ ਹਨ। ਵੇਸਾਂ-ਭੇਖਾਂ ਤੇ ਧਰਮ ਦੇ ਨਾਂ ਤੇ ਲੋਕ ਇੱਕ ਦੂਜੇ ਨਾਲ ਲੜ ਰਹੇ ਹਨ। ਗੁਰੂ ਸਾਹਿਬ ਸਾਨੂੰ ਰੱਬੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਰੂਪੀ ਸੋਮੇ ਨਾਲ ਜੋੜਦੇ ਹਨ ਨਾਂ ਕਿ ਵੇਸਾਂ-ਭੇਖਾਂ ਜਾਂ ਸਾਧਾਂ ਸੰਤਾਂ ਜਾਂ ਭੇਖੀ ਧਾਰਮਿਕ ਆਗੂਆਂ ਨਾਲ। ਇਹ ਅਸੀਂ ਸੋਚਣਾ ਹੈ ਕਿ ਗੁਰੂਆਂ ਭਗਤਾਂ ਦੀ ਬਾਣੀ ਸੱਚੀ ਹੈ ਜਾਂ ਕਿਸੇ ਦੀ ਲਿਖੀ ਲਿਖਾਈ ਪੁਸਤਕ ਜਾਂ ਕੋਈ ਮਿਥਿਹਾਸਕ ਕਥਾ-ਕਹਾਣੀ। ਇੱਕ ਸੱਚੇ ਸਿੱਖ ਵਾਸਤੇ ਗੁਰਬਾਣੀ ਤੋਂ ਉੱਪਰ ਹੋਰ ਕੁਝ ਨਹੀਂ ਹੋ ਸਕਦਾ। ਜੇ ਗੁਰਬਾਣੀ ਵੇਸਾਂ-ਭੇਖਾਂ ਨੂੰ ਕੋਈ ਮਾਨਤਾ ਨਹੀਂ ਦਿੰਦੀ ਤਾਂ ਅਸੀਂ ਕਉਣ ਹੁੰਦੇ ਹਾਂ ਗੁਰਬਾਣੀ ਦੀ ਉਲੰਘਣਾ ਕਰਨ ਵਾਲੇ? ਗੁਰਬਾਣੀ ਦਾ ਤਾਂ ਉਪਦੇਸ਼ ਹੀ ਇਹ ਹੈ ਕਿ-**ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰਹਾਈ॥**(੬੧੧) ਅਸੀਂ ਤਾਂ ਇਕੋ ਪ੍ਰਭੂ ਪਿਤਾ ਦੇ ਬੱਚੇ ਬੱਚੀਆਂ ਹਾਂ। **ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥**(੨੬੮) ਫਿਰ ਕਿਉਂ ਵੇਸਾਂ-ਭੇਖਾਂ ਵਿੱਚ ਉਲਝ ਕੇ ਲੜਦੇ ਹਾਂ। ਸਾਨੂੰ ਸਭਨਾਂ ਨੂੰ ਸੱਚੇ ਧਰਮੀ ਬਣਨ ਦੀ ਲੋੜ ਹੈ ਜੋ ਸਰਬ ਸਾਂਝਾ ਧਰਮ ਹੈ-**ਸਰਬ ਧਰਮ ਮਹਿ ਸ੍ਰੇਸਟ ਧਰਮ ਹਰਿ ਕੋ ਨਾਮ ਜਪਿ ਨਿਰਮਲ ਕਰਮ॥**(੨੬੬) ਵੇਸਾਂ ਭੇਖਾਂ ਦੀ ਥਾਂ ਤੇ ਪ੍ਰਭੂ

ਪ੍ਰਮਾਤਮਾਂ ਦਾ ਨਾਮ ਜਪਣਾ ਭਾਵ ਉਸ ਨੂੰ ਹਰ ਵੇਲੇ ਯਾਦ ਰੱਖਣਾ ਅਤੇ ਚੰਗੇ ਕਰਮ ਕਰਨੇ ਹੀ ਸਰਬ ਸ੍ਰੇਸ਼ਟ ਧਰਮ ਹੈ, ਜੋ ਦੁਨੀਆਂ ਦਾ ਕੋਈ ਵੀ ਇਨਸਾਨ ਧਾਰਨ ਕਰਕੇ ਪ੍ਰਭੂ ਪ੍ਰਮਾਤਮਾ, ਅੱਲਾ ਤਾਲਾ, ਵਾਹਿਗੁਰੂ, ਜਯਹੋਵਾ, ਗਾਡ ਨੂੰ ਆਪਣੇ ਅੰਦਰ ਵਸਦਾ ਮਹਿਸੂਸ ਕਰਕੇ ਮਨ ਦਾ ਟਿਕਾਅ ਅਤੇ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ।

ਵੇਸ-ਭੇਖ ਤਾਂ ਸਗੋਂ ਪ੍ਰਭੂ ਪ੍ਰਮਾਤਮਾਂ ਦੀ ਪ੍ਰਾਪਤੀ, ਮਨੁੱਖਤਾ ਦੀ ਬਰਾਬਰੀ ਅਤੇ ਆਪਸੀ ਪ੍ਰੇਮ ਪਿਆਰ ਵਿੱਚ ਅੜਿਕਾ ਹਨ ਅਤੇ ਹਉਮੇ ਹੰਕਾਰ ਦੇ ਸੂਚਕ ਹਨ, ਜਿਨ੍ਹਾਂ ਦਾ ਗੁਰਮਤਿ ਥਾਂ-ਥਾਂ ਤੇ ਖੰਡਣ ਕਰਦੀ ਅਤੇ ਇਨ੍ਹਾਂ ਨੂੰ ਛੱਡਣ ਦਾ ਉਪਦੇਸ਼ ਦਿੰਦੀ ਹੈ। ਅਗਰ ਜੇ ਸਿੱਖ ਕੌਮ ਸੱਚੇ ਦਿਲੋਂ ਇਨ੍ਹਾਂ ਗੁਰੂ ਹੁਕਮਾਂ ਨੂੰ ਮੰਨਦੀ ਹੋਈ ਸਾਧਾਂ ਸੰਤਾਂ ਦੇ ਰਸਤਿਆਂ ਨੂੰ ਛੱਡ ਕੇ ਗੁਰਬਾਣੀ ਦੇ ਗਾਡੀ ਰਾਹ ਚੱਲ ਪਵੇ ਤਾਂ ਸੰਸਾਰ ਦੇ ਅਨੇਕਾਂ ਸੱਚੇ-ਸੁੱਚੇ ਪ੍ਰਾਣੀ ਗੁਰਮਤਿ ਪਾਂਧੀ ਬਣਨ ਵਿੱਚ ਆਪਣੀ ਕਲਿਆਣ ਹੁੰਦੀ ਸਮਝ ਕੇ ਫਕਰ ਕਰਨਗੇ ਅਤੇ ਗੁਰਮਤਿ ਦੇ ਝੰਡੇ ਸਾਰੀ ਦੁਨੀਆਂ ਵਿੱਚ ਝੁੱਲਣਗੇ, ਭੇਖਾਂ ਵਾਲੀ ਨਫਰਤ ਖਤਮ ਹੋਵੇਗੀ, ਆਪਸੀ ਪਿਆਰ ਅਤੇ ਗੁਣਾਂ ਦੀ ਸਾਂਝ ਵਧੇਗੀ-**ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ॥(੭੬੬)** ਚੰਗੇ ਗੁਣ ਧਾਰਨ ਕਰਨ ਨਾਲ ਅਸਲੀ ਧਰਮ ਵਧੇਗਾ ਅਤੇ ਭੇਖਾਂ ਦੇ ਨਾਂ ਤੇ ਹੋ ਰਹੀ ਲੁੱਟ, ਨਫਰਤ ਅਤੇ ਲੜਾਈ ਘਟੇਗੀ ਅਤੇ ਸੰਸਾਰ ਇੱਕ ਸਾਂਝਾ ਪਰਵਾਰ ਪ੍ਰਤੀਤ ਹੋਵੇਗਾ, ਜਿਸ ਦੀ ਅੱਜ ਅਤਿਅੰਤ ਲੋੜ ਹੈ ਨਾਂ ਕਿ ਭੇਖਾਂ ਦੀ। ਇਹ ਭੇਖ ਤਾਂ ਸਗੋਂ ਸੱਚੇ ਸੁੱਚੇ ਧਰਮ ਦੇ ਰਾਹ ਵਿੱਚ ਰੋੜਾ ਹਨ। ਅਸੀਂ ਭੇਖ ਪਹਿਰਾਵੇ ਨੂੰ ਧਰਮ ਸਮਝ ਕੇ ਪੂਜ ਰਹੇ ਹਾਂ ਜਦ ਕਿ ਇਹ ਇੱਕ ਵਰਦੀ ਤਾਂ ਹੋ ਸਕਦੇ ਹਨ ਪਰ ਵੱਖਰਾ ਧਰਮ ਨਹੀਂ। ਹਾਂ ਸਕੂਲਾਂ ਕਾਲਜਾਂ, ਪੁਲਸ, ਫੌਜ ਆਦਿਕ ਥਾਵਾਂ ਤੇ ਵਰਦੀ ਪਹਿਨੋ ਪਰ ਧਰਮ ਨੂੰ ਵੱਖ ਵੱਖ ਵਰਦੀਆਂ ਵੇਸਾਂ-ਭੇਖਾਂ ਵਿੱਚ ਨਾਂ ਵੰਡੋ ਕਿਉਂਕਿ ਧਰਮ ਦਾ ਕੋਈ ਵੇਸ-ਭੇਖ ਨਹੀਂ ਹੁੰਦਾ ਸਗੋਂ ਸੁਚੱਜੇ ਢੰਗ ਨਾਲ ਕੁਦਰਤੀ ਨਿਯਮਾਂ ਦੀ ਪਾਲਨਾ ਕਰਦੇ ਹੋਏ, ਇਨਸਾਨੀਅਤ ਨੂੰ ਧਾਰਨ ਕਰਕੇ, ਸੰਸਾਰ ਪ੍ਰਵਾਰ ਵਿੱਚ ਵਿਚਰਦੇ ਹੋਏ, ਸਭ ਨਾਲ ਪ੍ਰੇਮ ਪਿਆਰ ਅਤੇ ਮੇਲ-ਜੋਲ ਰੱਖਦੇ ਹੋਏ, ਪ੍ਰਭੂ-ਪ੍ਰਮਾਤਮਾਂ ਨੂੰ ਸਦਾ ਯਾਦ ਰੱਖਣਾ ਅਤੇ ਨਿਰਮਲ ਕਰਮ ਕਰਨੇ ਹੀ, ਸਾਰੀ ਮਨੁੱਖਤਾ ਦਾ ਸਰਬਸਾਂਝਾ ਧਰਮ ਹੈ। ਗੁਰਮਤਿ ਵੇਸਾਂ ਭੇਖਾਂ ਦੇ ਬੰਧਨਾਂ ਅਤੇ ਡਰਾਵਿਆਂ ਤੋਂ ਉੱਪਰ ਉੱਠ ਕੇ, ਚੰਗੇ ਗੁਣ, ਇਨਸਾਨੀਅਤ ਅਤੇ ਸਰਬਸਾਂਝੀਵਾਲਤਾ ਨੂੰ ਧਾਰਨ ਕਰਕੇ ਸੰਸਾਰ ਬਾਗ ਵਿੱਚ, ਪ੍ਰੇਮ ਪਿਆਰ ਅਤੇ ਪਰਉਪਕਾਰ ਨਾਲ ਵਿਚਰਨ ਦਾ ਉਪਦੇਸ਼ ਦਿੰਦੀ ਹੈ। ਸੋ ਆਪੂੰ ਪੈਦਾ ਕੀਤੇ ਹੋਏ ਵੇਸ-ਭੇਖ-ਪਹਿਰਾਵੇ ਧਰਮ ਨਹੀਂ ਹਨ।

-o-

ਡੇਰੇਦਾਰ-ਸੰਪ੍ਰਦਾਈਆਂ ਦੇ ਗੁਰਮਤਿ ਵਿੱਚ ਘਸੋੜੇ ਥੋਥੇ ਕਰਮਕਾਂਡ ਅਤੇ ਭਰਮ

ਗੁਰਸਿੱਖਾਂ ਵਿੱਚ ਗੁਰਬਾਣੀ ਦਾ ਉਪਦੇਸ਼ ਲੈਣ ਵਾਸਤੇ ਸਹਿਜ ਪਾਠ ਕਰਨ ਦਾ ਵਿਧਾਨ ਹੈ ਜੋ ਹੌਲੀ-ਹੌਲੀ ਸਮਝ ਕੇ ਕੀਤਾ ਜਾਂਦਾ ਹੈ। ਗੁਰਬਾਣੀ ਨੂੰ ਸੰਥਿਆ ਕਰਕੇ ਸਿੱਖਿਆ-ਵਿਚਾਰਿਆ ਜਾਂਦਾ ਹੈ ਜਾਂ ਅਖੰਡ ਪਾਠ ਕਰਨ ਦੀ ਰੀਤ ਹੈ ਜੋ ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਖਾਲਸੇ ਦੇ ਬੁੱਢੇ-ਦਲ ਨੇ ਚਲਾਈ ਫਿਰ ਤਰਨੇ-ਦਲ ਕੋਲ ਆਈ ਜਦ ਸਿੰਘਾਂ ਦੇ ਮਗਰ ਮੁਗਲੀਆ ਹਕੂਮਤ ਲਗੀ ਹੋਈ ਸੀ ਸਿੰਘਾਂ ਦੇ ਘਰ ਜੰਗਲ ਬੇਲੇ ਤੇ ਘੋੜਿਆਂ ਦੀਆਂ ਕਾਠੀਆਂ ਬਣ ਗਏ ਸਨ। ਸਿੰਘਾਂ ਦਾ ਗੁਰਬਾਣੀ ਨਾਲ ਅਥਾਹ ਪਿਆਰ ਸੀ ਸਿੱਖ ਗੁਰਬਾਣੀ ਦਾ ਸਹਿਜ ਪਾਠ ਜਾਰੀ ਰੱਖਦੇ ਸਨ ਪਰ ਸਮਾਂ ਬੜਾ ਬਿਖੜਾ ਆ ਗਿਆ ਵੈਰੀ ਦਲ ਭੁੱਖੇ ਸ਼ੇਰ ਦੀ ਤਰ੍ਹਾਂ ਮਾਰੋ-ਮਾਰ ਕਰਦਾ ਅਚਾਨਕ ਹਮਲਾ ਕਰ ਦਿੰਦਾ ਸੀ। ਇਸ ਹਾਲਤ ਵਿੱਚ ਸਿੰਘਾਂ ਦਾ ਲੰਮਾਂ ਸੰਮਾਂ ਪਾਠ ਕਰਨਾ ਮੁਸ਼ਕਲ ਸੀ ਸੋ ਲਗਾਤਾਰ ਪੂਰਾ ਪਾਠ ਕਰਕੇ ਅੱਗੇ ਚਾਲੇ ਪਾ ਦਿੰਦੇ ਸਨ ਪਿਛੋਂ ਇਹ ਰੀਤ ਅਖੰਡ-ਪਾਠ ਦੀ ਰੀਤ ਹੀ ਬਣ ਗਈ। ਇਥੇ ਹੀ ਬੱਸ ਨਹੀ ਡੇਰੇਦਾਰ ਮਹੰਤਾਂ ਅਤੇ ਸੰਪ੍ਰਦਾਈਆਂ ਨੇ ਸੰਪਟ ਤੇ ਸਪਤਾਹਿਕ ਪਾਠ ਜਿਵੇਂ ਬ੍ਰਾਹਮਣ ਮੰਤ੍ਰਾਂ ਦਾ ਸੰਪਟ ਲਾਉਂਦੇ ਹਨ ਕਰਨੇ ਸ਼ੁਰੂ ਕਰ ਦਿੱਤੇ ਜਿਵੇਂ ਬ੍ਰਾਹਮਣ ਨੇ ਵੱਖ-ਵੱਖ ਮੰਤ੍ਰ ਪਾਠਾਂ ਦੀਆਂ ਵੱਖ-੨ ਭੇਟਾ ਤਹਿ ਕੀਤੀਆਂ ਹੋਈਆਂ ਸਨ। ਉਹ ਇਨ੍ਹਾਂ ਚਾਲਬਾਜ ਸਾਧਾਂ ਨੇ ਸਿੱਖਾਂ ਵਿੱਚ ਵੀ ਚਲਾ ਦਿੱਤੀਆਂ ਤੇ ਭਰਮ ਪਾ ਦਿੱਤੇ ਕਿ ਸੰਪਟ ਪਾਠ ਕਰਾਉਣ ਨਾਲ ਹਰ ਕਲੇਸ਼ ਮਿਟ ਜਾਂਦਾ ਹੈ ਤੇ ਮਨੋਂ ਕਾਮਨਾਂ ਪੂਰੀਆਂ ਹੋ ਜਾਂਦੀਆਂ ਹਨ। ਸਿੱਖ ਰਹਿਤ ਮਰਯਾਦਾ ਵਿੱਚ ਤਾਂ ਲਿਖਿਆ ਹੈ ਕਿ ਵਾਹ ਲਗਦੀ ਸਿੱਖ ਆਪ ਪਾਠ ਕਰੇ ਘਰ ਵਾਲੇ ਅਤੇ ਸਬੰਧੀ ਦੋਸਤ-ਮਿਤਰ ਰਲ ਮਿਲ ਕੇ ਵੀ ਗੁਰਬਾਣੀ ਪੜ੍ਹ ਸਕਦੇ ਹਨ। ਆਪ ਪਾਠ ਕਰਨਾ ਇਵੇਂ ਹੈ ਜਿਵੇਂ ਜੋ ਭੋਜਨ ਅਸੀਂ ਖਾਦੇ ਹਾਂ,ਪਾਣੀ ਪੀਦੇ ਹਾਂ ਉਸ ਦਾ ਸਾਡੇ ਸਰੀਰ ਵਿੱਚ ਖੂਨ ਬਣਦਾ ਹੈ ਭੁੱਖ ਪਿਆਸ ਮਿਟਦੀ ਹੈ। ਕਿਸੇ ਦਾ ਖਾਦਾ ਹੋਇਆ ਭੋਜਨ ਤੇ ਪੀਤਾ ਪਾਣੀ ਨਾਂ ਸਾਡੀ ਭੁੱਖ ਪਿਆਸ ਮੇਟ ਸਕਦਾ ਹੈ ਅਤੇ ਨਾਂ ਹੀ ਸਾਡੇ ਅੰਦਰ ਖੂਨ ਪੈਦਾ ਕਰ ਸਕਦਾ ਹੈ। ਗੁਰ ਫੁਰਮਾਨ ਹੈ- **ਬਿਨ ਖਾਏ ਬੂਝੇ ਨਹੀ ਭੂਖ** (੧੧੪੯) **ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੁ** (੧੪੨੯) ਕਿਸੇ ਅਦੀਬ ਦਾ ਠੀਕ ਹੀ ਕਥਨ ਹੈ ਕਿ- **ਭੋਜਨ ਖਾਇ ਬਿਨ ਭੂਖ ਨਾ ਦੂਰ ਹੋਇ, ਪਿਆਸ ਨਾ ਦੂਰ ਹੋਇ ਪੀਏ ਬਿਨ ਪਾਨੀ ਕੇ। ਤੈਸੇ ਕਲੀ ਘੋਰ ਅੰਧ ਬਿਖੈ ਮੁਕਤਿ ਨਾ ਪਾਵੈ ਕੋਊ ਬਿਨ ਗਿਆਨ ਗੁਰਬਾਨੀ ਕੇ॥** ਜੇ ਕਿਸੇ ਖਾਸ ਕਾਰਨ ਕਰਕੇ ਆਪ ਪਾਠ ਨਹੀਂ ਕਰ ਸਕਦੇ ਤਾਂ ਕਿਸੇ ਵਿਦਵਾਨ ਪਾਠੀ ਕੋਲੋਂ ਕਰਾਵੇ ਸ਼ਰਧਾ ਅਤੇ ਧਿਆਨ ਨਾਲ ਸੁਣੇ ਅਤੇ ਯਥਾ-ਸ਼ਕਤਿ ਪਾਠੀ ਸਿੰਘ ਦੀ ਸੇਵਾ ਵੀ ਕਰੇ। ਜੋਤ ਜਗਾਉਣੀ-ਅਖੰਡ ਪਾਠ ਦੇ ਨਾਲ-੨ ਜੋਤਿ ਜਗਾਉਣੀ ਤੇ ਤਿੰਨ ਦਿਨ ਬੁਝਣ ਨਾਂ ਦੇਣੀ ਅਖੰਡ ਜੋਤਿ ਕਹਿ ਕੇ ਪੂਜਾ ਕਰਨੀ, ਸਾਰਾ ਧਿਆਨ ਜੋਤਿ ਵਿੱਚ ਰੱਖਣਾਂ, ਗੁਰਬਾਣੀ ਸੁਣਨ ਵਾਲ਼ਲ ਧਿਆਨ ਨਾ ਦੇਣਾ ਸਗੋਂ ਇਹ ਭਰਮ ਪਾਲਣਾ ਕਿ ਜੋਤਿ ਬੁਝ ਗਈ ਤਾਂ ਵਿਘਨ ਪੈ

ਗਿਆ ਅਖੰਡ ਪਾਠ ਖੰਡਨ ਹੋ ਗਿਆ ਫਿਰ ਗੁਰਬਾਣੀ ਦੀ ਤਾਂ ਕੋਈ ਕੀਮਤ ਨਾਂ ਹੋਈ ਜੋਤਿ ਹੀ ਸਭ ਕੁਝ ਹੋ ਗਈ ਜਦ ਕਿ ਜਗਦੀ ਜੋਤਿ ਗੁਰਬਾਣੀ ਹੈ ਜੋ ਸਾਡੇ ਮਨਾਂ ਦੀਆਂ ਬੁਝੀਆਂ ਹੋਈਆਂ ਜੋਤਾਂ ਨੂੰ ਜਗਾਉਣ ਵਾਲੀ ਹੈ। ਗੁਰਬਾਣੀ ਵਿੱਚ ਤਾਂ ਨਾਮ ਹੀ ਅਸਲ ਜੋਤ ਕਥਨ ਕੀਤੀ ਗਈ ਹੈ ਫੁਰਮਾਨ ਹੈ-

ਨਾਮ ਤੇਰਾ ਦੀਵਾ ਨਾਮ ਤੇਰੋ ਬਾਤੀ ਨਾਮ ਤੇਰੋ ਤੇਲ ਲੇ ਮਾਹਿ ਪਸਾਰੇ॥

ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥ (੬੯੪)

ਹੱਥੀ ਜਗਾਈ ਜੋਤਿ ਕਿਸੇ ਵੇਲੇ ਵੀ ਬੁਝ ਸਕਦੀ ਹੈ ਪਰ ਗਿਆਨ ਦੀ ਜੋਤਿ ਗੁਰਬਾਣੀ ਸਦਾ ਹੀ ਜਗਦੀ ਰਹਿੰਦੀ ਹੈ। ਕੋਈ ਸਮਾਂ ਜਦ ਰੋਸ਼ਨੀ ਦੇ ਅਧੁਨਿਕ ਸਾਧਨ ਨਹੀਂ ਸਨ, ਲੋਕ ਹਨੇਰੇ ਨੂੰ ਦੂਰ ਕਰਨ ਵਾਸਤੇ ਘਰਾਂ ਤੇ ਧਰਮ ਸਥਾਨਾਂ ਵਿੱਚ ਦੀਵੇ ਬਾਲਦੇ ਸਨ ਪਰ ਅੱਜ ਦੀਵਿਆਂ ਦੀ ਥਾਂ ਬਿਜਲੀ ਲਾਈਟਾਂ ਆ ਗਈਆਂ ਹਨ। ਐਮਰਜੈਂਸੀ ਲਾਇਟਾਂ ਹਨ ਫਿਰ ਵੀ ਜੋਤਾਂ ਬਾਲਣੀਆਂ ਸੂਰਜ ਅੱਗੇ ਦੀਵਾ ਜਗਾਉਣਾ ਹੈ। ਕਈ ਸਾਧ ਅਤੇ ਪੇਟ ਪੂਜਾ ਤੱਕ ਸੀਮਤ ਭਰਮ ਗਿਆਨੀ ਘਰੋਂ ਹੀ ਵੱਟੀਆਂ ਵੱਟ ਕੇ ਲੈ ਜਾਂਦੇ ਹਨ। ਲੋਕਾਂ ਨੂੰ ਸਮਝਾਉਣ ਦੀ ਥਾਂ ਪੈਸੇ ਅਤੇ ਅਸਰ ਰਸੂਕ ਦੀ ਖਾਤਰ ਜਿਵੇਂ ਕੋਈ ਕਹਿੰਦਾ ਹੈ ਕਰੀ ਜਾਂਦੇ ਹਨ, ਕਈ ਕਹਿੰਦੇ ਹਨ ਕਿ ਅੰਮ੍ਰਿਤਸਰ ਵੀ ਜੋਤਿ ਜਗਦੀ ਹੈ ਆਦਿ, ਪਰ ਜੋਤਾਂ ਚਰਾਗ ਆਮ ਤੌਰ ਤੇ ਮੰਦਰਾਂ ਦਰਗਾਹਾਂ ਅਤੇ ਸਾਧਾਂ ਦੇ ਡੇਰਿਆਂ ਜਗਦੇ ਹਨ, ਹਾਂ ਜਦ ਗੁਰਦੁਆਰਿਆਂ ਤੇ ਮਹਹੰਤਾਂ ਦਾ ਕਬਜਾ ਹੋ ਗਿਆ ਸੀ ਉਨ੍ਹਾਂ ਨੇ ਸਾਰੇ ਇਤਿਹਾਸਕ ਗੁਰਦੁਅਰਿਆਂ ਵਿੱਚ ਅਤੇ ਗੁਰਬਾਣੀ ਦੇ ਪਾਠਾਂ ਨਾਲ ਵੀ ਜੋਤਾਂ ਜਗਾਉਣੀਆਂ, ਗੁਗਲ ਦੀ ਧੂਫ ਦੇਣੀ ਸ਼ੁਰੂ ਕਰ ਦੱਤੀ ਅਤੇ ਕਈ ਤਰ੍ਹਾਂ ਦੇ ਕਰਮਕਾਂਡ ਤੇ ਹੋਰ ਰੀਤਾਂ ਵੀ ਚਲਾ ਦਿੱਤੀਆਂ।

ਕੁੰਭ ਨਾਰੀਅਲ ਧੂਪ ਸਮੱਗਰੀਆਂ- ਕੁੰਭ ਭਾਂਡੇ ਵਿੱਚ ਪਾਣੀ ਰੱਖਣਾ ਵਰਣ ਦੇਵਤੇ ਦੀ ਪੂਜਾ ਹੈ ਇਸ ਨੂੰ ਅੰਮ੍ਰਿਤ ਕਰਕੇ ਪੀਣਾ ਭਰਮ ਹੈ ਰੱਖਣ ਵਾਲੇ ਕਹਿੰਦੇ ਹਨ ਕਿ ਉਹ ਪਾਣੀ ਬਾਣੀ ਦੇ ਅਸਰ ਨਾਲ ਅੰਮ੍ਰਿਤ ਬਣ ਜਾਂਦਾ ਹੈ ਫਿਰ ਜਿਥੇ ਪਿੰਡਾਂ ਵਿੱਚ ਗੁਰੂ ਘਰਾਂ ਅਤੇ ਅਖੰਡ ਪਾਠਾਂ ਨਾਲ ਸਪੀਕਰ ਚਲਦੇ ਹਨ ਦੀ ਅਵਾਜ਼ ਖੂਹਾਂ, ਨਲਕਿਆਂ ਨਦੀਆਂ ਅਤੇ ਸਰੋਵਰਾਂ ਵਿੱਚ ਵੀ ਜਾਂਦੀ ਹੈ ਉਹ ਪਾਣੀ ਵੀ ਅੰਮ੍ਰਿਤ ਸਮਝਣੇ ਚਾਹੀਦੇ ਹਨ ਪਰ ਗੁਰੂ ਸਾਹਿਬ ਤਾਂ ਅੰਮ੍ਰਿਤ ਇੱਕ ਦਸਦੇ ਹਨ ਫੁਰਮਾਨ ਹੈ- **ਨਾਨਕ ਅੰਮ੍ਰਿਤ ਏਕੁ ਹੈ ਪਾਈਐ ਗੁਰਪ੍ਰਸਾਦਿ॥** ਜੋ ਖੰਡੇ ਦੀ ਪਾਹੁਲ ਦੁਆਰਾ ਪੰਜਾਂ ਪਿਆਰਿਆਂ ਰਾਹੀਂ ਗੁਰੂ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਹੋਰ ਕਿਸੇ ਬੋਤਲ ਜਾਂ ਕੈਨੀ ਵਿੱਚ ਰਖਿਆ ਪਾਣੀ ਅੰਮਿਤ ਨਹੀਂ ਹੋ ਜਾਂਦਾ। ਨਾਰੀਅਲ ਗਣੇਸ਼ ਦੀ, ਲਾਲ ਕਪੜਾ ਤੇ ਮੌਲੀ ਦੇਵੀ ਦੀ ਅਤੇ ਘੜੇ ਥੱਲੇ ਅੰਨ ਰੱਖਣਾ ਅੰਨਦੇਵਤਾ ਦੀ ਪੂਜਾ ਹੈ ਜਦਿ ਕਿ ਸਿੱਖ ਨੂੰ ਹੁਕਮ ਹੈ-ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਦਾ* ਗੁਰੂ ਜੀ ਫੁਰਮਾਉਦੇ ਹਨ ਕਿ-

ਪੂਜਾ ਕੀਚੈ ਨਾਮੁ ਧਿਅਈਐ ਬਿਨ ਨਾਵੈ ਪੂਜ ਨ ਹੋਈ॥ (੪੮੯) ਅਤੇ ਮਨੁ ਤਨੁ
ਅਰਪਉ ਪੂਜ ਚੜਾਵਉ॥ ਗੁਰਪ੍ਰਸਦਿ ਨਿਰੰਜਨ ਪਾਵਉ (੫੨੫)

ਚੱਲ ਰਹੇ ਪਾਠ ਨਾਲ ਕਿਸੇ ਹੋਰ ਪੋਥੀ ਦਾ ਪਾਠ ਜਾਂ ਕੀਰਤਨ ਵਖਿਆਨ ਕਰਨੇ-ਇਹ ਤਾਂ ਇਵੇਂ ਹੈ ਜਿਵੇਂ ਅਸੀ ਕਿਸੇ ਮਹਾਂਰਾਜੇ ਨਾਲ ਗੱਲ ਬਾਤ ਕਰਦੇ ਹੋਏ ਉਹਦੀ ਗੱਲ ਧਿਆਨ ਨਾਲ ਸੁਣੀਏਂ ਹੀ ਨਾ ਕਿਸੇ ਹੋਰ ਨਾਲ ਵੀ ਗੱਲਾਂ ਕਰੀ ਜਾਈਏ, ਇਹ ਮਹਾਂਰਾਜੇ ਦੀ ਤੌਹੀਨ ਹੈ। ਇਵੇਂ ਹੀ ਸ਼੍ਰੀ ਗੁਰੂ ਗ੍ਰੰਥ ਜੀ ਦਾ ਪਾਠ ਕਰਦੇ ਨਾਲੋ-ਨਾਲ ਕਿਸੇ ਹੋਰ ਪੋਥੀ ਦਾ ਪਾਠ ਵੀ ਕਰੀ ਜਾਈਏ ਸਾਨੂੰ ਕਿਸੇ ਦੀ ਵੀ ਸਮਝ ਨਹੀ ਆਵੇਗੀ ਸਗੋਂ *ਠਾਕੁਰ ਛੋਡਿ ਦਾਸੀ ਕਉ ਸਿਮਰਹਿ* ਵਾਲੀ ਗੱਲ ਹੋਵੇਗੀ। ਅਖੰਡ ਪਾਠ ਦਾ ਭੋਗ ਪੈਣ ਦੇ ਨਾਲ ਲਗਾਤਰ ਜਪੁਜੀ ਅਤੇ ਅਨੰਦੁ ਸਾਹਿਬ ਪੜ੍ਹਨੇ ਸ਼ੁਰੂ ਕਰ ਦੇਣੇ ਤੇ ਕਹਿਣਾ ਹੁਣ ਸੰਪੂਰਨ ਭੋਗ ਪਿਆ ਹੈ। ਕੀ ਜਪੁਜੀ ਅਤੇ ਅਨੰਦੁ ਸਾਹਿਬ ਗੁਰਬਾਣੀ ਪਾਠ ਵਿੱਚ ਪਹਿਲੇ ਨਹੀਂ ਪੜ੍ਹੇ ਗਏ? ਭਾਵ ਸਾਡਾ ਗੁਰਬਾਣੀ ਅਤੇ ਪੰਥਕ ਰਹਿਤ ਮਰਯਾਦਾ ਤੇ ਵਿਸ਼ਵਾਸ਼ ਨਹੀਂ ਸਗੋਂ ਡੇਰੇਦਾਰਾਂ ਸਾਧਾਂ, ਸੰਪ੍ਰਦਾਈਆਂ ਅਤੇ ਭਰਮ-ਗਿਆਨੀਆਂ ਤੇ ਹੈ?

ਚੱਲ ਰਹੇ ਪਾਠ ਵਿੱਚ ਹੀ ਉੱਚੀ ਬੋਲ ਕੇ ਅਰਦਾਸ ਕਰਨੀ- ਅਰਦਾਸ ਕਰਦੇ ਹਾਂ ਅਖੰਡਪਾਠ ਨਿਰਵਿਘਨਤਾ ਸਹਿਤ ਸੰਪੂਰਨ ਹੋਵੇ, ਇਸ ਤੇ ਵਿਸ਼ਵਾਸ਼ ਵੀ ਕਰਨਾ ਚਾਹੀਦਾ ਹੈ ਫਿਰ ਕਿਉ ਅਖੰਡ ਪਾਠ ਰੱਖੇ ਦੇ ਦੂਸਰੇ ਦਿਨ ਜਦ ਪਾਠ ੭੦੫ ਅੰਗ ਤੇ-ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ਤੇ ਆਉਦਾ ਹੈ ਪਾਠੀ ਸਿੰਘ ਤੇ ਘਰ ਵਾਲੇ ਚਉਕੰਨੇ ਹੋ ਜਾਂਦੇ ਹਨ। ਮਧਿ ਦੀ ਅਰਦਾਸ ਦੀ ਦੌੜ-ਭੱਜ ਸ਼ੁਰੂ ਹੋ ਜਾਂਦੀ ਹੈ ਜੇ ਪਾਠ ੭੦੫ ਅੰਗ ਤੋਂ ਪਿਛੇ ਹੈ ਤਾਂ ਤੇਜ ਕਰਨ ਵਾਸਤੇ ਕਿਹਾ ਜਾਂਦਾ ਹੈ ਜੇ ਅਡਵਾਂਸ ਹੈ ਤਾਂ ਹੌਲੀ-ਹੌਲੀ ਕਿਉਂਕਿ ਅਜੇ ਮਧਿ ਦਾ ਟਾਈਮ ਨਹੀਂ ਆਇਆ, ਅਜੇ ਘਰ ਵਾਲੇ ਨਹੀਂ ਆਏ ਜਾਂ ਫਲਾਨਾਂ ਰਿਸ਼ਤੇਦਾਰ ਜਾਂ ਆਗੂ ਨਹੀਂ ਆਇਆ। ਪਾਠੀ ਨੂੰ ਚੁੱਪ ਕਰਵਾ ਕੇ ਉੱਚੀ ਬੋਲ ਕੇ ਮਧਿ ਦੀ ਅਰਦਾਸ ਕੀਤੀ ਜਾਂਦੀ ਹੈ। ਅਖੰਡ ਪਾਠ ਖੰਡਨ ਕਰ ਦਿੱਤਾ ਜਾਂਦਾ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਤਾਂ ਅਖੰਡ ਪਾਠ ਦਾ ਭਾਵ ਹੈ ਲਗਾਤਾਰ ਬਿਨਾਂ ਰੁਕੇ ਬੋਲ ਕੇ ਪਾਠ ਕਰਨਾ ਫਿਰ ੭੦੫ ਅੰਗ ਤੇ ਮਧਿ ਦੀ ਅਰਦਾਸ ਕਿਉਂ ਕੀਤੀ ਜਾਂਦੀ ਹੈ? ਜਿਸ ਦਾ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਧ (ਮਧਿ) ਨਾਲ ਕੋਈ ਸਬੰਧ ਨਹੀਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦੇ ੧੪੩੦ ਪੰਨੇ ਹਨ ਤੇ ਮਧਿ ੭੧੫ ਪੰਨੇ ਤੇ ਬਣਦਾ ਹੈ ਨਾਂ ਕਿ ੭੦੫ ਤੇ ਆਦਿ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ-ਜਿਸਦਾ ਤਾਂ ਭਾਵ ਹੈ ਕਿ ਵਾਹਿਗੁਰੂ ਆਦਿ ਵਿੱਚ ਵੀ ਪੂਰਨ ਸੀ ਮਧਿ-ਹੁਣ ਵੀ ਪੂਰਨ ਹੈ ਅਤੇ ਅੰਤਿ-ਭਵਿੱਖ ਵਿੱਚ ਵੀ ਪੂਰਨ ਰਹੇਗਾ। ਇਸ ਭਾਵ ਦੀਆਂ ਹੋਰ ਵੀ ਕਈ ਥਾਈ ਗੁਰਬਾਣੀ ਵਿੱਚ ਤੁੱਕਾਂ ਆਈਆਂ ਹਨ ਫਿਰ ਓਥੇ-੨ ਕਿਉਂ ਨਹੀਂ ਮਧਿ ਲਵਾਇਆ ਜਾਂਦਾ?

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪ੍ਰਮੇਸੁਰਹ (੭੦੫) ਆਦਿ ਅੰਤੇ ਮਧਿ ਪੂਰਨ-(੫੪੮) ਆਦਿ ਅੰਤੇ ਮਧਿ ਪੂਰਨ ੧੦੧) ਆਦਿ ਮਧਿ ਅੰਤਿ ਹੈ ਸੋਊ-(੧੦੦੧) ਆਦਿ ਅੰਤੇ ਮਧਿ ਸੋਈ-(੪੫੮ ਆਦਿ ਅੰਤਿ ਮਧਿ-(੩੪੪) ਆਦਿ ਅੰਤੇ ਤੂੰਹੈ--(੬੮੮) ਆਦਿ ਅੰਤਿ ਮਧਿ ਨਾਨਕ-(੬੧੬) ਆਦਿ ਅੰਤਿ ਮਧਿ ਪ੍ਰਭੁ ਸੋਈ (੧੦੮੫) ਆਦਿ ਅੰਤਿ ਮਧਿ ਪ੍ਰਭੁ ਸੋਈ-(੧੦) ਆਦਿ ਮਧਿ ਅੰਤਿ-(੨੫੦) ਆਦਿ ਅੰਤਿ ਮਧਿ ਪ੍ਰਭੁ-(੭੮੪) ਆਦਿ ਮਧਿ ਅੰਤਿ ਪ੍ਰਭੁ-(੧੦੨) ਆਦਿ ਮਧਿ ਅੰਤਿ ਪ੍ਰਭੁ-(੧੦੮੨) ਆਦਿ ਮਧਿ ਅੰਤਿ

ਪ੍ਰਭੁ--(੧੨੧੫) ਆਦਿ ਮਧਿ ਅੰਤਿ ਪ੍ਰਭ (੪੫੪) ਆਦਿ ਮਧਿ ਅੰਤਿ ਪ੍ਰਭੁ (੭੬੦) ਆਦਿ ਮਧਿ ਅੰਤਿ ਪ੍ਰਭੁ (੧੦੭੯) ਆਦਿ ਮਧਿ ਅੰਤਿ ਪ੍ਰਭੁ (੧੦੮੦) ਆਦਿ ਮਧਿ ਅਰੁ ਅੰਤਿ (੫੨੩) ਆਦਿ ਮਧਿ ਪ੍ਰਭੁ ਅੰਤਿ-(੮੨੫) ਆਦਿ ਮਧਿ ਜੋ ਅੰਤਿ ਨਿਬਾਹੇ (੨੪੦)

ਉਪ੍ਰੋਕਤ ਹਰੇਕ ਤੁਕ ਵਿੱਚ ਵਾਹਿਗੁਰੂ ਪ੍ਰਮਾਤਮਾਂ ਦੀ ਗੱਲ ਹੈ ਜੋ ਭੂਤਕਾਲ, ਵਰਤਮਾਨਕਾਲ ਅਤੇ ਭਵਿਖਤਕਾਲ ਭਾਵ ਹਰ ਸਮੇਂ ਸਦੀਵੀ ਹੋਂਦ ਵਾਲਾ ਤੇ ਇੱਕ-ਰਸ ਵਿਆਪਕ ਹੈ। ਉਹ ਹਰ ਵੇਲੇ ਪੂਰਨ ਹੈ। ਸੰਸਾਰ ਦਾ ਆਦਿ, ਮਧਿ ਅਤੇ ਅੰਤਿ ਵੀ ਉਹੀ ਪਰੀ-ਪੂਰਨ ਪ੍ਰਮਾਤਮਾਂ ਹੈ। ਇਨ੍ਹਾਂ ਤੁਕਾਂ ਦਾ ਮਧਿ ਦੀ ਅਰਦਾਸ ਨਾਲ ਕੋਈ ਸਬੰਧ ਨਹੀ। ਸੋ ਚਲਦੇ ਅਖੰਡ ਪਾਠ ਵਿੱਚ ਮਧਿ ਦੀ ਅਰਦਾਸ ਕਰਨਾ ਭਾਰੀ ਮਨਮਤਿ ਹੈ। ਸਿੱਖ ਰਹਿਤ ਮਰਯਾਦਾ ਵਿੱਚ ਇਸੇ ਕਰਕੇ ਮਧਿ ਦੀ ਅਰਦਾਸ ਦਾ ਕੋਈ ਜਿਕਰ ਨਹੀਂ, ਜੋ ਫੌਰੀ ਬੰਦ ਹੋਣੀ ਚਾਹੀਦੀ ਹੈ। ਇਸ ਕਾਰਜ ਵਿੱਚ ਮਿਸ਼ਨਰੀ ਕਾਲਜਾਂ ਦੇ ਸਿਖਿਆਰਥੀ-ਰਾਗੀ, ਗ੍ਰੰਥੀ ਅਤੇ ਪ੍ਰਚਾਰਕ ਹੀ ਮਦਦ ਕਰ ਸਕਦੇ ਸੰਪ੍ਰਦਾਈ ਗਿਆਨੀਆਂ ਤੇ ਡੇਰਾਧਾਰੀ ਗ੍ਰੰਥੀਆਂ ਨੇ ਕਦੇ ਬੰਦ ਨਹੀ ਕਰਨੀ ਕਿਉਂਕਿ ਉਹ ਸਿੱਖ ਰਹਿਤ ਮਰਯਾਦਾ ਨੂੰ ਹੀ ਨਹੀ ਮੰਨਦੇ।

ਇੱਕੋ ਕਮਰੇ ਜਾਂ ਹਾਲ ਵਿੱਚ ਕਈ-ਕਈ ਪਾਠ ਇੱਕਠੇ ਰੱਖਣੇ- ਇਹ ਗੁਰਮਤਿ ਨਹੀਂ ਇਹ ਤਾਂ ਕੇਵਲ ਗਿਣਤੀ ਕਰਨਾ ਅਤੇ ਵੱਧ ਪੈਸੇ ਇਕੱਠੇ ਕਰਨ ਦੀ ਲਾਲਸਾ ਹੈ ਕਿਉਂਕਿ ਜੇ ਇੱਕ ਪਾਠ ਹੋਵੇਗਾ ਤਾਂ ਇੱਕ ਦੀ ਭੇਟਾ ਮਿਲੇਗੀ, ਵੱਧ ਹੋਣਗੇ ਤਾਂ ਭੇਟਾ ਵੀ ਵੱਧ ਮਿਲੇਗੀ। ਗੁਰਬਾਣੀ ਤਾਂ ਜੀਵਨਜਾਚ ਹੈ, ਜੋ ਪੜ੍ਹ-ਸੁਣ ਅਤੇ ਵਿਚਾਰ ਕੇ ਸਮਝਣੀ ਹੈ। ਮੰਤ੍ਰਪਾਠਾਂ ਦਾ ਆਤਮਿਕ ਗਿਆਨ ਨਾਲ ਕੋਈ ਸਬੰਧ ਨਹੀਂ। ਗੁਰਬਾਣੀ ਤਾਂ ਇੱਕ ਹੈ- **ਇਕਾ ਬਾਣੀ ਇਕੁ ਗੁਰੁ ਇਕੋ ਸਬਦਿ ਵੀਚਾਰ** (੬੪੬) ਜੇ ਹਾਲ ਜਾਂ ਕਮਰੇ ਵਿੱਚ ਇੱਕ ਪਾਠ ਚੱਲ ਰਿਹਾ ਹੈ ਉਸ ਨੂੰ ਸ਼ਰਧਾ ਤੇ ਧਿਆਨ ਨਾਲ ਸੁਣੋ ਹਾਂ ਅਰਦਾਸ ਸਭ ਮਾਈ-ਭਾਈ ਦੀ ਸਾਂਝੀ ਹੋ ਸਕਦੀ ਹੈ। ਡਾਕ ਰਾਹੀ ਪਾਠ ਅਤੇ ਅਰਦਾਸ-ਨਾਂ ਪਾਠ ਸੁਣਨਾਂ-ਵਿਚਾਰਨਾ, ਨਾਂ ਸੇਵਾ ਕਰਨੀ, ਸਾਡੀ ਅਗਿਆਨਤਾ, ਬੇਸਮਝੀ ਨਹੀਂ ਤਾਂ ਹੋਰ ਕੀ ਹੈ? **ਬਧਾ ਚਟੀ ਜੋ ਭਰੇ ਨ ਗੁਣ ਨ ਉਪਕਾਰ** (੭੮੭) ਵਾਲੀ ਗੱਲ ਹੈ। ਹੱਡ-ਭੰਨਵੀਂ ਕੀਤੀ ਮਿਹਨਤ ਕਮਾਈ ਦੇ ਪੈਸੇ ਨੂੰ ਰੋੜਣ ਵਾਲੀ ਗੱਲ ਹੈ।

ਕੱਚੀ ਬਾਣੀ ਦਾ ਕੀਰਤਨ ਕਰਨਾਂ ਜਾਂ ਗੀਤ ਗਾਉਣੇ- ਕੀਰਤਨ ਕਥਾ ਵੀਚਾਰ ਕੇਵਲ ਗੁਰਬਾਣੀ ਦੇ ਹੀ ਹੋ ਸਕਦੇ ਹਨ ਕਿਉਂਕਿ-

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥

ਬਾਣੀ ਤਾਂ ਕਚੀ ਸਤਿਗੁਰੂ ਬਤਝਹੁ ਹੋਰ ਕਚੀ ਬਾਣੀ॥

ਕਹਿੰਦੇ ਕਚੇ ਸੁਣਦੇ ਕਚੇ ਕਚੀ ਆਖ ਵਖਾਣੀ॥ (੯੨੦) ਸਿੱਖ ਰਹਿਤ ਮਰਯਾਦਾ ਵਿੱਚ ਵੀ ਅਜਿਹਾ ਆਦੇਸ਼ ਹੈ ਹਾਂ ਵਿਆਖਿਆ ਤੇ ਪ੍ਰਮਾਣ ਲਈ ਅਸੀਂ ਹੋਰ ਗ੍ਰੰਥਾਂ ਦੇ ਉਹ ਪ੍ਰਮਾਣ ਦੇ ਸਕਦੇ ਹਾਂ ਜੋ ਗੁਰਬਾਣੀ ਸਿਧਾਂਤ ਨਾਲ ਮੇਲ ਖਾਂਦੇ ਹਨ। ਗੁਰਬਾਣੀ ਤਾਂ ਅਖੁੱਟ ਖਜਾਨਾਂ ਹੈ-

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾਂ ਮੇਰੈ ਮਨਿ ਭਇਆ ਨਿਧਾਨਾ॥

ਰਤਨ ਜਵੇਹਰ ਜਾਂ ਕਾ ਕਛੂ ਨਾ ਮੋਲੁ॥ ਭਰੇ ਭੰਡਾਰ ਅਖੂਟ ਅਤੋਲੁ॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟ ਨ ਅਵੈ ਵਧਦੋ ਜਾਈ॥ (੧੮੬)

ਘਰ ਵਿੱਚ ਸਭ ਕਿਛ ਹੁੰਦਿਆਂ ਸੁੰਦਿਆਂ ਹੋਰਨਾਂ ਤੋਂ ਮੰਗੀਏ ਤਾਂ ਉਲ੍ਹਮੇ ਮਿਲਦੇ ਹਨ-ਜੇ ਘਰਿ ਹੋਂਦੇ ਮੰਗਣ ਜਾਈਏ ਫੇਰਿ ਉਲਾਮਾ ਮਿਲੇ ਤਹੀ॥

ਆਰਤੀ ਉਤਾਰਨੀ- ਬ੍ਰਾਹਮਣ ਮੂਰਤੀਆਂ ਦੀ ਆਰਤੀ ਉਤਾਰਦੇ ਹਨ। ਜਦ ਗੁਰੂ ਨਾਨਕ ਦੇਵ ਜੀ ਜੰਗਨਨਾਥਪੁਰੀ ਗਏ ਜਿਥੇ ਪਾਂਡੇ ਸ਼੍ਰੀ ਕ੍ਰਿਸ਼ਨ ਦੀ ਮੂਰਤੀ ਦੀ ਆਰਤੀ ਉਤਾਰ ਰਹੇ ਸਨ। ਥਾਲ ਵਿੱਚ ਦੀਵੇ ਬਾਲੇ, ਮੋਤੀ ਪਾਏ, ਧੂਫਾਂ ਧੁਖਾਈਆਂ ਹੋਈਆਂ ਸਨ ਅਤੇ ਸ਼ਰਧਾਲੂ ਥਾਲ ਵਿੱਚ ਪੈਸੇ ਪਾ ਰਹੇ ਸਨ। ਇਹ ਪਾਖੰਡ ਹੁੰਦਾ ਵੇਖ ਕੇ ਸਤਿਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾਂ ਜੀ ਥੋੜਾ ਦੂਰ ਬੈਠ ਰੱਬੀ-ਬਾਣੀ ਆਰਤੀ ਪ੍ਰਥਾਇ ਗਾਇਣ ਕਰਦੇ ਹਨ-

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਣੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦੁ ਵਾਜੰਤ ਭੇਰੀ ॥੧॥ਰਹਾਉ॥ (੬੬੩)

ਜਦ ਪਾਂਡਿਆਂ ਨੇ ਪੁੱਛਿਆ ਤੁਸੀਂ ਸਾਡੀ ਆਰਤੀ ਵਿੱਚ ਸ਼ਾਮਲ ਨਹੀਂ ਹੋਏ ਤਾਂ ਗੁਰੂ ਜੀ ਨੇ ਕਿਹਾ ਕਿ ਅਸੀਂ ਨਿਰੰਕਾਰ ਦੀ ਆਪਣੇ-ਆਪ ਹੋ ਰਹੀ ਆਰਤੀ ਵਿੱਚ ਸ਼ਾਮਲ ਸਾਂ ਜੋ ਕੁਦਰਤਿ ਵਲੋਂ ਹੋ ਰਹੀ ਹੈ। ਜਿਸ ਵਿੱਚ ਅਕਾਸ਼ ਥਾਲ ਹੈ, ਸੂਰਜ ਤੇ ਚੰਦ ਦੀਵੇ ਹਨ, ਤਾਰੇ ਮੋਤੀ ਹਨ, ਫੁੱਲਾਂ ਦੀ ਸੁਗੰਧੀ ਧੂਪ ਹੈ, ਪਵਣ ਚਵਰ ਕਰ ਰਹੀ ਹੈ ਅਤੇ ਸਮੂੰਹ ਜੀਵਾਂ ਦੀਆਂ ਅਵਾਜਾਂ (ਸ਼ਬਦ) ਦੇ ਮਾਨੋ ਅਨਹਤ ਨਗਾਰੇ ਵੱਜ ਰਹੇ ਹਨ। ਇਹ ਰੱਬੀ ਉਪਦੇਸ਼ ਸੁਣ ਕੇ ਪਾਂਡਿਆਂ ਦੇ ਕਪਾਟ ਖੁੱਲ੍ਹ ਗਏ ਅਤੇ ਗੁਰੂ ਜੀ ਦੀ ਚਰਨੀ ਲਗੇ। ਭਾਵੇਂ ਉਨ੍ਹਾਂ ਦੇ ਪਿਛਲੱਗ ਪਾਂਡੇ ਮੰਦਰਾਂ ਵਿੱਚ ਅੱਜ ਆਰਤੀਆਂ ਕਰ ਰਹੇ ਹਨ। ਉਨ੍ਹਾਂ ਦੀ ਨਕਲ ਡੇਰਿਆਂ, ਠਾਠਾਂ ਅਤੇ ਕਈ ਗੁਰਦੁਆਰਿਆਂ ਵਿੱਚ ਵੀ ਲਾਲਚੀ ਤੇ ਆਪ-ਹੁਦਰੇ ਭਾਈ ਆਰਤੀਆਂ ਕਰਦੇ ਹਨ । ਜਦ ਕਿ ਗੁਰੂ ਜੀ ਨੇ ਕਿਹਾ ਸੀ ਕਿ ਕੋਈ ਮਨੁੱਖ ਪ੍ਰਮਾਤਮਾਂ ਦੀ ਆਰਤੀ ਕਰ ਹੀ ਨਹੀ ਸਕਦਾ ਸਗੋਂ ਸਮੁੱਚੀ ਕੁਦਰਤਿ ਹੀ ਨਿਰੰਕਾਰ ਦੀ ਆਰਤੀ ਕਰ ਰਹੀ ਹੈ। ਉਸ ਵੇਲੇ ਦੇ ਪਾਂਡੇ ਤਾਂ ਮੰਨ ਗਏ ਸਨ ਪਰ ਅੱਜ ਦੇ ਡੇਰੇਦਾਰ ਸਾਧ ਤੇ ਭਰਮ ਗਿਆਨੀ ਨਹੀਂ ਮੰਨਦੇ!

ਮੂਰਤੀ ਪੂਜਾ- ਗੁਰੂਆਂ ਭਗਤਾਂ ਜਾਂ ਦੇਹਧਾਰੀ ਸਾਧਾਂ-ਸੰਤਾਂ ਦੀਆਂ ਮੂਰਤਾਂ-ਤਸਵੀਰਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਬਰ ਰੱਖੀਆਂ ਜਾਂਦੀਆਂ ਹਨ। ਇਹ ਪ੍ਰਚਾਰ ਨਾਨਕਸਰ ਠਾਠਾਂ ਰਾਹੀਂ ਅਤੇ ਹੋਰ ਕਈ ਸਾਧਾਂ ਰਾਂਹੀ ਕੀਤਾ ਜਾ ਰਿਹਾ ਹੈ। ਨਾਨਕਸਰੀਏ ਗੁਰੂ ਗ੍ਰੰਥ ਸਾਹਿਬ ਜੀ ਦੇ ਇੱਕ ਪਾਸੇ ਬਰਾਬਰ ਗਦੇਲੇ ਉੱਤੇ ਬਾਬਾ ਨੰਦ ਸਿੰਘ ਤੇ ਦੂਜੇ ਪਾਸੇ ਬਾਬਾ ਈਸ਼ਰ ਸਿੰਘ ਦੀ ਤਸਵੀਰ ਜਾਂ ਕਈ ਵਾਰ ਇੱਕ ਪਾਸੇ ਗੁਰੂ ਨਾਨਕ ਦੇਵ ਜੀ ਦੀ ਦੂਜੇ ਪਾਸੇ ਬਾਬਾ ਨੰਦ ਸਿੰਘ ਜਾਂ ਕਿਸੇ ਹੋਰ ਸੰਤ ਦੀ ਤਸਵੀਰ ਰੱਖਦੇ ਹਨ ਅਤੇ ਇਹ ਪ੍ਰਚਾਰ ਵੀ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਬਾਬਾ ਨੰਦ ਸਿੰਘ ਨੂੰ ਕਈ ਵਾਰ ਦਰਸ਼ਨ ਦਿੱਤੇ ਸਨ ਤੇ ਉਨ੍ਹਾਂ ਨੇ ਗੁਰੂ ਨਾਨਕ ਦੇਵ

ਜੀ ਦੀ ਅਸਲੀ ਫੋਟੋ ਬਣਵਾਈ ਹੈ। ਕੀ ਗੁਰੂ ਜੀ ਨੇ ਆਪਣੀ ਮੂਰਤੀ ਬਣਵਾਉਣ ਲਈ ਬਾਬਾ ਨੰਦ ਸਿੰਘ ਨੂੰ ਹੀ ਦਰਸ਼ਨ ਦੇਣੇ ਸਨ? ਉਹ ਆਪਣੇ ਜਾਂਨਸ਼ੀਨ ਗੁਰੂਆਂ ਨੂੰ ਆਪਣੀ ਮੂਰਤੀ ਬਨਾਉਣ ਵਸਤੇ ਨਹੀਂ ਕਹਿ ਸਕਦੇ ਸਨ? ਗੁਰੂ ਜੀ ਤਾਂ ਮੂਰਤੀ ਪੂਜਾ ਵਲੋਂ ਹਟਾ ਰਹੇ ਸਨ ਤੇ ਕਹਿ ਰਹੇ ਸਨ- **ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਈ॥** (੪੮੯) ਭਾ.ਗੁਰਦਾਸ ਜੀ ਵੀ ਗੁਰ ਸਿਧਾਂਤ ਦ੍ਰਿੜ ਕਰਵਾ ਰਹੇ ਹਨ ਕਿ- **ਗੁਰਿ ਮੂਰਤਿ ਗੁਰਿ ਸਬਦੁ ਹੈ ਸਾਧ ਸੰਗਤਿ ਵਿਚਿ ਪ੍ਰਗਟੀ ਆਇਆ।** ਨਾਨਕਸਰੀਏ ਜੋ ਗੁਰੂ ਘਰਾਂ ਵਿੱਚ ਨਿਸ਼ਾਂਨ ਸਾਹਿਬ ਵੀ ਨਹੀ ਝਲਾਉਂਦੇ ਅਤੇ ਗੁਰੂ ਕਾ ਲੰਗਰ ਵੀ ਨਹੀ ਪੱਕਣ ਦਿੰਦੇ। ਗੁਰਦੁਆਰੇ ਦਾ ਨਾਂਮ ਵੀ ਠਾਠ ਹੀ ਰੱਖਦੇ ਹਨ, ਮੂਰਤੀ ਪੂਜਾ ਦਾ ਪ੍ਰਚਾਰ ਕਰਕੇ ਗੁਰ ਸਿਧਾਤਾਂ ਦੀ ਉਲੰਘਣਾ ਕਰ ਰਹੇ ਹਨ ਜਿਨਾਂ ਦੀ ਦੇਖਾ-ਦੇਖੀ ਭਗਤਾਂ ਦੀਆਂ ਮੂਰਤੀਆਂ ਵੀ ਗੁਰੂ ਗ੍ਰੰਥ ਸਾਹਿਬ ਨਾਲ ਰੱਖੀਆਂ ਜਾ ਰਹੀਆਂ ਹਨ।

ਸ਼ਖਸ਼ੀ ਪੂਜਾ- ਗੁਰੂ ਗ੍ਰੰਥ ਸਾਹਿਬ ਜੀ ਕੋਲ ਸੰਗਤਿ ਵਿੱਚ ਜਾਂ ਘਰਾਂ ਵਿੱਚ ਸ਼ਰਧਾਲੂਆਂ ਕੋਲ ਗਦੇਲੇ ਲਾ ਕੇ ਦੇਹਧਾਰੀ ਸਾਧ-ਸੰਤ ਬੈਠ ਰਹੇ ਹਨ। ਮਹਾਂਰਾਜ ਦੀ ਹਜੂਰੀ ਵਿੱਚ ਹੀ ਮੱਥੇ ਟਿਕਵਾ ਰਹੇ ਹਨ। ਇਸ ਪਾਸੇ ਨਾਮਧਾਰੀ ਸਿੱਖ ਅਖਵਾਉਣ ਵਾਲੇ, ਰਾਧਾ ਸੁਆਮੀ, ਨਕਲੀ ਨਿਰੰਕਾਰੀ, ਨਾਨਕਸਰੀਏ, ਵਡਭਾਗ ਸਿੰਘੀਏ, ਭਨਿਆਰੀਏ ਅਤੇ ਸਰਸੇ ਵਾਲੇ ਭੇਖੀ ਸਾਧ ਆਦਿ ਸ਼ਾਮਲ ਹਨ। ਸਾਨੂੰ ਸੁਚੇਤ ਹੋ ਕੇ ਗੁਰੂ ਜੀ ਦੇ ਇਸ ਹੁਕਮ ਦੀ ਪਾਲਣਾ ਕਰਣੀ ਚਾਹੀਦੀ ਹੈ- **ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ। ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨਿਓ ਗ੍ਰੰਥ।** ਸਮੁੱਚੇ ਸਿੱਖ ਪੰਥ ਨੂੰ ਇਧਰ ਧਿਆਨ ਦੇਣ ਦੀ ਲੋੜ ਹੈ। ਅਕਾਲ ਤਖਤ ਦੇ ਜਥੇਦਾਰ ਨੂੰ ਸ਼ਖਸ਼ੀ ਪੂਜਾ ਭਾਵ ਗੁਰੂ-ਡੰਮ ਵਿਰੁੱਧ ਆਦੇਸ਼ ਜਾਰੀ ਕਰਨਾ ਚਾਹੀਦਾ ਹੈ ਪਰ ਅਜ ਤਖਤਾਂ ਉੱਪਰ ਵੀ ਦੇਹਧਾਰੀਆਂ ਦੀ ਸੋਚ ਭਾਰੂ ਹੈ ਇਸ ਲਈ ਪੰਥ-ਦਰਦੀਆਂ ਨੂੰ ਸੁਚੇਤ ਹੋਣ ਦੀ ਲੋੜ ਹੈ।

ਗੁਰੂ ਗ੍ਰੰਥ ਸਾਹਿਬ ਜੀ ਨੂੰ ਭੋਗ ਲੱਗੇ ਕਹਿਣਾ, ਗਰਮ-ਸਰਦ ਰੁਮਾਲੇ ਅਤੇ ਕੰਬਲ ਰਜਾਈਆਂ ਦੇਣੀਆਂ-ਗੁਰੂ ਗ੍ਰੰਥ ਜੀ ਸ਼ਬਦ ਗੁਰੂ ਹਨ ਨਾਂ ਕਿ ਦੇਹਧਾਰੀ। ਸ਼ਬਦ ਗੁਰੂ ਨਾਂ ਖਾਂਦਾ ਪੀਂਦਾ ਹੈ ਨਾਂ ਸੌਂਦਾ ਜਾਗਦਾ ਹੈ ਭਾਵ ਮਨੁੱਖਾਂ ਸਰੀਰਧਾਰੀਆਂ ਵਾਲੀ ਕੋਈ ਕਿਰਿਆ ਨਹੀ ਕਰਦਾ, ਫੇਰ ਭੋਗ ਕਿਵੇਂ ਲਾਉਂਦਾ ਹੈ? ਕੌਲੇ ਵਿੱਚ ਪ੍ਰਸ਼ਾਦ ਤਾਂ ਉਸ ਸਿੰਘ-ਸਿੰਘਣੀ ਵਾਸਤੇ ਰੱਖਿਆ ਜਾਂਦਾ ਹੈ ਜੋ ਤਾਬਿਆ ਬੈਠਾ ਪਾਠ ਜਾਂ ਸੇਵਾ ਕਰ ਰਿਹਾ ਹੈ ਸੇਵਾ ਤੋਂ ਵਿਹਲਾ ਹੋ ਕੇ ਛਕੇਗਾ। ਫਿਰ ਅਰਦਾਸ ਕਰਦੇ ਸਮੇਂ ਭੋਗ ਲਗੇ ਸ਼ਬਦ ਕਹਿਣਾ ਠੀਕ ਨਹੀਂ ਕਿਉਂਕਿ ਭੋਗ ਤਾਂ ਬ੍ਰਾਹਮਣ ਠਾਕਰਾਂ (ਪੱਥਰ ਦੀਆਂ ਮੂਰਤੀਆਂ) ਨੂੰ ਲਵਾਉਂਦਾ ਹੈ ਜੋ ਆਪ ਤਾਂ ਖਾਂਦੀਆਂ ਨਹੀਂ ਸਗੋਂ ਬ੍ਰਾਹਮਣ ਆਪ ਹੀ ਖਾ ਜਾਂਦਾ ਹੈ ਫੁਰਮਾਣ ਹੈ- **ਭੋਗਹਾਰੇ ਭੋਗਿਆ ਇਸੁ ਮੂਰਤਿ ਕੇ ਮੁਖਿ ਛਾਰਿ** (੪੭੯) ਮੂਰਤੀਆਂ ਦੇ ਮੁੱਖ ਤੇ ਸੁਆਹ ਮਲ ਦਿੰਦਾ ਹੈ ਕਿਤੇ ਕੀੜੀਆਂ ਨਾਂ ਚੜ੍ਹਨ। ਸਿੱਖ ਨੇ ਤਾਂ ਵਾਹਿਗੁਰੂ ਪਾਸ ਅਰਦਾਸਿ ਕਰਨੀ ਹੈ ਕਿ ਹੇ ਵਾਹਿਗੁਰੂ! ਤੇਰੀਆਂ ਦਿੱਤੀਆਂ ਦਾਤਾਂ ਚੋਂ ਕੜਾਹ ਪ੍ਰਸ਼ਾਦ ਦੀ ਦੇਗ ਜਾਂ ਗੁਰੂ ਕਾ ਲੰਗਰ ਹਾਜ਼ਰ ਹੈ ਆਪ ਜੀ ਦੇ ਦਰ ਪ੍ਰਵਾਨ ਹੋਵੇ। ਸਿੱਖ

ਰਹਿਤ ਮਰਯਾਦਾ ਅਨੁਸਾਰ ਅਰਦਾਸ ਅਤੇ ਹੁਕਮਨਾਮੇਂ ਤੋਂ ਬਾਅਦ ਕ੍ਰਿਪਾਨ-ਭੇਟ ਕਰਨੀ ਚਾਹੀਦੀ ਹੈ ਨਾਂ ਕਿ ਅਰਦਾਸ ਕਰਦੇ ਸਮੇਂ। ਸੰਗਤ ਤਾਂ ਅਰਦਾਸ ਵਿੱਚ ਜੁੜੀ ਹੁੰਦੀ ਹੈ ਫਿਰ ਵਿੱਚ-ਵਿਚਾਲੇ ਕ੍ਰਿਪਾਨ ਧੋਣ ਜਾਣਾ, ਤੁਰੇ ਫਿਰਨਾ, ਖੜਕਾ ਕਰਨਾ ਅਤੇ ਅਰਦਾਸ ਕਰਦੇ ਸਮੇਂ ਕ੍ਰਿਪਾਨ ਭੇਟ ਕਰਨੀ ਜੁੜੀ ਸੰਗਤ ਦੀ ਬਿਰਤੀ ਤੋੜਨ ਵਾਲੀ ਗੱਲ ਹੈ ਮਕਸਦ ਤਾਂ ਗੁਰੂ ਹੁਕਮ ਤੇ ਪ੍ਰਵਾਣਗੀ ਲੈਣ ਦਾ ਹੈ। ਜੇ ਅਸੀਂ ਸ਼ਬਦ ਗੁਰੂ ਨੂੰ ਦੇਹਧਾਰੀ ਹੀ ਸਮਝਣਾ ਹੈ ਤਾਂ ਫਿਰ ਵਧੀਆ ਬਾਥਰੂਮ ਵਿੱਚ ਇਸ਼ਨਾਨ ਵੀ ਕਰਾਉਣਾ ਚਾਹੀਦਾ ਹੈ! ਕੈਸੀਆਂ ਹਾਸੋ-ਹੀਣੀਆਂ ਗੱਲਾਂ ਹਨ। ਗੁਰੂ ਜੀ ਤਾਂ ਗਰੀਬ ਨਿਵਾਜ ਹਨ ਲੋੜਵੰਦਾਂ ਦੀ ਸੇਵਾ ਕਰਦੇ ਸਨ ਲੋੜਵੰਦ ਰਾਹੀਂ ਪਾਂਧੀ ਨੂੰ ਗੁਰੂ ਘਰ ਵਿੱਚ ਸਰਦੀ ਠੰਡ ਤੋਂ ਬਚਣ ਲਈ ਰਜਾਈ ਨਾਂ ਮਿਲੇ ਪਰ ਸ਼ਬਦ ਗੁਰੂ ਤੇ ਕਈ-੨ ਰੁਮਾਲੇ ਤੇ ਦੂਹਰੀਆਂ ਰਜਾਈਆਂ ਦਿੱਤੀਆਂ ਜਾਂਣ ਜਿਨ੍ਹਾਂ ਨੂੰ ਸਰਦੀ ਗਰਮੀ ਲਗਦੀ ਹੀ ਨਹੀ ਇਹ ਕਿਧਰ ਦੀ ਸ਼ਰਧਾ ਤੇ ਸਿੱਖੀ ਹੈ? ਗੁਰੂ ਤਾਂ ਲੋੜਵੰਦਾਂ ਦੀ ਸੁਣਦਾ ਹੈ। ਕਥਾ ਹੈ ਕਿ ਗੁਰੂ ਅਰਜਨ ਦੇਵ ਜੀ ਵੇਲੇ ਇੱਕ ਅਮੀਰ ਸਿੱਖ ਭਾਈ ਬੁੱਧੂ ਸ਼ਾਹ ਨੇ ਲੰਗਰ ਕਰਵਾ ਕੇ ਆਪਣੇ ਇੱਟਾਂ ਦੇ ਆਵੇ ਚੰਗੀ ਤਰ੍ਹਾਂ ਪੱਕ ਜਾਂਣ ਦੀ ਅਰਦਾਸ ਕਰਵਾਈ ਭੋਜਨ ਛਕਾਏ ਪਰ ਇੱਕ ਲੋੜਵੰਦ ਸਿੱਖ ਥੋੜਾ ਲੇਟ ਆਇਆ, ਉਸ ਨੂੰ ਪ੍ਰਸ਼ਾਦਾ ਨਾਂ ਛਕਾਇਆ, ਨਾਂ ਲੰਗਰ ਦਾ ਦਰਵਾਜਾ ਖੋਲਿਆ, ਉਹ ਵਿਚਾਰਾ ਬਾਹਰ ਭੁੱਖਾ ਹੀ ਤੜਫਦਾ ਰਿਹਾ ਪਰ ਬੁੱਧੂ ਸ਼ਾਹ ਨੇ ਗਰੀਬ-ਲੋੜਵੰਦ ਦੀ ਕੋਈ ਪ੍ਰਵਾਹ ਨਾਂ ਕੀਤੀ। ਜਦ ਅਰਦਾਸੀਏ ਨੇ ਅਰਦਾਸ ਕੀਤੀ ਬੁੱਧੂ ਦਾ ਆਵਾ ਪੱਕਾ ਤਾਂ ਬਾਹਰ ਖੜੇ ਸਿੱਖ ਦੇ ਮੂੰਹੋਂ ਨਿਕਲਿਆ ਕੱਚਾ! ਬੁੱਧੂ ਸ਼ਾਹ ਨੇ ਗੁੱਸਾ ਕੀਤਾ। ਗੁਰੂ ਅਰਜਨ ਦੇਵ ਜੀ ਨੇ ਬੁੱਧੂ ਸ਼ਾਹ ਨੂੰ ਸਮਝਾਇਆ ਕਿ ਵੱਡੇ-ਪਨ ਦੇ ਮਾਨ ਵਿੱਚ ਛੋਟਿਆਂ ਭਾਵ ਲੋੜਵੰਦਾਂ ਨੂੰ ਤੰਗ-ਪ੍ਰਸ਼ਾਨ ਨਹੀ ਕਰੀਦਾ ਜਾਂ ਵਿਸਾਰ ਦੇਣਾਂ ਹੀ ਇਨਸਾਨੀਅਤ ਨਹੀਂ। ਗੁਰੂ ਲੋੜਵੰਦ ਸੱਚੇ ਸਿੱਖ ਦੀ ਅਰਦਾਸ ਪਹਿਲੇ ਸੁਣਦਾ ਹੈ ਸਿੱਖ ਦਾ ਸੱਚੇ ਦਿਲੋਂ ਕੀਤਾ ਬਚਨ ਪੂਰਾ ਹੁੰਦਾ ਹੈ। ਹੁਣ ਤੇਰਾ ਆਵਾ ਰਹੇਗਾ ਤਾਂ ਕੱਚਾ ਪਰ ਮਾਨ ਤਿਆਗ ਕੇ ਲੋੜਵੰਦਾਂ ਦੀ ਸੇਵਾ ਕਰੇਂਗਾ ਤਾਂ ਪੱਕਿਆਂ ਦੇ ਭਾਅ ਵਿਕ ਜਾਵੇਗਾ।

ਅੱਜ ਗੁਰੂ ਘਰਾਂ ਵਖੇ ਰੁਮਾਲਿਆਂ ਦੇ ਢੇਰਾਂ ਦੇ ਢੇਰ ਲੱਗੇ ਹੋਏ ਹਨ। ਕਈ-੨ ਕਮਰੇ ਵੀ ਭਰ ਗਏ ਹਨ, ਰੱਖਣ ਨੂੰ ਜਗ੍ਹਾ ਨਹੀਂ ਅਸੀਂ ਫਿਰ ਵੀ ਲਕੀਰ ਦੇ ਫਕੀਰ ਬਣ ਕੇ ਵਰਤੋਂ ਵਿੱਚ ਨਾਂ ਆਉਣ ਵਾਲੇ ਭਾਰੀ-ਭਾਰੀ ਕੀਮਤ ਦੇ ਰੁਮਾਲੇ ਹੀ ਚੜ੍ਹਾਈ ਜਾ ਰਹੇ ਹਾਂ। ਕੌਮ ਦਾ ਪੈਸਾ ਵਿਅਰਥ ਜਾ ਰਿਹਾ ਹੈ ਉਹ ਹੀ ਕਿਸੇ ਲੋੜਵੰਦ ਸਕੂਲ-ਕਾਲਜ ਦੇ ਦਿੱਤੇ ਜਾਂਣ ਜਿੱਥੇ ਲੋੜਵੰਦ ਬੱਚੇ ਚੰਗੀ ਪੜ੍ਹਾਈ ਕਰਕੇ ਆਪਣੇ ਪੈਰਾਂ ਤੇ ਖੜੇ ਹੋ ਕੇ ਕੌਮ ਦਾ ਸਿਰ ਉੱਚਾ ਕਰ ਸਕਣ। ਗੁਰੂ ਸਾਹਿਬ ਵੀ ਇਸ ਬਾਰੇ ਫੁਰਮਾਨ ਕਰਦੇ ਹਨ-

ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ॥

ਅਕਲੀ ਪੜ੍ਹ ਕੇ ਬੁਝੀਐ ਅਕਲੀ ਕੀਚੈ ਦਾਨ॥

ਨਾਨਕ ਆਖੈ ਰਾਹੁ ਇਹੁ ਹੋਰ ਗੱਲਾਂ ਸ਼ੈਤਾਨ॥ (੧੨੪੫)

ਤੁਪਕਾ-ਤੁਪਕਾ ਪਾਣੀ ਛਿੜਕਣਾ- ਜਦ ਸ਼ਬਦ ਗੁਰੂ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਲੈ

ਜਾਇਆ ਕਰਦਾ ਹੈ ਤਾਂ ਅੱਗੇ-ਅੱਗੇ ਤੁਪਕਾ-੨ ਪਾਣੀ ਛਿੜਕਿਆ ਜਾਂਦਾ ਹੈ। ਕਈ ਵਾਰ ਕੜਾਹ-ਪ੍ਰਸ਼ਾਦ ਦੀ ਦੇਗ ਅੱਗੇ ਵੀ ਅਜਿਹਾ ਕੀਤਾ ਜਾਂਦਾ ਹੈ ਜੋ ਕੇਵਲ ਕਰਮਕਾਂਡ ਤੇ ਭਰਮ ਹੈ। ਪਹਿਲੇ ਸਮੇਂ ਰਸਤੇ ਕੱਚੇ ਹੁੰਦੇ ਸਨ ਧੂੜ੍ਹ ਮਿੱਟੀ ਉੱਡ ਕੇ ਉੱਪਰ ਪੈਂਦੀ ਸੀ ਇਸ ਕਰਕੇ ਪਾਣੀ ਦਾ ਭਰਵਾਂ ਛਿੜਕਾਅ ਕੀਤਾ ਜਾਂਦਾ ਸੀ ਪਰ ਅੱਜ ਤਾਂ ਸੜਕਾਂ ਰਸਤੇ ਪੱਕੇ ਹਨ ਫਿਰ ਵੀ ਤੁਪਕਾ-੨ ਪਾਣੀ ਛਿੜਕਣਾ ਕੀ ਅਰਥ ਰਖਦਾ ਹੈ? ਭੇਡ-ਚਾਲ ਨਹੀਂ ਤਾਂ ਹੋਰ ਕੀ ਹੈ? ਹਾਂ ਜਿੱਥੇ ਪੈਦਲ ਤੁਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲੈ ਜਾਣੀ ਹੋਵੇ ਸਾਰਾ ਰਸਤਾ ਧੋਤਾ ਤੇ ਸਾਫ ਕੀਤਾ ਜਾਵੇ ਨਾਲੀਆਂ ਦੇ ਆਸੀਂ-ਪਾਸੀਂ ਕਲੀ ਪਾਈ ਜਾਵੇ ਇਹ ਤਾਂ ਹੈ ਸ਼ਰਧਾ ਤੇ ਸਤਿਕਾਰ। ਤੁਪਕਾ-੨ ਪਾਣੀ ਤਾਂ ਫਾਰਮਿਲਟੀ ਪੂਰੀ ਕਰਨਾਂ ਅਤੇ ਲਕੀਰ ਦੇ ਫਕੀਰ ਬਣਨ ਵਾਲੀ ਗੱਲ ਹੈ।

ਨੰਗੇ ਪੈਰੀ ਤੁਰਨਾ- ਗੁਰਦੁਅਰੇ ਦੇ ਹਾਲ ਅੰਦਰ ਤਾਂ ਨੰਗੇ ਪੈਰੀ ਜਾ ਸਕਦੇ ਹਾਂ ਪਰ ਬਾਹਰ ਜਿੱਥੇ ਸਫਾਈ ਨਹੀਂ ਜਾਂ ਦੂਰ ਜਾਂਣਾ ਹੈ ਉੱਥੇ ਨੰਗੇ ਪੈਰੀਂ ਜਾਣਾ ਸਿਆਣਪ ਨਹੀਂ ਸਗੋਂ ਪੈਰ ਗੰਦੇ ਹੋ ਜਾਂਦੇ ਹਨ, ਰੋੜੀਆਂ ਚੁੱਭਦੀਆਂ ਹਨ ਅਤੇ ਕਿਲ-ਕੰਡੇ ਵੀ ਲਗ ਸਕਦੇ ਹਨ। ਕੀ ਗੁਰੂ ਸਾਹਿਬਾਨ ਜਦ ਸਰੀਰਕ ਰੂਪ ਵਿੱਚ ਵਿਚਰਦੇ ਸਨ ਉਹੋ ਆਪ ਤੇ ਸਿੱਖ ਸੰਗਤਾਂ ਨੰਗੇ ਪੈਰੀਂ ਤੁਰਿਆ ਫਿਰਿਆ ਕਰਦੇ ਸਨ? ਓਦੋਂ ਤਾਂ ਰਸਤੇ ਵੀ ਅੱਜ ਵਰਗੇ ਸਾਫ-ਸੁਥਰੇ ਨਹੀਂ ਸਨ ਨੰਗੇ ਪੈਰੀਂ ਚਲਣਾ ਹੀ ਜੇ ਭਗਤੀ ਹੈ ਤਾਂ ਫਿਰ ਪਸ਼ੂ-ਪੰਛੀ ਤਾਂ ਹਰ ਵੇਲੇ ਨੰਗੇ ਫਿਰਦੇ ਹਨ। ਗੁਰ ਫੁਰਮਾਨ ਹੈ-

ਨਗਨ ਫਿਰਤੁ ਜਉ ਪਾਈਐ ਜੋਗੁ॥ ਬਨ ਕਾ ਮਿਰਗ ਮੁਕਤਿ ਸਭ ਹੋਗੁ॥

ਕਿਆ ਨਾਂਗੇ ਕਿਆ ਬਾਂਧੇ ਚਾਮ॥ ਜਬ ਨਹੀ ਚੀਨਤ ਆਤਮ ਰਾਮੁ (੩੨੪)

ਆਸਾ ਕੀ ਵਾਰ ਵਿੱਚ ਤਾਂ ਗੁਰੂ ਜੀ ਉਪਦੇਸ਼ ਕਰਦੇ ਹਨ ਕਿ- **ਪਗ ਉਪੇਤਾਂਣਾ ਅਪਣਾ ਕੀਆ ਕਮਾਂਣਾ-॥ ਸਹੁ ਵੇ ਜੀਆ ਆਪਣਾ ਕੀਆ॥** (੪੬੭) ਨੰਗੇ ਪੈਰੀਂ ਫਿਰਨ ਨੂੰ ਆਪ ਕਸ਼ਟ ਸਹਿਣਾ ਦੱਸਿਆ ਹੈ। ਕਈ ਕਹਿੰਦੇ ਹਨ ਕਿ ਜੁੱਤੀਆਂ ਅਤੇ ਬੈਲਟਾਂ ਲਾਹ ਦਿਉ ਚੰਮ ਦੀਆਂ ਹਨ ਫਿਰ ਤਾਂ ਭਾਈ ਸਾਡਾ ਸਰੀਰ ਵੀ ਚੰਮ ਦਾ ਹੈ, ਸੋਨੇ ਚਾਂਦੀ ਦਾ ਨਹੀਂ ਸਰੀਰ ਰੂਪੀ ਚੰਮ ਕਿਵੇਂ ਲਾਹਿਆ ਜਾ ਸਕਦਾ ਹੈ? ਜੋ ਚੌਰ ਗੁਰੂ ਸਾਹਿਬ ਉੱਪਰ ਕੀਤੀ ਜਾਂਦੀ ਹੈ ਉਹ ਵੀ ਇੱਕ ਪਸ਼ੂ ਦੀ ਵਾਲਾਂ ਵਾਲੀ ਪੂਛ ਹੈ ਅਤੇ ਸਾਡੇ ਪਰਸ ਆਦਿ ਵੀ ਚਮੜੇ ਦੇ ਹੁੰਦੇ ਹਨ। ਘੜੀਆਂ ਦੇ ਪਟੇ ਵੀ ਕਈ ਵਾਰ ਲੈਦਰ ਦੇ ਹੁੰਦੇ ਹਨ ਕਿਹੜੇ ਕਰਮਕਾਂਡਾਂ ਵਿੱਚ ਪੈ ਗਏ ਹਾਂ? ਅੱਜ ਜਦ ਮਹਾਂਰਾਜ ਦੀ ਸਵਾਰੀ ਕਾਰਾਂ, ਜੀਪਾਂ ਅਤੇ ਗੱਡੀਆਂ ਉੱਤੇ ਜਾ ਰਹੀ ਹੁੰਦੀ ਹੈ ਉੱਥੇ ਅੱਗੇ-੨ ਪਾਣੀ ਛਿੜਕਦੇ ਹਾਂ? ਜਾਂ ਕਾਰਾਂ ਦੇ ਪੈਰਾਂ ਵਿੱਚ ਜੋ ਟਾਇਰ ਹਨ ਉਹ ਲਾਹ ਦਿੰਦੇ ਹਾਂ ਜਾਂ ਨੰਗੇ ਪੈਰੀਂ ਕਾਰ ਚਲਾਉਂਦੇ ਹਾਂ? ਨੰਗੇ ਪੈਰੀਂ ਗੱਡੀ ਚਲਾਉਣਾ ਜਾਂ ਨੰਗੇ ਪੈਰ ਮੋਟਰ ਗੱਡੀ ਜਾਂ ਬੱਸ ਉੱਤੇ ਸਫਰ ਕਰਨਾ ਕਾਨੂੰਨੀ ਮਨ੍ਹਾਂ ਹੈ। ਬੱਸ ਡਰਾਈਵਰ ਨੰਗੇ ਪੈਰੀਂ ਬੱਸ ਤੇ ਚੜ੍ਹਨ ਤੋਂ ਮਨ੍ਹਾਂ ਕਰਦਾ ਹੈ। ਕਿਹੜੇ-੨ ਵਹਿਮ ਦੀ ਗੱਲ ਕਰੀਏ ਵਹਿਮਾਂ ਦੇ ਤਾਂ ਪੈਰ-੨ ਤੇ ਜਾਲ ਵਿਛੇ ਪਏ ਹਨ ਜਿਵੇਂ ਕਈ ਵਾਰ ਮਿਲਣੀ ਦੀ ਅਰਦਾਸ ਵੇਲੇ ਜੋ ਆਮ ਤੌਰ ਤੇ ਗੁਰਦੁਆਰੇ ਦੇ ਹਾਲ ਤੋਂ

ਬਾਹਰ ਕੀਤੀ ਜਾਂਦੀ ਹੈ ਬਾਹਰ ਕਈ ਵਾਰ ਥਾਂ ਸਾਫ ਵੀ ਨਹੀ ਹੁੰਦੀ ਅਤੇ ਸਾਰੇ ਬਰਾਤੀ ਲੜਕੇ-ਲੜਕੀ ਵਾਲੇ ਧੋਤੇ-ਪੁਤੇਤੇ ਪ੍ਰਵਾਰਾਂ ਨੇ ਜੁੱਤੀਆਂ ਪਾਈਆਂ ਹੁੰਦੀਆਂ ਹਨ ਕਈ ਤਾਂ ਸਿਰੋ ਵੀ ਨੰਗੇ ਹੁੰਦੇ ਹਨ। ਉੱਥੇ ਕੇਵਲ ਭਾਈ ਜੀ ਨੂੰ ਹੀ ਜੁੱਤੀ ਉਤਾਰਨ ਵਾਸਤੇ ਕਿਹਾ ਜਾਂਦਾ ਹੈ, ਬਾਕੀ ਸਾਰੇ ਜੁੱਤੀਆਂ ਕਿਉਂ ਨਹੀਂ ਉਤਾਰਦੇ, ਕੀ ਉਹ ਉਸ ਵੇਲੇ ਅਰਦਾਸ ਵਿੱਚ ਸ਼ਾਮਲ ਨਹੀਂ? ਕੈਸੀਆਂ ਹਾਸੋ-ਹੀਣਆਂ ਗੱਲਾਂ ਹਨ ਜਿਨ੍ਹਾਂ ਦਾ ਗੁਰਮਤਿ ਨਾਲ ਜਾਂ ਧਰਮ ਨਾਲ ਕੋਈ ਵੀ ਸਬੰਧ ਨਹੀਂ ਪਰ ਅਸੀਂ ਦੇਖਾ-ਦੇਖੀ ਕਰੀ ਜਾ ਰਹੇ ਹਾਂ। ਸਾਨੂੰ ਕਹਿਣਾ ਤਾਂ ਇਹ ਚਾਹੀਦਾ ਹੈ ਕਿ ਮਹਾਂਰਾਜ ਦੀ ਸਵਾਰੀ ਨਾਲ ਕੋਈ ਨਸ਼ਈ, ਸ਼ਰਾਬੀ ਅਤੇ ਤੰਬਾਕੂ ਆਦਿਕ ਦਾ ਕੋਈ ਨਸ਼ਾ ਨਾ ਕੀਤਾ ਹੋਵੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਜਾਂਣਾ ਹੀ ਠੀਕ ਹੈ ਨਾਂ ਕਿ ਨੰਗੇ ਪੈਰੀਂ ਜਾਂਣਾ। ਜਿਉਂ-੨ ਸਾਇੰਸ ਤਰੱਕੀ ਕਰ ਰਹੀ ਹੈ ਨਵੀਂ ਟਕਨਾਉਲਜੀ-ਤਕਨੀਕ ਆ ਰਹੀ ਹੈ ਅਤੇ ਨਵੀਆਂ ਕਾਢਾਂ ਕੱਢੀਆਂ ਜਾ ਰਹੀਆਂ ਹਨ, ਓਨ੍ਹਾਂ ਤੋਂ ਲਾਹਾ ਲੈਣਾ ਚਹੀਦਾ ਹੈ। ਜੇ ਅਸੀਂ ਕਹੀਏ ਅਸੀਂ ਤਾਂ ਪੁਰਤਨ ਹੀ ਸਭ ਕੁਝ ਕਰਨਾ ਹੈ ਫਿਰ ਤਾਂ ਸਾਨੂੰ ਕਾਰਾਂ ਛੱਡ ਕੇ ਪੈਦਲ, ਬੈਲ ਗੱਡੀ ਜਾਂ ਹਾਥੀ-ਘੋੜੇ ਦੀ ਸਵਾਰੀ ਹੀ ਕਰਨੀ ਚਾਹੀਦੀ ਹੈ। ਪੈਂਟਾਂ ਕਮੀਜਾਂ ਦੀ ਥਾਂ ਕੇਵਲ ਚੋਲਾ, ਕਛਹਿਰਾ, ਆਦਿਕ ਪੁਰਾਤਨ ਪਹਿਰਾਵਾ ਹੀ ਪਹਿਨਣਾ ਚਾਹੀਦਾ ਹੈ ਅਤੇ ਹਵਾਈ ਜਹਾਜ਼ਾਂ ਤੇ ਤਾਂ ਬਿਲਕੁਲ ਨਹੀਂ ਚੜ੍ਹਨਾ ਚਾਹੀਦਾ ਪਹਿਲੇ ਤਾਂ ਘਰ ਵੀ ਕੱਚੇ ਜਾਂ ਛੰਨਾਂ ਛੱਪਰੀਆਂ ਹੀ ਹੁੰਦੀਆਂ ਸਨ ਹੁਣ ਵੀ ਉਹੋ ਜਿਹੇ ਹੀ ਹੋਣੇ ਚਾਹੀਦੇ ਹਨ। ਰਸੋਈਆਂ ਵਿੱਚ ਗੈਸਾਂ ਦੀ ਥਾਂ ਬਾਲਣ ਵਾਲੇ ਚੁੱਲ੍ਹੇ ਜਾਂ ਲੋਹਾਂ-ਤਵੀਆਂ ਹੀ ਹੋਣੀਆਂ ਚਾਹੀਦੀਆਂ ਹਨ। ਲੱਕੜਾਂ ਬਾਲ ਕੇ ਹੀ ਰਸੋਈ ਤਿਆਰ ਕਰਨੀ ਚਾਹੀਦੀ ਹੈ ਅਤੇ ਚੁੱਲ੍ਹੇ ਵੀ ਜ਼ਮੀਨ ਵਿੱਚ ਹੀ ਪੁੱਟਣੇ ਚਾਹੀਦੇ ਹਨ ਨਵੀਨ ਬੈੱਡਾਂ ਦੀ ਥਾਂ ਮੰਜਿਆਂ ਉੱਤੇ ਜਾਂ ਭੁੰਜੇ ਹੀ ਸੌਣਾ ਚਾਹੀਦਾ ਹੈ। ਰੇਡੀਓ, ਅਖਬਾਰ, ਟੈਲੀਵਿਯਨ ਅਤੇ ਕੰਪਿਊਟਰ ਆਦਿਕ ਨਹੀਂ ਵਰਤਣੇ ਚਾਹੀਦੇ ਕਿਉਂਕਿ ਇਹ ਵਿਗਿਆਨ ਦੀਆਂ ਕਾਢਾਂ ਹਨ। ਸਤਿਗੁਰਾਂ ਨੇ ਤਾਂ ਕਿਸੇ ਸੁਖ-ਸਹੂਲਤ ਜਾਂ ਵਿਗਿਆਨ ਦੀ ਵਿਰੋਧਤਾ ਨਹੀਂ ਕੀਤੀ ਸਗੋਂ ਹਰ ਉਸ ਚੀਜ ਦੀ ਵਿਰੋਧਤਾ ਕੀਤੀ ਹੈ ਜਿਸ ਕਰਕੇ ਅਸੀਂ ਵਾਹਿਗੁਰੂ ਪ੍ਰਮਾਤਮਾ ਨੂੰ ਭੁੱਲ ਜਾਈਏ ਤੇ ਮੰਦੇ ਕਰਮ ਕਰੀਏ। ਹਾਂ ਕਿਸੇ ਵੀ ਚੀਜ਼ ਦੀ ਦੁਰਵਰਤੋਂ ਮਾੜੀ ਹੈ ਨਾਂ ਕਿ ਸੁਵਰਤੋਂ। ਜਿਉਂ-ਜਿਉਂ ਜ਼ਮਾਨਾ ਤਰੱਕੀ ਕਰਦਾ ਹੈ, ਸੁਖ-ਸਹੂਲਤਾਂ ਬਦਲਦੀਆਂ ਹਨ ਸਿੱਖ ਨੇ ਉਨ੍ਹਾਂ ਤੋਂ ਲਾਭ ਲੈਣਾ ਹੈ ਨਾਂ ਕਿ ਵਿਰੋਧਤਾ ਕਰਨੀ ਹੈ। ਸਿੱਖ ਧਰਮ ਸਰਬਵਿਆਪਕ ਧਰਮ ਹੈ ਅਤੇ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ ਫੁਰਮਾਨ ਹਨ-

ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ॥ (੯੭)

ਏਕੁ ਪਿਤਾ ਏਕਸ ਕੇ ਹਮ ਬਾਰਿਕ (੬੧੧)

ਏਕ ਨੂਰ ਤੇ ਸਭਿ ਜਗ ਉਪਜਿਆ (੧੩੪੯)

ਉਪਦੇਸ਼ ਚਹੁੰ ਵਰਣਾ ਕਉ ਸਾਂਝਾ (੭੪੭)

ਐਸਾ ਸਰਬ ਸਾਂਝਾ, ਸਾਂਇੰਟੇਫਿਕ ਤੇ ਉੱਤਮ ਉਪਦੇਸ਼ ਭਰਮਾਂ ਤੇ ਕਰਮਕਾਂਡਾਂ ਰਾਹੀਂ ਨਹੀਂ ਦਿੱਤਾ ਤੇ ਪ੍ਰਚਾਰਿਆ ਜਾ ਸਕਦਾ। **ਕਰਮ ਧਰਮ ਪਾਖੰਡ ਜੋ ਦੀਸਹਿ॥** ਇਨ੍ਹਾਂ ਨੂੰ ਛੱਡਣਾ

ਹੀ ਗੁਰੂ ਦੀ ਆਗਿਆ ਹੈ। ਐਸੇ ਚੱਲ ਰਹੇ ਕਰਮਕਾਂਡਾਂ ਨੂੰ ਪ੍ਰਚਾਰਕ, ਪ੍ਰਬੰਧਕ ਤੇ ਰਾਗੀ-ਗ੍ਰੰਥੀ, ਡੇਰੇਦਾਰ ਸਾਧ-ਸੰਤ ਅਤੇ ਸੰਪ੍ਰਦਾਈ ਕਿਉਂ ਨਹੀਂ ਰੋਕ ਰਹੇ ਕਿਉਂਕਿ ਉਨ੍ਹਾਂ ਨੂੰ ਗੋਲਕ ਜਾਂ ਆਮਦਨ ਘਟਨ ਦਾ ਖਤਰਾ ਬਣਿਆਂ ਰਹਿੰਦਾ ਹੈ। ਸੰਗਤਾਂ ਨੂੰ ਮਿਥਿਹਾਸਕ ਕਥਾ-ਕਹਾਣੀਆਂ, ਕਰਾਮਾਤਾਂ, ਵਰਾਂ-ਸਰਾਪਾਂ ਅਤੇ ਕਰਮਕਾਂਡਾਂ ਵਿੱਚ ਉਲਝਾਈ ਰੱਖਦੇ ਹਨ ਕਿ ਕਿਤੇ ਸੰਗਤ ਗੁਰਬਾਣੀ ਗਿਆਨ ਦੀ ਗਿਆਤਾ ਨਾ ਹੋ ਜਾਵੇ ਤੇ ਸਾਡੇ ਚਲਾਏ ਕਰਮਕਾਂਡ ਹੀ ਨਾਂ ਬੰਦ ਕਰ ਦੇਵੇ। ਧਿਆਨ ਦੇਵੋ ਹਰੇਕ ਗੁਰਦੁਆਰਾ ਹੀ ਪਾਠਸ਼ਾਲਾ ਤੇ ਟਕਸਾਲ ਹੈ ਜਿੱਥੇ ਗੁਰਬਾਣੀ ਸ਼ੁੱਧ ਪੜ੍ਹਣ, ਵਿਚਾਰਨ-ਧਾਰਨ ਤੇ ਪ੍ਰਚਾਰਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਨਾਂ ਕਿ ਕੇਵਲ ਪਾਠ-ਕੀਰਤਨ-ਕਥਾ ਹੀ ਕੀਤੀ ਜਾਵੇ। ਦੁਨੀਆਂ ਦੀ ਹਰੇਕ ਬੋਲੀ ਵਿੱਚ ਜਾਂ ਘੱਟੋ-ਘਟ ਵਰਲਡ ਭਾਸ਼ਾ ਇੰਗਲਿਸ਼ ਵਿੱਚ ਗੁਰੂ ਗਿਆਨ ਨੂੰ ਵੰਡਿਆ ਜਾਵੇ ਅਤੇ ਮਿਸ਼ਨਰੀ-ਪ੍ਰਚਾਰਕ ਪੈਦਾ ਕੀਤੇ ਜਾਂਣ। ਹਰੇਕ ਗੁਰੂ ਘਰ ਵਿਖੇ ਲਾਇਬ੍ਰੇਰੀ ਹੋਵੇ ਬਲਕਿ ਦੁਨੀਆਂ ਭਰ ਦੀਆਂ ਲਾਇਬ੍ਰੇਰੀਆਂ ਵਿੱਚ ਵੀ ਗੁਰੂ ਗਿਆਨ ਦੀਆਂ ਪੁਸਤਕਾਂ ਉਪਲਬਧ ਕਰਵਾਈਆਂ ਜਾਂਣ। ਅਧੁਨਿਕ ਸਾਧਨਾਂ-ਰੇਡੀਓ, ਅਖਬਾਰ, ਟੀ.ਵੀ. ਅਤੇ ਇੰਟਰਨੈੱਟ ਰਾਹੀਂ ਗੁਰਬਾਣੀ ਸੰਦੇਸ਼ ਉਪੜਦਾ ਕੀਤਾ ਜਾਵੇ। *ਘਰਿ ਘਰਿ ਅੰਦਰਿ ਧਰਮਸਾਲ* ਦਾ ਸਿਧਾਂਤ ਪ੍ਰਗਟ ਹੋ ਜਾਵੇ। ਅੱਜ ਹਰੇਕ ਸਿੱਖ ਮਾਈ-ਭਾਈ ਨੂੰ ਐਸਾ ਸੋਚਣ ਵਿਚਾਰਨ ਦੀ ਲੋੜ ਹੈ। ਇਕੱਲੇ ਪ੍ਰਚਾਰਕਾਂ, ਪ੍ਰਬੰਧਕਾਂ ਜਾਂ ਰਾਗੀਆਂ-ਗ੍ਰੰਥੀਆਂ ਦਾ ਹੀ ਕੰਮ ਨਹੀਂ। ਜਦੋਂ ਹਰੇਕ ਮਾਈ-ਭਾਈ ਉੱਦਮ ਕਰੇਗਾ ਤਾਂ ਭੇਖੀ ਤੇ ਚਾਲਬਾਜ ਆਗੂਆਂ ਅਤੇ ਆਪੂੰ ਬਣੇ ਸਾਧਾਂ-ਸੰਤਾਂ-ਮਹੰਤਾਂ ਅਤੇ ਦੇਹਧਾਰੀ ਗੁਰੂਆਂ ਵੱਲੋਂ ਗੁਰਮਤਿ ਵਿੱਚ ਘਸੋੜੇ ਭਰਮਜਾਲ ਤੇ ਕਰਮਕਾਂਡ ਖਤਮ ਹੋ ਜਾਣਗੇ ਜੋ ਇਨ੍ਹਾਂ ਲੋਕਾਂ ਨੇ ਧਰਮ ਦੇ ਨਾਂ ਤੇ ਕਮਰਸ਼ੀਅਲ ਸਾਧਨ ਬਣਾਏ ਹੋਏ ਹਨ।

-o-

ਅੰਧ ਵਿਸ਼ਵਾਸ਼ੀ ਕਰਾਮਾਤਾਂ ਦੀ ਅਮਰਵੇਲ ਸਿੱਖੀ 'ਤੇ ਵੀ ਛਾਈ

ਕਰਾਮਾਤ ਅਰਬੀ ਭਾਸ਼ਾ ਦਾ ਲਫਜ਼ ਹੈ ਜਿਸ ਦਾ ਅਰਥ ਹੈ-ਬਖਸ਼ਿਸ਼, ਬਜ਼ੁਰਗੀ, ਕ੍ਰਿਪਾ, ਚਮਤਕਾਰ, ਅਲੌਕਿਕ ਅਤੇ ਗੈਬੀ ਸ਼ਕਤੀ, ਸਿੱਧੀ, ਸਫਲਤਾ ਅਤੇ ਕਰਕੇ ਮਾਤ ਪਾ ਦੇਣਾ ਆਦਿਕ ਹਨ। ਅਮਰਵੇਲ ਸੰਸਕ੍ਰਿਤ ਦਾ ਸ਼ਬਦ ਹੈ, ਇਸ ਨੂੰ ਅਕਾਸ਼ਵੇਲ ਵੀ ਕਹਿੰਦੇ ਹਨ। ਇਹ ਕੋਮਲ ਅਤੇ ਬਿਨਾਂ ਕੰਡਿਆਂ ਵਾਲੀ ਵੇਲ ਹੈ, ਇਸ ਦਾ ਰੰਗ ਲਾਲ ਪੀਲਾ ਅਤੇ ਇਹ ਬਿਨਾ ਜੜਾਂ ਤੋਂ ਹੁੰਦੀ ਹੈ। ਇਸ ਦੀ ਜੜ ਜ਼ਮੀਨ ਵਿੱਚ ਨਹੀਂ ਹੁੰਦੀ ਸਗੋਂ ਬਿਰਖ ਦੀ ਛਿੱਲ ਵਿੱਚ, ਇਹ ਬਿਰਖਾਂ ਉਪਰ ਫੈਲਦੀ ਹੈ ਅਤੇ ਉਨ੍ਹਾਂ ਦੇ ਰਸ ਨੂੰ ਚੂਸ ਕੇ ਪਲਦੀ ਤੇ ਵਧਦੀ ਹੈ ਜਿਸ ਕਰਕੇ ਬਿਰਖ ਮੁਰਝਾ ਜਾਂਦੇ ਹਨ। ਇਸ ਦਾ ਨਾਂ ਬ੍ਰਿਖਦਾਕਸ਼ਨੀ ਭਾਵ ਬਿਰਖ ਖਾਣ ਵਾਲੀ ਵੀ ਹੈ। ਇਸ ਦਾ ਅੰਗ੍ਰੇਜੀ ਨਾਂ Cassyta filiformis ਹੈ। ਜਿਵੇਂ ਇਹ ਵੇਲ ਬਿਰਖਾਂ ਤੇ ਛਾ ਜਾਂਦੀ ਹੈ ਇਵੇਂ ਹੀ ਅੱਜ ਸਾਧਾਂ ਸੰਤਾਂ ਅਤੇ ਅਗਿਅਨੀਆਂ ਨੇ ਮਨ ਘੜਤ ਕਹਾਣੀਆਂ ਅਤੇ ਕਰਾਮਾਤਾਂ ਆਦਿਕ ਦੀ ਅਮਰਵੇਲ ਨੂੰ ਗੁਰਬਾਣੀ ਰੂਪੀ ਸੁਹਾਵਣੇ ਬਿਰਖ ਦੀਆਂ ਆਤਮਕ ਅਤੇ ਗਿਆਨ ਵਿਗਿਆਨ ਰੂਪ ਟਾਹਣੀਆਂ ਉੱਤੇ ਆਪਣੀ ਮਨ ਹਠਤਾ, ਅਹੰਕਾਰ ਅਤੇ ਅਗਿਆਨਤਾ ਦੇ ਬਲ ਨਾਲ ਚੜ੍ਹਾ ਦਿੱਤਾ ਹੈ। ਜਿਵੇਂ ਦੇਖਣ ਨੂੰ ਅਮਰਵੇਲ ਬੜੀ ਸੋਹਣੀ ਲਗਦੀ ਹੈ ਪਰ ਇਸ ਦਾ ਅਸਰ ਬੜਾ ਮਾੜਾ ਹੁੰਦਾ ਹੈ, ਇਵੇਂ ਹੀ ਸੁਣਨ ਤੇ ਪੜ੍ਹਨ ਨੂੰ ਇਹ ਕਰਮਾਤੀ ਕਹਾਣੀਆਂ ਕਾਰਟੂਨ ਬੜੇ ਸੋਹਣੇ ਲਗਦੇ ਹਨ ਪਰ ਇਨ੍ਹਾਂ ਦਾ ਅਸਰ ਮਨ ਨੂੰ ਗੁਰਬਾਣੀ ਦੀ ਅਸਲੀਅਤ ਤੋਂ ਤੋੜਦਾ ਅਤੇ ਮਨਘੜਤ ਅੰਧਵਿਸ਼ਵਾਸ਼ਾਂ ਨਾਲ ਜੋੜਦਾ ਹੈ। ਜਿਵੇਂ ਅਮਰਵੇਲ ਰੁੱਖ ਨੂੰ ਖਾ ਜਾਂਦੀ ਹੈ ਇਵੇਂ ਹੀ ਇਹ ਕਰਾਮਾਤਾਂ ਰੂਪੀ ਅਮਰਵੇਲ ਸਾਡੀ ਮਨ, ਬੁੱਧ, ਦਿਮਾਗ, ਆਤਮਕ ਅਤੇ ਵਿਗਿਆਨਕ ਵਿਕਾਸ ਨੂੰ ਖਾ ਕੇ ਨਿਤਾਪ੍ਰਤੀ ਖੋਖਲਾ ਕਰ ਰਹੀ ਹੈ।

ਸਭ ਤੋਂ ਵੱਡੀ ਕਰਾਮਾਤ ਤਾਂ ਕਰਤਾਰ ਦੀ ਕੁਦਰਤ ਹੈ ਜਿਸ ਵਿੱਚ ਅਸੀਂ ਸਾਰੇ ਜੀਵ ਜੰਤੂ ਧਰਤ ਅਤੇ ਅਕਾਸ਼ ਆ ਜਾਂਦੇ ਹਾਂ। ਕਰਣ ਕਾਰਣ ਸਮਰੱਥ ਤਾਂ ਕਰਤਾਰ ਹੀ ਹੈ ਜਿਸ ਦੇ ਬਨਾਏ ਕੁਦਰਤੀ ਨਿਯਮ ਅਟੱਲ ਹਨ ਜਿਨ੍ਹਾਂ ਨੂੰ ਕੋਈ ਮਨੁੱਖ, ਦੇਵੀ ਦੇਵਤਾ, ਅਵਤਾਰ, ਗੁਰੂ, ਪੀਰ ਜਾਂ ਪੈਗੰਬਰ ਬਦਲ ਨਹੀਂ ਸਕਦਾ। ਜਿਵੇਂ ਪੰਜਾਂ ਤੱਤਾਂ ਤੋਂ ਸਾਰੀ ਸ੍ਰਿਸ਼ਟੀ ਉਸ ਨੇ ਸਾਜੀ ਹੈ ਪਰ ਹੋਰ ਕੋਈ ਦੁਨੀਆਂਦਾਰ ਛੇਵਾਂ ਤੱਤ ਪੈਦਾ ਨਹੀਂ ਕਰ ਸਕਦਾ- **ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭਿ ਸਾਜੀ ਕੋਈ ਛੇਵਾਂ ਕਰਿਉ ਜਿ ਕਿਛੁ ਕੀਤਾ ਹੋਵੈ॥** (੭੩੬) ਜਿਵੇਂ ਅੱਗ ਦਾ ਕੰਮ ਬਲਣਾ, ਰੋਸ਼ਨੀ ਕਰਨੀ ਅਤੇ ਗਰਮੀ ਦੇਣੀ ਹੈ। ਬਲਦੀ ਅੱਗ ਵਿੱਚ ਜੇ ਕੋਈ ਹੱਥ ਪਾਵੇਗਾ ਤਾਂ ਅੱਗ ਸਾੜੇਗੀ, ਹਾਂ ਅੱਗ ਨੂੰ ਕਾਬੂ ਕਰਕੇ ਉਸ ਤੋਂ ਕਈ ਤਰ੍ਹਾਂ ਦਾ ਕੰਮ ਤਾਂ ਲਿਆ ਜਾ ਸਕਦਾ ਹੈ ਪਰ ਅੱਗ ਦੇ ਸੁਭਾਅ ਜਾਂ ਗੁਣ ਨੂੰ ਬਦਲਿਆ ਨਹੀਂ ਜਾ ਸਕਦਾ। ਜਲ ਦਾ ਸੁਭਾਅ ਸ਼ੀਤਲ ਹੈ ਇਸਨੂੰ ਜਿਨਾਂ ਮਰਜੀ ਗਰਮ ਕਰੀਏ ਅੰਤ ਨੂੰ ਠੰਡਾ ਹੋ ਜਾਂਦਾ ਹੈ, ਪਾਣੀ ਸਦਾ ਨਿਵਾਣ ਨੂੰ ਚੱਲਦਾ ਹੈ। ਡੂੰਘੇ ਪਾਣੀ ਵਿੱਚ ਤਾਰੂ ਹੀ ਤੈਰ ਸਕਦਾ ਹੈ ਜੇ ਤੈਰਨਾ ਨਹੀਂ ਅਉਂਦਾ ਤਾਂ ਪਾਣੀ

ਵਿੱਚ ਡੁੱਬ ਸਕਦਾ ਹੈ। ਪਾਣੀ ਹੀ ਪਿਆਸ ਬੁਝਾ ਸਕਦਾ ਹੈ ਅੱਗ ਨਹੀਂ। ਜ਼ਹਰ ਖਾਣ ਨਾਲ ਜੀਵ ਪਹਿਲਾਂ ਵੀ ਮਰਦੇ ਸਨ ਤੇ ਅੱਜ ਵੀ। ਗੁਰੂ ਜੀ ਦਾ ਅਟੱਲ ਫੁਰਮਾਨ ਹੈ-**ਮਹੁਰਾ ਹੋਵੈ ਹਥਿ ਮਰੀਐ ਚਖੀਐ॥** (੧੪੨) ਜੇ ਮਹੁਰਾ (ਜ਼ਹਰ) ਚੱਖਾਂਗੇ ਤਾਂ ਮਰਾਂਗੇ ਹੀ। ਬਿਜਲੀ ਦੀਆਂ ਨੰਗੀਆਂ ਤਾਰਾਂ ਨੈਗੇਟਿਵ ਤੇ ਪਾਜੇਟਿਵ ਇਕੱਠੀਆਂ ਨੰਗੇ ਹੱਥੀਂ ਫੜੀਆਂ ਜਾਣ ਤਾਂ ਕਰੰਟ ਦੀ ਲਪੇਟ ਚ' ਲੈ ਕੇ ਸਾੜ ਦਿੰਦੀਆਂ ਹਨ। ਜਿਵੇਂ ਪੰਛੀ ਅਕਾਸ਼ ਵਿੱਚ ਉੱਡਦੇ ਹਨ ਮਨੁੱਖ ਉਵੇਂ ਨਹੀਂ ਉੱਡ ਸਕਦਾ ਉਸ ਨੂੰ ਜਹਾਜ ਬੇੜੇ ਆਦਿ ਦਾ ਆਸਰਾ ਲੈਣਾ ਹੀ ਪੈਂਦਾ ਹੈ ਪਰ ਸਾਡੇ ਸੰਤ, ਪ੍ਰਚਾਰਕ ਅਤੇ ਕਥਾਕਾਰ ਗੁਰੂਆਂ ਭਗਤਾਂ ਨੂੰ ਸਰੀਰਾਂ ਸਮੇਤ ਅਕਾਸ਼ ਵਿੱਚ ਉਡਾਈ ਫਿਰਦੇ ਹਨ।

ਅੱਜ ਗੁਰਬਾਣੀ ਦੇ ਅਟੱਲ ਉਪਦੇਸ਼ਾਂ ਨੂੰ ਕਰਾਮਾਤੀ ਕਾਰਟੂਨਾਂ ਦੀ ਅਮਰਵੇਲ ਵਾਂਗ ਹੀ ਪ੍ਰਚਾਰਿਆ ਜਾ ਰਿਹਾ ਹੈ। ਜਿਵੇਂ ਫਲਾਨਾਂ ਸ਼ਬਦ ਜਾਂ ਪੌੜੀ ੪੦ ਦਿਨ ਇਤਨੀ ਵਾਰ ਪੜ੍ਹੋ ਤੁਹਾਡਾ ਮੁਕੱਦਮਾਂ ਜਿਤਿਆ ਜਾਵੇਗਾ ਫਿਰ ਵਕੀਲਾਂ ਦੀ ਕੀ ਲੋੜ ਹੈ? ਤੁਹਾਨੂੰ ਪੁੱਤਰ ਦੀ ਪ੍ਰਾਪਤੀ ਹੋਵੇਗੀ। ਜੇ ਧੀ ਹੋ ਗਈ ਤਾਂ ਮਾਰ ਦਿਓਗੇ? ਤੁਹਾਡੇ ਵੈਰੀ ਵੱਸ ਹੋ ਜਾਣਗੇ ਫਿਰ ਸ਼ਸ਼ਤਰ-ਬਦ ਹੋ ਸੁਚੇਤ ਰਹਿਣ ਦੀ ਕੋਈ ਲੋੜ ਨਹੀਂ, ਫਲਾਨਾ ਸ਼ਬਦ ਪੜ੍ਹੋ ਤੇ ਨਿਸਚਿੰਤ ਰਹੋ। ਦੇਗ ਚੋਂ ਭੋਜਨ ਵਰਤਾਈ ਜਾਵੋ ਕਦੇ ਮੁੱਕੇਗਾ ਨਹੀਂ ਫਿਰ ਤਾਂ ਅਨਾਜ ਬੀਜਣ ਅਤੇ ਭੋਜਨ ਪਕਾਉਣ ਦੀ ਕੀ ਲੋੜ ਹੈ? ਪਤੀ ਵੱਸ ਹੋ ਜਾਵੇਗਾ ਫਿਰ ਇਸਤਰੀ ਫਰਜ ਪਾਲਣ ਦਾ ਕੀ ਅਰਥ? ਤੁਹਾਡੀ ਮਹੱਬਤ ਸਫਲ ਹੋ ਜਾਵੇਗੀ ਫਿਰ ਤਾਂ ਟੁੱਟਣੀ ਨਹੀਂ ਚਾਹੀਦੀ। ਜ਼ਹਰ ਤੁਹਾਡੇ ਤੇ ਅਸਰ ਨਹੀਂ ਕਰੇਗਾ ਫਿਰ ਜਿਨਾ ਮਰਜੀ ਖਾਈ ਜਾਓ। ਜਲ ਡੋਬੇਗਾ ਨਹੀਂ ਫਿਰ ਤਾਂ ਜਲ ਤੇ ਹੀ ਤੁਰੇ ਫਿਰੋ। ਅੱਗ ਸਾੜੇਗੀ ਨਹੀਂ ਫਿਰ ਅੱਗ ਵਿੱਚ ਹੱਥ ਪਾ ਲੈਣ ਚਾਹੀਦਾ ਹੈ। ਮਾਇਆ ਦੀ ਤੋਟ ਨਹੀਂ ਆਵੇਗੀ ਫਿਰ ਕੰਮ ਕਾਜ ਦੇ ਯਤਨ ਛੱਡ ਦੇਣੇ ਚਾਹੀਦੇ ਹਨ। ਤੁਹਾਡਾ ਕੇਸ ਆਦਿਕ ਪਾਸ ਹੋ ਜਾਵੇਗਾ ਫਿਰ ਕਿਸੇ ਕਾਗ਼ਜ਼ ਪੱਤਰ ਅਤੇ ਵਕੀਲ ਦੀ ਕੋਈ ਲੋੜ ਨਹੀਂ। ਚੰਗੀ ਨੌਕਰੀ ਮਿਲ ਜਾਵੇਗੀ ਅਤੇ ਤੁਸੀਂ ਮਾਲਾ ਮਾਲ ਹੋ ਜਾਓਗੇ, ਫਿਰ ਉੱਦਮ ਕਰਨ ਦਾ ਕੋਈ ਅਰਥ ਨਹੀਂ। ਫਲਾਨੀ ਬਾਣੀ ਦਾ ਏਨੀ ਵਾਰੀ ਪਾਠ ਕਰਕੇ ਰੱਖਿਆ ਜਲ ਛਕੋ ਤਾਂ ਦੁੱਖ ਦੂਰ ਹੋ ਜਾਣਗੇ ਫਿਰ ਕਿਸੇ ਡਾਕਟਰ ਹਕੀਮ ਦੀ ਕੋਈ ਜਰੂਤ ਨਹੀਂ। ਬਾਣੀ ਲਾਗੇ ਰੱਖਿਆ ਜਲ ਅੰਮ੍ਰਿਤ ਬਣ ਜਾਵੇਗਾ ਕੀ ਬਾਣੀ ਪੜ੍ਹਨ ਵਿਚਾਰਨ ਵਾਲੇ ਤੇ ਬਾਣੀ ਦਾ ਕੋਈ ਅਸਰ ਨਹੀਂ ਹੋਏਗਾ? ਪੱਥਰ ਮੋਮ ਹੋ ਜਾਣਗੇ ਫਿਰ ਮਸ਼ੀਨਾਂ ਨਾਲ ਪੀਹ ਕੇ ਬਾਰੀਕ ਕਰਨ ਕੀ ਲੋੜ ਹੈ? ਜਰਾ ਸੋਚੋ ਜੇ ਜਲ ਅਤੇ ਪੱਥਰ ਉੱਤੇ ਗੁਰਬਾਣੀ ਦਾ ਅਸਰ ਹੁੰਦਾ ਹੈ ਤਾਂ ਜਿੰਦੇ ਮਨੁੱਖ ਉੱਪਰ ਸਿੱਧਾ ਕਿਉਂ ਨਹੀਂ ਹੋ ਸਕਦਾ?

ਇਤਿਹਾਸ ਦਸਦਾ ਹੈ ਕਿ ਜਦ ਜ਼ਾਲਮ ਖਾਂ ਸੈਦਪੁਰ ਦੇ ਹਾਕਮ ਨੇ ਆਪਣੇ ਹੁਕਮ ਨਾਲ ਇਲਾਕੇ ਦੇ ਪੀਰਾਂ ਫਕੀਰਾਂ, ਸਾਧੂਆਂ ਸੰਤਾਂ ਨੂੰ ਪਕੜ ਕੇ ਕਿਹਾ ਕਿ ਤੁਸੀਂ ਸਾਰੇ ਕਲਮੇ, ਮੰਤ੍ਰ ਪੜ੍ਹੋ ਅਤੇ ਮਾਲਾ ਤਸਬੀਆਂ ਫੇਰੋ, ਤਾਂ ਕਿ ਬਾਬਰ ਦੀਆਂ ਫੌਜਾਂ ਅੰਧੀਆਂ ਹੋ ਜਾਣ ਅਤੇ ਸਾਡਾ ਕੋਈ ਨੁਕਸਾਨ ਨਾਂ ਕਰ ਸੱਕਣ। ਗੁਰੂ ਨਾਨਕ ਸਾਹਿਬ ਜੀ ਨੂੰ ਵੀ ਮਰਦਾਨੇ ਸਮੇਤ ਪਕੜ ਕੇ

ਅਜਿਹਾ ਕਰਨ ਲਈ ਕਿਹਾ ਗਿਆ ਤਾਂ ਗੁਰੂ ਜੀ ਨੇ ਜ਼ਾਲਮ ਖਾਂ ਨੂੰ ਸੱਚੋ ਸੱਚ ਆਖਿਆ ਕਿ ਫੌਜਾਂ ਦਾ ਮੁਕਾਮਲਾ ਫੌਜਾਂ ਹੀ ਕਰ ਸਕਦੀਆਂ ਹਨ ਨਾਂ ਕਿ ਕਲਮੇ, ਮੰਤ੍ਰ ਜੰਤ੍ਰ ਜਾਂ ਮਾਲਾ ਤਸਬੀਆਂ ਆਦਿਕ ਪਰ ਹੰਕਾਰੀ ਹਾਕਮ ਨਾਂ ਮੰਨਿਆਂ ਜ਼ਬਰੀ ਕਲਮੇ ਤੇ ਮੰਤ੍ਰ ਪੜ੍ਹਾਏ ਗਏ। ਬਾਬਰ ਦੀਆਂ ਫੌਜਾਂ ਮਾਰੋ ਮਾਰ ਕਰਦੀਆਂ ਆਈਆਂ ਅਤੇ ਸੈਦਪੁਰ ਦੀ ਜਵਾਨੀ, ਧੰਨ ਦੌਲਤ ਅਤੇ ਇਜ਼ਤ ਆਬਰੂ ਨੂੰ ਲੁੱਟ ਕੇ ਲੈ ਗਈਆਂ ਪਰ ਇੱਕ ਵੀ ਮੁਗਲ ਫੌਜੀ ਅੰਨ੍ਹਾ ਨਾਂ ਹੋਇਆ। ਉਸ ਵਾਕਿਆ ਨੂੰ ਗੁਰੂ ਜੀ ਨੇ ਇਉਂ ਬਿਆਨ ਕੀਤਾ ਹੈ-

ਕੋਈ ਮੁਗਲੁ ਨਾ ਹੋਆ ਅੰਧਾ ਕਿਨੈ ਨਾ ਪਰਚਾ ਲਾਇਆ॥
ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥....
ਓਨੀ ਤੁਪਕ ਤਾਣਿ ਚਲਾਈ॥...
ਜਿਨਿ ਕੀ ਚੀਰੀ ਦਰਗਹ ਪਾਟੀ ਤਿਨ੍ਹਾਂ ਮਰਣਾ ਭਾਈ॥ (੪੧੮)

ਜੇ ਗੁਰੂ ਨਾਨਕ ਸਾਹਿਬ ਜੰਤ੍ਰਾਂ ਮੰਤ੍ਰਾਂ ਤੰਤ੍ਰਾਂ ਅਤੇ ਕਿਸੇ ਬਾਣੀ ਦੇ ਨਿਰਾ ਜਾਪ ਕਰਨ ਨਾਲ ਕੋਈ ਫਾਇਦਾ ਹੋਣਾ ਨਹੀਂ ਦੱਸਦੇ ਤਾਂ ਫਿਰ ਅੱਜ ਗੁਰੂ ਦੇ ਸਿੱਖ ਅਖਵਾਉਣ ਵਾਲੇ ਸੰਪ੍ਰਦਾਈ, ਟਕਸਾਲੀ, ਸਾਧ-ਸੰਤ ਅਤੇ ਅਖੌਤੀ ਪ੍ਰਚਾਰਕ ਅਤੇ ਡੇਰੇਦਾਰ ਅਜਿਹਾ ਕਰਮ ਗੁਰਬਾਣੀ ਨਾਲ ਕਿਸ ਤੋਂ ਆਗਿਆ ਲੈ ਕੇ ਕਰ ਰਹੇ ਹਨ? ਕੀ ਅਜੋਕੇ ਕਰਾਮਾਤੀਏ ਸਾਧ ਤੇ ਪ੍ਰਚਾਰਕ ਗੁਰੂ ਸਾਹਿਬ ਨਾਲੋਂ ਰੂਹਾਨੀ ਤੌਰ ਤੇ ਜਿਆਦਾ ਤਾਕਤਵਰ ਅਤੇ ਸਿਆਣੇ ਹਨ? ਗੁਰਬਾਣੀ ਵਿੱਚ ਆਏ ਨਰਕ, ਸੁਰਗ, ਬਹਿਸ਼ਤ ਦੋਜ਼ਕ, ਲੱਖ ਚਉਰਾਸੀ, ਭੂਤ-ਪ੍ਰੇਤ ਅਤੇ ਕਰਾਮਾਤੀ ਲਫਜ਼ ਆਦਿਕ ਉਸ ਵੇਲੇ ਦੀ ਚਲ ਰਹੀ ਮਨੌਤ ਨੂੰ ਮੁੱਖ ਰੱਖ ਕੇ ਲੋਕਾਂ ਨੂੰ ਸਮਝਾਉਣ ਲਈ ਵਰਤੇ ਗਏ ਹਨ ਨਾਂ ਕਿ ਗੁਰੂ ਜੀ ਵੀ ਅਜਿਹੇ ਕਰਾਮਾਤੀ ਨਾਟਕਾਂ ਚੇਟਕਾਂ ਵਿੱਚ ਵਿਸ਼ਵਾਸ਼ ਕਰਦੇ ਸਨ। ਵਾਸਤਾ ਰੱਬ ਦਾ ਪ੍ਰਚਾਰਕੋ! ਗੁਰਬਾਣੀ ਦੇ ਪਵਿੱਤਰ, ਸਦਾ ਅਟੱਲ ਆਤਮਕ, ਅਧਿਆਤਮਕ ਅਤੇ ਵਿਗਿਆਨਕ ਉਪਦੇਸ਼ਾਂ ਦੇ ਸਦਾ ਹਰਿਆਵਲ ਬੂਟੇ ਉੱਪਰ ਕਰਾਮਾਤੀ ਕਾਰਟੂਨਾਂ ਦੀ ਅਮਰਵੇਲ ਨਾਂ ਚੜ੍ਹਾਓ ਸਗੋਂ ਇਸ ਦੀਆਂ ਸਿਖਿਆ ਰੂਪੀ ਕਰੂੰਬਲਾਂ ਨੂੰ ਸੰਸਾਰ ਵਿੱਚ ਵਧਣ ਫੁਲਣ ਦਿਉ।

ਦੇਖੋ! ਭਾਈ ਕਾਨ੍ਹ ਸਿੰਘ ਨਾਭਾ ਗੁਰਮਤਿ ਮਾਰਤੰਡ ਵਿੱਚ ਲਿਖਦੇ ਹਨ ਕਿ ਸਤਿਗੁਰਾਂ ਦੀ ਆਤਮਿਕ ਕਰਾਮਾਤ, ਜਿਸ ਨਾਲ ਕੁਕਰਮੀਆਂ ਨੂੰ ਸੁਕਰਮੀ, ਨਾਸਤਿਕਾਂ ਨੂੰ ਆਸਤਿਕ, ਆਲਸੀਆਂ ਨੂੰ ਕਰਮ ਯੋਗੀ, ਜਾਤਿ ਵਿਰੋਧੀਆਂ ਨੂੰ ਕੌਮ ਦੇ ਪਿਆਰੇ ਅਤੇ ਸੇਵਕ ਬਣਾ ਦਿੱਤਾ। ਇਸ ਨੂੰ ਸਮਝੇ ਬਿਨਾ ਅਨੇਕਾਂ ਹੀ ਇਤਿਹਾਸਕ ਲੇਖਕਾਂ ਨੇ ਗੁਰੂ ਸਾਹਿਬ ਨੂੰ ਪ੍ਰਕ੍ਰਿਤੀ ਵਿਰੁੱਧ ਕਰਾਮਾਤ ਕਰਨ ਵਾਲੇ ਮੰਨ ਕੇ ਬਹੁਤ ਪ੍ਰਸੰਗ ਲਿਖ ਦਿੱਤੇ ਹਨ, ਜਿਨ੍ਹਾਂ ਨਾਲ ਗੁਰੂ ਦੀ ਉਸਤਤਿ ਬਜਾਏ ਨਿੰਦਾ ਪ੍ਰਗਟ ਹੁੰਦੀ ਹੈ। ਗੁਰੂ ਜੀ ਤਾਂ ਕਰਾਮਾਤ ਬਾਰੇ ਫੁਰਮਾਂਦੇ ਹਨ-**ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥ (੪੭੫)** ਭਾਵ ਮਾਲਕ ਬਖਸ਼ਿਸ਼ ਕਰਕੇ ਜੋ ਦੇ ਦੇਵੇ ਉਹ ਹੀ ਕਰਾਮਾਤ ਹੈ। ਰਿਧੀਆਂ ਸਿਧੀਆਂ ਕਰਾਮਾਤਾਂ ਆਦਿਕ ਧ੍ਰਿਗ ਹਨ ਜੋ ਕੁਰਾਹੇ ਪਾਉਂਦੀਆਂ ਹਨ ਅਤੇ ਨਾਮ ਦਾ ਹਿਰਦੇ ਵਿੱਚ ਵੱਸ ਜਾਣਾ ਹੀ ਅਸਲ ਕਰਾਮਾਤ ਹੈ-

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥੨॥(੬੫੦)

ਜਦ ਗੁਰੂ ਜੀ ਦੀ ਸਿੱਧਾਂ ਨਾਲ ਵਿਚਾਰ ਗੋਸ਼ਟੀ ਹੋਈ ਤਾਂ ਸਿੱਧਾਂ ਨੇ ਵੀ ਗੁਰੂ ਜੀ ਨੂੰ ਕਰਾਮਾਤਾਂ ਬਾਰੇ ਪੁਛਿਆ ਤਾਂ ਗੁਰੂ ਜੀ ਨੇ ਜੋ ਉਪਦੇਸ਼ ਰੂਪੀ ਉੱਤਰ ਦਿੱਤਾ ਭਾ. ਗੁਰਦਾਸ ਜੀ ਨੇ ਉਸ ਨੂੰ ਇਉਂ ਬਿਆਨ ਕੀਤਾ ਹੈ-

ਸਿਧਿ ਬੋਲਨਿ ਸੁਣਿ ਨਾਨਕਾ! ਤੁਹਿ ਜਗ ਨੋ ਕਰਾਮਾਤਿ ਦਿਖਾਈ। ਕੁਝ ਵਿਖਾਲੇ ਅਸਾਂ ਨੋ, ਤੁਹਿ ਕਿਉਂ ਢਿਲ ਅਵੇਹੀ ਲਾਈ। ਬਾਬਾ ਬੋਲੇ ਨਾਥ ਜੀ! ਅਸਿ ਵੇਖਣਿ ਜੋਗੀ ਵਸਤੁ ਨ ਕਾਈ। ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ। ਸਿਧਿ ਤੰਤ੍ਰ ਮੰਤ੍ਰਿ ਕਰਿ ਝੜਿ ਪਏ, ਸਬਦਿ ਗੁਰੂ ਕੇ ਕਲਾ ਛਪਾਈ॥੪੨॥(ਵਾਰ-੧) ਬਾਬਾ ਬੋਲੇ ਨਾਥ ਜੀ ਸਬਦੁ ਸੁਨਹੁ ਸਚੁ ਮੁਖਹੁ ਅਲਾਈ। ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ॥ ਅਤੇ ਹੋਰ ਕਿਹਾ- ਰਿਧਿ ਸਿਧਿ ਅਵਰਾ ਸਾਦ॥(ਜਪੁਜੀ)

ਇਹ ਰਿਧੀਆਂ ਸਿਧੀਆਂ ਭਾਵ ਚਮਤਕਾਰ ਕਰਾਮਾਤਾਂ ਆਦਿਕ ਸਭ ਅਵਰਾ ਸਾਦ ਭਾਵ ਮਨ ਨੂੰ ਰੱਬ ਨਾਲੋਂ ਤੋੜਨ ਵਾਲੇ ਚਸਕੇ ਹਨ। ਇਸ ਲਈ ਸਤਿਗੁਰਾਂ ਨੇ ਰੱਬ ਦੇ ਸੱਚੇ ਨਾਮ ਨੂੰ ਹੀ ਕਰਾਮਾਤ ਕਿਹਾ ਹੈ।

ਜਦ ਗੁਰੂ ਨਾਨਕ ਨੇ ਗੁਰਗੱਦੀ ਲਈ ਪਰਖ ਕੀਤੀ ਤਾਂ ਇੱਕ ਵਾਰ ਆਪਣੇ ਪੁੱਤਰਾਂ ਸ੍ਰੀਚੰਦ ਅਤੇ ਲਖਮੀਦਾਸ ਨੂੰ ਕਿਹਾ ਪੁਤਰੋ ਕਿੱਕਰ ਤੇ ਚੜ੍ਹ ਕੇ ਮਠਿਆਈ ਝਾੜੋ ਅਤੇ ਆਈ ਸੰਗਤ ਨੂੰ ਵਰਤਾਓ ਤਾਂ ਪੁਤਰਾਂ ਕਿਹਾ ਪਿਤਾ ਜੀ ਤੁਹਾਡੇ ਵੱਸ ਦੀ ਗੱਲ ਨਹੀਂ ਤੁਸੀਂ ਸੱਤਰੇ-ਬੱਤਰੇ ਹੋ ਗਏ ਹੋ, ਸੋਚੋ! ਕਦੇ ਕਿੱਕਰਾਂ ਨੂੰ ਵੀ ਮਿਠਿਆਈਆਂ ਲਗਦੀਆਂ ਹਨ? ਤਾਂ ਲਾਗੇ ਸੇਵਾ ਕਰ ਰਹੇ ਭਾ. ਲਹਿਣਾ ਜੀ ਨੂੰ ਕਿਹਾ ਤਾਂ ਉਹ ਸਤ ਬਚਨ ਕਹਿ ਕੇ ਕਿੱਕਰ ਤੇ ਚੜ੍ਹਨ ਹੀ ਲੱਗੇ ਤਾਂ ਗੁਰੂ ਜੀ ਨੇ ਕਿਹਾ ਬੱਸ ਰੁਕ ਜਾਓ ਗੱਲ ਹੁਕਮ ਮੰਨਣ ਦੀ ਹੈ ਨਾਂ ਕਿ ਮਿਠਿਆਈਆਂ ਝਾੜਨ ਦੀ, ਸਾਨੂੰ ਵੀ ਪਤਾ ਹੈ ਕਿ ਕਦੇ ਰੁੱਖਾਂ ਨੂੰ ਮਿਠਿਆਈਆਂ ਨਹੀਂ ਲਗਦੀਆਂ। ਗੁਰੂ ਜੀ ਕੋਈ ਮਦਾਰੀ ਨਹੀਂ ਸਨ ਜੋ ਜਥਾਰਥ ਨੂੰ ਛੱਡ ਲੋਕਾਂ ਨੂੰ ਮਗਰ ਲਾਉਣ ਲਈ ਕੋਈ ਚਮਤਕਾਰੀ ਕਰਾਮਾਤਾਂ ਵਿਖਾਉਂਦੇ ਸਨ। ਕਰਾਮਾਤਾਂ ਦਾ ਊਟ ਪਟਾਂਗ ਤਾਂ ਸੰਪ੍ਰਦਾਈ ਸਾਧਾਂ ਤੇ ਉਨ੍ਹਾਂ ਦੇ ਝੋਲੀ ਚੁੱਕ ਪ੍ਰਚਾਰਕਾਂ ਨੇ ਲਿਖਿਆ ਤੇ ਪ੍ਰਚਾਰਿਆ ਹੈ ਪਰ ਗੁਰਬਾਣੀ ਕਿਸੇ ਕਰਾਮਾਤ ਨੂੰ ਨਹੀਂ ਮੰਨਦੀ ਸਗੋਂ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਨੂੰ ਹੀ ਸਰਬ ਸ੍ਰੇਸ਼ਟ ਕਰਾਮਾਤ ਦਰਸਾਉਂਦੀ ਹੈ।

ਜੇ ਕਰਾਮਾਤਾਂ ਵਿੱਚ ਕੋਈ ਤੱਤ ਹੋਵੇ ਤਾਂ ਫਿਰ ਕਿਰਤ ਕਰਨ ਦੀ ਕੋਈ ਲੋੜ ਨਹੀਂ ਕਿਸੇ ਚਮਤਕਾਰ ਨਾਲ ਹੀ ਦੇਸ਼ ਦੇ ਭੰਡਾਰੇ ਭਰੇ ਜਾ ਸਕਦੇ ਹਨ। ਕਿਸਾਨਾਂ ਵਿਚਾਰਿਆਂ ਤੇ ਮਜਦੂਰਾਂ ਨੂੰ ਹੱਡ ਭੰਨਵੀਂ ਮਿਹਨਤ ਦੀ ਫਿਰ ਕੀ ਲੋੜ ਹੈ। ਇਕੱਲੇ ਭਾਰਤ ਵਿੱਚ ਹੀ ਲੱਖਾਂ ਸਾਧੂ ਭੀਖ ਮੰਗਦੇ ਫਿਰਦੇ ਹਨ ਅਤੇ ਸ਼ਰਧਾਲੂਆਂ ਨੂੰ ਕਰਾਮਾਤਾਂ ਚਮਤਕਾਰਾਂ ਦੇ ਚੱਕਰਾਂ ਵਿੱਚ ਪਾ ਕੇ ਲੁੱਟ

ਰਹੇ ਹਨ। ਸਾਧੂ ਸੰਤਾਂ ਦਾ ਕੰਮ ਤਾਂ ਸੰਸਾਰ ਦਾ ਭਲਾ ਕਰਨਾ ਹੈ ਫਿਰ ਲੱਖਾਂ ਗਰੀਬ ਭੁੱਖ ਦੇ ਦੁੱਖ ਨਾਲ ਹੀ ਮਰ ਜਾਂਦੇ ਹਨ ਉਨ੍ਹਾਂ ਵਿਚਾਰਿਆਂ ਦੇ ਘਰ ਤਾਂ ਕਿਸੇ ਨੇ ਕਰਾਮਾਤ ਰਾਹੀਂ ਮਾਲੋ ਮਾਲ ਨਹੀਂ ਕੀਤੇ। ਐਸ ਵੇਲੇ ਗੈਸ (ਪੈਟਰੋਲ) ਦੀਆਂ ਕੀਮਤਾਂ ਅਸਮਾਨੀ ਚੜ੍ਹਈਆਂ ਹੋਈਆਂ ਹਨ ਫਿਰ ਇਹ ਸੰਸਾਰ ਦਾ ਭਲਾ ਕਰਨ ਵਾਲੇ ਕਿਸੇ ਵੱਡੀ ਨਦੀ ਨੂੰ ਫੂਕ ਮਾਰ ਕੇ ਗੈਸ ਜਾਂ ਪੈਟਰੋਲ ਕਿਉਂ ਨਹੀਂ ਬਣਾ ਦਿੰਦੇ? ਇਹ ਕਰਾਮਾਤਾਂ ਦਾ ਉਪਦੇਸ਼ ਕਰਨ ਵਾਲੇ ਕਿਸੇ ਕਰਾਮਾਤੀ ਸ਼ਕਤੀ ਰਾਹੀਂ ਭਾਰਤ ਤੋਂ ਉੱਡ ਕੇ ਅਮਰੀਕਾ ਕਨੇਡਾ ਕਿਉਂ ਨਹੀਂ ਆ ਜਾਂਦੇ, ਜਹਾਜਾਂ ਰਾਹੀਂ ਹੀ ਕਿਉਂ ਅਉਂਦੇ ਹਨ? ਸੰਸਾਰ ਚ' ਹੋ ਰਹੇ ਅਤਿਆਚਾਰਾਂ ਨੂੰ ਰੋਕਣ ਲਈ ਕੋਈ ਕਰਾਮਾਤ ਕਿਉਂ ਨਹੀਂ ਵਿਖਾ ਰਿਹਾ? ਹਰੇਕ ਦੇਸ਼ ਫੌਜਾਂ ਤੇ ਇਤਨਾਂ ਧੰਨ ਖਰਚ ਰਿਹਾ ਹੈ ਤਾਂ ਫਿਰ ਫੌਜ ਦੀ ਲੋੜ ਹੀ ਨਹੀਂ, ਇਹ ਕਰਾਮਾਤੀ ਮੰਤਰ ਕਲਮੇ ਆਦਿਕ ਪੜ੍ਹ ਕੇ ਹੀ ਸਾਰ ਲੈਣ। ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਜਿਥੇ ਹਰ ਵੇਲੇ ਗੁਰਬਾਣੀ ਦਾ ਕੀਰਤਨ ਹੁੰਦਾ ਰਹਿੰਦਾ ਹੈ। ਜੂਨ ੧੯੮੪ ਈ. ਨੂੰ ਭਾਰਤ ਦੀ ਜ਼ਾਲਮ ਸਰਕਾਰ ਦੇ ਆਰਡਰ ਨਾਲ ਫੌਜਾਂ ਚੜ੍ਹ ਕੇ ਆਈਆਂ ਤਾਂ ਗੁਰਬਾਣੀ ਜਾਪ ਨੇ ਕੋਈ ਕਰਾਮਾਤ ਨਾਂ ਵਿਖਾਈ, ਹਜਾਰਾਂ ਹੀ ਸ਼ਰਧਾਲੂ ਸੰਗਤਾਂ ਅੰਦਰ ਮਾਰੀਆਂ ਗਈਆਂ ਅਤੇ ਬਾਬਾ ਜਰਨੈਲ ਸਿੰਘ ਵੀ ਆਪਣੇ ਸੈਂਕੜੇ ਸਾਥੀਆਂ ਸਮੇਤ ਹਥਿਆਰਬੰਦ ਹੋ ਕੇ ਜ਼ਾਲਮ ਦੇ ਦੰਦ ਖੱਟੇ ਕਰਦਿਆਂ ਸਹੀਦੀਆਂ ਪਾ ਗਏ ਪਰ ਜੋ ਥੋੜੇ ਜਿਹੇ ਸਿੰਘਾਂ ਨੇ ਐਡੀ ਵੱਡੀ ਫੌਜ ਨਾਲ ਹਥਿਆਰਬੰਦ ਹੋ ਕੇ ਮੁਕਾਬਲਾ ਕੀਤਾ ਉਹ ਹੈ ਕਰਾਮਾਤ ਅਤੇ ਜੇ ਇਕੱਲੇ ਕਿਸੇ ਸ਼ਬਦ ਦਾ ਜਾਪ ਹੀ ਕਰੀ ਜਾਂਦੇ ਅੱਗੋਂ ਸ਼ਸ਼ਤ੍ਰਾਂ ਨਾਲ ਮੁਕਾਬਲਾ ਨਾਂ ਕਰਦੇ ਤਾਂ ਜਿੰਦੇ ਹੀ ਪਕੜੇ ਜਾਂਦੇ।

ਪਾਠਕੋ! ਗੁਰਬਾਣੀ ਇਲਾਹੀ ਦਾਤ ਹੈ ਜਿਸ ਨੂੰ ਪੜ੍ਹ, ਬੁੱਝ, ਸਮਝ ਅਤੇ ਮਨ ਵਿੱਚ ਵਸਾ ਕੇ ਹੀ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ ਨਾਂ ਕਿ ਅੰਧ ਵਿਸ਼ਵਾਸ਼ ਧਾਰਨ ਕਰਕੇ। ਪਾਣੀ ਪੀਣ ਨਾਲ ਹੀ ਪਿਆਸ ਬੁਝਦੀ ਅਤੇ ਭੋਜਨ ਖਾਣ ਨਾਲ ਹੀ ਭੁੱਖ ਮਿਟਦੀ ਹੈ। ਕਿਸੇ ਦਾ ਪੀਤਾ ਪਾਣੀ ਅਤੇ ਖਾਦਾ ਭੋਜਨ ਕਿਸੇ ਦੂਜੇ ਦੀ ਭੁੱਖ ਤੇ ਪਿਆਸ ਨਹੀਂ ਮਿਟਾ ਸਕਦਾ ਅਤੇ ਕਿਸੇ ਅੰਦਰ ਖੂਨ ਪੈਦਾ ਨਹੀਂ ਕਰ ਸਕਦਾ-**ਭੋਜਨ ਖਾਏ ਬਿਨਾ ਭੂਖ ਨਾ ਦੂਰ ਹੋਇ ਪਿਆਸ ਨਰ ਦੂਰ ਹੋਇ ਪੀਏ ਬਿਨ ਪਾਣੀ ਕੇ, ਤੈਸੇ ਕਲੀ ਕਾਲ ਘੋਰ ਅੰਧ ਬਿਖੇ ਮੁਕਤਿ ਨਾ ਪਾਵੈ ਬਿਨ ਗਿਆਨ ਗੁਰਬਾਣੀ ਕੇ (ਇੱਕ ਅਦੀਬ)** ਇਵੇਂ ਹੀ ਜਿਹੜਾ ਵੀ ਗੁਰਬਾਣੀ ਪੜਦਾ, ਵਿਚਾਰਦਾ, ਧਾਰਦਾ ਅਤੇ ਅਮਲ ਕਰਦਾ ਹੈ ਉਸ ਦਾ ਹੀ ਪਾਰ ਉਤਾਰਾ ਹੁੰਦਾ ਹੈ-**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥ (੧੪੨੯)** ਮਨਘੜਤ ਕਰਾਮਾਤਾਂ ਕੁਝ ਨਹੀਂ ਕਰ ਸਕਦੀਆਂ। ਸੋ ਗੁਰੂ ਗਿਆਨ ਰੂਪੀ ਬਿਰਖ ਉੱਪਰ ਚੜ੍ਹਾਈ ਜਾ ਰਹੀ ਕਰਾਮਾਤਾਂ ਦੀ ਅਮਰਵੇਲ ਨੂੰ ਗੁਰਮਤਿ ਗਿਆਨ ਦੀ ਸਪ੍ਰੇਅ ਨਾਲ ਹੀ ਖਤਮ ਕੀਤਾ ਜਾ ਸਕਦਾ ਹੈ। ਗੁਰੂਆਂ-ਭਗਤਾਂ ਨਾਲ ਜੋੜੀਆਂ ਗਈਆਂ ਕਰਾਮਤੀ ਕਹਾਣੀਆਂ ਜੋ ਉਨ੍ਹਾਂ ਤੋਂ ਕਾਫੀ ਬਾਅਦ ਵਿੱਚ ਲਿਖੀਆਂ ਗਈਆਂ, ਕੋਰਾ ਝੂਠ ਹਨ ਕਿਉਂਕਿ ਗੁਰਬਾਣੀ ਵਾਰ ਵਾਰ ਅਜਿਹੀਆਂ ਗੱਲਾਂ ਦਾ ਖੰਡਨ ਕਰਦੀ ਹੈ ਜੋ ਜਥਾਰਥ ਨਹੀਂ ਹਨ। ਇਹ ਕਰਾਮਾਤੀ ਦੱਸਣਗੇ ਕਿ ਰੇਡੀਓ, ਟੀ. ਵੀ, ਕੰਪਿਊਟਰ, ਇੰਟ੍ਰਨੈੱਟ, ਹਵਾਈ

ਜਹਾਜ ਆਦਿਕ ਕਿਹੜੀ ਕਰਾਮਾਤ ਨਾਲ ਬਣੇ ਹਨ? ਬਿਨਾ ਡਾਇਰੈਕਸ਼ਨ ਲਏ ਜਾਂ ਪੁੱਛੇ ਸਮਝੇ ਕੀ ਕਰਾਮਤੀ ਸ਼ਕਤੀ ਨਾਲ ਮੰਜ਼ਿਲ ਤੇ ਪਹੁੰਚਿਆ ਜਾ ਸਕਦਾ ਹੈ? ਲੋੜ ਹੈ ਗੁਰਬਾਣੀ ਦੇ ਸਦੀਵੀ ਗਿਆਨ ਨੂੰ ਵਿਚਾਰਨ ਧਾਰਨ ਤੇ ਪ੍ਰਚਾਰਨ ਦੀ ਨਾਂ ਕਿ ਇਸ ਨਾਲ ਕਰਾਮਾਤੀ ਕਾਰਟੂਨ ਜੋੜਨ ਦੀ। ਜੇ ਕੁਝ ਮੱਤ ਕਰਾਮਾਤਾਂ ਵਿੱਚ ਅੰਧ ਵਿਸ਼ਵਾਸ਼ ਰੱਖਦੇ ਹਨ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਵੀ ਓਨ੍ਹਾਂ ਦੀ ਕਾਪੀ ਕਰੀਏ। ਜੇ ਕੋਈ ਖੂਹ ਵਿੱਚ ਛਾਲ ਮਾਰ ਰਿਹਾ ਹੈ ਤਾਂ ਸਾਨੂੰ ਉਹਦੇ ਮਗਰ ਲੱਗ ਕੇ ਖੂਹ ਵਿੱਚ ਨਹੀਂ ਡਿੱਗਣਾ ਚਾਹੀਦਾ-ਜੇ **ਕਰ ਉਧਰੀ ਪੂਤਨਾਂ ਵਿਹੁ ਪਿਆਲਣ ਕੰਮ ਨਾਂ ਚੰਗਾ॥**(ਭਾ.ਗੁ.)

ਬਾਬੇ ਨਾਨਕ ਨੇ ਗੁਰੂ ਗਿਆਨ ਨਾਲ ਕੱਟੜਵਾਦੀ ਮੁਲਾਣਿਆਂ ਦੇ ਮਨ ਦਾ ਮੱਕਾ ਫੇਰ ਦਿੱਤਾ ਸੀ ਨਾਂ ਕਿ ਮੱਕੇ ਕਾਅਬੇ ਦੀ ਇਮਾਰਤ ਘੁਮਾਈ ਸੀ। ਮੇਨ ਕੰਮ ਤਾਂ ਓਥੇ ਉਪਦੇਸ਼ ਦੇਣਾ ਸੀ ਨਾਂ ਕਿ ਕੋਈ ਕਰਾਮਾਤ ਦਿਖਾਉਣਾ। ਅਣਹੋਣੀਆਂ ਗੱਲਾਂ ਰੂਪੀ ਕਰਾਮਾਤਾਂ ਤੇ ਵਿਸ਼ਵਾਸ਼ ਕਰਨਾਂ ਗੁਰਬਾਣੀ ਦੀ ਨਿਰਾਦਰੀ ਅਤੇ ਆਪਣੇ ਆਪ ਨਾਲ ਸਿੱਧਾ ਧੋਖਾ ਹੈ ਜਿਸ ਤੋਂ ਸਾਡੇ ਗੁਰੂਆਂ-ਭਗਤਾਂ ਨੇ ਸਾਨੂੰ ਪਵਿੱਤਰ ਗਿਆਨ ਗੁਰਬਾਣੀ ਰਾਹੀਂ ਬਚਾਇਆ ਸੀ। ਸੋ ਸੱਚਾ ਸਿੱਖ ਕਦੇ ਵੀ ਨਾਟਕਾਂ ਚੇਟਕਾਂ ਆਦਿਕ ਕਰਾਮਾਤੀ ਅਖੌਤੀ ਸ਼ਕਤੀਆਂ ਵਿੱਚ ਵਿਸ਼ਵਾਸ਼ ਨਹੀਂ ਰੱਖਦਾ ਸਗੋਂ ਗੁਰਬਾਣੀ ਗਿਆਨ ਨੂੰ ਵਿਚਾਰਦਾ, ਧਾਰਦਾ ਅਤੇ ਸੰਸਾਰ ਵਿੱਚ ਪ੍ਰਚਾਰਦਾ ਵੀ ਹੈ। ਅੱਜ ਦੇ ਬੱਚਿਆਂ ਨੂੰ ਕਰਾਮਾਤੀ ਸਾਖੀਆਂ ਸੁਣਾ ਕੇ ਨਹੀਂ ਬਦਲਿਆ ਜਾ ਸਕਦਾ ਸਗੋਂ ਗੁਰਬਾਣੀ ਦੇ ਸਾਂਇੰਟੇਫਿਕ ਗਿਆਨ ਦੁਆਰਾ ਹੀ ਅਜਿਹਾ ਕੀਤਾ ਜਾ ਸਕਦਾ ਹੈ। ਹੁਣ ਲੋਕ ਮੀਡੀਏ ਰਾਹੀਂ ਜਾਗ ਰਹੇ ਹਨ ਇਸ ਲਈ ਉਨ੍ਹਾਂ ਨੂੰ ਲੰਮੇ ਸਮੇਂ ਲਈ ਬੁੱਧੂ ਨਹੀਂ ਬਣਾਇਆ ਜਾ ਸਕਦਾ। ਅੱਜ ਮਨੁੱਖ ਚੰਦ ਮੰਗਲ ਆਦਿਕ ਉੱਤੇ ਕਿਸੇ ਕਰਾਮਾਤ ਨਾਲ ਨਹੀਂ ਸਗੋਂ ਦਿਮਾਗ ਦੀ ਸੁਚੱਜੀ ਵਰਤੋਂ ਕਰਕੇ ਗਿਆਨ ਵਿਗਿਆਨ ਦੇ ਆਸਰੇ ਹੀ ਪਹੁੰਚਿਆ ਹੈ। ਅੱਜ ਵੀ ਕਰਾਮਾਤਾਂ ਵਿੱਚ ਅੰਧ ਵਿਸ਼ਸਾਸ਼ ਰੱਖਣ ਵਾਲੇ ਠੱਗ ਟੋਲੇ ਸਾਧ ਸੰਤ ਅਤੇ ਪ੍ਰਚਾਰਕ ਫਿਰ ਤੋਂ ਕੌਮ ਨੂੰ ਵੰਗਾਰ ਰਹੇ ਹਨ ਇਨ੍ਹਾਂ ਤੋਂ ਬਚਣ ਦੀ ਅਤਿਅੰਤ ਲੋੜ ਹੈ।

ਗੁਰਮਤਿ ਅਨੁਸਾਰ ਕਰਾਮਾਤ ਨਾਮ ਕਹਿਰ ਦਾ ਹੈ ਇਸ ਲਈ ਗੁਰੂ ਅਰਜਨ ਦੇਵ ਜੀ ਨੇ ਤੱਤੀਆਂ ਤਵੀਆਂ, ਉੱਬਲਦੀਆਂ ਦੇਗਾਂ ਅਤੇ ਸੜਦੀ ਬਲਦੀ ਰੇਤ ਦਾ ਕਸ਼ਟ ਤਾਂ ਰਜ਼ਾ ਵਿੱਚ ਰਹਿੰਦੇ ਸਰੀਰ ਤੇ ਝੱਲ ਲਿਆ ਪਰ ਕੋਈ ਕਰਾਮਾਤ ਨਹੀਂ ਦਿਖਾਈ। ਗੁਰੂ ਤੇਗ ਬਹਾਦਰ ਨੇ ਚਾਂਦਨੀ ਚੌਂਕ ਦਿੱਲੀ ਵਿਖੇ ਔਰੰਗਜ਼ੇਬ ਦੀ ਜ਼ਾਲਮ ਸਰਕਾਰ ਦੇ ਘਿਨਾਉਣੇ ਜ਼ੁਲਮ ਆਪਣੇ ਸਰੀਰ ਉੱਪਰ ਸਹਾਰ ਕੇ ਧਰਮ ਦੀ ਰਾਖੀ ਕੀਤੀ ਪਰ ਹਾਕਮਾਂ ਦੇ ਦਬਾਅ ਹੇਠ ਆ ਕੇ ਕੋਈ ਵੀ ਕਰਾਮਾਤ ਨਹੀਂ ਦਿਖਾਈ। ਗੁਰੂ ਗੋਬਿੰਦ ਸਿੰਘ ਜਦ ਬਾਦਸ਼ਾਹ ਬਹਾਦਰ ਸ਼ਾਹ ਦੇ ਬੇਨਤੀ ਕਰਨ ਤੇ ਨਾਦੇੜ ਮਹਾਰਾਸ਼ਟਰ (ਦੱਖਣ) ਵਿਖੇ ਉਸ ਨੂੰ ਮਿਲਣ ਗਏ ਤਾਂ ਇੱਕ ਦਿਨ ਗੁਰੂ ਜੀ ਬਾਦਸ਼ਾਹ ਨਾਲ ਗਲ ਬਾਤ ਕਰ ਰਹੇ ਸਨ ਕਿ ਸਰਹੰਦ ਦੇ ਰਹਿਣ ਵਾਲਾ ਇੱਕ ਸਯਦ ਲਾਗੇ ਬੈਠਾ ਸੀ ਜੋ ਗੁਰੂ ਜੀ ਬਾਰੇ ਮਨ ਚ' ਈਰਖਾਂ ਰੱਖਦਾ ਸੀ ਨੇ ਸਵਾਲ ਕੀਤਾ ਮਹਾਂਰਾਜ! ਸਾਰੇ ਪੀਰ, ਪੈਗੰਬਰ, ਅਵਤਾਰ ਕਰਾਮਾਤ ਦਿਖਉਂਦੇ ਰਹੇ ਹਨ, ਤੁਹਾਡੀ ਇਸ ਬਾਰੇ ਕੀ ਰਾਏ ਹੈ ਤਾਂ

ਗੁਰੂ ਜੀ ਨੇ ਬਹਾਦਰ ਸ਼ਾਹ ਵੱਲ ਹੱਥ ਕਰਕੇ ਕਿਹਾ ਕਿ ਇਹ ਜਿਉਂਦੀ ਜਾਗਦੀ ਕਰਾਮਾਤ ਹੈ ਜਿਸ ਦੇ ਹੱਥ ਵਿੱਚ ਰਾਜਸੀ ਤਾਕਤ ਹੈ ਉਹ ਜੋ ਚਾਹਵੇ ਕਰ ਸਕਦਾ ਹੈ, ਦੂਸਰੀ ਕਰਾਮਾਤ ਇਹ ਹੈ ਗੁਰਦੇਵ ਨੇ ਸੋਨੇ ਦੀ ਮੋਹਰ ਸਾਹਮਣੇ ਸੁਟਦਿਆਂ ਕਿਹਾ ਇਸ ਨਾਲ ਸੰਸਾਰ ਵਿੱਚ ਬਹੁਤ ਕੁਝ ਖਰੀਦਿਆ ਜਾ ਸਕਦਾ ਹੈ ਜਦ ਸਯਦ ਨੇ ਕਿਹਾ ਕੋਈ ਹੋਰ ਵੀ ਕਰਾਮਾਤ ਹੈ ਜੋ ਤੁਸੀਂ ਹੁਣ ਦਿਖਾ ਸਕਦੇ ਹੋ? ਸਯਦ ਗੁਰੂ ਜੀ ਨੂੰ ਲਾ-ਜਵਾਬ ਕਰਕੇ ਬਾਦਸ਼ਾਹ ਦੀ ਨਜ਼ਰ ਵਿੱਚ ਨੀਵਾਂ ਕਰਨਾ ਚਾਹੁੰਦਾ ਸੀ ਤਾਂ ਗੁਰੂ ਜੀ ਨੇ ਬੀਰ ਰਸ ਵਿੱਚ ਨੇਤਰ ਲਾਲ ਕਰਕੇ ਅਤੇ ਮਿਆਨ ਵਿੱਚੋਂ ਤਲਵਾਰ ਧੂਹ ਕੇ ਕਿਹਾ ਇਹ ਹੈ ਸਭ ਤੋਂ ਵੱਡੀ ਕਰਾਮਾਤ! ਇਹ ਜਰਵਾਣਿਆਂ ਦੀ ਜਾਨ ਲੈ ਸਕਦੀ, ਤਖ਼ਤ ਉਲਟਾ ਸਕਦੀ ਅਤੇ ਰੁਲਦੇ ਫਿਰਦਿਆਂ ਨੂੰ ਬਾਦਸ਼ਾਹ ਬਣਾ ਸਕਦੀ ਹੈ ਹੋਰ ਕਰਾਮਾਤਾਂ ਫੋਕੇ ਡਰਾਵੇ ਅਤੇ ਨਾਟਕ ਚੇਟਕ ਮਦਾਰੀਆਂ ਦੇ ਖੇਲ ਹਨ ਤਾਂ ਪ੍ਰਤੱਖ ਕਰਾਮਾਤ ਦੀ ਅਸਲੀਅਤ ਦੇਖ ਕੇ ਸਯਦ ਗੁਰਾਂ ਦੇ ਚਰਨੀਂ ਢੈ ਪਿਆ।

ਧਰਮ ਦੀ ਰਖਿਆ ਖਾਤਰ ਭਾਈ ਮਤੀ ਦਾਸ ਆਰੇ ਨਾਲ ਚਿਰ ਗਏ, ਸਤੀ ਦਾਸ ਰੂੰ ਬੰਨ੍ਹ ਕੇ ਅੱਗ ਨਾਲ ਸਾੜੇ ਗਏ ਅਤੇ ਭਾ. ਦਇਆਲਾ ਜੀ ਉੱਬਲਦੀ ਦੇਗ਼ ਵਿੱਚ ਉਬਾਲੇ ਗਏ। ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਸਰਹੰਦ ਦੀਆਂ ਨੀਹਾਂ ਵਿੱਚ ਚਿਣੇ ਗਏ, ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਜਮੂਰਾਂ ਨਾਲ ਮਾਸ ਨੋਚਿਆ ਗਿਆ ਅਤੇ ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕੱਟੇ ਗਏ ਪਰ ਕਿਸੇ ਨੇ ਵੀ ਕੋਈ ਕਰਾਮਾਤ ਨਹੀਂ ਵਿਖਾਈ ਸਗੋਂ ਸਬਰ ਨਾਲ ਜ਼ਬਰ ਦਾ ਟਾਕਰਾ ਰੱਬੀ ਰਜ਼ਾ ਵਿੱਚ ਰਹਿੰਦਿਆਂ ਹੀ ਕੀਤਾ ਜਾਂ ਸਮੇਂ ਅਨੁਸਾਰ ਹਥਿਆਰਬੰਦ ਹੋ ਕੇ ਜ਼ਾਮਲ ਵੈਰੀ ਨੂੰ ਸਬਕ ਸਿਖਾਇਆ ਜੋ ਕਿਸੇ ਦਲੀਲ ਵਕੀਲ ਅਪੀਲ ਨੂੰ ਨਹੀਂ ਸੀ ਮੰਨਦਾ। ਫਿਰ ਅੱਜ ਸਾਡੇ ਬਹੁਤੇ ਪ੍ਰਚਾਰਕ ਕਰਾਮਾਤੀ ਅਮਰਵੇਲ ਨੂੰ ਗੁਰਬਾਣੀ, ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਕਿਉਂ ਜੋੜ ਰਹੇ ਹਨ? ਕਰਾਮਾਤੀ ਅਮਰਵੇਲ ਨੂੰ ਗੁਰੂ ਗਿਆਨ ਦੇ ਨਸ਼ਤਰ ਨਾਲ ਕੱਟਣ ਦੀ ਲੋੜ ਹੈ ਨਾਂ ਕਿ ਹਉਮੈ ਅਹੰਕਾਰ ਅਤੇ ਅੰਧ ਵਿਸ਼ਵਾਸ਼ ਦੇ ਪਾਣੀ ਨਾਲ ਪਾਲਣ ਦੀ, ਜੋ ਅਮਰਵੇਲ ਰੂਪ ਹੋ ਕੇ ਗੁਰਬਾਣੀ ਗਿਆਨ ਰੂਪੀ ਬਿਰਖ ਉੱਪਰ ਛਾ ਰਹੇ ਹਨ। ਕਰਤਾਰ ਦੇ ਕੁਦਰਤੀ ਨਿਯਮਾਂ ਅਤੇ ਭਾਣੇ ਉਲਟ ਕੋਈ ਵੀ ਸੱਚਾ ਗੁਰੂ ਅਤੇ ਭਗਤ ਨਹੀਂ ਗਿਆ ਅਤੇ ਨਾਂ ਹੀ ਆਪਣੇ ਅਨੁਯਾਈ, ਚੇਲੇ ਜਾਂ ਸਿੱਖ ਨੂੰ ਜਾਣ ਦੀ ਆਗਿਆ ਦਿੱਤੀ ਹੈ ਸਗੋਂ ਗੁਰ ਇਤਿਹਾਸ ਵਿੱਚ ਸਾਈ ਮੀਆਂ ਮੀਰ, ਬਾਬਾ ਅਟੱਲ ਰਾਏ, ਰਾਮਰਾਏ, ਬਾਬਾ ਬੰਦਾ ਸਿੰਘ ਬਹਾਦਰ ਆਦਿਕਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਫਿਰ ਅੱਜ ਅਸੀਂ ਗੁਰਬਾਣੀ ਗੁਰ ਅਤੇ ਸਿੱਖ ਇਤਿਹਾਸ ਨਾਲ ਕਰਾਮਾਤੀ ਨਾਟਕਾਂ ਦੀਆਂ ਸਾਖੀਆਂ ਸੁਨਾਉਣ ਵਾਲਿਆਂ ਬਾਬਿਆਂ, ਰਾਗੀਆਂ, ਗ੍ਰੰਥੀਆਂ, ਕਥਾਵਾਚਕਾਂ ਅਤੇ ਪ੍ਰਚਾਰਕਾਂ ਨੂੰ ਅਜਿਹਾ ਕਰਨ ਤੋਂ ਕਿਉਂ ਨਹੀਂ ਰੋਕਦੇ ਜੋ ਗੁਰਬਾਣੀ ਦੇ ਤੱਤ ਉਪਦੇਸ਼ਾਂ ਉੱਪਰ ਕਰਾਮਾਤੀ ਸਾਖੀਆਂ ਦੀ ਅਮਰਵੇਲ ਚੜ੍ਹਾ ਕੇ ਜਥਾਰਥ (ਸੱਚ) ਨਾਲੋਂ ਤੋੜ ਰਹੇ ਹਨ। 510-432-5827 'ਤੇ ਆਪ ਜੀ ਵਿਚਾਰ ਵਿਟਾਂਦਰਾ ਕਰ ਸਕਦੇ ਹੋ।

-o-

ਬਿਪਰਨ ਕੀ ਰੀਤ ਅਤੇ ਗੁਰਮਤਿ ਵਿੱਚ ਅੰਤਰ

ਬਿਪ-ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੇ ਬ੍ਰਾਹਮਣ। ਬਿਪਰਨ ਕੀ ਰੀਤ ਤੋਂ ਭਾਵ ਬ੍ਰਾਹਮਣੀ ਰੀਤ। ਰੀਤ ਵੀ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ-ਢੰਗ, ਤ੍ਰੀਕਾ ਅਤੇ ਮਰਯਾਦਾ। ਗੁਰਮਤਿ ਦੋ ਸ਼ਬਦਾਂ ਦਾ ਸੁਮੇਲ ਹੈ ਜਿਵੇਂ ਗੁਰ+ਮਤਿ। ਗੁਰ ਵੀ ਸੰਸਕ੍ਰਿਤ ਦਾ ਲਫਜ਼ ਹੈ ਜੋ ਗ੍ਰੀ ਧਾਤੂ ਤੋਂ ਬਣਿਆਂ ਹੈ ਜਿਸ ਦੇ ਅਰਥ ਹਨ ਨਿਗਲਨਾ ਅਤੇ ਸਮਝਾਉਣਾ ਜੋ ਸਿੱਖ ਦੀ ਅਗਿਆਨਤਾ ਨੂੰ ਨਿਗ਼ਲ ਜਾਂਦਾ ਹੈ ਅਤੇ ਤੱਤ ਗਿਆਨ ਸਮਝਾਉਦਾ ਹੈ ਭਾਵ ਗੁਰੂ ਉਹ ਹੈ ਜੋ ਅਗਿਆਨਤਾ ਦੇ ਅੰਦੇਰੇ ਨੂੰ ਦੂਰ ਕਰਕੇ ਰੱਬੀ ਗਿਆਨ ਦਾ ਪ੍ਰਕਾਸ਼ ਕਰਾ ਦਿੰਦਾ ਹੈ ਗੁਰ ਫੁਰਮਾਨ ਹੈ:- **ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜ਼ਾਰ॥ਏਤੇ ਚਾਨਣ ਹੋਂਦਿਆਂ ਗੁਰਿ ਬਿਨੁ ਘੋਰਿ ਅੰਧਾਰ॥** (੪੬੨) ਮਤਿ ਵੀ ਸੰਸਕ੍ਰਿਤ ਦਾ ਲਫਜ਼ ਹੈ ਜਿਸ ਦਾ ਅਰਥ ਹੈ-ਬੁੱਧ, ਅਕਲਿ, ਗਿਆਨ ਸੋ ਗੁਰਮਤਿ ਤੋਂ ਭਾਵ ਹੈ ਗੁਰੂ ਦੀ ਮਤਿ-ਗੁਰੂ ਦੀ ਸਿਖਿਆ-ਗੁਰ ਉਪਦੇਸ਼- **ਗੁਰਿ ਕੀ ਮਤਿ ਤੂੰ ਲੇ ਇਆਨੇ॥ਭਗਤਿ ਬਿਨਾ ਬਹੁ ਡੂਬੇ ਸਿਆਨੇ॥** (ਸੁਖਮਨੀ) ਆਓ ਹੁਣ ਆਪਾਂ ਗੁਰਬਾਣੀ ਦੀ ਰੌਸ਼ਨੀ ਵਿੱਚ ਬਿਪਰਨ ਕੀ ਰੀਤ ਤੇ ਗੁਰਮਤਿ ਵਿੱਚ ਅੰਤਰ ਸਮਝੀਏ।

ਬਿਪਰ ਰੀਤਾਂ ਕੀ ਹਨ? ਬਿਪਰ ਰੀਤਾਂ ਉਹ ਹਨ ਜੋ ਮਨੁੱਖਤਾ ਨੂੰ ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਤੌਰ ਤੇ ਸੱਚ (ਅਸਲੀਅਤਾ) ਨਾਲੋਂ ਤੋੜ ਕੇ ਝੂਠ (ਛਲ-ਫਰੇਬ) ਨਾਲ ਜੋੜਦੀਆਂ ਹੋਈਆਂ ਵਹਿਮਾਂ-ਭਰਮਾਂ, ਡਰ-ਡਰਾਵਿਆਂ, ਕਰਮਕਾਂਡਾਂ ਵਿੱਚ ਉਲਝਾਈ ਰੱਖਣ ਅਤੇ ਖਾਸ ਕਰਕੇ ਖਾਸ ਕਰਕੇ ਬ੍ਰਾਹਮਣ-ਪੁਜਾਰੀਆਂ, ਮੁੱਲਾਂ-ਮੁਲਾਣਿਆਂ, ਪਾਦਰੀਆਂ, ਭੇਖੀ ਸਾਧਾਂ-ਸੰਤਾਂ, ਚਤੁਰ-ਗਿਆਨੀਆਂ ਅਤੇ ਚਾਲ-ਬਾਜ ਰਾਜਸੀ ਆਗੂਆਂ ਦੀ ਪੂਜਾ, ਜੀ-ਹਜ਼ੂਰੀ ਅਤੇ ਹਰ ਗੱਲ ਨੂੰ ਰੱਬੀ ਫੁਰਮਾਨ ਮੰਨਦਿਆਂ ਹੋਇਆਂ ਅਗਾਂਹ ਵਧੂ (ਤਰੱਕੀ ਕਰਨ) ਕਰਨ ਵਾਲੀ ਸੋਚ ਸ਼ਿਖਿਆ ਤੇ ਤਾਲਾ ਮਾਰਦੀਆਂ ਹੋਣ, ਪਿਛਾਹ ਖਿਚੂ, ਊਚ-ਨੀਚ, ਜਾਤ-ਪਾਤ, ਵਰਨ-ਵੰਡ ਵਿੱਚ ਵੰਡ ਕੇ ਪਾੜੋ ਤੇ ਰਾਜ ਕਰੋ ਅਨੁਸਾਰ ਸਦਾ ਹੀ ਹਰ ਖੇਤਰ ਵਿੱਚ ਮਨੁੱਖਤਾ ਨੂੰ ਵੰਡਦੀਆਂ ਹੋਣ ਭੇਖੀ ਆਗੂਆਂ ਅਤੇ ਸਾਧਾਂ-ਸੰਤਾਂ ਦੀ ਮਨੁੱਖਤਾ ਤੇ ਸਰਦਾਰੀ ਕਾਇਮ ਕਰਦੀਆਂ ਹੋਣ ਉਹ ਸਭ ਬਿਪਰ ਰੀਤਾਂ ਹਨ ਜੋ ਚਾਲਬਾਜ਼ ਬ੍ਰਾਹਮਣ ਦੀਆਂ ਹੀ ਚਲਾਈਆਂ ਹੋਈਆਂ ਹਨ। ਬਿਪਰ ਰੀਤਾਂ ਅਤੇ ਗੁਰਮਤਿ ਬਾਰੇ ਵਿਸਥਾਰ ਵਰਣਵੰਡ-ਬਿਪਰ ਰੀਤਾਂ ਮਨੁੱਖਤਾ ਨੂੰ ਚਾਰ ਵਰਣਾ ਬ੍ਰਾਮਹਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਦੀਆਂ ਹਨ ਜਿਵੇਂ:-ਬ੍ਰਾਹਮਣ ਬ੍ਰਹਮਾਂ ਦੇ ਮੁੱਖ ਚੋਂ ਪੈਦਾ ਹੋਏ ਹਨ ਇਸ ਕਰਕੇ ਇਹ ਹੀ ਸਰਬ ਸਰੇਸ਼ਟ ਹਨ ਅਤੇ ਧਰਮ ਗ੍ਰੰਥਾਂ ਦਾ ਪਠਨ-ਪਾਠਨ ਕਰਨਾਂ, ਧਾਰਮਿਕ ਰਹੁ-ਰੀਤਾਂ ਨਿਭਾਉਣਾ, ਪਾਠ-ਪੂਜਾ ਕਰਨਾ, ਵਿਦਿਆ ਪੜ੍ਹਨੀ-ਪੜ੍ਹਾਉਣੀ, ਦੀਖਿਆ ਦੇਣੀ ਅਤੇ ਦਨ-ਦੱਸ਼ਣਾ ਲੈਣੀ ਅਤੇ ਮਨੁੱਖਤਾ ਦੀ ਅਗਵਾਈ ਕਰਨਾ ਇਨ੍ਹਾਂ ਦਾ ਜਨਮ-ਸਿੱਧ ਅਧਿਕਾਰ ਹੈ। ਬਿਪਰ ਗ੍ਰੰਥਾਂ ਅਨੁਸਾਰ-ਲੁੱਚਾ-ਲੰਡਾ, ਕਾਤਲ, ਚੋਰ-ਜ਼ਾਰ, ਮੂਰਖ ਅਤੇ ਅਨਪੜ੍ਹ ਬ੍ਰਾਹਮਣ ਵੀ ਪੂਜਣਯੋਗ ਹੈ ਪਰ ਸ਼ੂਦਰ ਭਾਵੇਂ ਕਿਨਾ ਵੀ ਪੜ੍ਹਿਆ-ਲਿਖਿਆ ਵਿਦਵਾਨ ਅਤੇ ਉਚੀ ਸੋਚ ਵਾਲਾ ਕਿਉ ਨਾ ਹੋਵੇ ਦੁਰਕਾਰਨਯੋਗ ਹੈ- ਬ੍ਰਾਹਮਣ ਸੇਵੀਐ ਗਿਆਨ ਗੁਨ ਹੀਨਾ। ਸ਼ੂਦਰ ਨਾ ਸੇਵੀਐ ਗਿਆਨ ਪਰਬੀਨਾ॥ ਗੁਰਮਤਿ ਅਨੁਸਾਰ- ਕਹੁ ਕਬੀਰ ਜੋ ਬ੍ਰਹਮ

ਬੀਚਾਰੈ॥ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ॥ (੩੨੪) ਖੱਤਰੀ-ਇਹ ਬ੍ਰਹਮਾਂ ਦੇ ਡੌਲਿਆਂ ਚੋ ਪੈਦਾ ਹੋਇਆ ਹੈ ਇਸ ਦਾ ਕਰਮ ਹੈ ਰੱਖਿਆ ਕਰਨਾ। ਲੜਨਾ-ਮਰਨਾ ਹੀ ਇਸ ਦਾ ਧਰਮ ਹੈ ਫੁਰਮਾਨ ਹੈ- **ਖਤਰੀ ਸ਼ਬਦੰ ਸੂਰ ਸ਼ਬਦੰ॥** (੪੬੯) ਇਥੇ ਸ਼ਬਦੰ ਦਾ ਮਤਲਵ ਹੈ ਧਰਮ। ਪਰ ਗੁਰਮਤਿ ਅਨੁਸਾਰ- **ਖਤਰੀ ਸੋ ਜੋ ਕਰਮਾਂ ਕਾ ਸੂਰ॥** (੧੪੧੧) ਵੈਸ਼-ਕਿਰਤ ਕਰਕੇ ਬ੍ਰਹਮਣ ਅਤੇ ਖੱਤਰੀਆਂ ਦਾ ਪੇਟ ਪਾਲੇ ਕਿਉਂਕਿ ਇਹ ਬ੍ਰਹਮਾਂ ਦੇ ਪੇਟ ਚੋਂ ਪੈਦਾ ਹੋਇਆ ਹੈ ਪਰ ਗੁਰਮਤਿ ਅਨੁਸਾਰ ਹਰੇਕ ਕਿਰਤ-ਕਮਾਈ ਕਰ ਸਕਦਾ ਹੈ- **ਘਾਲਿ ਖਾਇ ਕਿਛ ਹਥਹੁ ਦੇਇ॥ ਨਾਨਕ ਰਾਹੁ ਪਛਾਣੈ ਸੇਇ॥** (੧੨੪੫) ਸੂਦਰ-ਬ੍ਰਾਹਮਣ ਦੇ ਪੈਰਾਂ ਚੋਂ ਪੈਦਾ ਹੋਣ ਕਰਕੇ ਇਸ ਦਾ ਕੰਮ ਹੈ ਬ੍ਰਾਹਮਣ ਦੀ ਸੇਵਾ ਕਰੇ, ਗੰਦਗੀ ਢੋਵੇ। ਇਸ ਨੂੰ ਪਾਠ-ਪੂਜਾ, ਵਿਦਿਆ ਅਤੇ ਧਰਮ ਗ੍ਰੰਥ ਪੜ੍ਹਨ ਅਤੇ ਭਗਤੀ ਕਰਨ ਦਾ ਕੋਈ ਅਧਿਕਾਰ ਨਹੀਂ, ਪਰ ਗੁਰਮਤਿ ਅਨੁਸਾਰ ਹਰੇਕ ਇਨਸਾਨ ਬ੍ਰਹਮਣ, ਖਤਰੀ, ਵੈਸ਼ ਅਤੇ ਸ਼ੂਦ ਹੈ ਜਿਵੇਂ-ਜਦ ਬ੍ਰਹਮ ਦੀ ਵੀਚਾਰ ਕਰਦਾ ਹੈ ਤਾਂ ਬ੍ਰਾਹਮਣ ਹੈ- **ਬ੍ਰਹਮ ਬਿੰਦੇ ਤੇ ਬ੍ਰਾਹਮਣਾ॥** (੮੫੦) ਜਦ ਆਪਣੀ, ਧਰਮ ਦੀ, ਮਜ਼ਲੂਮਾਂ ਅਤੇ ਦੇਸ਼ ਦੀ ਰਖਿਆ ਕਰਦਾ ਹੈ ਤਾਂ ਖੱਤਰੀ ਹੈ- **ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ॥** (੧੧੦੫) ਜਦ ਕਿਰਤ ਕਰਕੇ ਆਪਣਾ, ਪਰਵਾਰ ਦਾ, ਅਤੇ ਲੋੜਵੰਦਾਂ ਦਾ ਪੇਟ ਪਾਲਦਾ ਹੈ ਵੈਸ਼ ਹੈ- **ਘਾਲਿ ਖਾਇ ਕਿਛੁ ਹਥਹੁ ਦੇ** (੧੨੪੫) ਜਦ ਆਪਣੇ ਪਰਵਾਰ ਅਤੇ ਹੋਰ ਲੋੜਵੰਦਾਂ ਦੀ ਸੇਵਾ ਕਰਦਾ ਹੈ ਓਦੋਂ ਸ਼ੂਦਰ ਹੈ- **ਸੇਵਾ ਕਰੇ ਸੋ ਚਾਕਰੁ ਹੋਇ॥** (੭੨੮) **ਵਿਚਿ ਦੁਨੀਆਂ ਸੇਵ ਕਮਾਈਐ ਤਾ ਦਰਗਹਿ ਬੈਸਣੁ ਪਾਈਐ॥** (੨੬) ਜੇ ਬ੍ਰਾਹਮਣ ਜਾਂ ਉੱਚ-ਜਾਤੀ ਜਾਂ ਧੰਨਾਢ ਜਾਂ ਆਗੂ ਹੋ ਕੇ ਜਾਂ ਸੰਤ-ਸਾਧ ਲਿਬਾਸ ਧਾਰਕੇ ਹੱਥੀ ਸੇਵਾ ਨਹੀ ਕਰਦਾ ਸਗੋਂ ਦੂਜਿਆਂ ਤੇ ਬੋਝ ਬਣਦਾ ਹੈ ਉਸ ਦਾ ਤਾਂ ਜੀਵਨ ਹੀ ਧ੍ਰਿਗ ਹੈ- **ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਨੀ॥** (ਭਾ. ਗੁ.) ਗੁਰਮਿਤ ਤਾਂ ਚਹੁੰ ਵਰਨਾ ਨੂੰ ਸਾਂਝਾ ਉਪਦੇਸ਼ ਦਿੰਦੀ ਹੈ- **ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁੰ ਵਰਣਾ ਕਉ ਸਾਂਝਾ॥** (੭੪੭) ਬਿਪਰ ਰੀਤਾਂ ਕਰਤੇ ਦੀ ਭਗਤੀ ਨਾਲੋਂ ਤੋੜ ਕੇ ਕਿਰਤਮ ਦੀ ਭਗਤੀ ਬੇ-ਗਿਆਨੇ ਤੇ ਬੇ-ਧਿਆਨੇ ਹੋ ਕੇ ਅੰਨ੍ਹੀ ਸ਼ਰਧਾ ਧਾਰਨ ਕਰਨ ਦਾ ਉਪਦੇਸ਼ ਦਿੰਦੀਆਂ ਹਨ। ਜਿਵੇਂ ਦੇਵੀ ਦੇਵਤੇ, ਬ੍ਰਾਹਮਣ, ਭੇਖੀ ਸਾਧ-ਸੰਤ, ਪੱਥਰ-ਮੂਰਤੀਆਂ, ਧੂਫਾਂ-ਜੋਤਾਂ, ਦਾਨ-ਦੱਛਣਾ, ਗਊਆਂ, ਬਾਂਦਰਾਂ, ਘੋੜਿਆਂ, ਸੱਪਾਂ, ਪਛੂ-ਪੰਛੀਆਂ, ਜਲ, ਹਵਾ, ਅਗਨੀ, ਪਿਪਲ-ਜੰਡ ਆਦਿਕ ਰੁੱਖਾਂ, ਮੜੀਆਂ-ਮਸਾਣਾਂ-ਮੱਟਾਂ, ਤੀਰਥਾਂ-ਸਰੋਵਰਾਂ, ਦਿਸ਼ਾ-ਦਿਸ਼ਾਵਾਂ, ਮਸਿਆ-ਪੁੰਨਿਆਂ-ਸੰਗ੍ਰਾਂਦਾਂ, ਚੰਦ-ਸੂਰਜ ਗ੍ਰਹਿਆਂ, ਧਰਤੀ ਅਤੇ ਅਸਮਾਨ ਆਦਿਕ ਦੀ ਪੂਜਾ-ਭਗਤੀ ਬ੍ਰਾਹਮਣ ਅਤੇ ਭੇਖੀ ਸਾਧਾਂ-ਸੰਤਾਂ ਤੇ ਫੁੱਲ-ਬਟਾ-ਫੁੱਲ ਅੰਨੀ ਸ਼ਰਧਾ ਧਾਰ ਕੇ ਕਰਨ ਦਾ ਉਪਦੇਸ਼ ਦਿੰਦੀਆਂ ਹਨ ਜਦ ਕਿ ਗੁਰਮਤਿ ਇੱਕ ਅਕਾਲ ਪੁਰਖ, ਵਾਹਿਗੁਰੂ, ਅਲਾਹ-ਤਾਲਾ, ਰਾਮ-ਰਹੀਮ, ਗਾਡ ਦੀ ਭਗਤੀ ਕਰਨਾ ਜੋ ਕੇਵਲ ਤੇ ਕੇਵਲ ਇੱਕ ਹੀ ਸਰਬ ਸ਼ਕਤੀਮਾਨ ਨਿਰੰਕਾਰ ਹੈ- **ਏਕੁ ਪਿਤਾ ਏਕਸ ਕੇ ਹਮ ਬਾਰਿਕ॥** (੬੧੧) ਜੋ ਸਭ ਨੂੰ ਪੈਦਾ ਕਰਦਾ, ਪਾਲਦਾ ਤੇ ਅੰਤ ਕਰਦਾ ਹੋਇਆ- **ਸਰਬ ਨਿਵਾਸੀ, ਘਟਿ-ਘਟਿ ਵਾਸੀ ਨੇਰੈ ਹੂੰ ਤੇ ਨੇਰਾ॥** (੭੦੦) ਹੈ। ਜਿਸ ਤੋਂ ਸਾਰੀ ਕਾਇਨਾਤ ਪੈਦਾ ਹੋਈ ਹੈ। ਸੋ ਗੁਰਮਤਿ ਵਿੱਚ ਪੂਜਾ ਅਕਾਲ ਕੀ,ਪਰਚਾ ਸ਼ਬਦ ਦਾ ਅਤੇ ਦਿਦਾਰ ਖ਼ਾਲਸੇ ਦਾ **ਕਹੁ ਕਬੀਰ ਜਨ ਭਏ ਖ਼ਾਲਸੇ ਪ੍ਰੇਮ ਭਗਤਿ ਜਿਹ ਜਾਨੀ॥** (੬੫੫) ਹੀ ਵਿਧਾਨ ਹੈ।

ਤੋਤਾ ਰਟਨੀ ਮੰਤਰ ਪਾਠ ਸਮੱਗਰੀਆਂ ਅਤੇ ਕਲਪਿਤ ਵਿਧੀਆਂ ਨਾਲ ਕਰਨੇ ਜਿਵੇਂ ਸੰਪਟ ਪਾਠ-ਸੰਪਟ ਦਾ ਮਤਲਵ ਹੈ ਕਿਸੇ ਚੀਜ ਨੂੰ ਚਾਰ ਚੁਫੇਰੇ ਤੋਂ ਬੰਦ ਕਰਨਾ। ਇਸੇ ਤਰ੍ਹਾਂ ਧਰਮ ਗ੍ਰੰਥਾਂ ਦੇ ਸ਼ਬਦਾਂ ਨੂੰ ਕਿਸੇ ਮਨੋ ਕਲਪਿਤ ਤੁਕ ਦਾ ਅੱਗੇ ਪਿਛੇ ਕਰਕੇ ਪਾਠ ਕਰਨਾ, ਪਰਦੇ ਅੰਦਰ ਮੂੰਹ ਬੰਨ੍ਹ ਕੇ ਪਾਠ ਕਰਨਾ, ਧਰਮ ਗ੍ਰੰਥ ਕੇਵਲ ਤੋਤੇ ਦੀ ਤਰ੍ਹਾਂ ਰਟਨ ਕਰੀ ਜਾਣੇ ਨਾਂ ਆਪ ਸਮਝਣਾ ਨਾਂ ਕਿਸੇ ਨੂੰ ਸਮਝੌਣ ਦਾ ਯਤਨ ਕਰਨਾਂ। ਚੜ੍ਹਤ-ਚੜ੍ਹਾਵੇ ਚੜਾਈ ਜਾਣੇ, ਵੱਖ-ਵੱਖ ਮੰਤਰ-ਪਾਠਾਂ ਦੀਆਂ ਵੱਖ-ਵੱਖ ਭੇਟਾ ਨਿਯਤ ਕਰਨੀਆਂ, ਧਰਮ ਗ੍ਰੰਥਾਂ ਦੇ ਪਾਠ ਨੂੰ ਕਮਰਸ਼ੀਅਲ ਸਾਧਣ ਬਨਾਉਣਾ। ਇੱਕ ਥਾਂ ਤੇ ਕਈ-੨ ਪਾਠ ਇੱਕਠੇ ਰੱਖਣੇ ਜਿਨ੍ਹਾਂ ਦੀ ਪੜ੍ਹਨ-ਸੁਣਨ ਵਾਲੇ ਨੂੰ ਕੋਈ ਸਮਝ ਆਵੇ ਜਿਸ ਕਰਕੇ ਭੇਖੀ ਆਗੂਆਂ ਦਾ ਤੋਰੀ ਫੁਲਕਾ ਚਲਦਾ ਰਹੇ ਜਿਵੇਂ ਅੱਜ ਸਿੱਖਾਂ ਵਿੱਚ ਵੀ ਆਪੂੰ ਬਣੇ ਸਾਧ-ਸੰਤ, ਡੇਰੇਦਾਰ, ਸੰਪਰਦਾਈ ਅਤੇ ਇਨ੍ਹਾਂ ਦੇ ਪਿਛਲੱਗ ਸਿੱਖ ਕਰ ਰਹੇ ਹਨ। ਗੁਰਬਾਣੀ ਜੋ ਰੱਬੀ ਸੰਦੇਸ਼ ਤੇ ਮਨੁੱਖਤਾ ਲਈ ਜੀਵਨਜਾਚ ਹੈ ਨੂੰ ਮੰਤਰ ਪਾਠਾਂ ਜਿਵੇਂ-ਸੰਪਟ ਪਾਠ, ਮਹਾਂ ਸੰਪਟ ਪਾਠ, ਲੜੀਵਾਰ ਪਾਠ, ਸਪਤਾਹਿਕ ਪਾਠ, ਅਖੰਡ ਪਾਠ ਨਾਲ ਪੋਥੀ ਪਾਠ, ਚਾਲੀਸਾ ਪਾਠ (ਕਿਸੇ ਸ਼ਬਦ ਦਾ ੪੦ ਦਿਨ ਲਗਾਤਾਰ ਪੜ੍ਹਨਾਂ) ਆਦਿ ਅਨੇਕ ਵਿਧੀਆਂ ਦੇ ਪਾਠ ਧੂਫਾਂ, ਜੋਤਾਂ, ਨਾਰੀਏਲਾਂ, ਮੌਲੀਆਂ, ਕੁੰਭਾਂ (ਪਾਣੀ ਦੇ ਘੜ੍ਹਿਆਂ) ਸਮੱਗਰੀਆਂ ਰਾਹੀ ਕਰੀ ਕਰਾਈ ਜਾ ਰਹੇ ਹਨ ਜਿਨ੍ਹਾਂ ਦਾ ਗੁਰੂ ਸਾਹਿਬ ਅਤੇ ਭਗਤਾਂ ਨੇ ਬਾਰ-ਬਾਰ ਖੰਡਨ ਕੀਤਾ ਹੈ ਜਿਨ੍ਹਾਂ ਦਾ ਆਤਮਾਂ-ਪ੍ਰਮਾਤਮਾਂ, ਗੁਰੂ ਗਿਆਨ ਅਤੇ ਮਨੁੱਖਤਾ ਦੇ ਭਲੇ ਨਾਲ ਕੋਈ ਸਬੰਧ ਨਹੀ ਕੇਵਲ ਬੱਧੇ ਚੱਟੀ ਭਰਨ ਵਾਲੀ ਗੱਲ ਹੈ-**ਬਧਾ ਚਟੀ ਜੋ ਭਰੇ ਨਾ ਗੁਣ ਨਾ ਉਪਕਾਰ॥** (੭੮੭) ਗੁਰਮਤਿ ਅਨੁਸਾਰ ਤਾਂ ਹਰੇਕ ਮਾਈ-ਭਾਈ ਗੁਰਬਾਣੀ ਪੜ੍ਹ-ਸੁਣ-ਵਿਚਾਰ ਕੇ ਲਾਹੇ ਪ੍ਰਾਪਤ ਕਰ ਸਕਦਾ ਹੈ-

ਅਕਲੀ ਪੜ੍ਹ ਕੈ ਬੁਝੀਐ ਅਕਲੀ ਪਾਈਐ ਮਾਨੁ॥
ਨਾਨਕ ਆਖੈ ਰਾਹੁ ਇਹ ਹੋਰ ਗਲਾ ਸੈਤਾਨ॥ (੧੨੪੫)
ਪੜ੍ਹਿਐ ਨਾਹੀ ਭੇਦਿ ਬੁਝਿਐ ਪਾਵਣਾ॥ (੧੪੮)

ਗੁਰੂ ਸਾਹਿਬ ਵੇਲੇ ਸਿੱਖਾਂ ਵਿੱਚ ਬਿਪਰਾਂ ਭਾਵ ਬ੍ਰਾਹਮਣਾ ਤਰ੍ਹਾਂ ਪਾਠ ਕਰਨ ਦੀ ਕੋਈ ਰੀਤ ਹੀ ਨਹੀ ਸੀ। ਇਹ ਓਦੋਂ ਸ਼ੁਰੂ ਹੋਈ ਜਦ ਮੁਗਲੀਆ ਹਕੂਮਤ ਦੇ ਸਤਾਏ ਹੋਏ ਸਿੱਖ ਭਾਰੀ ਗਿਣਤੀ ਦੀਆਂ ਜ਼ਾਲਮ ਸ਼ਾਹੀ ਫੌਜਾਂ ਦਾ ਮੁਕਾਬਲਾ ਗੁਰੀਲਾ ਯੁੱਧ ਰਾਹੀ ਕਰਨ ਲਈ ਜੰਗਲ-ਬੇਲਿਆਂ ਵਿੱਚ ਚਲੇ ਗਏ ਅਤੇ ਧਰਮਸ਼ਾਲਾ (ਗੁਰਦੁਆਰਿਆਂ) ਦੀ ਸੇਵਾ ਸੰਭਾਲ ਉਦਾਸੀ, ਨਿਰਮਲੇ ਜੋ ਬਿਪਰ ਰੀਤਾਂ ਦੇ ਵੀ ਧਾਰਨੀ ਸਨ। ਫਿਰ ਜਦ ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਅੰਗਰੇਜੀ ਹਕੂਮਤ ਰਾਹੀ ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜ਼ਾ ਹੋ ਗਿਆ ਅਤੇ ਇਨ੍ਹਾਂ ਲੋਕਾਂ ਨੇ ਸਿੱਖਾਂ ਵਿੱਚ ਡੇਰੇ ਅਤੇ ਅਖੌਤੀ ਸੰਪਰਦਾਵਾਂ (ਜਿਨ੍ਹਾਂ ਨੂੰ ਖਤਮ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਨਿਰਮਲ ਪੰਥ ਸਾਜਿਆ- **ਮਾਰਿਆ ਸਿਕਾ ਜਗਤ ਵਿਚਿ ਨਾਨਕ ਨਿਰਮਲ ਪੰਥ ਚਲਾਇਆ** -ਭਾਈ ਗੁਰਦਾਸ ਜੀ ਅਤੇ ਜਿਸ ਨੂੰ ਗੁਰੂ ਗੋਬਿੰਦ ਸਿੰਘ ਦੇ ਰੂਪ ਵਿੱਚ ਖ਼ਾਲਸਾ ਪੰਥ ਦਾ ਨਾਂ ਦਿੱਤਾ) ਪ੍ਰਚੱਲਤ ਕਰ ਦਿੱਤੀਆਂ। ਸਿੱਖ ਰਹਿਤ ਮਰਯਾਦਾ ਅਨੁਸਾਰ ਅਖੰਡ ਪਾਠ ਜਾਂ ਸਹਿਜ ਪਾਠ ਦਾ ਵਿਧਾਨ ਹੈ ਜੋ ਪਰਿਵਾਰ ਨੂੰ ਰਲ ਮਿਲ ਕੇ ਆਪ ਕਰਨ ਜੇ ਕਿਸੇ ਖਾਸ ਕਾਰਨ ਕਰਕੇ ਆਪ ਨਹੀਂ ਕਰ ਸਕਦੇ ਤਾਂ ਚੰਗੇ ਵਿਦਵਾਨ ਪਾਠੀਆਂ ਕੋਲੋਂ ਕਰਾਉਣਾ, ਧਿਆਨ ਨਾਲ ਸੁਣਨਾ ਅਤੇ ਅਮਲ ਕਰਨਾ ਚਾਹੀਦਾ ਹੈ। ਔਰਤਾਂ ਅਤੇ ਸ਼ੂਦਰਾਂ ਨੂੰ ਵਿਦਿਆ ਅਤੇ ਧਰਮ

ਗ੍ਰੰਥਾਂ ਨੂੰ ਪੜ੍ਹਨ ਤੋਂ ਵਾਂਝਿਆਂ ਰੱਖਣਾ ਔਰਤ ਨੂੰ ਪੈਰ ਦੀ ਜੁੱਤੀ ਸਮਝਣਾ, ਔਰਤ ਵਿੱਚ ਆਤਮਾ ਨਹੀ ਹੁੰਦੀ, ਇਹ ਮੁਕਤੀ ਨਹੀ ਪਾ ਸਕਦੀ, ਔਰਤ ਕੁਦਰਤ ਦੀ ਮਜੇਦਾਰ ਗਲਤੀ ਅਤੇ ਨਰਕਦੁਆਰੀ ਹੈ- **ਢੋਰ ਗਵਾਰ ਸ਼ੂਦਰ ਪਸ਼ ਨਾਰੀ। ਇਹ ਸਭ ਤਾੜਨ ਕੇ ਅਧਿਕਾਰੀ।** (ਰਾਮਾਇਣ ਤੁਲਸੀ ਦਾਸ) ਬਿਪਰ ਰੀਤ ਅਨੁਸਾਰ ਸ਼ੂਦਰ ਤੇ ਔਰਤ ਇੱਕ ਆਗੂ ਦੇ ਤੌਰ ਤੇ ਧਾਰਮਿਕ ਰਹੁ ਰੀਤਾਂ ਅਤੇ ਅਗਵਾਈ ਨਹੀ ਕਰ ਸਕਦੇ ਇਸ ਕਰਕੇ ਕਿਸੇ ਮੰਦਰ ਦਾ ਪੁਜਾਰੀ ਕੋਈ ਔਰਤ ਜਾਂ ਸ਼ੂਦਰ ਨਹੀਂ ਬਣ ਸਕਦਾ। ਔਰਤ ਆਦਮੀ ਦਾ ਹਰੇਕ ਹੁਕਮ ਮੰਨਦੀ ਹੋਈ ਭੋਗ-ਬਿਲਾਸ ਕਰੇ, ਬੱਚੇ ਜੰਮੇ, ਪਾਲਣਾ-ਪੋਸ਼ਣਾ ਕਰੇ, ਘਰੋਂ ਬਾਹਰ ਨਾਂ ਨਿਕਲੇ, ਪੜ੍ਹ-ਲਿਖ ਨਾਂ ਜਾਵੇ ਪਰ ਜੇ ਕਿਤੇ ਔਰਤ ਮਰ ਜਾਵੇ ਤਾਂ ਆਦਮੀ ਹੋਰ ਵਿਆਹ ਕਰਵਾ ਲਵੇ ਜੇ ਆਦਮੀ ਮਰ ਜਾਵੇ ਤਾਂ ਜਿਉਂਦੀ ਔਰਤ ਆਦਮੀ ਨਾਲ ਚਿਖ੍ਹਾ ਵਿੱਚ ਸੜ ਕੇ ਸਤੀ ਹੋ ਜਾਵੇ। ਇਸ ਦੇ ਉਲਟ ਗੁਰਮਤਿ ਔਰਤ ਤੇ ਸ਼ੂਦਰ ਨੂੰ ਬਰਾਬਰ ਦੇ ਅਧਿਕਾਰ ਦਿੰਦੀ ਹੈ- **ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ** (੪੭੩) ਅਤੇ ਅਰਧ ਸਰੀਰੀ ਮੋਖ ਦੁਆਰੀ (ਭਾ. ਗੁ.) ਸੋ ਗੁਰਮਤਿ ਅਨੁਸਾਰ ਔਰਤ ਹਰੇਕ ਧਾਰਮਿਕ ਤੇ ਸਮਾਜਿਕ ਰਹੁ-ਰੀਤ ਵਿੱਚ ਹਿਸਾ ਲੈ ਅਤੇ ਅਗਵਾਈ ਵੀ ਕਰ ਸਕਦੀ ਹੈ ਜੋ ਸਿੱਖ ਹੋ ਕੇ ਅੱਜ ਵੀ ਔਰਤ ਅਤੇ ਸ਼ੂਦਰਾਂ ਨੂੰ ਇਨ੍ਹਾਂ ਅਧਿਕਾਰਾਂ ਤੋਂ ਵਾਂਝਾ ਰੱਖਦੇ ਹਨ ਮਾਨੋਂ ਉਹ ਬਿਪਰਨ ਕੀ ਰੀਤ ਦੇ ਧਾਰਨੀ ਹਨ।

ਤੀਰਥਾਂ ਤੇ ਜਾ ਕੇ ਪੁੰਨ ਦਾਨ ਇਸ਼ਨਾਨ ਕਰਕੇ ਪਾਪ ਦੂਰ ਕਰਨ ਦਾ ਭਰਮ ਕਿਸੇ ਵਿਸ਼ੇਸ਼ ਤੀਰਥ ਤੇ ਇਸ਼ਨਾਨ ਕਰਕੇ ਅਤੇ ਦਾਨ ਦੱਛਣਾ ਭੇਟਾ ਆਦਿ ਚੜ੍ਹਾ ਕੇ ਕਹਿਣਾ ਕਿ ਪਾਪ ਧੋਤੇ ਜਾਣਗੇ ਜਾਂ ਜਾਂਦੇ ਹਨ। ਗਿਣਤੀ ਮਿਣਤੀ ਦੇ ਇਸ਼ਨਾਨ ਅਤੇ ਗਿਣਤੀ ਮਿਣਤੀ ਦੀਆਂ ਤੀਰਥ ਯਾਤਰਾ ਕਰਨੀਆਂ ਜਿਵੇਂ ਮਸਿਆ ਪੁੰਨਿਆਂ ਅਤੇ ਸੰਗ੍ਰਾਂਦ ਆਦਿਕ ਤੇ ਵਿਸ਼ੇਸ਼ ਤੌਰ ਤੇ ਇਸ਼ਨਾਨ ਅਤੇ ਪੁੰਨ ਦਾਨ ਕਰਕੇ ਕਿਰਤ ਕਮਾਈ ਲੁਟਾਉਣੀ ਭਾਵ ਆਪਣੇ ਬਚਿਆਂ ਦੇ ਮੂੰਹੋਂ ਖੋਹ ਕੇ ਵਿਹਲੜ ਪੁਜਾਰੀਆਂ ਦਾ ਭੇਟਾਵਾਂ ਰਾਹੀ ਪੇਟ ਭਰਨਾਂ ਬਿਪਰਨ ਕੀ ਰੀਤ ਹੈ ਜਦ ਕਿ ਗੁਰਮਤਿ ਅਨੁਸਾਰ ਸੱਚਾ-ਸੁੱਚਾ ਤੀਰਥ ਨਾਮ ਹੀ ਹੈ-

ਤੀਰਥ ਨਾਵਣਿ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦਿ ਵੀਚਾਰ ਅੰਤਰਿ ਗਿਆਨ ਹੈ॥ (੬੮੭)

ਪਰ ਗੁਰਮਤਿ ਤਾਂ ਕਿਸੇ ਸਥਾਨ ਤੇ ਜਾ ਕੇ ਸੰਗਤ ਕਰਨ ਅਤੇ ਗਿਆਨ ਚ ਵਾਧਾ ਕਰਨ ਅਤੇ ਥੋੜੇ ਸਮੇ ਵਿਚ ਬਹੁਤ ਸਾਰੇ ਭੁਲੇ ਭਟਕਿਆਂ ਨੂੰ ਰਾਹੇ ਪਾਉਣ ਦਾ ਉਪਦੇਸ਼ ਦਿੰਦੀ ਹੈ- **ਮਾਘਿ ਮਜਨ ਸੰਗ ਸਾਧੂਆਂ ਧੂੜੀ ਕਰ ਇਸ਼ਨਾਨ॥ ਹਰਿ ਕਾ ਨਾਮਿ ਧਿਆਇ ਸਭਨਾ ਨੂੰ ਕਰੁ ਦਾਨ॥** (੧੩੫) ਜੋ ਸਿੱਖ ਹੋ ਕੇ ਬ੍ਰਹਮਣ ਦੀ ਤਰਾਂ ਹਜੂਰ ਸਾਹਿਬ ਅਤੇ ਹੇਮਕੁੰਟ ਆਦਿਕ ਥਾਵਾਂ ਦੀ ਯਾਤਰਾ ਕੇਵਲ ਵਿਖਾਵੇ, ਰੌਣਕ ਮੇਲੇ ਅਤੇ ਕਿਸੇ ਸੁਖਣਾ ਦੇ ਤੌਰ ਤੇ, ਕਿਸੇ ਸਾਧ-ਸੰਤ ਜਾਂ ਬ੍ਰਾਹਮਣ ਦੇ ਕਹਿ ਕਹਾਏ ਕਰ ਰਿਹਾ ਹੈ ਉਹ ਬਿਪਰ ਰੀਤਾਂ ਦਾ ਧਾਰਨੀ ਹੈ ਗੁਰਮਤਿ ਦਾ ਨਹੀ ਕਿਉਂਕਿ- **ਤੀਰਥਿ ਨਾਇ ਨਾ ਉਤਰਸ ਮੈਲੁ॥ਕਰਮ ਧਰਮ ਸਭਿ ਹਉਮੈ ਫੈਲੁ॥** (੮੯੦) ਗੁਰਮਤਿ ਅਨੁਸਾਰ ਲੋਕਾਂ ਦੇ ਭਲੇ ਅਤੇ ਉਪਦੇਸ਼ ਦੇਣ ਜਾਂ ਲੈਣ ਵਾਸਤੇ ਜਾਇਆ ਜਾ ਸਕਦਾ ਹੈ- **ਤੀਰਥ ਉਦਮ ਸਤਿਗੁਰੂ ਕੀਆ ਸਭਿ ਲੋਕ ਉਧਰਨਿ ਅਰਥਾ॥** (੧੧੧੬) ਸੁਖਣਾ ਸੁੱਖ ਕੇ ਤੀਰਥ ਇਸ਼ਨਾਨ ਅਤੇ ਬਿਨਾ ਲੋੜੇ ਪੁੰਨ ਦਾਨ ਕਰਨੇ ਬਿਪਰ ਰੀਤਾਂ ਹਨ। ਧਾਰਮਿਕ ਚਿੰਨ੍ਹਾਂ ਨੂੰ ਕੇਵਲ ਕੱਟੜਤਾ ਦੇ ਤੌਰ ਤੇ ਧਾਰਨ ਕਰਨਾ ਜਿਵੇਂ ਬਿਪਰ ਜਨੇਊ ਆਦਿਕ ਪਾ ਕੇ

ਕਰਦਾ ਹੈ। ਧਾਰਮਿਕ ਚਿੰਨ੍ਹ ਧਾਰਨ ਕਰਕੇ ਕੱਟੜਵਾਦੀ, ਵੱਖਵਾਦੀ ਬਣ ਜਾਣਾ ਬਿਪਰਨ ਕੀ ਰੀਤ ਹੈ ਅਤੇ ਸਭਨਾਂ ਨਾਲ ਰਲ ਮਿਲ ਕੇ ਰਹਿਣਾਂ, ਹਉਮੈਂ ਹੰਕਾਰ ਦਾ ਤਿਆਗ ਕਰਨਾਂ, ਭਾਈ ਘਨਈਆ ਜੀ ਦੀ ਤਰ੍ਹਾਂ ਮਨੁੱਖਤਾ ਦੀ ਸੇਵਾ ਕਰਨੀ ਗੁਰਮਤਿ ਹੈ। ਚਿੰਨ੍ਹ ਕੇਵਲ ਵਰਦੀ ਹਨ, ਵਰਦੀ ਦੀ ਪੂਜਾ ਨਹੀਂ ਕੀਤੀ ਜਾਂਦੀ ਸਗੋਂ ਡਸਿਪਲਿਨ ਚ' ਰਹਿਣਾ ਸਿਖਿਆ ਜਾਂਦਾ ਹੈ। ਜੋ ਸਿੱਖ ਹੋ ਕੇ ਸਮਝਦਾ ਹੈ-ਕਿਸੇ ਕਾਰਨ ਕ੍ਰਿਪਾਨ ਡਿਗ ਪਈ ਜਾਂ ਜਹਾਜ਼ ਆਦਿਕ ਥਾਵਾਂ ਤੇ ਲਾਹੁਣੀ ਪਈ। ਕੰਘਾ ਸਰੀਰ ਤੋਂ ਜੁਦਾ ਹੋ ਗਿਆ, ਕਛਹਿਰਾ ਬਦਣ ਸਮੇ ਦੋਵੇਂ ਪਹੁੰਚੇ ਲਹਿ ਗਏ ਤਾਂ ਬਸ ਹੁਣ ਅੰਮ੍ਰਿਤ ਟੁੱਟ ਗਿਆ। ਨਹਾਉਂਦੇ ਸਮੇਂ ਕ੍ਰਿਪਾਨ ਨਾਂ ਲਾਹੁਣੀ ਸਗੋਂ ਅੰਮ੍ਰਿਤ ਟੁੱਟ ਗਿਆ ਸਮਝਣਾ ਬਿਪਰਨ ਕੀ ਰੀਤ ਹੈ ਅਤੇ ਭਰਮ ਭੇਖ ਤੋਂ ਨਿਆਰੇ ਰਹਿਣਾਂ ਗੁਰਮਤਿ ਹੈ-

ਭਰਮ ਭੇਖ ਤੇ ਰਹਿ ਨਿਆਰਾ॥ (ਗੁਰੂ ਗੋਬਿੰਦ ਸਿੰਘ)

ਛੂਆ-ਛਾਤ (ਸੁੱਚ-ਭਿੱਟ) ਰੱਖਣੀ ਬਿਪਰ ਰੀਤ ਹੈ ਬ੍ਰਾਹਮਣ ਦੇ ਅਨੁਸਾਰ ਬਣਾਏ ਗਏ ਸ਼ੂਦਰ ਦੇ ਪ੍ਰਛਾਵੇਂ ਤੋਂ, ਨਾਲ ਬੈਠਣ ਤੋਂ ਨਫਰਤ ਕਰਨੀ, ਸ਼ੂਦਰ ਦਾ ਹੱਥ ਲਗੇ ਤੋਂ ਬ੍ਰਾਹਮਣ ਅਤੇ ਅੰਨ-ਜਲ ਆਦਿਕ ਦਾ ਭਿਟਿਆ ਜਾਣਾ। ਇਸੇ ਕਰਕੇ ਸ਼ੂਦਰਾਂ ਦੀਆਂ ਬਸਤੀਆਂ ਵੱਖਰੀਆਂ, ਧਰਮ ਅਸਥਾਂਨ ਵੱਖਰੇ ਅਤੇ ਖੂਹ ਆਦਿਕ ਵੱਖਰੇ ਰੱਖਣੇ ਬਿਪਰ ਰੀਤ ਹੈ। ਗੁਰਮਤਿ ਅਜਿਹੀ ਛੂਆ-ਛਾਤ ਅਤੇ ਸੁੱਚ-ਭਿੱਟ ਦਾ ਭਰਵਾਂ ਖੰਡਣ ਕਰਦੀ ਹੈ-**ਸੂਚੇ ਏਹਿ ਨ ਆਖੀਅਹਿ ਬਹਿਣ ਜੇ ਪਿੰਡਾ ਧੋਇ॥ਸੂਚੇ ਸੇਈ ਨਾਨਕਾ ਜਿਨਿ ਮਨਿ ਵਸਿਆ ਸੋਇ॥**(੪੭੨) ਰੱਬ ਸਭਨਾਂ ਵਿੱਚ ਵਸਦਾ ਹੈ ਇਸ ਕਰਕੇ ਸਭੇ ਸਾਂਝੀਵਾਲ ਤੇ ਬਰਾਬਰ ਹਨ- **ਸਭੇ ਸਾਂਝੀਵਾਲ ਸਦਾਇਨਿ ਤੂ ਕਿਸੇ ਨਾ ਦਿਸਹਿ ਬਾਹਰਾ ਜੀਉ॥** (੯੭) ਭਗਤ ਕਬੀਰ ਜੀ ਵੀ ਇਸ ਗੱਲ ਦਾ ਖੰਡਨ ਕਰਦੇ ਹਨ ਕਿ- **ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ਹਮ ਕਤ ਲੋਹੂ ਤੁਮ ਕਤ ਦੂਧ॥** (੩੨੪) ਭਾਵ ਬ੍ਰਾਹਮਣ ਤੇ ਮੰਨੇ ਗਏ ਸ਼ੂਦਰ ਦੋਹਾਂ ਵਿੱਚ ਖੂਨ ਹੈ ਦੋਵੇ ਹੀ ਰੱਬ ਦੇ ਬਣਾਏ ਹੋਏ ਹਨ-

ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭਿ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕਉਨ ਮੰਦੇ॥
ਲੋਗਾ ! ਭਰਮ ਨ ਭੂਲੋ ਕੋਈ॥
ਖਾਲਕ ਖਲਿਕੁ ਖਲਿਕ ਮਹਿ ਖਾਲਕ ਪੂਰਿ ਰਹਿਓ ਸਭਿ ਠਾਈ॥ (੧੩੪੯)

ਸੋ ਗੁਰੂ ਸਹਿਬਾਨ ਨੇ ਛੂਆ- ਛਾਤ ਤੇ ਸੁੱਚ-ਭਿੱਟ ਨੂੰ ਮੇਟਣ ਵਾਸਤੇ ਸ਼ਾਂਝੇ ਤੀਰਥ-ਸਰੋਵਰ-ਖੂਹ-ਬਾਉਲੀਆਂ, ਸੰਗਤਿ-ਪੰਗਤਿ, ਲੰਗਰ ਚਲਾਏ, ਧਰਮਸ਼ਾਲਾ ਕਾਇਮ ਕੀਤੀਆਂ ਜਿਥੇ ਹਰੇਕ ਮਾਈ ਭਾਈ-ਭਾਈ ਬਿਨਾ ਕਿਸੇ ਵਿਤਕਰੇ ਅਤੇ ਛੂਆ-ਛਾਤ ਦੇ ਜਾ ਸਕਦਾ ਹੈ ਅਤੇ ਦਸਵੇਂ ਜਾਮੇਂ ਵਿੱਚ ਇੱਕੋ ਬਾਟੇ ਵਿੱਚ ਖੰਡੇ ਦੀ ਪਾਹੁਲ ਛਕਾ ਕੇ ਸਦਾ ਲਈ ਛੂਆ-ਛਾਤਾਂ ਤੇ ਸੁੱਚਾਂ ਭਿੱਟਾਂ ਖਤਮ ਕਰ ਦਿੱਤੀਆਂ ਪਰ ਜੇ ਅੱਜ ਕੋਈ ਸਿੱਖ ਹੋ ਕੇ ਅਜਿਹੀਆਂ ਸੁੱਚਾਂ-ਭਿਟਾਂ ਰੱਖਦਾ ਹੈ ਤਾਂ ਉਹ ਬਿਪਰਨ ਕੀਆਂ ਰੀਤਾਂ ਦਾ ਗ੍ਰਸਿਆ ਹੋਇਆ ਹੈ ਜਿਵੇਂ ਅੱਜ ਕਈ ਅੰਮਿਤ੍ਰਧਾਰੀ ਸਿੱਖ ਵੀ ਅਜਿਹਾ ਕਰਦੇ ਹੋਏ ਆਪਣੇ ਦੀਨ ਭਾਈਆਂ ਨਾਲ ਹੀ ਨਫਰਤ ਕਰਦੇ ਹਨ। ਇੱਥੋਂ ਤੱਕ ਕਿ ਉਹ ਆਪਣੇ ਬੱਚਿਆਂ ਨਾਲ ਬੈਠ ਕੇ ਭੋਜਨ ਵੀ ਨਹੀਂ ਖਾ ਸਕਦੇ ਜੇ ਕਿਤੇ ਗਲਤੀ ਜਾਂ ਲਾਡ ਨਾਲ ਉਨ੍ਹਾਂ ਦਾ ਆਪਣਾ ਬੱਚਾ ਹੀ ਨਾਲ ਖਾਣ ਲੱਗੇ ਤਾਂ ਵੱਟ ਕੇ ਚਪੇੜ ਮੂੰਹ ਤੇ ਮਾਰਦੇ ਹਨ ਕਿ ਤੂੰ ਸਾਡਾ ਅੰਮ੍ਰਿਤ ਭੰਗ ਕਰ ਦਿੱਤਾ ਹੈ। ਸਾਰੇ ਨਹੀਂ ਕੁਝ ਕੁ ਅਖੰਡ

ਕੀਰਤਨੀ ਜਥੇ ਵਾਲੇ ਤਾਂ ਦੂਜੇ ਸਿੱਖਾਂ ਦੇ ਹੱਥੀਂ ਬਣਿਆਂ ਲੰਗਰ ਅਤੇ ਪ੍ਰਸ਼ਾਦ ਵੀ ਨਹੀਂ ਛੱਕਦੇ ਅਤੇ ਰਸੋਈ ਤਿਆਰ ਕਰਦੇ ਸਮੇਂ ਬ੍ਰਾਹਮਣ ਦੀ ਤਰ੍ਹਾਂ ਦੂਜਿਆਂ ਨੂੰ ਨੇੜੇ ਤੱਕ ਨਹੀਂ ਜਾਣ ਦਿੰਦੇ ਐਨੀ ਛੂਆ-ਛਾਤ ਕਿਉਂ? ਕਿਉਂਕਿ ਅਸੀਂ ਬਿਪਰ ਰੀਤਾਂ ਦੇ ਧਾਰਨੀ ਹੋ ਗਏ ਹਾਂ। ਛੂਆ-ਛਾਤ ਤਾਂ ਮੰਦੇ ਕੰਮਾਂ ਤੋਂ ਰੱਖਣੀ ਚਾਹੀਦੀ ਹੈ- **ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰੁ॥ਮਤਿ ਸਰਮਿੰਦਾ ਥੀਵਹੀ ਸਾਂਈ ਦੇ ਦਰਬਾਰੁ॥** (੧੩੮੧) ਸੋ ਕਿਸੇ ਦਾ ਹੱਥ ਲੱਗਣ, ਪਰਛਾਵਾਂ ਪੈਣ ਅਤੇ ਇਕੱਠੇ ਖਾਣ-ਪੀਣ ਨਾਲ ਕੋਈ ਭਿਟਿਆ ਨਹੀਂ ਜਾਂਦਾ ਅਤੇ ਨਾਂ ਹੀ ਕਿਸੇ ਦਾ ਧਰਮ ਟੁੱਟਦਾ ਹੈ।

ਕੇਵਲ ਨਿਜੀ ਸੁਆਰਥ ਦੀ ਖਾਤਿਰ ਚਾਪ ਲੂਸੀਆਂ ਅਤੇ ਚੁਗਲੀਆਂ ਕਰਕੇ ਦੂਜੇ ਦਾ ਨੁਕਸਾਨ ਕਰਨਾ ਅਜਿਹਾ ਕਰਨਾ ਬਿਪਰ ਦੀ ਖਾਸੀਅਤ ਹੈ। ਇਹ ਸਦਾ ਹੀ ਮੌਕੇ ਦੀ ਸਰਕਾਰ ਨਾਲ ਮਿਲ ਕੇ ਕਰਦੇ ਆਏ ਹਨ ਜਿਵੇਂ ਨੀਵੀ ਜਾਤ ਦੇ ਸ਼ੰਬੂਕ ਰਿਖੀ ਦੀ ਝੂਠੀ ਚੁਗਲੀ ਕਰਕੇ ਮੌਕੇ ਦੇ ਰਾਜੇ ਰਾਮ ਚੰਦਰ ਤੋਂ ਮਰਵਾ ਦੇਣਾਂ, ਭਗਤ ਰਵਿਦਾਸ ਜੀ, ਕਬੀਰ ਜੀ ਅਤੇ ਨਾਮਦੇਵ ਜੀ ਵਰਗੇ ਉੱਚ ਕੋਟੀ ਦੇ ਭਗਤਾਂ ਨੂੰ ਝੂਠੀਆਂ ਚੁਗਲੀਆਂ ਕਰਕੇ ਵਕਤੀ ਰਾਜਿਆਂ ਪਾਸੋਂ ਸਜਾ ਦਿਵਾਉਣੀਆਂ, ਸ਼ਾਂਤੀ ਦੇ ਪੁੰਜ ਅਤੇ ਬਾਣੀ ਕੇ ਬੋਹਿਥ ਗੁਰੂ ਅਰਜਨ ਦੇਵ ਜੀ ਨੂੰ ਜੋ ਇਹ ਉਪਦੇਸ਼ ਦਿੰਦੇ ਹਨ-

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆਂ ਕੋਈ ਅਲਾਹਿ॥ (੮੫੫)

ਨੂੰ ਬ੍ਰਾਹਮਣਾਂ ਅਤੇ ਮੁੱਲਾਂ ਮੌਲਾਣਿਆਂ ਨੇ ਜਹਾਂਗੀਰ ਵਕਤੀਆ ਬਾਦਸ਼ਾਹ ਕੋਲ ਝੂਠੀਆਂ ਸ਼ਕਾਇਤਾਂ ਕਰਕੇ ਸ਼ਹੀਦ ਕਰਾਉਣਾ ਅਤੇ ਲੋੜ ਪੈਣ ਵੇਲੇ ਜਦ ਔਰੰਗਜ਼ੇਬ ਜਬਰੀ ਮੁਸਲਮਾਨ ਬਣਾ ਰਿਹਾ ਸੀ ਓਦੋਂ ਗੁਰੂ ਤੇਗ ਬਹਾਦਰ ਜੀ ਦੇ ਚਰਨੀਂ ਡਿਗਿਆ ਕੇ ਢੈਹ ਪੈਣਾ, ਗੁਰੂ ਜੀ ਦੇ ਅੰਮ੍ਰਿਤ ਪਾਨ ਕਰਾਉਣ ਵੇਲੇ ਵੱਢੀਆਂ-ਟੁਕੀਆਂ ਨੀਚ ਜਾਤਾਂ ਕਹਿ ਕੇ ਨਿਰਾਦਰ ਕਰਨਾਂ, ਗੰਗੂ ਬ੍ਰਾਹਮਣ ਦੇ ਰੂਪ ਵਿੱਚ ਧੋਖਾ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਸੂਮ ਬੱਚੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸੂਬਾ ਸਰਹੰਦ ਵਜ਼ੀਰ ਖਾਂ ਨੂੰ ਫੜਾਉਣਾ, ਜਦ ਮਲੇਰਕੋਲੇ ਦੇ ਨਵਾਬ ਦੇ ਕਹਿਣ ਤੇ ਕਿ ਕੁਰਾਨ ਮਾਸੂਮ ਬੱਚਿਆਂ ਤੋਂ ਪਿਤਾ ਦਾ ਬਦਲਾ ਲੈ ਕੇ ਮਾਰਨ ਦੀ ਇਜ਼ਾਜਤ ਨਹੀਂ ਦਿੰਦਾਂ ਤਾਂ ਸੂਬੇ ਤੇ ਕਾਜ਼ੀਆਂ ਦੇ ਸਹਿਬਜ਼ਾਦਿਆਂ ਨੂੰ ਛੱਡਣ ਵੇਲੇ ਅਖੌਤੀ ਸੁੱਚਾ ਨੰਦ ਦੇ ਰੂਪ ਵਿੱਚ ਕਹਿਣਾ ਕਿ ਇਹ ਸੱਪ ਦੇ ਬੱਚੇ ਹਨ ਇਨ੍ਹਾਂ ਦਾ ਸਿਰ ਫੇਹ ਦੇਣਾ ਹੀ ਉਚਿੱਤ ਹੈ, ਫਿਰ ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਚੁਗਲੀਆਂ ਕਰਕੇ ਫੁੱਟ ਪੁਆ ਕੇ ਖਾਨਾਂ ਜੰਗੀ ਕਰਾਉਣੀ, ਸਰਕਾਰ ਖਾਲਸਾ ਦੇ ਭੇਦ ਦੁਸ਼ਮਣ ਫਰੰਗੀਆਂ ਨੂੰ ਦੇਣੇ, ਮਹੰਤਾਂ ਦੇ ਰੂਪ ਵਿੱਚ ਅੰਗ੍ਰੇਜ਼ਾਂ ਦੀ ਚਾਪਲੂਸੀ ਕਰਕੇ ਗੁਰਦੁਆਰਿਆਂ ਤੇ ਕਬਜਾ ਕਰਨਾਂ, ਡਾ. ਅੰਬੇਡਕਰ ਜਦ ਬ੍ਰਾਹਮਣ ਦੇ ਦੁਰਕਾਰੇ ਹੋਏ ੬ ਕਰੜ ਅਛੂਤਾਂ ਨੂੰ ਸਿੱਖ ਧਰਮ ਵਿੱਚ ਸ਼ਾਮਿਲ ਕਰ ਰਿਹਾ ਸੀ ਉਸ ਵੇਲੇ ਅਖੌਤੀ ਮਹਾਤਮਾਂ ਗਾਂਧੀ ਅਤੇ ਉਸ ਝੋਲੀ ਚੁੱਕ ਬਲਦੇਵ ਸਿੰਘ ਵਰਗੇ ਰਾਈਸਾਂ ਰਾਹੀਂ ਦਲਤਾਂ ਅਤੇ ਸਿੱਖਾਂ ਨਾਲ ਝੂਠੇ ਵਾਹਦੇ ਕਰਕੇ ਨੁਕਸਾਨ ਕਰਨਾਂ ਜੋ ਹੁਣ RSS ਦੇ ਰੂਪ ਵਿੱਚ ਕਰ ਰਹੇ ਹਨ। ਸਿੱਖਾਂ ਨੂੰ ਕਥਿਤ ਲਵ-ਕੁਛ ਦੀ ਹੀ ਔਲਾਦ ਦੱਸ ਰਹੇ ਹਨ। ਅੱਜ ਦੇ ਅਖੌਤੀ ਸਿੱਖ ਲੀਡਰ, ਤਖਤਾਂ ਦੇ ਅਖੌਤੀ ਜਥੇਦਾਰ ਅਤੇ ਆਪੂੰ ਬਣੇ ਸੰਤ-ਮਹੰਤ ਵੀ ਘੱਟ ਨਹੀਂ ਕਰ ਰਹੇ-ਹਵਨ ਕਰਨੇ, ੫੧-੫੧ ਰਾਮਾਇਣ ਦੇ ਪਾਠ ਕਰਾਉਣੇ, ਵੋਟਾਂ ਦੀ ਖਾਤਿਰ ਭੇਖੀ ਸਾਧਾਂ-ਸੰਤਾਂ ਦੇ ਡੇਰਿਆਂ 'ਤੇ ਜਾਣਾ, ਕੁਰਸੀ ਭੁੱਖ ਕਾਰਨ ਚਾਪ ਲੂਸੀਆਂ ਕਰਦੇ

ਕਰਦਾ ਹੈ। ਧਾਰਮਿਕ ਚਿੰਨ੍ਹ ਧਾਰਨ ਕਰਕੇ ਕੱਟੜਵਾਦੀ, ਵੱਖਵਾਦੀ ਬਣ ਜਾਣਾ ਬਿਪਰਨ ਕੀ ਰੀਤ ਹੈ ਅਤੇ ਸਭਨਾਂ ਨਾਲ ਰਲ ਮਿਲ ਕੇ ਰਹਿਣਾਂ, ਹਉਮੈਂ ਹੰਕਾਰ ਦਾ ਤਿਆਗ ਕਰਨਾਂ, ਭਾਈ ਘਨਈਆ ਜੀ ਦੀ ਤਰ੍ਹਾਂ ਮਨੁੱਖਤਾ ਦੀ ਸੇਵਾ ਕਰਨੀ ਗੁਰਮਤਿ ਹੈ। ਚਿੰਨ੍ਹ ਕੇਵਲ ਵਰਦੀ ਹਨ, ਵਰਦੀ ਦੀ ਪੂਜਾ ਨਹੀਂ ਕੀਤੀ ਜਾਂਦੀ ਸਗੋਂ ਡਸਿਪਲਿਨ ਚ' ਰਹਿਣਾ ਸਿਖਿਆ ਜਾਂਦਾ ਹੈ। ਜੋ ਸਿੱਖ ਹੋ ਕੇ ਸਮਝਦਾ ਹੈ-ਕਿਸੇ ਕਾਰਨ ਕ੍ਰਿਪਾਨ ਡਿਗ ਪਈ ਜਾਂ ਜਹਾਜ਼ ਆਦਿਕ ਥਾਵਾਂ ਤੇ ਲਾਹੁਣੀ ਪਈ। ਕੰਘਾ ਸਰੀਰ ਤੋਂ ਜੁਦਾ ਹੋ ਗਿਆ, ਕਛਹਿਰਾ ਬਦਣ ਸਮੇ ਦੋਵੇਂ ਪਹੁੰਚੇ ਲਹਿ ਗਏ ਤਾਂ ਬਸ ਹੁਣ ਅੰਮ੍ਰਿਤ ਟੁੱਟ ਗਿਆ। ਨਹਾਉਂਦੇ ਸਮੇਂ ਕ੍ਰਿਪਾਨ ਨਾਂ ਲਾਹੁਣੀ ਸਗੋਂ ਅੰਮ੍ਰਿਤ ਟੁੱਟ ਗਿਆ ਸਮਝਣਾ ਬਿਪਰਨ ਕੀ ਰੀਤ ਹੈ ਅਤੇ ਭਰਮ ਭੇਖ ਤੋਂ ਨਿਆਰੇ ਰਹਿਣਾਂ ਗੁਰਮਤਿ ਹੈ-

ਭਰਮ ਭੇਖ ਤੇ ਰਹਿ ਨਿਆਰਾ॥ (ਗੁਰੂ ਗੋਬਿੰਦ ਸਿੰਘ)

ਛੂਆ-ਛਾਤ (ਸੁੱਚ-ਭਿੱਟ) ਰੱਖਣੀ ਬਿਪਰ ਰੀਤ ਹੈ ਬ੍ਰਾਹਮਣ ਦੇ ਅਨੁਸਾਰ ਬਣਾਏ ਗਏ ਸ਼ੂਦਰ ਦੇ ਪ੍ਰਛਾਵੇਂ ਤੋਂ, ਨਾਲ ਬੈਠਣ ਤੋਂ ਨਫਰਤ ਕਰਨੀ, ਸ਼ੂਦਰ ਦਾ ਹੱਥ ਲਗੇ ਤੋਂ ਬ੍ਰਾਹਮਣ ਅਤੇ ਅੰਨ-ਜਲ ਆਦਿਕ ਦਾ ਭਿਟਿਆ ਜਾਣਾ। ਇਸੇ ਕਰਕੇ ਸ਼ੂਦਰਾਂ ਦੀਆਂ ਬਸਤੀਆਂ ਵੱਖਰੀਆਂ, ਧਰਮ ਅਸਥਾਂਨ ਵੱਖਰੇ ਅਤੇ ਖੂਹ ਆਦਿਕ ਵੱਖਰੇ ਰੱਖਣੇ ਬਿਪਰ ਰੀਤ ਹੈ। ਗੁਰਮਤਿ ਅਜਿਹੀ ਛੂਆ-ਛਾਤ ਅਤੇ ਸੁੱਚ-ਭਿੱਟ ਦਾ ਭਰਵਾਂ ਖੰਡਣ ਕਰਦੀ ਹੈ-**ਸੂਚੇ ਏਹਿ ਨ ਆਖੀਅਹਿ ਬਹਿਣ ਜੇ ਪਿੰਡਾ ਧੋਏ॥ਸੂਚੇ ਸੇਈ ਨਾਨਕਾ ਜਿਨਿ ਮਨਿ ਵਸਿਆ ਸੋਇ॥**(੪੭੨) ਰੱਬ ਸਭਨਾਂ ਵਿੱਚ ਵਸਦਾ ਹੈ ਇਸ ਕਰਕੇ ਸਭੇ ਸਾਂਝੀਵਾਲ ਤੇ ਬਰਾਬਰ ਹਨ- **ਸਭੇ ਸਾਂਝੀਵਾਲ ਸਦਾਇਨਿ ਤੂ ਕਿਸੇ ਨਾ ਦਿਸਹਿ ਬਾਹਰਾ ਜੀਉ॥** (੯੭) ਭਗਤ ਕਬੀਰ ਜੀ ਵੀ ਇਸ ਗੱਲ ਦਾ ਖੰਡਨ ਕਰਦੇ ਹਨ ਕਿ- **ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ਹਮ ਕਤ ਲੋਹੂ ਤੁਮ ਕਤ ਦੂਧ॥** (੩੨੪) ਭਾਵ ਬ੍ਰਾਹਮਣ ਤੇ ਮੰਨੇ ਗਏ ਸ਼ੂਦਰ ਦੋਹਾਂ ਵਿੱਚ ਖੂਨ ਹੈ ਦੋਵੇ ਹੀ ਰੱਬ ਦੇ ਬਣਾਏ ਹੋਏ ਹਨ-

ਅਵਲ ਅਲਾਹ ਨੂਰ ਉਪਾਇਆ ਕੁਦਰਤਿ ਕੇ ਸਭਿ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕਉਨ ਮੰਦੇ॥
ਲੋਗਾ ! ਭਰਮ ਨ ਭੂਲੋ ਕੋਈ॥
ਖਾਲਕ ਖਲਿਕੁ ਖਲਿਕ ਮਹਿ ਖਾਲਕ ਪੂਰਿ ਰਹਿਓ ਸਭਿ ਠਾਈ॥ (੧੩੪੯)

ਸੋ ਗੁਰੂ ਸਹਿਬਾਨ ਨੇ ਛੂਆ- ਛਾਤ ਤੇ ਸੁੱਚ-ਭਿੱਟ ਨੂੰ ਮੇਟਣ ਵਾਸਤੇ ਸ਼ਾਂਝੇ ਤੀਰਥ-ਸਰੋਵਰ-ਖੂਹ-ਬਾਉਲੀਆਂ, ਸੰਗਤਿ-ਪੰਗਤਿ, ਲੰਗਰ ਚਲਾਏ, ਧਰਮਸ਼ਾਲਾ ਕਾਇਮ ਕੀਤੀਆਂ ਜਿਥੇ ਹਰੇਕ ਮਾਈ ਭਾਈ-ਭਾਈ ਬਿਨਾ ਕਿਸੇ ਵਿਤਕਰੇ ਅਤੇ ਛੂਆ-ਛਾਤ ਦੇ ਜਾ ਸਕਦਾ ਹੈ ਅਤੇ ਦਸਵੇਂ ਜਾਮੇਂ ਵਿੱਚ ਇੱਕੋ ਬਾਟੇ ਵਿੱਚ ਖੰਡੇ ਦੀ ਪਾਹੁਲ ਛਕਾ ਕੇ ਸਦਾ ਲਈ ਛੂਆ-ਛਾਤਾਂ ਤੇ ਸੁੱਚਾਂ ਭਿੱਟਾਂ ਖਤਮ ਕਰ ਦਿੱਤੀਆਂ ਪਰ ਜੇ ਅੱਜ ਕੋਈ ਸਿੱਖ ਹੋ ਕੇ ਅਜਿਹੀਆਂ ਸੁੱਚਾਂ-ਭਿਟਾਂ ਰੱਖਦਾ ਹੈ ਤਾਂ ਉਹ ਬਿਪਰਨ ਕੀਆਂ ਰੀਤਾਂ ਦਾ ਗ੍ਰਸਿਆ ਹੋਇਆ ਹੈ ਜਿਵੇਂ ਅੱਜ ਕਈ ਅੰਮਿਤ੍ਰਧਾਰੀ ਸਿੱਖ ਵੀ ਅਜਿਹਾ ਕਰਦੇ ਹੋਏ ਆਪਣੇ ਦੀਨ ਭਾਈਆਂ ਨਾਲ ਹੀ ਨਫਰਤ ਕਰਦੇ ਹਨ। ਇੱਥੋਂ ਤੱਕ ਕਿ ਉਹ ਆਪਣੇ ਬੱਚਿਆਂ ਨਾਲ ਬੈਠ ਕੇ ਭੋਜਨ ਵੀ ਨਹੀਂ ਖਾ ਸਕਦੇ ਜੇ ਕਿਤੇ ਗਲਤੀ ਜਾਂ ਲਾਡ ਨਾਲ ਉਨ੍ਹਾਂ ਦਾ ਆਪਣਾ ਬੱਚਾ ਹੀ ਨਾਲ ਖਾਣ ਲੱਗੇ ਤਾਂ ਵੱਟ ਕੇ ਚਪੇੜ ਮੂੰਹ ਤੇ ਮਾਰਦੇ ਹਨ ਕਿ ਤੂੰ ਸਾਡਾ ਅੰਮ੍ਰਿਤ ਭੰਗ ਕਰ ਦਿੱਤਾ ਹੈ। ਸਾਰੇ ਨਹੀਂ ਕੁਝ ਕੁ ਅਖੰਡ

ਕੀਰਤਨੀ ਜਥੇ ਵਾਲੇ ਤਾਂ ਦੂਜੇ ਸਿੱਖਾਂ ਦੇ ਹੱਥੀਂ ਬਣਿਆਂ ਲੰਗਰ ਅਤੇ ਪ੍ਰਸ਼ਾਦ ਵੀ ਨਹੀਂ ਛੱਕਦੇ ਅਤੇ ਰਸੋਈ ਤਿਆਰ ਕਰਦੇ ਸਮੇਂ ਬ੍ਰਾਹਮਣ ਦੀ ਤਰ੍ਹਾਂ ਦੂਜਿਆਂ ਨੂੰ ਨੇੜੇ ਤੱਕ ਨਹੀਂ ਜਾਣ ਦਿੰਦੇ ਐਨੀ ਛੂਆ-ਛਾਤ ਕਿਉਂ? ਕਿਉਂਕਿ ਅਸੀਂ ਬਿਪਰ ਰੀਤਾਂ ਦੇ ਧਾਰਨੀ ਹੋ ਗਏ ਹਾਂ। ਛੂਆ-ਛਾਤ ਤਾਂ ਮੰਦੇ ਕੰਮਾਂ ਤੋਂ ਰੱਖਣੀ ਚਾਹੀਦੀ ਹੈ- **ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰੁ॥ਮਤਿ ਸਰਮਿੰਦਾ ਥੀਵਹੀ ਸਾਂਈ ਦੇ ਦਰਬਾਰੁ॥** (੧੩੮੧) ਸੋ ਕਿਸੇ ਦਾ ਹੱਥ ਲੱਗਣ, ਪਰਛਾਵਾਂ ਪੈਣ ਅਤੇ ਇਕੱਠੇ ਖਾਣ-ਪੀਣ ਨਾਲ ਕੋਈ ਭਿਟਿਆ ਨਹੀਂ ਜਾਂਦਾ ਅਤੇ ਨਾਂ ਹੀ ਕਿਸੇ ਦਾ ਧਰਮ ਟੁੱਟਦਾ ਹੈ।

ਕੇਵਲ ਨਿਜੀ ਸੁਆਰਥ ਦੀ ਖਾਤਿਰ ਚਾਪ ਲੂਸੀਆਂ ਅਤੇ ਚੁਗਲੀਆਂ ਕਰਕੇ ਦੂਜੇ ਦਾ ਨੁਕਸਾਨ ਕਰਨਾ ਅਜਿਹਾ ਕਰਨਾ ਬਿਪਰ ਦੀ ਖਾਸੀਅਤ ਹੈ। ਇਹ ਸਦਾ ਹੀ ਮੌਕੇ ਦੀ ਸਰਕਾਰ ਨਾਲ ਮਿਲ ਕੇ ਕਰਦੇ ਆਏ ਹਨ ਜਿਵੇਂ ਨੀਵੀ ਜਾਤ ਦੇ ਸ਼ੰਬੂਕ ਰਿਖੀ ਦੀ ਝੂਠੀ ਚੁਗਲੀ ਕਰਕੇ ਮੌਕੇ ਦੇ ਰਾਜੇ ਰਾਮ ਚੰਦਰ ਤੋਂ ਮਰਵਾ ਦੇਣਾਂ, ਭਗਤ ਰਵਿਦਾਸ ਜੀ, ਕਬੀਰ ਜੀ ਅਤੇ ਨਾਮਦੇਵ ਜੀ ਵਰਗੇ ਉੱਚ ਕੋਟੀ ਦੇ ਭਗਤਾਂ ਨੂੰ ਝੂਠੀਆਂ ਚੁਗਲੀਆਂ ਕਰਕੇ ਵਕਤੀ ਰਾਜਿਆਂ ਪਾਸੋਂ ਸਜਾ ਦਿਵਾਉਣੀਆਂ, ਸ਼ਾਂਤੀ ਦੇ ਪੁੰਜ ਅਤੇ ਬਾਣੀ ਕੇ ਬੋਹਿਥ ਗੁਰੂ ਅਰਜਨ ਦੇਵ ਜੀ ਨੂੰ ਜੋ ਇਹ ਉਪਦੇਸ਼ ਦਿੰਦੇ ਹਨ-

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆਂ ਕੋਈ ਅਲਾਹਿ॥ (੮੮੫)

ਨੂੰ ਬ੍ਰਾਹਮਣਾਂ ਅਤੇ ਮੁੱਲਾਂ ਮੌਲਾਣਿਆਂ ਨੇ ਜਹਾਂਗੀਰ ਵਕਤੀਆ ਬਾਦਸ਼ਾਹ ਕੋਲ ਝੂਠੀਆਂ ਸ਼ਕਾਇਤਾਂ ਕਰਕੇ ਸ਼ਹੀਦ ਕਰਾਉਣਾ ਅਤੇ ਲੋੜ ਪੈਣ ਵੇਲੇ ਜਦ ਔਰੰਗਜ਼ੇਬ ਜਬਰੀ ਮੁਸਲਮਾਨ ਬਣਾ ਰਿਹਾ ਸੀ ਓਦੋਂ ਗੁਰੂ ਤੇਗ ਬਹਾਦਰ ਜੀ ਦੇ ਚਰਨੀਂ ਡਿਡਿਆ ਕੇ ਢੈਹ ਪੈਣਾ, ਗੁਰੂ ਜੀ ਦੇ ਅੰਮ੍ਰਿਤ ਪਾਨ ਕਰਾਉਣ ਵੇਲੇ ਵੱਢੀਆਂ-ਟੁਕੀਆਂ ਨੀਚ ਜਾਤਾਂ ਕਹਿ ਕੇ ਨਿਰਾਦਰ ਕਰਨਾਂ, ਗੰਗੂ ਬ੍ਰਾਹਮਣ ਦੇ ਰੂਪ ਵਿੱਚ ਧੋਖਾ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਸੂਮ ਬੱਚੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸੂਬਾ ਸਰਹੰਦ ਵਜ਼ੀਰ ਖਾਂ ਨੂੰ ਫੜਾਉਣਾ, ਜਦ ਮਲੇਰਕੋਲੇ ਦੇ ਨਵਾਬ ਦੇ ਕਹਿਣ ਤੇ ਕਿ ਕੁਰਾਨ ਮਾਸੂਮ ਬੱਚਿਆਂ ਤੋਂ ਪਿਤਾ ਦਾ ਬਦਲਾ ਲੈ ਕੇ ਮਾਰਨ ਦੀ ਇਜ਼ਾਜਤ ਨਹੀਂ ਦਿੰਦਾਂ ਤਾਂ ਸੂਬੇ ਤੇ ਕਾਜ਼ੀਆਂ ਦੇ ਸਹਿਬਜ਼ਾਦਿਆਂ ਨੂੰ ਛੱਡਣ ਵੇਲੇ ਅਖੌਤੀ ਸੁੱਚਾ ਨੰਦ ਦੇ ਰੂਪ ਵਿੱਚ ਕਹਿਣਾ ਕਿ ਇਹ ਸੱਪ ਦੇ ਬੱਚੇ ਹਨ ਇਨ੍ਹਾਂ ਦਾ ਸਿਰ ਫੇਹ ਦੇਣਾ ਹੀ ਉਚਿੱਤ ਹੈ, ਫਿਰ ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਚੁਗਲੀਆਂ ਕਰਕੇ ਫੁੱਟ ਪੁਆ ਕੇ ਖਾਨਾਂ ਜੰਗੀ ਕਰਾਉਣੀ, ਸਰਕਾਰ ਖਾਲਸਾ ਦੇ ਭੇਦ ਦੁਸ਼ਮਣ ਫਰੰਗੀਆਂ ਨੂੰ ਦੇਣੇ, ਮਹੰਤਾਂ ਦੇ ਰੂਪ ਵਿੱਚ ਅੰਗ੍ਰੇਜਾਂ ਦੀ ਚਾਪਲੂਸੀ ਕਰਕੇ ਗੁਰਦੁਆਰਿਆਂ ਤੇ ਕਬਜਾ ਕਰਨਾਂ, ਡਾ. ਅੰਬੇਡਕਰ ਜਦ ਬ੍ਰਾਹਮਣ ਦੇ ਦੁਰਕਾਰੇ ਹੋਏ ੬ ਕਰੜ ਅਛੂਤਾਂ ਨੂੰ ਸਿੱਖ ਧਰਮ ਵਿੱਚ ਸ਼ਾਮਿਲ ਕਰ ਰਿਹਾ ਸੀ ਉਸ ਵੇਲੇ ਅਖੌਤੀ ਮਹਾਤਮਾਂ ਗਾਂਧੀ ਅਤੇ ਉਸ ਝੋਲੀ ਚੁੱਕ ਬਲਦੇਵ ਸਿੰਘ ਵਰਗੇ ਰਾਈਸਾਂ ਰਾਹੀਂ ਦਲਤਾਂ ਅਤੇ ਸਿੱਖਾਂ ਨਾਲ ਝੂਠੇ ਵਾਹਦੇ ਕਰਕੇ ਨੁਕਸਾਨ ਕਰਨਾਂ ਜੋ ਹੁਣ RSS ਦੇ ਰੂਪ ਵਿੱਚ ਕਰ ਰਹੇ ਹਨ। ਸਿੱਖਾਂ ਨੂੰ ਕਥਿਤ ਲਵ-ਕੁਛ ਦੀ ਹੀ ਔਲਾਦ ਦੱਸ ਰਹੇ ਹਨ। ਅੱਜ ਦੇ ਅਖੌਤੀ ਸਿੱਖ ਲੀਡਰ, ਤਖਤਾਂ ਦੇ ਅਖੌਤੀ ਜਥੇਦਾਰ ਅਤੇ ਆਪੂੰ ਬਣੇ ਸੰਤ-ਮਹੰਤ ਵੀ ਘੱਟ ਨਹੀਂ ਕਰ ਰਹੇ-ਹਵਨ ਕਰਨੇ, ੫੧-੫੧ ਰਾਮਾਇਣ ਦੇ ਪਾਠ ਕਰਾਉਣੇ, ਵੋਟਾਂ ਦੀ ਖਾਤਿਰ ਭੇਖੀ ਸਾਧਾਂ-ਸੰਤਾਂ ਦੇ ਡੇਰਿਆਂ 'ਤੇ ਜਾਣਾ, ਕੁਰਸੀ ਭੁੱਖ ਕਾਰਨ ਚਾਪ ਲੂਸੀਆਂ ਕਰਦੇ

ਹੋਏ ਪੰਥ ਨੂੰ ਬ੍ਰਾਹਮਣਵਾਦੀ ਸਰਕਾਰਾਂ ਅਤੇ ਅਖੌਤੀ ਸਾਧਾਂ-ਸੰਤਾਂ ਦੀ ਝੋਲੀ ਵਿੱਚ ਪਾ ਕੇ ਪੰਥ ਦੀ ਸ਼ਾਨੋ ਸ਼ੌਕਤ ਤੇ ਪੰਥਕ ਮਰਯਾਦਾ ਦੀਆਂ ਧੱਜੀਆਂ ਉਡਾਉਂਦੇ ਹੋਏ ਨੁਕਸਾਨ ਕਰਨਾ। ਠਾਕਰ (ਮਾਲਕ) ਨੂੰ ਛੱਡ ਕੇ ਦਾਸੀ ਦੀ ਚਾਪ ਲੂਸੀ ਕਰਨਾ- **ਠਾਕੁਰੁ ਛੋਡਿ ਦਾਸੀ ਕਉ ਸਿਮਰਹਿ॥** (੧੧੩੮) ਵਾਲੀ ਗੱਲ ਹੈ।

ਚੰਗੇ ਮੰਦੇ ਦਿਨਾਂ ਅਤੇ ਸ਼ੁਭ-ਅਸ਼ੁਭ ਸਮੇਂ ਦੀ ਵਹਿਮੀ ਵਿਚਾਰ ਕਰਨਾਂ ਜਿਵੇਂ ਮੰਗਲਵਾਰ, ਵੀਰਵਾਰ ਸਿਰ ਨਹੀਂ ਧੋਣਾ, ਫਲਾਨੀ ਦਿਸ਼ਾ ਵੱਲ ਨਹੀਂ ਜਾਣਾ। ਖੁਸ਼ੀ ਦੇ ਕਰਮ ੧੨ ਵਜੇ ਤੋਂ ਪਹਿਲਾਂ ਅਤੇ ਗਮੀ ਦੇ ੧੨ ਵਜੇ ਦੁਪਹਿਰ ਤੋਂ ਬਾਅਦ ਕਰਨੇ ਬਿਪਰ ਰੀਤ ਹੈ ਪਰ ਗੁਰਮਤਿ ਇਹ ਹੈ-

ਸੋਈ ਦਿਵਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤੁ॥
ਜਿਤੁ ਦਿਨੁ ਵਿਸਰੈ ਪਾਰਬ੍ਰਹਮੁ ਫਿਟਿ ਭਲੇਰੀ ਰੁਤਿ॥ (੩੧੮)

ਭਾਵ ਦਿਨ ਉਹ ਹੀ ਚੰਗਾ ਹੈ ਜਦੋਂ ਪ੍ਰਮਾਤਮਾਂ ਚੇਤੇ ਆਉਂਦਾ ਹੈ ਨਹੀਂ ਤਾਂ ਭਲੇਰੀ ਬਸੰਤ ਵਰਗੀ ਰੁੱਤ ਵੀ ਫਿਟਕਾਨਯੋਗ ਹੈ ਜੇ ਉਸ ਰੁੱਤੇ ਰੱਬ ਭੁੱਲ ਜਾਵੇ। ਗੁਰੂ ਜੀ ਹੋਰ ਫੁਰਮਾਂਦੇ ਹਨ ਕਿ- **ਸਤਿਗੁਰਿ ਬਾਝਹੁ ਅੰਧੁ ਅੰਧਾਰੁ॥ਥਿਤੀ ਵਾਰ ਸੇਵਹਿ ਮੁਗਧ ਗਾਵਾਰੁ॥**(੮੪੩) ਭਾਵ ਸੱਚੇ ਗੁਰੂ ਤੋਂ ਬਿਨਾਂ ਅਗਿਆਨਤਾ ਦਾ ਅੰਧੇਰਾ ਹੀ ਅੰਧੇਰਾ ਹੈ ਜਿਸ ਕਰਕੇ ਵਹਿਮੀ ਲੋਕ ਚੰਗੇ-ਮੰਦੇ ਦਿਨ ਅਤੇ ਸਮੇਂ ਦਾ ਸ਼ੁਭ-ਅਸ਼ੁਭ ਹੋਣਾ ਮੰਨਦੇ ਹਨ ਕਿ ਅੱਜ ਧਰਤੀ ਸੁੱਤੀ ਹੈ ਹਲ ਨਹੀਂ ਚਲਾਉਣਾ, ਅੱਜ ਦਿਨ ਮਾੜਾ ਹੈ ਕੋਈ ਸ਼ਗਨ (ਖੁਸ਼ੀ) ਦਾ ਕੰਮ ਨਹੀਂ ਕਰਨਾ, ਕੇਵਲ ਮਸਿਆ, ਪੁੰਨਿਆਂ, ਪੰਚਕਾਂ, ਸੰਗਰਾਂਦਾਂ ਹੀ ਚੰਗੇ ਦਿਨ ਹਨ। ਇਨ੍ਹਾਂ ਦਿਨਾਂ ਤੇ ਹੀ ਕੋਈ ਚੰਗਾ ਕੰਮ ਜਾਂ ਪੁੰਨ-ਦਾਨ ਕਰਨਾ ਚਾਹੀਦਾ ਹੈ ਪਰ ਗੁਰਮਤਿ ਤਾਂ ਇਹ ਕਹਿੰਦੀ ਹੈ- **ਮਹਾ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇਇ॥** (੧੩੬) ਭਾਵ ਜਿਸ ਤੇ ਵਾਹਿਗੁਰੂ ਮੇਹਰ ਦੀ ਨਿਗ੍ਹਾ ਕਰੇ ਉਸ ਵਾਸਤੇ ਮਹੀਨੇ, ਦਿਨ ਅਤੇ ਮਹੂਰਤ (ਸਾਰੇ ਹੀ ਸਮੇਂ) ਚੰਗੇ ਹਨ। **ਸਭੇ ਰੁਤੀ ਚੰਗੀਆ ਜਾਂ ਸਚੇ ਸਿਉ ਨੇਹੁ॥** (੧੦੧੫) ਦੀਵੇ ਬਾਲ ਕੇ ਮੂਰਤੀ ਦੇ ਸਨਮੁੱਖ ਹੱਥ ਵਿੱਚ ਥਾਲ ਲੈ ਆਰਤੀਆਂ ਕਰਕੇ ਪੈਸੇ ਇੱਕਠੇ ਕਰਨੇ ਲੋਕਾਂ (ਸ਼ਰਧਾਲੂਆਂ) ਵਲੋਂ ਥਾਲ ਵਿੱਚ ਮਾਇਆ ਭੇਟ ਕਰਨੀ ਇਹ ਬ੍ਰਾਹਮਣੀ ਰੀਤ ਹੈ ਪਰ ਗੁਰਮਤਿ ਇਸ ਦਾ ਖੰਡਨ ਕਰਦੀ ਹੋਈ ਕਹਿੰਦੀ ਹੈ ਕਿ ਨਿਰੰਕਾਰ ਦੀ ਆਰਤੀ ਕੋਈ ਦੀਵੇ ਬਾਲ ਕੇ ਅਤੇ ਧੂਫਾਂ ਧੁਖਾ ਕੇ ਕੀਤੀ ਹੀ ਨਹੀਂ ਜਾ ਸਕਦੀ-

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ॥ ਤਾਰਿਕਾ ਮੰਡਲ ਜਨਕ ਮੋਤੀ॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥(੬੬੩)

ਅੱਜ ਸਿੱਖ ਹੋ ਕੇ ਵੀ ਜੋ ਸਾਧ-ਸੰਤ ਜਾਂ ਭਰਮ ਗਿਆਨੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਹੀ ਆਰਤੀ ਕਰਦੇ ਹਨ। ਅਖੰਡ ਪਾਠ ਦਾ ਭੋਗ ਪੈਂਦੇ ਸਾਰ ਨਾਲ ਹੀ ਆਰਤੀ ਆਰੰਭ ਕਰ ਦਿੰਦੇ ਹਨ-ਸ਼ਰਧਾਲੂ ਅਤੇ ਘਰਵਾਲੇ (ਜਿਨ੍ਹਾਂ ਪਾਠ ਰਖਾਇਆ ਹੁੰਦਾ ਹੈ) ਦੇਖਾ ਦੇਖੀ ਸਭ ਅਜਿਹੇ ਆਰਤੀ ਕਰਨ ਵਾਲਿਆਂ ਨੂੰ ਵਾਜੇ ਤੇ ਧੜਾ-ਧੜ ਪੈਸੇ ਰੱਖਦੇ ਹਨ। ਜੇ ਕੋਈ ਇਨ੍ਹਾਂ ਭਰਮੀਆਂ ਨੂੰ ਕਹਿ ਕਿ ਗੁਰੂ ਜੀ ਆਰਤੀ ਦਾ ਖੰਡਨ ਕਰਦੇ ਹਨ ਤੇ ਕਹਿੰਦੇ ਹਨ ਅਸੀਂ ਤਾਂ ਕੀਰਤਨ ਕੀਤਾ ਹੈ। ਇਨ੍ਹਾਂ ਨੂੰ ਕੋਈ ਪੁੱਛੇ ਕਿ ਜੇ ਤੁਸੀਂ ਕੀਰਤਨ ਹੀ ਕੀਤਾ ਹੈ ਤਾਂ ਫਿਰ ਆਰਤੀ ਤੋਂ ਬਾਅਦ ਫਿਰ ਹੋਰ ਘੰਟਾ ਕਰਨ ਦੀ ਕੀ ਲੋੜ ਪੈ ਗਈ ਕਿਉਕਿ ਦੁਬਾਰਾ ਕੀਰਤਨ ਕਰਨ ਨਾਲ ਡਬਲ ਪੈਸੇ ਚੜ੍ਹਨਗੇ ਅਤੇ ਭੇਟਾ ਮਿਲੇਗੀ, ਕਥਾ ਵਿਚਾਰ ਦੀ ਕੋਈ ਲੋੜ ਨਹੀ

ਸਮਝੀ ਜਾਂਦੀ। ਦੇਖਾ ਦੇਖੀ ਲੋਕ ਕਰਵਾ ਰਹੇ ਹਨ ਅਤੇ ਭੇਖੀ ਸਾਧ-ਸੰਤ ਭਰਮ ਗਿਆਨੀ ਭੇਟਾਵਾਂ ਦੀ ਖਾਤਰ ਕਰੀ ਕਰਵਾਈ ਜਾ ਰਹੇ ਹਨ। ਇਹ ਬਿਪਰਨ ਕੀ ਰੀਤ ਹੈ ਗੁਰਮਤਿ ਨਹੀਂ। ਮੂਰਤੀਆਂ ਤੇ ਤਸਵੀਰਾਂ ਦੀ ਪੂਜਾ ਕਰਨੀ ਬਿਪਰ ਰੀਤ ਅਤੇ ਅਕਾਲ ਦੀ ਪੂਜਾ ਕਰਨੀ ਗੁਰਮਤਿ ਹੈ।

ਮੂਰਤੀਆਂ ਨੂੰ ਧੂਫਾਂ ਧਖੌਣੀਆਂ, ਦੁੱਧ ਪਿਆਉਣਾ, ਪ੍ਰਸ਼ਾਦ ਚੂਰਮੇ ਚੜਾਉਣੇ ਅਤੇ ਨਮਸ਼ਕਾਰਾਂ ਕਰਨੀਆਂ। ਮੂਰਤੀਆਂ ਨੂੰ ਭਗਵਾਨ ਸਮਝ ਕੇ ਪੂਜਾ ਕਰਨੀ ਪਰ ਗੁਰਮਤਿ ਅਕਾਲ ਮੂਰਤਿ ਦੀ ਪੁਜਾਰੀ ਹੈ। ਮੂਰਤਿ ਦਾ ਅਰਥ ਹੈ ਸਰੂਪ ਤੇ ਅਕਾਲ ਦਾ ਅਰਥ ਹੈ ਸਮੇਂ ਤੋਂ ਰਹਿਤ ਜਾਂ ਕਾਲ ਰਹਿਤ ਜੋ ਨਿਰੰਕਾਰ ਹੈ ਜਿਸ ਦਾ ਅਕਾਰ ਬਣਾਇਆ ਹੀ ਨਹੀਂ ਜਾ ਸਕਦਾ ਫ਼ੁਰਮਾਨ ਹੈ- **ਥਾਪਿਆ ਨ ਜਾਇ ਕੀਤਾ ਨ ਹੋਇ॥ਆਪੇ ਆਪਿ ਨਿਰੰਜਨੁ ਸੋਇ॥** (ਜਪੁਜੀ) ਮੂਰਤ ਤਾਂ ਕੁਝ ਖਾਂਦੀ ਪੀਂਦੀ ਨਹੀਂ ਪੁਜਾਰੀ ਹੀ ਖਾ ਜਾਂਦਾ ਹੈ- **ਭੋਗਣਿਹਾਰੇ ਭੋਗਿਆ ਇਸੁ ਮੂਰਤਿ ਕੇ ਮੁਖਿ ਛਾਰਿ॥** (੪੭੯) ਅਤੇ **ਗੁਰ ਕੀ ਮੂਰਤਿ ਮਨਿ ਮਹਿ ਧਿਆਨੁ॥ਗੁਰ ਕੈ ਸਬਦਿ ਮੰਤਰਿ ਮਨਿ ਮਾਨੁ॥** (੮੬੪) ਅਤੇ ਸਾਰਾ ਦਿਸਦਾ ਅਣਦਿਸਦਾ ਸੰਸਾਰ ਹੀ ਵਾਹਿਗੁਰੂ ਦੀ ਮੂਰਤਿ ਹੈ- **ਜੋ ਦੀਸੈ ਸੋ ਤੇਰਾ ਰੂਪੁ॥** (੭੨੪) ਭਾਈ ਗੁਰਦਾਸ ਜੀ ਵੀ ਲਿਖਦੇ ਹਨ ਕਿ- **ਗੁਰਿ ਮੂਰਤਿ ਗੁਰਿ ਸਬਦਿ ਹੈ ਸਾਧ ਸੰਗਤਿ ਵਿਚਿ ਪ੍ਰਗਟੀ ਆਇਆ।** (ਭਾ. ਗੁ.) ਪਰ ਬਿਪੁਰ ਰੀਤਾਂ ਦੇ ਧਾਰਨੀ ਲੋਕ ਅਤੇ ਖਾਸ ਕਰ ਨਾਨਕਸਰੀਏ ਸਾਧ ਗੁਰੂਆਂ ਅਤੇ ਆਪਣੇ ਵਡੇਰੇ ਸੰਤਾਂ ਦੀਆਂ ਵਡ ਅਕਾਰੀ ਮੂਰਤੀਆਂ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ-ਪਾਸ ਗਦੇਲੇ ਲਾ ਕੇ ਰੱਖਦੇ ਹਨ। ਜਿਥੇ ਮੂਰਤੀਆਂ ਦੀ ਆਰਤੀ ਕਰਦੇ, ਧੂਫਾਂ ਧੁਖਾਉਂਦੇ ਅਤੇ ਮੱਥੇ ਟੇਕਦੇ ਹਨ, ਉੱਥੇ ਮੂਰਤਾਂ ਨੂੰ ਸਾਕਾਰ ਪੰਜ ਭੂਤਕ ਸਰੀਰ ਜਾਣਕੇ ਸ਼ਰਦ ਗਰਮ ਕੱਪੜੇ ਨਾਲ ਢੱਕ ਕੇ ਕਹਿੰਦੇ ਹਨ ਕਿ ਹੁਣ ਗੁਰੂ ਜੀ ਸੌਂ ਗਏ ਹਨ ਇਨ੍ਹਾਂ ਮੂਰਖਾਂ ਨੂੰ ਕੌਣ ਦੱਸੇ ਕਿ ਸ਼ਬਦ ਗੁਰੂ ਕਦੇ ਸੌਂਦਾ ਨਹੀਂ- **ਸਤਿਗੁਰੁ ਜਾਗਤਾ ਹੈ ਦੇਉ॥** (੪੭੯) ਇਨ੍ਹਾਂ ਸੰਤਾਂ-ਮਹੰਤਾਂ, ਬਿਪਰਵਾਦੀਆਂ ਦੀ ਮਿਲੀ ਭੁਗਤਿ ਸਦਕਾ ਹੀ ਮਹਾਰਾਜੇ ਰਣਜੀਤ ਸਿੰਘ ਦੇ ਰਾਜ ਵੇਲੇ ਇਹ ਲੋਕ ਧਰਮ ਅਸਥਾਨਾਂ ਦੇ ਪੁਜਾਰੀ ਬਣ ਗਏ ਬਿਪਰਾਂ ਦੀ ਪੁਵਾਈ ਫੁੱਟ ਕਾਰਨ ਸਿੱਖ ਰਾਜ ਜਾਂਦਾ ਰਿਹਾ ਇਨ੍ਹਾਂ ਮਹੰਤਾਂ ਨੇ ਗੁਰਦੁਆਰਿਆਂ ਵਿੱਚ ਪੱਥਰ ਦੀਆਂ ਮੂਰਤੀਆਂ ਰੱਖਣੀਆਂ ਆਰੰਭ ਕਰ ਦਿੱਤੀਆਂ। ਵੱਡੀ ਮਿਸਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਰੋਵਰ ਦੀਆਂ ਪ੍ਰਕਰਮਾਂ ਦੇ ਆਲੇ ਦੁਆਲੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਰੱਖ ਦਿੱਤੀਆਂ ਗਈਆਂ ਜੋ ਬਾਅਦ ਵਿੱਚ ਸਿੰਘ ਸਭਾ ਲਹਿਰ ਨੇ ਚੁਕਵਾਈਆਂ। ਇਹ ਬਿਪਰ ਰੀਤਾਂ ਅੱਜ ਵੀ ਡੇਰਿਆਂ ਅਤੇ ਕਈ ਗੁਦੁਆਰਿਆਂ ਵਿੱਚ ਚੱਲ ਰਹੀਆਂ ਹਨ। ਅੱਜ ਮੂਰਤਾਂ ਵਾਂਗ ਗੁਰੂ ਗ੍ਰਥ ਸਾਹਿਬ ਜੀ ਨੂੰ ਵੀ ਭੋਗ ਲਗਵਾਏ ਜਾ ਰਹੇ ਹਨ ਕਿਉਂ?

ਬਿਪਰਨ ਕੀ ਰੀਤ ਸ਼ਖਸ਼ੀ ਪੂਜਾ ਅਤੇ ਗੁਰਮਤਿ ਸ਼ਬਦ ਦੀ ਪੂਜਾ ਦੀ ਹਾਮੀ ਹੈ ਜਿਵੇਂ ਸਾਧ-ਸੰਤ ਜਾਂ ਬ੍ਰਾਮਣ ਨੂੰ ਪੂਜਣਾ, ਮੱਥੇ ਟੇਕਣੇ, ਭੇਟਾ ਚੜਾਉਣੀਆਂ ਪਰ ਗੁਰਮਤਿ ਸ਼ਬਦ ਗੁਰੂ ਦੀ ਪੁਜਾਰੀ ਹੈ ਦੇਹਧਾਰੀ ਸ਼ਖਸ਼ ਦੀ ਨਹੀਂ। ਗੁਰਮਤਿ ਵਿੱਚ ਗੁਰੂ ਤੇ ਸੰਗਤਿ ਮਹਾਂਨ ਹੈ ਨਾਂ ਕਿ ਕੋਈ ਵਿਸ਼ੇਸ਼ ਸ਼ਖਸ਼ ਪਰ ਅੱਜ ਗੁਰਮਤਿ ਵਿੱਚ ਵੀ ਭੇਖੀ ਸਾਧਾਂ-ਸੰਤਾਂ ਜਿਵੇਂ ਨਾਮਧਾਰੀ, ਰਾਧਾ ਸੁਆਮੀ, ਨਕਲੀ ਨਿਰੰਕਾਰੀ, ਨਾਨਕਸਰੀਏ, ਵਡਭਾਗ ਸਿੰਘੀਏ, ਰਾਮਰਾਈਏ, ਭਨਿਅਰੀਏ ਅਤੇ ਸਰਸੇ ਵਾਲੇ ਆਦਿ ਆਪਣੀ ਪੂਜਾ ਕਰਵਾ ਰਹੇ ਹਨ ਜਿਵੇਂ

ਰਿਸ਼ੀ ਜਾਂ ਦੇਵਤਾ ਵਲੋਂ ਨਾਭੂਏ ਵਿੱਚ ਆਪਣਾ ਵੀਰਜ ਪਾਤ ਕਰਕੇ ਅੰਜਨੀ ਦੇ ਕੰਨ ਰਾਹੀਂ ਉਸ ਦੇ ਪੇਟ ਵਿੱਚ ਘੱਲ ਦਿੱਤਾ ਤੇ ਅੰਜਨੀ ਨੂੰ ਬਾਂਦਰ ਨੂੰ ਪੂਛਲ ਵਾਲਾ ਬੱਚਾ ਪੈਦਾ ਹੋ ਗਿਆ ਜੋ ਹਨੂੰਮਾਨ ਦੇ ਨਾਮ ਤੋਂ ਪ੍ਰਸਿੱਧ ਹੋਇਆ। ਪਾਰਬਤੀ ਨੇ ਆਪਣੀ ਮੈਲ ਤੋਂ ਪੁੱਤਰ ਪੈਦਾ ਕੀਤਾ ਤੇ ਸ਼ਿਵਜੀ ਆਏ ਉਨ੍ਹਾਂ ਅਸ ਦਾ ਸਰਿ ਵੱਢ ਦਿੱਤਾ ਪਰ ਪਾਰਬਤੀ ਰੋਸ ਤੇ ਵਿਰਲਾਪ ਕਰਨ ਤੇ ਹਾਥੀ ਦੇ ਬੱਚੇ ਦਾ ਸਿਰ ਵੱਢ ਕੇ ਜੋੜ ਦਿੱਤਾ ਅਤੇ ਨਾਮ ਗਨੇਸ਼ ਰੱਖਿਆ। ਗੁਰਮਤਿ ਅਜਿਹੀਆਂ ਅਨਹੁਣੀਆਂ ਗੱਲਾਂ ਨੂੰ ਨਹੀ ਮੰਨਦੀ ਸਗੋਂ ਕਹਿੰਦੀ ਹੈ-

ਮਾਤ ਪਿਤਾ ਬਿਨ ਬਾਲ ਨ ਹੋਈ॥ ਬਿੰਗ ਬਿਨਾ ਕੈਸੇ ਕਪਰੇ ਧੋਈ॥ (੮੭੨)

ਰਕਤੁ ਬਿੰਦ ਕਰਿ ਨਿਮਿਆ ਅਗਨਿ ਉਧਰਿ ਮੰਝਾਰਿ॥ (੭੦੬)

ਭਾਵ ਰਕਤ ਮਾਂ ਦੀ ਰਜ਼ ਤੇ ਬਿੰਦ ਪਿਤਾ ਦਾ ਵੀਰਜ ਦਾ ਜਦ ਸੁਮੇਲ ਹੋਇਆ ਤਾਂ ਮਾਂ ਦੇ ਪੇਟ ਵਿੱਚ ਬੱਚਾ ਬਣਿਆਂ ਤੇ ਪੈਦਾ ਹੋਇਆ। ਪਰ ਗੁਰਮਤਿ ਤਾਂ ਕਰਮਾਤ ਨੂੰ ਕਹਿਰ ਦਾ ਨਾਮ ਦਿੰਦੀ ਹੈ ਅਤੇ ਚੰਗੇ ਯੋਗ ਕਰਤਬਾਂ ਨੂੰ ਹੀ ਅਸਲੀ ਕਰਾਮਾਤ ਮੰਨਦੀ ਹੈ। ਜਦ ਸਿੱਧਾਂ ਬਾਬੇ ਨਾਨਕ ਨੂੰ ਪੁੱਛਿਆ ਅਸਾਂ ਨੂੰ ਕੋਈ ਕਰਾਮਾਤ ਵਿਖਾ ਤਾਂ ਬਾਬੇ ਆਖਿਆ- **ਬਾਝਹੁੰ ਸਚੇ ਨਾਮ ਦੇ ਹੋਰਸ ਕਰਾਮਾਤ ਅਸਾਂ ਤੇ ਨਾਹੀ। ਗੁਰਬਾਣੀ ਸੰਗਤਿ ਬਿੰਨਾ ਦੂਜੀ ਓਟਿ ਨਹੀਂ ਹੈ ਰਾਈ।** (ਭਾ: ਗੁ) ਪਰ ਅੱਜ ਬਿਪਰ ਰੀਤਾਂ ਦੇ ਧਾਰਨੀ ਸਿੱਖ ਸਾਧ-ਸੰਤ ਗੁਰੂਆਂ-ਭਗਤਾਂ ਦੇ ਜੀਵਨ ਨਾਲ ਅਨਹੋਣੀਆਂ ਕਰਾਮਾਤਾਂ ਜੋੜੀ ਜਾ ਰਹੇ ਹਨ-ਜਿਵੇਂ ਗੁਰੂ ਨਾਨਕ ਤਾਂ ਉੱਡ ਕੇ ਇੱਕ ਥਾਂ ਤੋਂ ਦੂਜੀ ਥਾਂ ਚਲੇ ਜਾਂਦੇ ਸੀ, ਮੁਰਦੇ ਦੇ ਮਾਸ ਦਾ ਕੜਾਹ-ਪ੍ਰਸ਼ਾਦ ਬਣਾ ਦਿੰਦੇ ਸੀ ਅਤੇ ਮੁਰਦਿਆਂ ਨੂੰ ਪਾਣੀ ਦਾ ਛੱਟਾ ਮਾਰ ਕੇ ਜਿੰਦੇ ਕਰ ਦਿੰਦੇ ਸੀ। ਉਨ੍ਹਾਂ ਦੋ ਲੌਂਗ ਆਪਣੀ ਧਰਮ ਪਤਨੀ ਨੂੰ ਦਿੱਤੇ ਤਾਂ ਕਰਾਮਾਤ ਨਾਲ ਦੋ ਬੱਚੇ ਸ੍ਰੀ ਚੰਦ ਤੇ ਲਖਮੀ ਦਾਸ ਪੈਦਾ ਹੋ ਗਏ। ਜਦ ਸ੍ਰੀ ਲਖਮੀ ਦਾਸ ਆਪਣੀ ਪਤਨੀ, ਪੁੱਤਰ ਅਤੇ ਘੋੜੇ ਸਮੇਤ ਉੱਪਰ ਅਸਮਾਨ ਵੱਲ ਜਾ ਰਿਹਾ ਸੀ ਤਾਂ ਬੇਦੀ ਬੰਸ ਚਲਦੀ ਰੱਖਣ ਵਾਸਤੇ ਸ੍ਰੀ ਚੰਦ ਨੇ ਕਈ ਜੋਜਨ ਆਪਣੀ ਬਾਂਹ ਲੰਬੀ ਕਰਕੇ ਸ੍ਰੀ ਲਖਮੀ ਦਾਸ ਦੇ ਪੁੱਤਰ ਧਰਮ ਚੰਦ ਨੂੰ ਥੱਲੇ ਲੈ ਆਂਦਾ, ਭਗਤ ਨਾਮਦੇਵ ਜੀ ਨੇ ਮੁਰਦਾ ਗਊ ਜਿੰਦੀ ਕਰ ਦਿੱਤੀ, ਫਲਾਨਾਂ ਸੰਤ ਤਾਂ ਨਦੀ ਚ' ਟੁੱਭੀ ਮਾਰ ਕੇ ਸੁੱਕੇ ਕਪੜੀ ਪਾਰ ਲੰਘ ਜਾਂਦਾ ਹੈ ਅਤੇ ਫੂਕ ਮਾਰ ਕੇ ਨੋਟਾਂ ਦੇ ਢੇਰਾਂ ਦੇ ਢੇਰ ਬਣਾਂ ਦਿੰਦਾ ਹੈ। ਗੁਰੂ ਸਾਹਿਬ ਨੇ ਫਲਾਨੇ ਪਿੰਡ ਨੂੰ ਸਰਾਪ ਦੇ ਦਿੱਤਾ ਸੀ ਅਤੇ ਫਲਾਨੇ ਨੂੰ ਵਰ ਆਦਿਕ ਅਨੇਕਾਂ ਹੀ ਮਨੋ ਕਲਪਿਤ ਕਹਾਣੀਆਂ ਜਿਨ੍ਹਾਂ ਦਾ ਗੁਰਬਾਣੀ ਖੰਡਣ ਕਰਦੀ ਹੈ ਜੋੜ ਰੱਖੀਆਂ ਅਤੇ ਸੰਗਤਾਂ ਨੂੰ ਸੁਣਾ-ਸੁਣਾ ਭੰਬਲ-ਭੂਸਿਆਂ ਵਿੱਚ ਪਾ ਰਹੇ ਹਨ।

ਬਿਪਰ ਰੀਤਾਂ ਮਨੁੱਖਤਾ ਨੂੰ ਵਿਖਾਵੇ ਵਾਲੇ ਧਰਮ ਦੇ ਬੰਧਨਾਂ ਵਿੱਚ ਬੰਨਦੀਆਂ ਹਨ ਅਤੇ ਗੁਰਮਤਿ ਭੇਖਾਂ ਦਾ ਭਰਵਾਂ ਖੰਡਨ ਕਰਦੀ ਹੈ, ਗੁਰਮਤਿ ਅਨੁਸਾਰ- **ਸਰਬ ਧਰਮ ਮਹਿ ਸ੍ਰੇਸਟ ਧਰਮੁ ਹਰਿ ਕੋ ਨਾਮੁ ਜਪਿ ਨਿਰਮਲ ਕਰਮ॥** (ਪੰਨਾਂ ੨੬੬) ਭਾਵ ਨਾਮ ਜਪਣਾ (ਕਰਤੇ ਦੀ ਕੁਦਰਤ, ਰਜ਼ਾ, ਭਾਣੇ ਅਤੇ ਹੁਕਮ ਨੂੰ ਸਮਝਣਾ) ਅਤੇ ਚੰਗੇ ਕੰਮ ਕਰਨੇ ਇਹ ਹੀ ਸਾਰੀ ਦੁਨੀਆਂ ਦਾ ਸਰਬ ਸਾਂਝਾ ਅਤੇ ਸਰਬ ਸ੍ਰੇਸ਼ਟ ਧਰਮ ਹੈ। ਜਿਸ ਨੂੰ ਦੁਨੀਆਂ ਦਾ ਹਰੇਕ ਮਾਨੁੱਖ ਧਾਰਨ ਕਰ ਸਕਦਾ ਹੈ ਭਾਵੇਂ ਉਹ ਕਿਸੇ ਵੀ ਜਾਤ ਬਰਾਦਰੀ, ਕੌਮ ਜਾਂ ਕਿਸੇ ਵੀ ਦੇਸ਼ ਦਾ ਵਾਸੀ ਹੈ ਜੋ ਆਪਣੇ ਆਪ ਨੂੰ ਈਸਾਈ, ਮੁਸਲਿਮ, ਹਿੰਦੂ, ਬੋਧੀ ਜਾਂ ਸਿੱਖ ਸਮਝੀ ਬੈਠਾ ਹੈ। ਗੁਰਮਤਿ ਦੇ ਦਰਵਾਜੇ ਸਭ ਲਈ ਖੁੱਲ੍ਹੇ ਹਨ ਪਰ ਬਿਪਰ ਰੀਤਾਂ ਭਰਮ-ਭੇਖਾਂ ਵਿੱਚ ਉਲਝਾਈ

ਰੱਖਦੀਆਂ ਹਨ-

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥

ਨਿਰਬਾਣੁ ਕੀਰਤਨ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥ (੭੪੭)

ਗੁਰਮਤਿ ਫੁਰਮਾਉਂਦੀ ਹੈ-

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਹੋ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥

ਛੋਡਹੁ ਵੇਸਿ ਭੇਖਿ ਚਤੁਰਾਈ ਦੁਬਿਧਾ ਇਹ ਫਲੁ ਨਾਹੀ ਜੀਉ॥ (੫੯੮)

ਸੋ ਗੁਰਮਤਿ ਸਰਬ ਸਾਂਝੇ ਧਰਮ ਨੂੰ ਮਾਨਤਾ ਦਿੰਦੀ ਹੈ ਅਤੇ ਬਿਪਰ ਰੀਤਾਂ ਵੱਖਵਾਦੀ ਧਰਮਾਂ ਨੂੰ। ਬਿਪਰ ਰੀਤਾਂ ਭਰਮਾਂ-ਭੇਖਾਂ, ਪਾਖੰਡਾਂ, ਕਰਮਕਾਂਡਾਂ, ਨਰਕਾਂ ਸਵਰਗਾਂ ਦੇ ਡਰ-ਡਰਾਵਿਆਂ, ਵਰਾਂ-ਸਰਾਪਾਂ, ਜਾਤਾਂ-ਪਾਤਾਂ, ਛੂਆ-ਛਾਤਾਂ, ਊਚ-ਨੀਚ, ਕਰਾਮਾਤਾਂ, ਮਿਥ-ਮਿਥਿਹਾਸਾਂ ਦੇ ਭਰਮਜਾਲਾਂ ਦੀ ਘੁੰਮਣ-ਘੇਰੀ ਵਿੱਚ ਪਾਉਂਦੀਆਂ ਹਨ ਜਿਥੋਂ ਨਿਕਲਣਾ ਫਿਰ ਸਾਨੂੰ ਬੜਾ ਔਖਾ ਲਗਦਾ ਹੈ ਫਿਰ ਅਸੀਂ ਕੋਹਲੂ ਦੇ ਬੈਲ ਦੀ ਤਰ੍ਹਾਂ ਇਹ ਸਭ ਕੁਝ ਕਰੀ-ਕਰਾਈ ਜਾਂਦੇ ਹਾਂ। ਗੁਰਬਾਣੀ ਰੂਪੀ ਗਿਆਨ (ਨਿਰੋਲ ਸੱਚ) ਦਾ ਦੀਵਾ ਲੈ ਕੇ ਵੀ ਭਰਮਾਂ ਦੀਆਂ ਖੱਡਾਂ ਵਿੱਚ ਡਿੱਗੀ ਜਾਂਦੇ ਹਾਂ। ਇਹ ਕਾਹਦੀ ਚਤੁਰਾਈ ਹੈ- **ਕਾਹੇ ਕੀ ਕੁਸ਼ਲਾਤ ਹਾਥ ਦੀਪ ਲੈ ਕੂਪਿ ਪਰਹਿ॥** (੧੩੭੬)

ਸੋ ਅਜਿਹੀਆਂ ਅਨੇਕਾਂ ਹੀ ਬਿਪਰ ਰੀਤਾਂ ਹਨ ਜਿਨ੍ਹਾਂ ਵਿੱਚੋਂ ਕੁਝ ਦਾ ਇਸ ਲੇਖ ਵਿੱਚ ਵਰਨਣ ਕਰਨ ਦਾ ਨਿਮਾਣਾ ਯਤਨ ਕੀਤਾ ਗਿਆ ਹੈ ਅਤੇ ਨਾਲੋ-ਨਾਲ ਗੁਰਮਤਿ ਰੀਤਾਂ ਦੀ ਵੀ ਵਿਆਖਿਆ ਗੁਰਮਤਿ-ਗੁਰਬਾਣੀ ਅਨੁਸਾਰ ਕੀਤੀ ਗਈ ਹੈ ਜਿਸ ਨੂੰ ਸਮਝ ਕੇ ਅਸੀ ਬਿਪਰ ਰੀਤਾਂ ਤੇ ਗੁਰਮਤਿ ਵਿੱਚ ਅੰਤਰ ਨੂੰ ਸਮਝ ਸਕਦੇ ਹਾਂ। ਗੁਰੂ ਸਾਹਿਬ ਤਾਂ ਅਜਿਹੀਆਂ ਫੋਕੀਆਂ ਰੀਤਾਂ ਨੂੰ ਸਾੜਨ ਤੱਕ ਕਹਿ ਰਹੇ ਹਨ-

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥

ਨਾਨਕ ਸਾਈ ਭਲੀ ਪ੍ਰੀਤ ਜਿਤ ਸਾਹਿਬ ਸੇਤੀ ਪਤਿ ਰਹੈ॥ (ਗੁਰਬਾਣੀ) ਅਤੇ

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥ (੫੨੮)

ਦੁਨੀਆਂ ਕੀਆ ਵਡਿਆਈਆ ਅਗੀ ਸੇਤੀ ਜਾਲਿ॥

ਏਨੀ ਜਲਈ ਨਾਮੁ ਵਿਸਾਰਿਆ, ਇਕ ਨ ਚਲੀਆ ਨਾਲਿ॥ (੩੧੯)

ਪ੍ਰਥਮੇ ਤਿਆਗੀ ਹਉਮੈ ਪ੍ਰੀਤਿ॥ ਦੁਤੀਆ ਤਿਆਗੀ ਲੋਗਾ ਰੀਤਿ॥ (੩੭੦)

ਸੋ ਬਿਪਰ ਰੀਤਾਂ ਜਥਾਰਥ ਨਾਲੋਂ ਤੋੜਦੀਆਂ ਤੇ ਨਿਰਾਰਥ ਨਾਲ ਜੋੜਦੀਆਂ ਹੋਈਆਂ ਵਿਗਿਆਨ ਦਾ ਵਿਰੋਧ ਕਰਦੀਆਂ ਹਨ ਪਰ ਗੁਰਮਤਿ ਜਥਾਰਥ ਨਾਲ ਜੋੜਦੀ ਤੇ ਨਿਰਾਰਥ ਨਾਲੋਂ ਤੋੜਦੀ ਹੋਈ ਵਿਗਿਆਨ ਤੋਂ ਲਾਹਾ ਲੈਣ ਦਾ ਉਪਦੇਸ਼ ਦਿੰਦੀ ਹੈ। ਸਾਵਧਾਨ! ਖਬਰਦਾਰ! ਹੁਸ਼ਿਆਰ ਹੋ ਜਾਉ!!! ਬਿਪਰ ਬੜਾ ਚਾਲਬਾਜ ਹੈ ਜੋ ਅੱਜ ਗੁਰਮਤਿ ਦਾ ਭੇਖ ਧਾਰਨ ਕਰਕੇ ਸਾਡੇ ਵਿੱਚ ਵੀ ਬਿਪਰ ਰੀਤਾਂ ਦਾ ਪ੍ਰਚਾਰ ਬੜੇ ਜੋਰ-ਸ਼ੋਰ ਨਾਲ ਕਰ ਰਿਹਾ ਹੈ। ਰਾਸ਼ਟਰੀਆ ਸਿੱਖ ਸੰਗਤ, ਸਾਧਾਂ-ਸੰਤਾਂ, ਸੰਪਰਦਾਈਆਂ ਅਤੇ ਡੇਰਾਵਾਦੀਆਂ ਇਥੋਂ ਤੱਕ ਕਿ ਸਿੱਖ ਲੀਡਰਾਂ ਅਤੇ ਧਰਮ ਆਗੂਆਂ ਦੇ ਰੂਪ ਵਿੱਚ ਵੀ ਆ ਚੁੱਕਾ ਹੈ। ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਲੋੜ ਨਹੀਂ ਕਿਉਂਕਿ ਗਿ. ਪੂਰਨ ਸਿੰਘ ਵਰਗਿਆਂ ਦੇ ਰੂਪ ਵਿੱਚ ਅਕਾਲ ਤਖਤ ਦਾ ਜਥੇਦਾਰ ਬਣ ਕੇ

ਸਿੱਖਾਂ ਨੂੰ ਲਹੂ-ਕਛੂ ਦੀ ਔਲਾਦ ਮੀਡੀਏ ਰਾਹੀਂ ਕਹਿ ਚੁੱਕਾ ਹੈ। ਨਾਨਕਸ਼ਾਹੀ ਕੌਮੀ ਸਿੱਖ ਕੈਲੰਡਰ ਦਾ ਭਰਵਾਂ ਵਿਰੋਧ ਕਰਕੇ ਆਖਿਰ ਉਸ ਵਿੱਚ ਵੀ ਮੱਸਿਆ, ਪੁੰਨਿਆਂ, ਸੰਗ੍ਰਾਂਦਾਂ, ਪੈਂਚਕਾਂ ਅਤੇ ਬਸੰਤ ਪੰਚਮੀਆਂ ਆਦਿ ਬਥੇਰਾ ਕੁਝ ਐਡ ਕਰਵਾ ਚੁੱਕਾ ਹੈ। ਅਕਾਲੀ ਲੀਡਰਾਂ ਰਾਹੀਂ ਰਾਮਾਇਣ ਦੇ ੫੧-੫੧ ਪਾਠ ਕਰਾਉਂਣੇ ਅਤੇ ਬਾਦਲ ਵਰਗੇ ਕੇਸਾਧਾਰੀ ਸਿੱਖਾਂ ਰਾਹੀਂ ਹਵਨ ਕਰਨੇ, ਜਗਮੀਤ ਸਿੰਘ ਬਰਾੜ ਅਤੇ ਕੈਪਟਨ ਅਮਰਿੰਦਰ ਸਿੰਘ ਵਰਗਿਆਂ ਰਾਹੀਂ ਸਿਰਸੇ ਵਾਲੇ ਵਿਭਚਾਰੀ ਸਾਧਾਂ ਦੇ ਡੇਰੇ ਜਾ ਮੱਥੇ ਰਗੜ ਚੁੱਕਾ ਹੈ ਅਤੇ ਗੁਰਮਿਤ ਦਾ ਨਿਰੋਲ ਪ੍ਰਚਾਰ ਕਰਨ ਵਾਲਿਆਂ ਨੂੰ ਦਬਕੇ ਮਾਰ-੨ ਕੇ ਪੰਥ 'ਚੋਂ ਛੇਕ-ਛਕਾਈ ਦੀਆਂ ਧਮਕੀਆਂ ਦੇ ਰਿਹਾ ਹੈ। ਸੋ ਅੱਜ ਸਾਨੂੰ ਸਭ ਨੂੰ ਗੁਰਮਤਿ ਦੀਆਂ ਐਨਕਾਂ ਲਾ ਕੇ ਬਿਪਰਨ ਕੀ ਰੀਤਾਂ ਨੂੰ ਤੇ ਬਿਪਰ ਦੇ ਭੇਖੀ ਚਿਹਰੇ ਨੂੰ ਡੂੰਘੀ ਨਜ਼ਰ ਨਾਲ ਪਛਾਣ ਕੇ ਬਚਣ ਦੀ ਅਤਿਅੰਤ ਲੋੜ ਹੈ। ਗੁਰੂ ਰਾਖਾ॥ ਅਕਾਲ ਸਹਾਇ॥ ਦੇਗ ਤੇਗ ਫਤਹ॥ ਪੰਥ ਕੀ ਜੀਤ॥ ਅੜੇ ਸੋ ਝੜੇ॥ ਸ਼ਰਨ ਪਰੇ ਸੋ ਤਰੇ॥

-o-

ਅੱਜ ਸਿੱਖ ਕੌਮ ਦੀ ਖੁਆਰੀ, ਦੋ ਬੇੜੀਆਂ ਵਿੱਚ ਸਵਾਰੀ

ਇਹ ਲੇਖ ਦਾਸ ਨੇ ੧੫ ਜਨਵਰੀ ੨੦੧੧ ਨੂੰ ਲਿਖਿਆ।ਸਿੱਖ ਕੌਮ ਇੱਕ ਨਿਰੰਕਾਰ ਵਿੱਚ ਵਿਸ਼ਵਾਸ਼ ਰੱਖਣ ਵਾਲੀ ਕੌਮ ਹੈ। ਇਸ ਕੌਮ ਦੇ ਬਾਨੀ ਵੀ ਨਾਨਕ ਨਿਰੰਕਾਰੀ ਹਨ ਜਿਨ੍ਹਾਂ ਨੇ ਨਿਰੰਕਾਰ (ਨਿਰ-ਅਕਾਰ) ਕਰਤਾਰ ਨੂੰ ਹੀ ਅਰਾਧਿਆ ਅਤੇ ਸਮੁੱਚੇ ਜਗਤ ਨੂੰ **ਉਸੇ ਨੂੰ** ਅਰਾਧਨ ਦਾ ਹੀ ਉਪਦੇਸ਼ ਦਿੰਦੇ ਹੋਏ ਫੁਰਮਾਇਆ ਕਿ-**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ** (੪੨੦) ਪੰਜਾਬੀ ਦੀ ਆਮ ਕਹਾਵਤ ਹੈ ਕਿ **"ਦੋ ਬੇੜੀਆਂ ਦਾ ਸਵਾਰ ਕਦੇ ਪਾਰ ਨਹੀਂ ਲੰਘਦਾ ਸਗੋਂ ਡੁਬਦਾ ਹੈ"**। ਅੱਜ ਥੋੜਿਆਂ ਨੂੰ ਛੱਡ ਬਹੁਤੀ ਸਿੱਖ ਕੌਮ ਇੱਕ ਨਿਰੰਕਾਰ ਦਾ ਅਰਾਧਣ ਕਰਨ ਦੀ ਬਜਾਏ, ਗੁਰੂਆਂ, ਭਗਤਾਂ ਅਤੇ ਸੰਤ ਬਾਬਿਆਂ ਦੀਆਂ ਵੱਡ ਅਕਾਰੀ ਆਪੂੰ ਬਣਾਈਆਂ ਤਸਵੀਰਾਂ ਦਾ ਹੀ ਅਰਾਧਣ ਕਰੀ ਜਾ ਰਹੀ ਹੈ। ਬਾਬੇ ਨਾਨਕ ਨੇ ਤਾਂ ਇੱਕ ਨਿਰੰਕਾਰ ਦੀ ਉਪਾਸ਼ਨਾਂ ਦਾ ਉਪਦੇਸ਼ ਦਿੱਤਾ ਸੀ ਨਾਂ ਕਿ ਕਿਸੇ ਅਕਾਰ ਵਾਲੇ ਗੁਰੂ, ਭਗਤ ਜਾਂ ਸੰਤ ਬਾਬੇ ਜਾਂ ਉਸ ਦੀ ਤਸਵੀਰ ਨੂੰ ਮੱਥੇ ਟੇਕਣ ਦਾ। ਜਦ ਸਿੱਖ ਅਰਦਾਸ ਕਰਦਾ ਹੈ ਤਾਂ ਉਸ ਨੇ ਇੱਕ ਨਿਰੰਕਾਰ-ਕਰਤਾਰ ਸਨਮੁਖ ਹੀ ਕਰਨੀ ਹੈ ਪਰ ਅਜੋਕਾ ਅਗਿਆਨੀ ਅਤੇ ਮਾਇਆਧਾਰੀ ਸਿੱਖ ਭਾਂਤ-ਸੁਭਾਂਤੇ ਬਾਬਿਆਂ, ਧੰਨ ਧੰਨ ਬਾਬਾ ਫਲਾਨਾਂ ਜੀ ਮਹਾਂਰਾਜ ਦੇ ਵੱਖ-ਵੱਖ ਨਾਂ ਲੈ ਕੇ ਕਰ ਰਿਹਾ ਹੈ। ਜਦ ਕਿ ਅਰਦਾਸ ਕੇਵਲ ਕਰਤਾਰ ਅੱਗੇ ਹੀ ਕਰਨੀ ਚਾਹੀਦੀ ਹੈ ਅਤੇ ਇੱਕ ਦੋ ਗੁਰੂਆਂ ਭਗਤਾਂ (ਜਿਵੇਂ ਬਾਬਾ ਨਾਨਕ, ਗੁਰੂ ਗੋਬਿੰਦ ਸਿੰਘ ਅਤੇ ਭਗਤ ਰਵਿਦਾਸ ਜੀ) ਦਾ ਹੀ ਕੇਵਲ ਨਾਂ ਲੈਣ ਦੀ ਬਜਾਏ ਸੱਚੇ ਮਾਰਗ ਤੇ ਚੱਲਣ ਵਾਲੇ ਸਮਸਤ ਗੁਰੂਆਂ-ਭਗਤਾਂ ਦਾ ਸਾਂਝਾ ਨਾਂ (ਗੁਰੂਆਂ ਅਤੇ ਭਗਤਾਂ) ਲੈਣਾ ਚਾਹੀਦਾ ਹੈ ਕਿਉਂਕਿ ਸੱਚ ਮਾਰਗੀ ਗੁਰੂਆਂ-ਭਗਤਾਂ ਦੀ ਜੋਤ ਇੱਕ ਹੈ।

ਅਜੋਕਾ ਅਗਿਆਨੀ ਸਿੱਖ **"ਪੂਜਾ ਅਕਾਲ ਕੀ"** ਦੇ ਸਿਧਾਂਤ ਨੂੰ ਛੱਡ ਕੇ ਪੂਜਾ ਫੋਟੋਆਂ ਦੀ ਕਰ ਰਿਹਾ ਹੈ। **ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ** (੬੪੬) ਨੂੰ ਵਿਸਾਰ ਕੇ ਅਨੇਕਾਂ ਬਾਣੀਆਂ ਮੰਨੀ ਫਿਰਦਾ ਹੈ। ਗੁਰਬਾਣੀ ਸ਼ਬਦ ਦੇ ਇੱਕ ਅਰਥ ਕਰਨ ਦੀ ਬਜਾਏ, ਵਾਲ ਦੀ ਖੱਲ ਉਧੇੜਦਾ ਹੋਇਆ, ਵਿਦਵਤਾ ਦਿਖਾਉਣ ਦੀ ਖਾਤਰ, ਇੱਕ ਸ਼ਬਦ ਦੇ ਕਈ-ਕਈ ਅਰਥ ਕਰੀ ਜਾ ਰਿਹਾ ਹੈ। ਇੱਕ ਗੁਰੂ ਗ੍ਰੰਥ ਨੂੰ ਛੱਡ ਕੇ, ਹੋਰ ਆਪਾ ਵਿਰੋਧੀ ਗ੍ਰੰਥਾਂ ਦੇ ਵੀ ਮਗਰ ਲੱਗ ਕੇ, ਥਾਂ-ਥਾਂ ਤੇ ਸੀਸ ਝੁਕਾ ਰਿਹਾ ਹੈ। ਇੱਕ ਗੁਰੂ ਪੰਥ ਨੂੰ ਛੱਡ ਕੇ ਅਨੇਕਾਂ ਟਕਸਾਲੀ ਅਤੇ ਸੰਪ੍ਰਦਾਈ ਪੰਥਾਂ ਵਿੱਚ ਵੰਡਿਆ ਪਿਆ ਹੈ। ਇਹ ਭੁੱਲ ਹੀ ਗਿਆ ਹੈ ਕਿ ਗੁਰੂ ਨੇ **ਸਿੱਖ-ਪੰਥ** (ਖਾਲਸਾ-ਪੰਥ) ਚਲਾਇਆ ਤੇ ਸਾਜਿਆ ਸੀ ਨਾਂ ਕਿ ਅਨੇਕ ਭਾਂਤੀ ਡੇਰੇ ਅਤੇ ਟਕਸਾਲਾਂ। ਗੁਰੂ ਨੇ ਸਿੱਖਾਂ ਨੂੰ ਇੱਕੋ ਰਹਿਤ ਮਰਯਾਦਾ ਦਿੱਤੀ ਸੀ, ਅੱਜ ਜਿੰਨੀਆਂ ਟਕਸਾਲਾਂ, ਜਿੰਨੇ ਡੇਰੇ, ਅਤੇ ਜਿੰਨੇ ਸੰਤ ਸਭ ਨੇ ਆਪਣੀ ਵੱਖਰੀ-ਵੱਖਰੀ ਮਰਯਾਦਾ ਚਲਾਈ ਹੋਈ ਹੈ। ਅੱਜ ਬਹੁਤੇ ਸਿੱਖ ਦੋ ਬੇੜੀਆਂ ਵਿੱਚ ਸਵਾਰ ਹੁੰਦੇ ਜਾ ਰਹੇ ਹਨ। **"ਪੰਥਕ ਰਹਿਤ ਮਰਯਾਦਾ"** ਨੂੰ ਛੱਡ ਕੇ, ਡੇਰਿਆਂ ਤੇ ਟਕਸਾਲਾਂ ਦੀ ਮਰਯਾਦਾ ਦੀ ਪਾਲਨਾ ਕਰ ਰਹੇ ਹਨ। ਟਾਹਰਾਂ ਅਕਾਲ

ਤਖਤ ਦੇ ਨਾਂ ਦੀਆਂ ਮਾਰਦੇ ਹਨ ਪਰ ਅਕਾਲ ਤਖਤ ਦੀ ਮਰਯਾਦਾ ਗੁਰਦੁਆਰਿਆਂ ਚੋਂ ਖਤਮ ਕਰੀ ਜਾ ਰਹੇ ਹਨ। ਗੁਰੂ ਨੇ ਬਾਣੀ ਪੜ੍ਹਨ, ਵਿਚਾਰਨ ਅਤੇ ਧਾਰਨ ਲਈ ਰਚੀ ਸੀ ਪਰ ਅਜੋਕੇ ਬਹੁਤੇ ਸਿੱਖ, ਬ੍ਰਾਹਮਣਾਂ ਵਾਂਗ ਪੂਜਾ ਕਰਦੇ ਹੋਏ, ਮੰਤਰ ਜਾਪ ਹੀ ਕਰ ਰਹੇ ਹਨ। ਬਹੁਤੇ ਡੇਰਿਆਂ ਅਤੇ ਗੁਰਦੁਆਰਿਆਂ ਵਿੱਚ ੫-੫, ੧੧-੧੧, ੨੧-੨੧, ੩੧-੩੧ ਅਤੇ ੫੧-੫੧ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ ਇਕੱਠਿਆਂ ਜੁੜਵੇਂ ਪ੍ਰਕਾਸ਼ ਕਰਕੇ, ਇੱਕੋ ਥਾਂ ਪਾਠਾਂ ਦੀਆਂ ਲੜੀਆਂ ਚਲਾ ਕੇ, ਪੈਸੇ ਕਮਾ ਰਹੇ ਹਨ। ਗੁਰੂ ਦਾ ਤਾਂ ਹੁਕਮ ਬਾਣੀ ਪੜ੍ਹਨ, ਵਿਚਾਰਨ ਅਤੇ ਧਾਰਨ ਦਾ ਸੀ ਨਾਂ ਕਿ ਤੋਤਾ ਰਟਨੀ ਭਾੜੇ ਦੇ ਪਾਠ ਕਰਾਈ ਜਾਣ ਦਾ, ਕੀ ਕਦੇ ਈਸਾਈ ਪਵਿਤਰ ਬਾਈਬਲ ਦੇ ਤੋਤਾ ਰਟਨੀ ਪਾਠ ਕਰਦੇ ਹਨ?

ਇਹ ਦੋ ਬੇੜੀਆਂ ਵਿੱਚ ਪੈਰ ਨਹੀਂ ਤਾਂ ਹੋਰ ਕੀ ਹੈ? ਸਿੱਖ ਨੇ ਕਿਸ ਦਾ ਹੁਕਮ ਮੰਨਣਾ ਹੈ? ਸਦਾ ਇਹ ਯਾਦ ਰੱਖੋ ਕਿ ਹੁਕਮ ਗੁਰੂ ਦਾ ਮੰਨਣਾ ਹੈ ਨਾਂ ਕਿ ਕਿਸੇ ਟਕਸਾਲੀ ਸੰਤ ਜਾਂ ਡੇਰੇਦਾਰ ਦਾ। ਗੁਰੂ ਜੀ ਹਿੰਦੂ ਦੇਵੀ-ਦੇਵਤਿਆਂ ਵਾਲੀ ਸਮੱਗਰੀ ਦਾ ਖੰਡਨ ਕਰਦੇ ਹਨ ਪਰ ਸਾਡੇ ਅਜੋਕੇ ਗ੍ਰੰਥੀ ਅਤੇ ਪ੍ਰਬੰਧਕ ਜੋ ਬਹੁਤੇ ਸੰਤ-ਮੱਤ ਦੇ ਧਾਰਨੀ ਹਨ, ਇਹ ਸਾਰੀ ਸਮੱਗਰੀ ਗੁਰੂ ਗ੍ਰੰਥ ਨਾਲ ਰੱਖੀ ਜਾ ਰਹੇ ਹਨ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਨਿਰੰਕਾਰੀ ਨੇ ਫਜ਼ੂਲ ਦੀਆਂ ਆਰਤੀਆਂ, ਜੋਤਾਂ ਦਾ ਜਗਨਨਾਥ ਪੁਰੀ ਵਿਖੇ ਵਿਰੋਧ ਕੀਤਾ ਸੀ ਪਰ ਅਜੋਕੇ ਡੇਰਦਾਰ ਸਿੱਖ ਆਰਤੀਆਂ ਤੇ ਜੋਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਕੋਲ ਬਾਲ ਕੇ ਥਾਲੀਆਂ ਘੁਮਾ ਰਹੇ ਹਨ। ਗੁਰੂ ਨੇ ਬ੍ਰਾਹਮਣੀ ਥਿੱਤਾਂ ਵਾਰਾਂ ਦਾ ਖੰਡਨ ਕੀਤਾ ਹੈ ਪਰ ਅਜੋਕੇ ਸ਼ਕਲੀ-ਸਿੱਖ ਸੰਗ੍ਰਾਂਦ, ਮਸਿਆ, ਪੰਚਕਾਂ ਅਤੇ ਪੂਰਨਮਾਸ਼ੀਆਂ ਹੀ ਗੁਰੂ ਘਰਾਂ ਵਿੱਚ ਮਨਾਈ ਜਾ ਰਹੇ ਹਨ। ਯਾਦ ਰੱਖੋ! ਇਹ ਸਭ ਕੁਛ ਸਿੱਖੀ ਸਰੂਪ ਵਾਲੇ ਸਨਾਤਨੀ ਮਹੰਤਾਂ ਨੇ ਗੁਰੂ ਘਰਾਂ ਵਿੱਚ ਵਾੜਿਆ ਸੀ। ਸਿੱਖਾਂ ਨੇ ਕਰਮਕਾਂਡੀ ਅਤੇ ਦੁਰਾਚਾਰੀ ਮਹੰਤ ਤਾਂ ਗੁਰਦੁਆਰਿਆਂ ਚੋਂ ਕੱਢ ਦਿੱਤੇ ਪਰ ਉਨ੍ਹਾਂ ਦੀਆਂ ਚਲਾਈਆਂ ਰੀਤਾਂ ਨਹੀਂ ਕੱਢੀਆਂ। ਗੁਰੂ ਨਾਨਕ ਨੇ ਤਾਂ ਕਿਹਾ ਸੀ-

ਜਾਲਉ ਐਸੀ ਰੀਤਿ॥ (੫੯੦) ਪਰ ਸਾਡੀ ਤਾਂ ਪੈ ਗਈ ਹੈ ਇਨ੍ਹਾਂ ਨਾਲ ਪਰੀਤ।

ਗੁਰੂ ਨੇ ਮਰਦ ਤੇ ਔਰਤ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਸਨ ਪਰ ਅਜੋਕੇ ਸਿੱਖਾਂ ਨੇ ਸਾਧਾਂ ਦੇ ਮਗਰ ਲੱਗ ਕੇ ਔਰਤਾਂ ਤੋਂ ਇਹ ਅਧਿਕਾਰ ਖੋਹੇ ਹਨ। ਗੁਰੂਆਂ ਨੇ ਸਭ ਵਿੱਚ ਰੱਬੀ ਜੋਤ ਦਰਸਾਈ ਸੀ ਫਿਰ ਜਾਤਾਂ-ਪਾਤਾਂ ਕਿਵੇਂ ਉੱਚੀਆਂ-ਨੀਵੀਆਂ ਹੋ ਗਈਆਂ?

ਗੱਲ ਕੀ ਹਰੇਕ ਪਾਸੇ ਦੋਗਲਾਪਨ ਭਾਵ ਦੋ ਬੇੜੀਆਂ ਵਿੱਚ ਪੈਰ। ਇੱਕ ਦੀ ਥਾਂ ਅਨੇਕ ਦੀ ਪੂਜਾ, ਇੱਕ ਗੁਰੂ ਗ੍ਰੰਥ ਸਾਹਿਬ ਦੇ ਨਾਲ ਦੂਸਰਾ ਅਖੌਤੀ ਦਸਮ ਗ੍ਰੰਥ, ਇੱਕ ਸਿੱਖ ਰਹਿਤ ਮਰਯਾਦਾ ਨਾਲ ਦੂਜੀ ਅਖੌਤੀ ਸੰਤਾਂ ਦੀ ਮਰਯਾਦਾ, ਇੱਕ ਨਾਨਕਸ਼ਾਹੀ ਕੈਲੰਡਰ ਨਾਲ ਦੂਜਾ ਬਿਕ੍ਰਮੀ-ਨਾਨਕਸ਼ਾਹੀ (ਧੁਮੱਕੜ) ਕੈਲੰਡਰ, ਇੱਕ ਗੁਰੂ ਗ੍ਰੰਥ ਸਾਹਿਬ ਦੇ ਪਾਠ ਨਾਲ ਦੂਜੀ ਜਪੁਜੀ ਦੀ ਪੋਥੀ, ਇੱਕ ਪਾਸੇ ਅਖੰਡ ਪਾਠ ਦੂਜੇ ਪਾਸੇ ਸੰਪਟ ਅਤੇ ਸਪਤਾਹਕ ਪਾਠ। ਸਿੱਖ ਤਿਉਹਾਰਾਂ ਦੇ ਨਾਲ ਬ੍ਰਾਹਮਣੀ ਤਿਉਹਾਰ। ਰਾਗਮਾਲਾ ਪੜ੍ਹੋ ਜਾਂ ਨਾਂ ਪੜ੍ਹੋ ਦਾ ਦੋਗਲਾਪਨ, ਰਹਿਰਾਸ ਵਿੱਚ ਫਰਕ ਵੱਡੀ ਕਿ ਛੋਟੀ, ਬ੍ਰਾਹਮਣਾਂ ਨੂੰ ਘਰਾਂ ਵਿੱਚ ਭੋਜਨ ਖਵਾਉਣ ਅਤੇ

ਦੱਛਣਾ ਦੇਣ ਵਾਂਗ, ਪੰਜ ਗ੍ਰੰਥੀਆਂ ਨੂੰ ਬੁਲਾ ਕੇ, ਭੋਜਨ ਅਤੇ ਦੱਛਣਾ। ਇੱਕ ਖਾਲਸਾ ਪੰਥ ਦੀ ਥਾਂ, ਅਨੇਕ ਡੇਰੇ ਅਤੇ ਸੰਪ੍ਰਦਾਵਾਂ ਆਦਿ ਨੂੰ ਮਾਨਤਾ, ਅਜਿਹੀਆਂ ਦੋ ਬੇੜੀਆਂ ਵਿੱਚ ਸਵਾਰ ਹੋਣਾ ਹੀ ਸਿੱਖਾਂ ਦੀ ਖੁਆਰੀ ਦਾ ਮੁੱਖ ਕਾਰਨ ਹੈ। ਯਾਦ ਰੱਖੋ! ਦੋ ਬੇੜੀਆਂ ਦਾ ਸਵਾਰ ਕਦੇ ਵੀ ਪਾਰ ਨਹੀਂ ਲੰਘਦਾ ਸਗੋਂ ਰਸਤੇ ਵਿੱਚ ਹੀ ਡੱਕੇ-ਡੋਲੇ ਖਾਂਦਾ ਹੋਇਆ ਡੁੱਬ ਜਾਂਦਾ ਹੈ। ਅੱਜ ਸਿੱਖ ਕੌਮ ਨੂੰ ਦੋਗਲਾਪਨ ਭਾਵ ਦੋ ਬੇੜੀਆਂ ਦੀ ਸਵਾਰੀ ਅਤੇ ਹਰੇਕ ਪੱਖ ਤੇ ਦੋ ਮੂੰਹੀਆਂ ਚਾਲਾਂ ਛੱਡਣੀਆਂ ਪੈਣਗੀਆਂ। ਧੜੇਬੰਧੀਆਂ ਤੋਂ ਉੱਪਰ ਉੱਠ ਕੇ, ਇੱਕ ਗੁਰੂ ਪੰਥ ਦੇ ਮੈਂਬਰ ਬਣਨਾਂ ਅਤੇ ਅਖੌਤੀ ਸੰਤ-ਡੇਰੇ ਛੱਡਣੇ ਪੈਣਗੇ। ਬਸ **"ਗੁਰੂ ਗੁਰੂ ਅਤੇ ਸਿੱਖ ਸਿੱਖ ਹੀ ਹੈ"** ਦੇ ਸਿਧਾਂਤ ਨੂੰ ਅਪਨਾਉਣਾ ਅਤੇ ਨਫਰਤਾਂ-ਤੰਗਦਿਲੀਆਂ ਛੱਡਣੀਆਂ ਪੈਣਗੀਆਂ। **ਗੁਰਸਿਖਾਂ ਇਕੋ ਪਿਆਰੁ ਗੁਰ ਮਿਤਾਂ ਪੁਤਾਂ ਭਾਈਆਂ** (੬੪੮) ਦੇ ਸਿਧਾਂਤ ਤੇ ਪਹਿਰਾ ਦੇਣਾ, ਤਨੋਂ ਮਨੋਂ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਸੁਪਰੀਮ ਮੰਨਣਾ ਪਵੇਗਾ ਵਰਨਾ ਦੋ ਬੇੜੀਆਂ ਵਿੱਚ ਸਵਾਰ ਰਹਿਣ ਨਾਲ, ਕੌਮ ਦੇ ਗਲ ਹੋਰ ਖੁਆਰੀਆਂ ਹੀ ਪੈਣਗੀਆਂ। ਪੰਜਾਬੀ ਦੀ ਕਹਾਵਤ ਹੈ **"ਸੌ ਦਾਰੂ ਤੇ ਇੱਕ ਘਿਉ, ਸੌ ਚਾਚਾ ਤੇ ਇੱਕ ਪਿਉ"** ਚਾਚੇ, ਚਾਚੇ ਹੀ ਹਨ ਸੌ ਚਾਚੇ ਮਿਲ ਕੇ ਵੀ ਇੱਕ ਪਿਉ ਨਹੀਂ ਬਣ ਸਕਦੇ। ਇਵੇਂ ਹੀ ਸੌ ਸਾਧ ਮਿਲ ਕੇ ਵੀ ਗੁਰੂ ਨਹੀਂ ਹੋ ਸਕਦੇ, ਫਿਰ ਅੱਜ ਅਸੀਂ ਇੱਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਸੌ ਸਾਧਾਂ ਦੇ ਡੇਰਿਆਂ ਤੇ ਜਾ ਕੇ ਤਨ, ਮਨ ਅਤੇ ਧਨ ਕਿਉਂ ਬਰਬਾਦ ਕਰ ਰਹੇ ਹਾਂ? ਵਾਸਤਾ ਰੱਬ ਦਾ! ਸਿੱਖੋ ਦੋ ਬੇੜੀਆਂ (ਇੱਕ ਪਾਸੇ ਸੱਚਾ ਸ਼ਬਦ ਗੁਰੂ ਗ੍ਰੰਥ ਸਾਹਿਬ ਦੂਜੇ ਪਾਸੇ ਅਖੌਤੀ ਸਾਧ ਅਤੇ ਦਸਮ ਗ੍ਰੰਥ) ਵਿੱਚ ਸਵਾਰ ਹੋਣਾ ਛੱਡ ਕੇ ਸ਼ਬਦ ਗੁਰੂ **"ਗੁਰੂ ਗ੍ਰੰਥ ਸਾਹਿਬ"** ਦੇ ਬੇੜੇ ਵਿੱਚ ਸਵਾਰ ਹੋ ਜਾਵੋ ਤਾਂ ਥੋਥੇ ਕਰਮਕਾਂਡਾਂ ਦੇ ਅਗਿਆਨਤਾ ਭਰੇ ਸਾਗਰ ਵਿੱਚ ਡੁੱਬਣ ਤੋਂ ਬਚ ਜਾਓਗੇ। ਆਓ ਇੱਕ ਗੁਰੂ ਗ੍ਰੰਥ ਦੇ ਮਹਾਂਨ ਬੇੜੇ ਵਿੱਚ ਸਵਾਰ ਹੋ ਕੇ, ਅਖੌਤੀ ਪੁਜਾਰੀਆਂ ਅਤੇ ਸਾਧਾਂ ਦੇ ਪਾਏ ਭੰਬਲਭੂਸਿਆਂ ਦੇ ਸਾਗਰ ਤੋਂ ਪਾਰ ਹੋ ਜਾਈਏ। ਪੰਥ ਦੇ ਮਹਾਂਨ ਦਾਰਸ਼ਨਿਕ ਵਿਦਵਾਨ ਕਵੀ ਭਾਈ ਨੰਦ ਲਾਲ ਸਿੰਘ ਜੀ ਵੀ ਦਰਸਾਉਂਦੇ ਹਨ ਕਿ **"ਆਗੇ ਸਮਝ ਚਲੋ ਨੰਦ ਲਾਲਾ ਪਾਛੇ ਜੋ ਬੀਤੀ ਸੋ ਬੀਤੀ"** ਸਮਝ ਕੇ ਚੱਲਣ ਵਿੱਚ ਹੀ ਕੌਮ ਦਾ ਭਲਾ ਵਰਨਾ ਖਵਾਰੀ ਹੀ ਹੈ।

-o-

ਕੀ ਸਿੱਖ ਆਰਤੀਆਂ ਬਾਲ-ਉਤਾਰ ਜਾਂ ਕਰ ਸਕਦੇ ਹਨ?

ਹਾਂ ਅਜੋਕੇ ਡੇਰਾਵਾਦੀ ਸਿੱਖ ਉਹ ਸਭ ਕੁਝ ਕਰਦੇ ਜਾਂ ਕਰਿਆ ਕਰਾਇਆ ਭਾਲਦੇ ਹਨ ਜਿਸ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨ੍ਹਾ ਕਰਦੀ ਹੈ। ਗੁਰਬਾਣੀ ਰੱਬੀ ਭਗਤਾਂ ਅਤੇ ਗੁਰੂਆਂ ਦੁਆਰਾ ਸੰਸਾਰ ਨੂੰ ਦਿੱਤਾ ਗਿਆ ਜਥਾਰਥ ਗਿਆਨ ਹੈ ਪਰ ਪ੍ਰਾਪਤ ਉਸ ਨੂੰ ਹੀ ਹੁੰਦਾ ਹੈ ਜੋ ਇਸ ਨੂੰ ਵਿਚਾਰਦਾ ਅਤੇ ਅਮਲ ਕਰਦਾ ਹੈ। ਗੁਰਬਾਣੀ ਸਭ ਪ੍ਰਕਾਰ ਦੇ ਥੋਥੇ ਕਰਮਾਂ ਦਾਂ ਭਰਵਾਂ ਖੰਡਨ ਕਰਦੀ ਹੈ ਜਿਨ੍ਹਾ ਦਾ ਲੋਕਾਈ ਨੂੰ ਕੋਈ ਫਾਇਦਾ ਨਹੀਂ ਹੁੰਦਾ ਉਲਟਾ ਧੰਨ ਅਤੇ ਸਮਾਂ ਵੀ ਬਰਬਾਦ ਹੁੰਦਾ ਹੈ। ਜਿਵੇਂ ਪਾਣੀ ਅਤੇ ਦੁੱਧ ਦਹੀਂ ਪੱਥਰ ਦੀਆਂ ਮੂਰਤੀਆਂ ਤੇ ਰੋੜ ਕੇ, ਸਮਝਣਾ ਇਹ ਪੀਂਦੀਆਂ ਹਨ। ਘੜੇ ਜਾਂ ਸਰੋਵਰ ਦੇ ਪਾਣੀ ਨੂੰ ਬਾਣੀ ਸੁਣਾ ਕੇ ਕਹਿਣਾ ਇਹ ਹੁਣ ਅੰਮ੍ਰਿਤ ਹੈ, ਇਹ ਹੀ ਸਾਡੀ ਅਗਿਆਨਤਾ ਹੈ। ਗੁਰਬਾਣੀ ਵੀ ਇਸ ਬਾਰੇ ਫੁਰਮਾਂਦੀ ਹੈ- **ਨ ਪਾਥਰੁ ਬੋਲੈ ਨਾ ਕਿਛੁ ਦੇਇ॥ਫੋਕਟ ਕਰਮ ਨਿਹਫਲ ਹੈ ਸੇਵ॥** (੧੧੬੦) ਪੱਥਰ ਦੀਆਂ ਮੂਰਤਾਂ ਕੁਝ ਵੀ ਖਾਂਦੀਆਂ ਨਹੀ ਹਨ ਸਗੋਂ ਪੁਜਾਰੀ ਹੀ ਸਭ ਕੁਝ ਖਾ ਪੀ ਜਾਂਦਾ ਹੈ- **ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖਿ ਛਾਰੁ॥** (੪੭੯) ਇਵੇਂ ਹੀ ਲੱਖਾਂ ਮਨ ਘਿਉ, ਅਖੌਤੀ ਆਰਤੀਆਂ ਵਿੱਚ ਫਜ਼ੂਲ ਬਾਲਨਾ ਕਿਧਰ ਦੀ ਸਿਆਂਣਪ ਹੈ? ਸਾਡੇ ਦੇਸ਼ ਦੇ ਹਜ਼ਾਰਾਂ ਲੱਖਾਂ ਬੱਚੇ, ਬੁੱਢੇ ਅਤੇ ਜਵਾਨ ਇਸਤਰੀਆਂ ਮਰਦ ਜਿਨ੍ਹਾਂ ਨੂੰ ਕਈ-ਕਈ ਦਿਨ ਰੋਟੀ ਵੀ ਨਸੀਬ ਨਹੀ ਹੁੰਦੀ ਜਦ ਉਨ੍ਹਾਂ ਦੇ ਸਾਹਮਣੇ ਅੰਨੀ ਸ਼ਰਦਾ ਵਾਲੇ ਲੋਕ, ਅਮੋਲਕ ਪਦਾਰਥਾਂ ਨੂੰ ਭੰਗ ਦੇ ਭਾੜੇ ਰੋਲਦੇ ਹਨ ਤਾਂ ਉਨ੍ਹਾਂ ਦੇ ਦਿਲ ਤੇ ਕੀ ਬੀਤਦੀ ਹੈ? ਇਹ ਤਾਂ ਵੰਨਗੀ ਮਾਤਰ ਹੈ ਅਜਿਹੇ ਅਨੇਕਾਂ ਹੀ ਫਜ਼ੂਲ ਦੇ ਕਰਮਕਾਂਡ ਰੋਜ਼ਾਨਾਂ ਹੀ ਕੀਤੇ ਕਰਾਏ ਜਾ ਰਹੇ ਹਨ। ਦੀਵੇ ਬਾਲ ਕੇ ਆਰਤੀ ਕਰਨੀ ਜਾਂ ਉਤਾਰਨੀ ਵੀ ਇੱਕ ਅਜਿਹਾ ਹੀ ਕਰਮਕਾਂਡ ਹੈ। ਆਓ ਆਪਾਂ ਅਖੌਤੀ ਸਾਧਾਂ ਸੰਤਾਂ ਨੂੰ ਛੱਡ ਕੇ ਇਸ ਬਾਰੇ ਪੰਥਕ ਵਿਦਵਾਨਾਂ ਦੀ ਰਾਇ, ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਦੀ ਬਾਣੀ ਤੋਂ ਉਪਦੇਸ਼ ਲਈਏ।

ਮਹਾਨਕੋਸ਼ ਦੇ ਪੰਨਾ ੧੦੪ ਉੱਤੇ ਭਾਈ ਕਾਨ੍ਹ ਸਿੰਘ ਜੀ ਨ੍ਹਾਭਾ ਆਰਤ, ਆਰਤਾ, ਆਰਤਿ ਅਤੇ ਆਰਤੀ ਦੇ ਅਰਥ ਲਿਖਦੇ ਹਨ ਕਿ ਆਰਤ-ਕਾਇਰ, ਬੁਜ਼ਦਿਲ। ਆਰਤਾ- ਦੁਖੀ, ਪੀੜਤ। ਆਰਤਿ-ਪੀੜ, ਦਰਦ, ਦੀਨਤਾ। ਆਰਤੀ-ਆਰਾਤ੍ਰਿਕ ਭਾਵ ਜੋ ਰਾਤ ਬਿਨਾਂ ਵੀ ਹੋਵੇ, ਕਿਸੇ ਦੇਵਤਾ ਦੀ ਮੂਰਤ ਜਾਂ ਪੂਜਹ ਅੱਗੇ ਥਾਲੀ ਵਿੱਚ ਦੀਵੇ ਬਾਲ ਅਤੇ ਉਸ ਦੇ ਆਲੇ ਦੁਆਲੇ ਘੁਮਾ ਕੇ ਪੂਜਨ ਕਰਨਾ, ਹਿੰਦੂ ਮੱਤ ਅਨੁਸਾਰ ਚਾਰ ਵਾਰ ਚਰਨਾਂ ਅੱਗੇ, ਦੋ ਵਾਰ ਨ੍ਹਾਭੀ ਤੇ, ਇੱਕਵਾਰ ਮੂੰਹ ਉੱਤੇ ਅਤੇ ਸੱਤਵਾਰ ਸਾਰੇ ਸਰੀਰ ਉੱਪਰ ਦੀਵੇ ਘੁਮਾਉਣੇ ਚਾਹੀਏ ਅਰ ਦੀਵੇ ਇੱਕ ਤੋਂ ਸੌ ਤੱਕ ਜਗਾਉਣੇ ਵਿਧਾਨ ਹਨ ਪਰ ਗੁਰੂ ਨਾਨਕ ਸਾਹਿਬ ਜੀ ਨੇ ਅਜਿਹੀ ਕਰਮਕਾਂਡੀ ਆਰਤੀ ਦਾ ਨਿਸ਼ੇਧ ਕਰਕੇ ਪ੍ਰਾਕ੍ਰਿਤ (ਕੁਦਰਤੀ) ਆਰਤੀ ਦੀ ਮਹਿਮਾਂ ਦੱਸੀ ਹੈ। ਡਾ. ਰਤਨ ਸਿੰਘ ਜੱਗੀ ਵੀ ਲਿਖਦੇ ਹਨ ਕਿ ਪੁਰਾਤਨ ਕਾਲ ਤੋਂ ਹਿੰਦੂ ਧਰਮ ਵਿੱਚ ਇਸ਼ਟਦੇਵ ਅੱਗੇ ਥਾਲੀ ਵਿੱਚ ਦੀਵੇ ਬਾਲ ਕੇ, ਕੁਝ ਸੁਗੰਧਤ ਵਸਤੂਆਂ ਦੀ ਧੂਪ ਜਗਾ ਕੇ, ਕੁਝ ਫੁੱਲ ਪੱਤੀਆਂ ਦੀ ਵਰਖਾ ਕਰਕੇ ਅਤੇ ਇਸ਼ਟ ਦੀ ਮੂਰਤੀ ਦੁਆਲੇ ਘੁਮਾ ਕੇ ਆਰਤੀ ਉਤਾਰੀ ਜਾਂਦੀ ਹੈ। ਦੀਵਿਆਂ ਦੀ ਗਿਣਤੀ ਨਿਸ਼ਚਿਤ ਨਹੀਂ ੧ ਤੋਂ ੧੦੧ ਤੱਕ ਵੀ ਹੋ ਸਕਦੇ ਹਨ। ਥਾਲੀ ਮੂਰਤੀ ਅੱਗੇ ਸੱਜੇ ਖੱਬੇ ਘੁਮਾਈ ਜਾਂਦੀ ਹੈ। ਪਹਿਲਾਂ ਚਾਰ ਵਾਰ ਚਰਨਾ ਅੱਗੇ, ਦੋ ਵਾਰ ਨ੍ਹਾਭੀ

ਉੱਤੇ ਇੱਕ ਵਾਰ ਮੂੰਹ ਉੱਤੇ ਅਤੇ ਸੱਤ ਵਾਰ ਸਾਰੇ ਸਰੀਰ ਉੱਤੇ ਥਾਲੀ ਘੁਮਾਉਣਾ ਸ਼ਾਸਤ੍ਰੀ ਮਰਯਾਦਾ ਹੈ। ਆਰਤੀ ਉਤਾਰਨ ਵੇਲੇ ਵਾਦ-ਯੰਤ੍ਰਾਂ ਸਹਿਤ ਇਸ਼ਟ ਦੇਵ ਦੀ ਉਸਤਤ ਦੇ ਗੀਤ ਜਾਂ ਸ਼ਬਦ ਗਾਉਣ ਦੀ ਵੀ ਪਰੰਪਰਾ ਹੈ। ਮੱਧ-ਯੁੱਗ ਦੇ ਵੈਸ਼ਨਵ ਭਗਤਾਂ ਵਿੱਚ ਆਰਤੀ ਉਤਾਰਨ ਦਾ ਬਹੁਤ ਰਿਵਾਜ ਸੀ। ਨਿਰਗੁਣ ਉਪਾਸ਼ਕ ਭਗਤਾਂ ਨੇ ਇਸ ਦਿਖਾਵੇ ਦੇ ਅਚਾਰ ਨੂੰ ਵਿਅਰਥ ਸਮਝ ਕੇ ਸੱਚੇ ਅਰਥਾਂ ਵਿੱਚ ਸਹਿਜ ਸੁਭਾਵਿਕ ਆਰਤੀ ਕਰਨ ਉੱਤੇ ਬਲ ਦਿੱਤਾ ਹੈ। ਭਗਤ ਧੰਨਾ ਜੀ ਨੇ ਆਰਤਾ ਸ਼ਬਦ ਪ੍ਰਭੂ ਦੇ ਦਰ ਦਾ ਮੰਗਤਾ, ਅਤੀ ਆਤਰ, ਲੋੜਵੰਦ ਲਈ ਵਰਤਿਆ ਹੈ। ਜਗਨਨਾਥਪੁਰੀ ਉੜੀਸਾ ਵਿਖੇ ਗੁਰੂ ਨਾਨਕ ਸਾਹਿਬ ਨੇ ਵਿਖਾਵੇ ਵਾਲੀ ਆਰਤੀ ਦਾ ਖੰਡਨ ਕਰਕੇ ਕਾਦਰ ਦੀ ਕੁਦਰਤੀ ਆਰਤੀ ਦਾ ਉਪਦੇਸ਼ ਦਿੱਤਾ ਸੀ (ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ(੬੬੩) ਕਿ ਕੁਦਰਤੀ ਆਰਤੀ ਵਿੱਚ ਅਕਾਸ਼ ਥਾਲ, ਸੂਰਜ ਤੇ ਚੰਦ ਦੀਵੇ ਅਤੇ ਤਾਰੇ ਮੋਤੀ ਹਨ। ਫੁੱਲਾਂ ਦੀ ਸੁਗੰਧੀ ਦੀ ਧੂਪ ਮਹਿਕ ਰਹੀ, ਪਾਉਣ ਚੌਰ ਕਰ ਰਹੀ ਹੈ ਅਤੇ ਸਗਲੀ ਬਨਰਾਇ ਫੁੱਲ ਪੱਤੀਆਂ ਹਨ। ਪ੍ਰਮਾਤਮਾਂ ਦੇ ਹੁਕਮ ਰੂਪੀ ਸ਼ਬਦ ਦੀਆਂ ਨਫਰੀਆਂ ਵੱਜ ਰਹੀਆਂ ਹਨ। ਹੇ ਭਵਖੰਡਨ ਪ੍ਰਭੂ ਤੇਰੀ ਪੈਦਾ ਕੀਤੀ ਕੁਦਰਤ ਵਿੱਚ ਕੈਸੀ ਅਦਭੁਤ ਆਰਤੀ ਆਪਣੇ ਆਪ ਹੋ ਰਹੀ ਹੈ! ਭਾਵ ਬ੍ਰਹਮੰਡ ਦੀ ਹਰ ਵਸਤੂ ਆਪਣੀ ਸ਼ਕਤੀ ਅਤੇ ਸਮਰੱਥਾ ਅਨੁਸਾਰ ਇਸ ਵਿੱਚ ਜੁੱਟੀ ਹੋਈ ਹੈ। ਭਗਤ ਰਵਿਦਾਸ ਜੀ ਵੀ ਨਾਮ ਰੂਪੀ ਆਰਤੀ ਦਾ ਹੀ ਜਿਕਰ ਕਰਦੇ ਹਨ ਕਿ-

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥੧॥ ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੁਠਾਰੇ॥
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ॥੩॥
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰ॥੪॥੩॥ (੬੯੪)

ਭਾਵ ਰੱਬੀ ਨਾਮ ਹੀ ਦੀਵਾ, ਤੇਲ, ਵੱਟੀ, ਜੋਤਿ, ਧੂਪ ਅਤੇ ਸੁਗੰਧੀ ਹੈ ਇਸ ਲਈ ਉਸ ਦੀ ਆਰਤੀ ਕਰਨ ਲਈ ਬਾਹਰੀ ਦੀਵੇ ਬਾਲਣ, ਸਮੱਗਰੀਆਂ ਫੂਕਣ ਅਤੇ ਧੂਪਾਂ ਧੁਖਾਉਣ ਦੀ ਕੋਈ ਲੋੜ ਨਹੀਂ। ਭਗਤ ਕਬੀਰ ਜੀ ਵੀ ਪ੍ਰਮਾਤਮਾਂ ਦੇ ਨਾਮ ਦੀ ਆਰਤੀ ਦਾ ਹੀ ਵਰਨਣ ਕਰਦੇ ਹਨ ਕਿ-

ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ॥
ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ॥੧॥
ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ॥
ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ॥੧॥ ਰਹਾਉ॥

ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜਿਆਰਾ॥
ਜੋਤਿ ਲਗਾਇ ਜਗਦੀਸ਼ ਜਗਾਇਆ ਬੂਝੈ ਬੂਝਨਹਾਰਾ॥੨॥
ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ॥੩॥੫॥(੧੩੫੦)
ਭਗਤ ਸੈਣ ਜੀ ਵੀ ਪ੍ਰਭੂ ਦੀ ਉਸਤਤਿ ਦੀ ਆਰਤੀ ਹੀ ਕਰਦੇ ਹਨ-ਸ੍ਰੀ ਸੈਣ ਜੀ॥
ਧੂਪ ਦੀਪ ਘ੍ਰਿਤ ਸਾਜਿ ਆਰਤੀ॥ ਵਾਰਨੇ ਜਾਉ ਕਮਲਾ ਪਤੀ॥੧॥
ਮੰਗਲਾ ਹਰਿ ਮੰਗਲਾ॥ ਨਿਤੁ ਮੰਗਲੁ ਰਾਜਾ ਰਾਮ ਰਾਇ ਕੋ॥੧॥ਰਹਾਉ॥
ਉਤਮੁ ਦੀਅਰਾ ਨਿਰਮਲ ਬਾਤੀ॥ ਤੁਹੀ ਨਿਰੰਜਨੁ ਕਮਲਾ ਪਾਤੀ॥੨॥
ਰਾਮਾ ਭਗਤਿ ਰਾਮਾਨੰਦੁ ਜਾਨੈ॥ ਪੂਰਨ ਪਰਮਾਨੰਦੁ ਬਖਾਨੈ॥੩॥
ਮਦਨ ਮੂਰਤਿ ਭੈ ਤਾਰਿ ਗੋਬਿੰਦੇ॥ ਸੈਣ ਭਨੈ ਭਜੁ ਪਰਮਾਨੰਦੇ॥੪॥੨॥ (੬੯੫)

ਮੈਂ ਤੈਥੋਂ ਵਾਰਨੇ (ਸਦਕੇ) ਜਾਂਦਾ ਹਾਂ ਭਾਵ ਤੈਥੋਂ ਸਦਕੇ ਜਾਣਾ ਹੀ ਧੂਪ ਦੀਵੇ ਅਤੇ ਘਿਉ ਆਦਿਕ ਸਮੱਗਰੀ ਇਕੱਠੀ ਕਰਕੇ ਤੇਰੀ ਆਰਤੀ ਕਰਨੀ ਹੈ। ਭਗਤ ਧੰਨਾ ਜੀ ਵੀ ਧਰਤੀ ਦੇ ਪਾਲਣਹਾਰ ਪ੍ਰਮਾਤਮਾਂ ਅੱਗੇ ਆਰਤ ਹੁੰਦੇ ਹਨ ਭਾਵ ਉਸ ਤੋਂ ਹੀ ਸਭ ਕੁਝ ਖਾਣ ਪੀਣ ਰਹਿਣ ਲਈ ਮੰਗਦੇ ਹਨ- ਧੰਨਾ॥

ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥੧॥ਰਹਾਉ॥
ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥ ਪਨ੍ਹੀਆ ਛਾਦਨੁ ਨੀਕਾ॥
ਅਨਾਜ ਮਗਉ ਸਤ ਸੀ ਕਾ॥੧॥ ਗਊ ਭੇਸ ਮਗਉ ਲਾਵੇਰੀ॥
ਇਕ ਤਾਜਨਿ ਤੁਰੀ ਚੰਗੇਰੀ॥ ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥ (੬੯੫)

ਇਹ ਕੁਝ ਗੁਰਬਾਣੀ ਦੇ ਸ਼ਬਦ ਵੰਨਗੀ ਮਾਤਰ ਦਿੱਤੇ ਹਨ ਇਨ੍ਹਾਂ ਵਿੱਚ ਕਿਤੇ ਵੀ ਥਾਲਾਂ ਵਿੱਚ ਦੀਵੇ ਬਾਲ ਕੇ, ਵੱਖ ਵੱਖ ਸਮੱਗਰੀਆਂ ਦੀ ਧੂਪ ਧੁਖਾ ਕੇ, ਟੱਲੀਆਂ ਖੜਕਾ ਕੇ, ਮੂਰਤੀ ਦੇ ਚਾਰ ਚੁਫੇਰੇ ਥਾਲ ਘੁਮਾ ਕੇ ਅਤੇ ਮੁਰਝਾ ਜਾਣ ਵਾਲੇ ਫੁੱਲਾਂ ਦੀ ਵਰਖਾ ਕਰਕੇ ਰੱਬੀ ਆਰਤੀ ਕਰਨ ਦਾ ਜਿਕਰ ਹੈ। ਭਲਿਓ ਇਹ ਸਨਾਤਨੀ ਮੱਤ ਦੀ ਮਰਯਾਦਾ ਹੈ ਸਿੱਖ ਧਰਮ ਦੀ ਨਹੀਂ। ਜਿਸ ਆਰਤੀ ਗਾਉਣ ਦਾ ਭਾਈ ਗੁਰਦਾਸ ਜੀ ਨੇ ਜਿਕਰ ਕੀਤਾ ਹੈ- **ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ॥** ਉਹ ਸੋਹਿਲੇ ਦੀ ਬਾਣੀ ਵਿੱਚ ਗੁਰੂ ਨਾਨਕ ਜੀ ਦਾ (**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ॥** (੧੩) ਵਾਲਾ ਸ਼ਬਦ ਅਤੇ ਜਪੁਜੀ ਸਾਹਿਬ ਦਾ ਜਿਕਰ ਹੈ ਪਰ ਸਾਡੇ ਰਾਗੀ-ਢਾਡੀ ਅਤੇ ਗ੍ਰੰਥੀ ਤਾਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰਲੀ ਕੱਚੀ ਰਚਨਾ- **ਸੰਖਨ ਕੀ ਧੁਨਿ ਘੰਟਨਿ ਕੀ ਕਰ ਫੂਲਨ ਕੀ ਭਰਖਾ ਬਰਖਾਵੈਂ।** ਆਦਿਕ ਆਰਤੀ ਵਿੱਚ ਅੱਧਿਓ ਜ਼ਿਆਦਾ ਬਾਹਰਲੀ ਕਵਿਤਾ ਦੇ ਟੱਪੇ-ਤੁਕਾਂ ਗੁਰਬਾਣੀ ਵਿੱਚ ਰਲ ਗਡ ਕਰਕੇ ਸਿੱਖ ਸੰਗਤਾਂ ਨੂੰ ਭੁਲੇਖੇ ਵਿੱਚ ਪਾ ਰਹੇ ਹਨ। ਕੋਈ ਵਿਰਲਾ ਗੁਰਦੁਆਰਾ ਹੋਵੇਗਾ ਜਿੱਥੇ ਨਿਰੋਲ ਗੁਰਬਾਣੀ ਦਾ ਕੀਰਤਨ ਹੁੰਦਾ ਹੈ ਜਿਵੇਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅੰਦਰ ਆਉਂਦੇ ਗੁਰਦੁਆਰੇ ਹਨ ਜਾਂ ਕੁਝ ਸ਼੍ਰੋਮਣੀ ਕਮੇਟੀ ਦੇ ਜਾਂ ਕੁਝ ਸਿੰਘ ਸਭਾ ਗੁਰਦੁਆਰੇ। ਕਈਆਂ ਥਾਵਾਂ ਤੇ ਤਾਂ ਬ੍ਰਾਹਮਣਾਂ ਵਾਂਗ, ਆਰਤੀਆਂ ਸੁਭਾ ਸ਼ਾਮ ਦੀਵਾਨਾਂ ਅਤੇ ਪਾਠਾਂ ਦੇ ਭੋਗਾਂ ਤੇ ਉਤਾਰੀਆਂ

ਜਾਂਦੀਆਂ ਹਨ। ਲੋਕ ਗੁਰੂ ਗ੍ਰੰਥ ਸਾਹਿਬ ਦੁਆਲੇ ਥਾਲੀਆਂ ਘੁਮਾ ਕੇ ਵਿੱਚ ਪੈਸੇ ਵੀ ਪਾਉਂਦੇ, ਫੁੱਲ ਸੁੱਟਦੇ ਅਤੇ ਸੰਖ ਵੀ ਵਜਾਉਂਦੇ ਹਨ। ਜਿਸ ਤਮਾਸ਼ੇ ਤੋਂ ਗੁਰੂਆਂ ਭਗਤਾਂ ਨੇ ਰੋਕਿਆ ਸੀ ਉਹ ਅੱਜ ਗੁਰੂ ਘਰਾਂ ਵਿੱਚ ਵੀ ਕੀਤਾ ਜਾ ਰਿਹਾ ਹੈ। ਡੇਰਿਆਂ ਵਿੱਚ ਤਾਂ ਇਹ ਵਰਤਾਰਾ ਪਹਿਲਾਂ ਹੀ ਚਲਦਾ ਸੀ ਜੋ ਹੁਣ ਗੁਰਦੁਆਰਿਆਂ ਵਿੱਚ ਚੱਲਣ ਲੱਗ ਪਿਆ ਹੈ। ਹੌਲੀ ਹੌਲੀ ਯੋਗਾ (ਯੋਗਮਤ) ਵੀ ਗੁਰੂ ਘਰਾਂ ਵਿਖੇ ਗ੍ਰੰਥੀਆਂ ਅਤੇ ਪ੍ਰਬੰਧਕਾਂ ਦੀ ਮਿਲੀ ਭੁਗਤ ਨਾਲ ਪੈਰ ਪਰਸਾਰਣ ਲੱਗ ਪਿਆ ਹੈ ਜੋ ਖਤਰੇ ਦੀ ਘੰਟੀ ਹੈ। ਦੱਸੋ ਅਸੀਂ ਗੁਰੂ ਦੇ ਸਿੱਖ ਹਾਂ ਜਾਂ ਬ੍ਰਾਹਮਣਵਾਦ ਦੇ? ਸਾਨੂੰ ਵਿਖਾਵਾ ਛੱਡ ਕੇ ਗੁਰ ਸਿਧਾਂਤਾਂ ਤੇ ਪਹਿਰਾ ਦੇਣ ਦੀ ਲੋੜ ਹੈ। ਜੇ ਗੁਰੂਸਿੱਖ ਅਖਵਾਉਂਦੇ ਹਾਂ ਤਾਂ ਗੁਰੂ ਨੂੰ ਅਖੌਤੀ ਸਾਧਾਂ-ਸੰਤਾਂ ਦਾ ਹੁਕਮ ਮੰਨਣ ਦੀ ਬਜਾਏ ਗੁਰੂ ਦਾ ਹੁਕਮ ਹੀ ਮੰਨੀਏ। ਅੰਤ ਵਿੱਚ ਦਾਸ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਰਾਗੀ ਗ੍ਰੰਥੀਆਂ ਨੂੰ ਸਨਿਮਰ ਬੇਨਤੀ ਕਰਦਾ ਹੈ ਕਿ ਸਭ ਗੁਰਦੁਆਰਿਆਂ ਵਿਖੇ ਅਕਾਲ ਤਖਤ ਤੋਂ ਪ੍ਰਵਾਣਿਤ *ਸਿੱਖ ਰਹਿਤ ਮਰਯਾਦਾ* ਹੀ ਲਾਗੂ ਕਰਨ ਅਤੇ ਸਾਧ ਸੰਪ੍ਰਦਾਵਾਂ ਦੀ ਸਨਾਤਨ ਮਰਯਾਦਾ ਜੋ ਮਿਲਗੋਭਾ ਹੋਈ ਪਈ ਹੈ ਦਾ ਪੂਰਨ ਤਿਆਗ ਕਰ ਦੇਣ। ਸਿੱਖਾਂ ਦੀ ਕੇਂਦਰੀ ਸੰਸਥਾ ਕਾਇਮ ਕੀਤੀ ਜਾਵੇ ਜੋ ਸਮੁੱਚੇ ਸੰਸਾਰ ਦੇ ਗੁਰਦੁਆਰਿਆਂ ਦਾ ਪ੍ਰਬੰਧ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਅਤੇ ਪੰਥਕ ਰਹਿਤ ਮਰਯਾਦਾ ਅਨੁਸਾਰ ਚਲਾਵੇ ਜਿਸ ਨਾਲ ਪੰਥ ਵਿੱਚ ਪਈਆਂ ਦੁਫੇੜਾਂ ਖਤਮ ਹੋ ਕੇ, ਪੰਥ ਦੀ ਬਿਖਰੀ ਸ਼ਕਤੀ ਇੱਕਮੁੱਠ ਹੋ ਜਾਵੇ ਫਿਰ ਕੋਈ ਡੇਰੇਦਾਰ ਰਾਗੀ ਗ੍ਰੰਥੀ ਗੁਰਦੁਆਰਿਆਂ ਵਿੱਚ ਆਰਤੀਆਂ ਨਾਂ ਉਤਾਰੇ, ਟੱਲ ਨਾਂ ਖੜਕਾਵੇ, ਉਤਮ ਪਦਾਰਥ ਘਿਉ ਨੂੰ ਵਿਅਰਥ ਨਾਂ ਫੂਕੇ ਅਤੇ ਬਾਹਰਲੀ ਕੋਈ ਵੀ ਕੱਚੀ ਰਚਨਾਂ ਨੂੰ ਗੁਰਬਾਣੀ ਨਾਲ ਰਲ ਗਡ ਕਰਕੇ *ਜੈ ਜਗਦੀਸ਼ ਹਰੇ* ਦੀ ਤਰਜ ਤੇ ਨਾਂ ਗਾਵੇ ਜਾਂ ਪੜ੍ਹੇ। ਜੇ ਆਰਤੀ ਗਾਉਣੀ ਹੀ ਹੈ ਤਾਂ ਗੁਰਬਾਣੀ ਦੇ ਸ਼ਬਦਾਂ ਦੀ ਗਾਈ ਜਾਵੇ ਨਾਂ ਕਿ ਸੰਖਨ ਕੀ ਧੁਨਿ ਵਾਲੀ। ਭਲਿਓ ਗੁਰਬਾਣੀ ਵਿਖੇ ਸਭ ਕੁਝ ਹੈ-

ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥ (੧੦੨)

ਗੁਰੂ ਗ੍ਰੰਥ ਸਹਿਬ ਹੀ ਸਿੱਖਾਂ ਦਾ ਸੰਪੂਰਨ ਗੁਰੂ ਹੈ ਅਤੇ ਗੁਰਸਿੱਖਾਂ ਨੂੰ ਗੁਰੂ ਦੀ ਹੀ ਅਗਵਾਈ ਵਿੱਚ ਚੱਲਣਾ ਚਾਹੀਦਾ ਹੈ ਨਾਂ ਕਿ ਡੇਰੇਦਾਰਾਂ ਜਾਂ ਸੰਪ੍ਰਦਾਈਆਂ ਦੀ ਝਾਕ ਰੱਖਣੀ ਚਾਹੀਦੀ ਹੈ। ਸੋ ਸਿੱਖ ਆਰਤੀਆਂ ਬਾਲ, ਉਤਾਰ ਨਹੀਂ ਸਕਦੇ ਸਗੋਂ ਗੁਰੂ ਗ੍ਰੰਥ ਸਾਹਿਬ ਵਿਚਲੇ ਆਰਤੀ ਵਾਲੇ ਸ਼ਬਦਾਂ ਦਾ ਕ਼ੀਰਤਨ ਅਤੇ ਕਥਾ ਪ੍ਰਚਾਰ ਕਰ ਸਕਦੇ ਹਨ।

-੦-

ਅਕਲੀਂ ਕੀਚੈ ਦਾਨ-ਹੋਰਿ ਗਲਾਂ ਸੈਤਾਨੁ

ਦਾਤਾ, ਦਾਤਿ, ਦਾਨ, ਅਕਲਿ, ਨਫਾ, ਨੁਕਸਾਨ ਅਤੇ ਸ਼ੈਤਾਨ ਸ਼ਬਦ ਉਪ੍ਰੋਕਤ ਪੰਗਤੀ ਨਾਲ ਸਬੰਧਤ ਹਨ। ਦਾਤਾ ਤੋਂ ਭਾਵ ਹੈ ਦੇਣ ਵਾਲਾ, ਦਾਨੀ। ਦਾਤਿ ਸੰਸਕ੍ਰਿਤ ਦਾ ਲਫਜ਼ ਹੈ ਜਿਸ ਦਾ ਅਰਥ ਹੈ ਦਿੱਤੀ ਹੋਈ ਵਸਤੂ, ਦਾਨ ਕਰਨਯੋਗ ਵਸਤ ਅਤੇ ਬਖਸ਼ਿਸ਼। ਦਾਨ-ਦੇਣ ਦਾ ਕਰਮ, ਖੈਰਾਤ, ਉਹ ਵਸਤੂ ਜੋ ਦਾਨ ਵਿੱਚ ਦਿੱਤੀ ਜਾਵੇ, ਕਰ (ਟੈਕਸ) ਯੱਗ, ਰਾਜਨੀਤੀ ਦਾ ਇੱਕ ਅੰਗ ਭਾਵ ਕੁਝ ਦੇ ਕੇ ਵੈਰੀਆਂ ਨੂੰ ਵੱਸ ਕਰਨ ਦਾ ਉਪਾਓ, ਫਾਰਸੀ ਵਿੱਚ ਅੰਨ ਦਾ ਬੀਜ, ਜਾਨਣ ਵਾਲਾ ਅਤੇ ਸ਼ਬਦਾਂ ਦੇ ਅੰਤ ਵਿੱਚ ਆਉਣ ਵਾਲਾ ਜਿਵੇਂ ਅਕਲਦਾਨ, ਕਲਮਦਾਨ, ਨਾਮਦਾਨ ਆਦਿਕ। ਅਕਲਿ-ਬੁੱਧਿ, ਯਾਦਾਸ਼ਤ। ਅਰਬੀ ਵਿੱਚ ਨਫ਼ਾ ਦਾ ਅਰਥ ਹੈ ਲਾਭ, ਫਾਇਦਾ। ਨੁਕਸਾਨ-ਹਾਨੀ, ਕਮੀ ਅਤੇ ਘਾਟਾ। ਸ਼ੈਤਾਨ-ਅਰਬੀ ਦਾ ਲਫਜ਼ ਹੈ ਅਰਥ ਹਨ-ਪਾਮਰ, ਕੁਕਰਮੀ, ਫਸਾਦੀ ਅਤੇ ਉਪੱਧਰੀ। ਬਾਈਬਲ ਅਤੇ ਕੁਰਾਨ ਵਿੱਚ ਮੰਨਿਆਂ ਗਿਆ ਹੈ ਕਿ ਸ਼ੈਤਾਂਨ ਸਦਾ ਰੱਬ ਦੇ ਰਾਹ ਵੱਲੋਂ ਮੋੜਦਾ ਹੈ। ਸੰਸਕ੍ਰਿਤ ਵਿੱਚ ਸ਼ੈਤਾਨ ਸ਼ਰਾਰਤਾਂ ਕਰਨ ਵਾਲਾ।

ਪਾਠਕ ਜਨੋ! ਦਾਤੇ ਤਾਂ ਸੰਸਾਰ ਵਿੱਚ ਕਈ ਹਨ ਜੋ ਕਿਸੇ ਹੱਦ ਤੱਕ ਦਾਨ ਕਰ ਸਕਦੇ ਹਨ। ਸੰਸਾਰੀ ਦਾਤੇ ਆਪਣੇ ਵਿਰੋਧੀਆਂ ਨੂੰ ਦਾਨ ਨਹੀਂ ਦਿੰਦੇ, ਉਨ੍ਹਾਂ ਦਾ ਦਾਨ ਕਿਸੇ ਹੱਦ ਵਿੱਚ ਹੈ ਪਰ ਪਰੀਪੂਰਨ-ਪ੍ਰਮਾਤਮਾਂ-ਦਾਤਾਰ ਬਿਨਾ ਕਿਸੇ ਵਿਤਕਰੇ ਦੇ ਅਤੁੱਟ ਦਾਨ ਦੇਣਵਾਲਾ ਹੈ

ਦਦਾ ਦਾਤਾ ਏਕੁ ਸਭ ਕੋ ਦੇਵਨਹਾਰ॥

ਦੇਂਦੇ ਤੋਟਿ ਨ ਆਵਈ ਅਗਣਤ ਭਰੇ ਭਡਾਰ॥ (੨੫੭)

ਜ਼ਿੰਦਗੀ, ਸੁਵਾਸ, ਪੌਣ, ਪਾਣੀ, ਅੱਗ, ਧਰਤੀ ਅਤੇ ਅਕਾਸ਼ ਆਦਿਕ ਸਭ ਕੁਝ ਦਾਤਾਰੁ ਹੀ ਦੇਣਵਾਲਾ ਹੈ। ਅਸੀਂ ਸਾਰੇ ਭੇਖਾਰੀ ਹਾਂ-**ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ॥(੬੬੬)** ਸੋ ਸਾਰੇ ਸੰਸਾਰ ਦਾ ਦਾਤਾ ਕਰਤਾਰ ਹੀ ਹੈ ਅਤੇ ਉਸ ਦੀ ਦਿੱਤੀ ਦਾਤਿ ਕਦੇ ਮੁਕਦੀ ਨਹੀਂ- **ਦਾਤਿ ਖਸਮ ਕੀ ਪੂਰੀ ਹੋਈ ਨਿਤ ਨਿਤ ਚੜੈ ਸਵਾਈ ਰਾਮ॥(੭੮੩)** ਇਸ ਕਰਕੇ ਸਾਂ ਰੱਬੀ ਬਖਸ਼ਿਸ਼ ਦੀ ਦਾਤਿ ਹੀ ਮੰਗਣੀ ਚਾਹੀਦੀ ਹੈ ਨਾਂ ਕਿ ਸੰਸਾਰੀ ਵਸਤੂਆਂ ਹੀ ਮੰਗਦੇ ਰਹਿਣਾ ਚਾਹੀਦਾ ਹੈ- **ਮਾਗਨਾ ਮਾਗਨ ਨੀਕਾ ਹਰਿ ਜਸੁ ਗੁਰਿ ਤੇ ਮਾਗਨਾ॥(੧੦੧੮)** ਜਿਵੇਂ ਰੁੱਖ ਮੰਗਣ ਨਾਲ ਜੜ੍ਹਾਂ, ਛਿੱਲ, ਟਾਹਣੀਆਂ, ਫੁੱਲ ਅਤੇ ਫਲ ਆਦਿਕ ਸਭ ਕੁਝ ਨਾਲ ਹੀ ਮਿਲ ਜਾਂਦੇ ਹਨ ਇਵੇਂ ਹੀ ਪ੍ਰਮਾਤਮਾਂ ਤੋਂ ਨਾਮ-ਬਖਸ਼ਿਸ਼ ਮੰਗਣ ਨਾਲ ਸਭ ਕੁਝ ਮਿਲ ਜਾਂਦਾ ਹੈ। ਅਸੀਂ ਤਾਂ ਦੁਨੀਆਵੀ ਧੀਆਂ-ਪੁੱਤਾਂ ਅਤੇ ਪਦਾਰਥਾਂ ਦੀਆਂ ਦਾਤਾਂ ਹੀ ਮੰਗਦੇ ਰਹਿੰਦੇ ਹਾਂ ਅਤੇ ਇਨ੍ਹਾਂ ਨਾਲ ਮੋਹ ਪਾ ਕੇ ਦਾਤਾਰ ਨੂੰ ਵਿਸਾਰ ਦਿੰਦੇ ਹਾਂ-**ਦਾਤਿ ਪਿਆਰੀ ਵਿਸਰਿਆ ਦਾਤਾਰਾ॥(੬੭੬)**

ਦਾਤਾਰ ਦੀਆਂ ਦਿੱਤੀਆਂ ਹੋਈਆਂ ਦਾਤਾਂ ਚੋਂ ਹੀ ਅਸੀਂ ਦਾਨ ਕਰ ਸਕਦੇ ਹਾਂ ਪਰ ਅਸੀਂ ਦਾਨ ਕਰਨ ਲੱਗੇ ਬਿਨਾ ਸੋਚੇ ਸਮਝੇ ਅੰਨ੍ਹੀ ਸ਼ਰਧਾ ਵਿੱਚ ਹੀ ਓਥੇ ਦਾਨ ਕਰ ਦਿੰਦੇ ਹਾਂ ਜਿੱਥੇ

ਉਸ ਦੀ ਗਲਤ ਵਰਤੋਂ ਹੁੰਦੀ ਹੈ। ਅਸੀਂ ਲੋੜਵੰਦਾਂ ਦੀ ਬਜਾਏ ਵੱਡੇ-ਵੱਡੇ ਗੁਮਾਨੀ ਸਾਧਾਂ-ਸੰਤਾ ਅਤੇ ਲੀਡਰਾਂ ਦੀਆਂ ਹੀ ਝੋਲੀਆਂ ਅਤੇ ਗੋਲਕਾਂ ਭਰਦੇ ਰਹਿੰਦੇ ਹਾਂ। ਕੀੜਿਆਂ ਦੇ ਭੌਣ ਤੇ ਅੰਨ, ਸੱਪਾਂ ਨੂੰ ਦੁੱਧ, ਤਮਾਕੂ-ਸ਼ਰਾਬ ਆਦਿਕ ਦਾ ਸੇਵਨ ਕਰਨ ਵਾਲੇ ਮੰਗਤਿਆਂ ਨੂੰ ਪੈਸਾ, ਕਾਰ ਸੇਵ ਦੇ ਨਾਂ ਤੇ ਸਾਡੇ ਵੱਡੇ ਵਡੇਰਿਆਂ-ਗੁਰੂਆਂ ਭਗਤਾਂ ਅਤੇ ਸ਼ਹੀਦ ਸਿੰਘ ਸਿੰਘਣੀਆਂ ਦੀਆਂ ਪੁਰਾਤਨ ਯਾਦਾਂ ਨੂੰ ਬੜੀ ਬੇਰਹਿਮੀ ਅਤੇ ਬੇਅਕਲੀ ਨਾਲ ਮਲੀਆਮੇਟ ਕਰਨ ਵਾਲੇ ਚੋਲਾਧਾਰੀ ਬਾਬਿਆਂ ਨੂੰ ਬਿਨਾ ਕਿਸੇ ਰਸੀਦ, ਹਿਸਾਬ ਕਿਤਾਬ ਅਤੇ ਬਿਨਾ ਸੋਚੇ ਸਮਝੇ ਸੋਨਾ, ਚਾਂਦੀ, ਰੁਪਿਆ ਪੈਸਾ ਇੱਥੋਂ ਤੱਕ ਕਿ ਆਪਣੇ ਧੀਆਂ ਪੁੱਤਰ ਵੀ ਦਾਨ ਕਰੀ ਜਾ ਰਹੇ ਹਾਂ। ਚੰਗੇ ਮਾੜੇ ਦਿਨ ਦੱਸਣ ਵਾਲੇ ਪੰਡਿਤਾਂ, ਜੋਤਸ਼ੀਆਂ, ਪੀਰਾਂ ਨੂੰ ਆਪਣੇ ਬੱਚਿਆਂ ਦੇ ਮੂੰਹੋਂ ਖੋ ਕੇ ਵੀ ਦਈ ਜਾ ਰਹੇ ਹਾਂ। ਗੁਰਬਾਣੀ ਸ਼ਬਦ ਗਿਆਨ ਨੂੰ ਵਿਚਾਰ ਕੇ ਸਮਝਣ ਦੀ ਬਜਾਏ ਵੱਡੀਆਂ ਗੋਲਕਾਂ ਵਾਲੇ ਗੁਰਦੁਆਰਿਆਂ ਅਤੇ ਡੇਰੇਰਿਆਂ ਵਿੱਚ ਤੋਤਾ ਰਟਨੀ ਅਖੰਡ ਪਾਠਾਂ ਦੀਆਂ ਲੜੀਆਂ ਚਲਾਈ ਜਾ ਰਹੇ ਹਾਂ। ਗਰੀਬ ਦਾ ਮੂੰਹ ਗੁਰੂ ਦੀ ਗੋਲਕ ਵਾਲਾ ਸਿਧਾਂਤ ਅਸੀਂ ਭੁਲਾ ਦਿੱਤਾ ਹੈ। ਅਸੀਂ ਗੁਰਦੁਆਰਿਆਂ ਨੂੰ ਵੀ ਅਮੀਰ-ਗਰੀਬ ਅਤੇ ਜਾਤ-ਬਰਾਦਰੀਆਂ ਵਿੱਚ ਵੰਡ ਦਿੱਤਾ ਹੈ। ਜਿੱਥੇ ਗੁਰਦੁਆਰਿਆਂ ਨੂੰ ਬਿਲਡਿੰਗਾਂ ਤੇ ਗ੍ਰੰਥੀ ਪ੍ਰਚਾਰਕਾਂ ਦੀ ਲੋੜ ਹੈ ਓਥੇ ਅਸੀਂ ਘੱਟ ਹੀ ਜਾਂਦੇ ਹਾਂ ਪਰ ਦਾਨ ਵੱਡੇ ਗੁਰੂ ਘਰਾਂ ਅਤੇ ਵੱਡੀਆਂ ਕਮੇਟੀਆਂ ਨੂੰ ਹੀ ਕਰਦੇ ਹਾਂ ਜਿੱਥੇ ਰੁਮਾਲਿਆਂ ਦੀ ਪਹਿਲਾਂ ਹੀ ਬਹੁਤਾਤ ਹੈ ਰੱਖਣ ਨੂੰ ਵੀ ਥਾਂ ਨਹੀਂ ਫਿਰ ਵੀ ਅਸੀਂ ਮਹਿੰਗੇ ਤੋਂ ਮਹਿੰਗਾ ਨਵਾਂ ਰੁਮਾਲਾ ਖਰੀਦ ਕੇ ਚੜ੍ਹਾਉਂਦੇ ਹਾਂ। ਜਰਾ ਸੋਚੋ! ਸਾਡਾ ਬਹੁਤਾ ਪੈਸਾ ਚੰਗੀ ਵਿਦਿਆ, ਗੁਰਮਤਿ ਪ੍ਰਚਾਰ ਅਤੇ ਪ੍ਰਸਾਰ ਦੀ ਬਜਾਏ ਲੜੀਆਂ ਦੇ ਪਾਠਾਂ, ਸੋਨੇ ਦੇ ਗੁੰਬਦਾਂ, ਸੰਗ ਮਰਮਰੀ ਗਿਲਡਿੰਗਾਂ, ਮਹਿੰਗੇ ਮਹਿੰਗੇ ਰਾਗੀ ਜਥਿਆਂ, ਪੂਰੇ ਪੂਰੇ ਪੇਜ ਦੀਆਂ ਐਡਾਂ, ਫੇਮਸ ਸਾਧਾਂ ਸੰਤਾਂ ਤੇ ਲੀਡਰਾਂ ਦੀ ਆਓ ਭਗਤ, ਸਰੋਪਿਆਂ ਅਤੇ ਧੜੇਬੰਦੀ ਵਾਲੀਆਂ ਚੋਣਾਂ ਤੇ ਫਜ਼ੂਲ ਖਰਚ ਕੀਤਾ ਜਾ ਰਿਹਾ ਹੈ ਜਿਸ ਕਰਕੇ ਸਿੱਖੀ ਪ੍ਰਫੁੱਲਤ ਨਹੀਂ ਹੋ ਰਹੀ।

ਅਸੀਂ ਗੁਰੂ ਦੇ ਇਸ ਇਲਾਹੀ ਫੁਰਮਾਨ-

ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ॥

ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥

ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥ (੧੨੪੫)

ਨੂੰ ਵਿਸਾਰ ਦਿੱਤਾ ਹੈ। ਲੜੀਵਾਰ ਪਾਠਾਂ ਵਿੱਚ ਅਸੀਂ ਕਿਨੀ ਵਾਰ ਇਹ ਗੁਰ ਫੁਰਮਾਨ ਪੜ੍ਹਿਆ-ਸੁਣਿਆਂ ਹੋਵੇਗਾ ਮੰਨਣ ਲਈ ਤਿਆਰ ਨਹੀਂ ਹਾਂ ਪਰ ਪੁਲੀਟੀਕਲ ਪਾਰਟੀ ਦੇ ਥੋਪੇ ਗਏ ਜਥੇਦਾਰਾਂ ਦੇ ਰਾਹੀਂ ਪੱਖਪਾਤੀ ਆਦੇਸ਼ ਜਿਨ੍ਹਾਂ ਨੂੰ ਅੱਜ ਹੁਕਮਨਾਮੇ ਕਿਹਾ ਜਾ ਰਿਹਾ ਬਿਨਾ ਹੀਲ ਹੁਜਤ ਦੇ **"ਅਕਾਲ ਪੁਰਖ ਦਾ ਫੁਰਮਾਨ"** ਕਹਿ ਕੇ ਮੰਨੀ ਜਾ ਰਹੇ ਹਾਂ। ਪਾਠਕ ਜਨੋ! ਗੁਰੂ ਸਾਹਿਬ ਨੇ ਉਪ੍ਰੋਕਤ ਪੰਕਤੀ ਵਿੱਚ ਸਾਂ ਬਿਬੇਕ ਬੁੱਧੀ ਦੀ ਵਰਤੋਂ ਕਰਨ ਦੀ ਹਦਾਇਤ ਦਿੱਤੀ ਹੈ ਕਿ ਅਕਲੀਂ ਭਾਵ ਬਿਬੇਕ ਬੁੱਧੀ ਨਾਲ ਸੋਚ ਸਮਝ ਕੇ **ਸਾਹਿਬ ਸੇਵੀਏ** ਭਾਵ ਮਾਲਕ ਨੂੰ ਯਾਦ ਕਰੀਏ ਅਤੇ ਚੰਗੀ ਅਕਲਿ ਕਰਕੇ ਮਾਨ ਪਾਈਏ। ਅਕਲਿ ਦੁਆਰਾ ਪਹਿਲਾਂ ਪੜ੍ਹੀਏ ਫਿਰ

ਬੁੱਝੀਏ (ਸਮਝੀਏ) ਅਤੇ ਫਿਰ ਇਉਂ ਗੁਰਮਤਿ-ਕਸਵੱਟੀ ਤੇ ਪਰਖ ਕੇ ਨਫਾ-ਨੁਕਸਾਨ ਦੇਖ ਕੇ ਦਾਨ ਕਰੀਏ ਜਿਸ ਨਾਲ ਆਪਣਾ, ਪ੍ਰਵਾਰ ਦਾ, ਕੌਮ ਦਾ, ਦੇਸ਼ ਦਾ ਅਤੇ ਸੰਸਾਰ ਦਾ ਭਲਾ ਹੋਵੇ। **ਮਨੁੱਖਤਾ ਦੇ ਸੱਚੇ-ਸੁੱਚੇ ਰਹਿਬਰ ਗੁਰੂ ਨਾਨਕ ਜੀ** ਫੁਰਮਾਂਦੇ ਹਨ ਕਿ ਅਸਲੀ ਪ੍ਰਮਾਰਥ ਦਾ ਰਾਹ ਇਹ ਹੀ ਹੈ ਬਾਕੀ ਬੇਗਿਆਨੇ, ਬੇਧਿਆਨੇ, ਮਨ ਦੀ ਚਤੁਰਾਈ ਅਤੇ ਅੰਨ੍ਹੀ ਸ਼ਰਧਾ ਵਾਲੇ ਸਾਧਨ (ਹੋਰ ਗੱਲਾਂ) ਤਾਂ ਸ਼ੈਤਾਨ (ਮੰਨੇ ਗਏ ਰੱਬ ਦੇ ਸ਼ਰੀਕ) ਵਾਲੀਆਂ ਹੀ ਹਨ। ਅੱਜ ਅਸੀਂ ਇਕਵੀਂ ਸਦੀ ਵਿੱਚ ਗੁਜਰ ਰਹੇ ਹਾਂ ਪਰ ਵਿਸ਼ਵਾਸ਼ ਗੱਲਾਂ ਪੱਥਰ ਜੁੱਗ ਵਾਲੀਆਂ ਤੇ ਕਰੀ ਜਾ ਰਹੇ ਹਾਂ। ਆਓ ਗੁਰਬਾਣੀ ਗਿਆਨ ਵੱਲ ਅੱਗੇ ਵਧੀਏ- **ਅਗਾਹ ਕੂ ਤ੍ਰਾਂਘਿ ਪਿਛਾ ਫੇਰਿ ਨ ਮੁਹਡੜਾ॥** (੧੦੯੬) ਗੁਰੂ ਘਰ ਦੇ ਮਹਾਂਨ ਵਿਦਵਾਨ ਭਾਈ ਨੰਦ ਲਾਲ ਜੀ ਵੀ ਸਿਖਿਆ ਦਿੰਦੇ ਹਨ ਕਿ-

ਸਾਰੀ ਉਮਰ ਗੁਨਾਹੀਂ ਬੀਤੀ, ਹਰਿ ਕੀ ਭਗਤਿ ਨਾ ਕੀਤੀ॥
ਆਗੈ ਸਮਝ ਚਲਹੁ ਨੰਦ ਲਾਲਾ ਪਾਛੈ ਜੋ ਬੀਤੀ ਸੋ ਬੀਤੀ॥ (ਭਾ. ਨੰਦ ਲਾਲ)

ਇਹ ਹੈ ਦਾਸ ਦਾ "ਅਕਲੀਂ ਕੀਚੈ ਦਾਨ-ਹੋਰਿ ਗਲਾਂ ਸ਼ੈਤਾਨ" ਅਤੇ ਨਫਾ-ਨੁਕਸਾਨ "**ਅਕਲੀ**" (ਗੁਰੂ ਦੀ ਦਿੱਤੀ ਬਿਬੇਕ ਬੁੱਧੀ) ਦੁਆਰਾ ਸਮਝਣ ਦੀ ਫਿਲੌਸਫੀ ਵਾਲਾ ਵਿਚਾਰਣਯੋਗ ਨਿਮਾਣਾ ਯਤਨ। ਆਸ ਕਰਦਾ ਹਾਂ ਕਿ ਪਾਠਕ ਜਨ ਅਤੇ ਸਾਡੇ ਆਗੂ ਇਸ ਤੇ ਹਮਦਰਦੀ ਨਾਲ ਗੌਰ ਕਰਨਗੇ!

-o-

ਕੀ ਗੁਰਦੁਆਰਿਆਂ ਵਿਚ ਮੂਰਤਾਂ ਰੱਖਣੀਆਂ ਅਤੇ ਵੇਚਣੀਆਂ ਗੁਰਮਤਿ ਹਨ?

ਮੂਰਤਿ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਪ੍ਰਕਰਣ ਅਨੁਸਾਰ ਵੱਖਰੇ-ਵੱਖਰੇ ਅਰਥ ਹਨ, ਜਿਵੇਂ ਬੁੱਤ, ਸਰੀਰ, ਅਕਾਰ, ਵਜ਼ੂਦ, ਸ਼ਕਲ, ਤਸਵੀਰ, ਨਮੂਨਾਂ ਅਤੇ ਹੋਂਦ। ਆਪਾਂ ਜਿਨ੍ਹਾਂ ਮੂਰਤਾਂ ਫੋਟੋਆਂ ਬਾਰੇ ਵਿਚਾਰ ਕਰ ਰਹੇ ਹਾਂ ਉਹ ਹਨ ਮਿੱਟੀ, ਪੱਥਰ, ਲਕੜੀ, ਕਪੜਾ, ਕਾਗਜ਼ ਅਤੇ ਅੱਜ ਕੱਲ੍ਹ ਪਲਾਸਟਿਕ ਆਦਿਕ ਦੀਆਂ ਬਣਾਈਆਂ ਮਨੋ ਕਲਪਿਤ ਫੋਟੋਆਂ-ਤਸਵੀਰਾਂ-ਮੂਰਤੀਆਂ ਜਿਨ੍ਹਾਂ ਦੀ ਪੂਜਾ ਦਾ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸਿੱਖ ਰਹਿਤ ਮਰਯਾਦਾ ਵਿੱਚ ਭਰਵਾਂ ਖੰਡਨ ਕੀਤਾ ਗਿਆ ਹੈ-

ਕਬੀਰ ਪਾਥਰ ਪੂਜਹਿ ਮੋਲ ਲੇ ਮਨਿ ਹਠੁ ਤੀਰਥ ਜਾਹਿ॥

ਦੇਖਾ ਦੇਖੀ ਸੁਵਾਂਗ ਧਰਿ ਭੂਲੇ ਭਟਕਾ ਖਾਹਿ॥ (੧੩੭੧)

ਕਬੀਰ ਸਾਹਿਬ ਜੀ ਫੁਰਮਾਂਦੇ ਹਨ ਕਿ ਪੱਥਰ ਨੂੰ ਤਰਾਸ਼ ਕੇ ਮੂਰਤੀ ਬਣਾਈ ਜਾਂਦੀ ਹੈ ਅਤੇ ਮੂਰਤੀ ਘਾੜਾ ਉਸ ਦੇ ਸੀਨੇ ਤੇ ਪੈਰ ਵੀ ਰੱਖਦਾ ਹੈ ਜੇ ਇਹ ਮੂਰਤਿ ਵਾਕਿਆ ਹੀ ਸੱਚੀ ਹੈ ਤਾਂ ਘੜਨ ਵਾਲੇ ਨੂੰ ਕਿਉਂ ਨਹੀਂ ਖਾਂਦੀ ਅਤੇ ਜੋ ਸ਼ਰਧਾਲੂ ਮੂਰਤਿ ਨੂੰ ਕੁਝ ਪ੍ਰਸ਼ਾਦ ਭੋਜਨ ਅਰਪਨ ਕਰਦਾ ਹੈ ਤਾਂ ਉਹ ਵੀ ਪੁਜਾਰੀ ਹੀ ਖਾ ਜਾਂਦਾ ਹੈ ਤੇ ਮੂਰਤਿ ਦੇ ਮੂੰਹ ਤੇ ਸਵਾਹ ਮਲ ਦਿੰਦਾ ਹੈ ਕਿ ਕਿਤੇ ਮੂਰਤੀ ਉੱਪਰ ਕੀੜੀਆਂ ਨਾਂ ਚੜ੍ਹ ਜਾਣ-

ਪਾਥਰਿ ਘੜਕੈ ਮੂਰਤਿ ਕੀਨੀ ਦੇ ਕੇ ਛਾਤੀ ਪਾਉਂ॥

ਜੇ ਇਹੁ ਮੂਰਤਿ ਸਾਚੀ ਹੈ ਤਾਂ ਗੜਨਹਾਰੇ ਖਾਉ...

ਭੋਗਣਹਾਰੇ ਭੋਗਿਆ ਇਸੁ ਮੂਰਤਿ ਕੇ ਮੁਖਿ ਛਾਰੁ (੪੭੯)

ਗੁਰੂ ਨਾਨਕ ਦੇਵ ਜੀ ਤਾਂ ਕਹਿੰਦੇ ਹਨ ਕਿ "ਅਕਾਲ ਮੂਰਤਿ" ਉਹ ਸਰੂਪ ਸਮੇਂ ਤੋਂ ਰਹਿਤ ਹੈ, ਉਸ ਦੀ ਮੂਰਤੀ ਜਾਂ ਫੋਟੋ ਬਣਾ ਕੇ ਕਿਸੇ ਵੀ ਧਰਮ ਅਸਥਾਨ ਵਿੱਚ ਸਥਾਪਤ ਹੀ ਨਹੀਂ ਕੀਤੀ ਜਾ ਸਕਦੀ-ਥਾਪਿਆ ਨ ਜਾਇ ਕੀਤਾ ਨ ਹੋਇ॥ਆਪੇ ਆਪਿ ਨਿਰੰਜਨੁ ਸੋਇ (ਜਪੁਜੀ) ਗੁਰੂ ਦੀ ਮੂਰਤਿ ਭਾਵ ਸਰੂਪ ਦਾ ਤਾਂ ਮਨ ਆਤਮਾਂ ਵਿੱਚ ਹੀ ਧਿਆਂਨ ਧਰਿਆ ਜਾ ਸਕਦਾ ਹੈ ਉਹ ਅੱਖਾਂ ਦੇ ਵੇਖਣ ਦਾ ਵਿਸ਼ਾ ਨਹੀਂ-

ਗੁਰ ਕੀ ਮੂਰਤਿ ਮਨਿ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤਰਿ ਮਨਿ ਮਾਨੁ॥(੮੬੪)

ਹੱਥ ਨਾਲ ਘੜ ਕੇ, ਕਾਗਜ਼ ਉੱਪਰ ਚਿੱਤ੍ਰਕਾਰੀ ਕਰਕੇ ਜਾਂ ਅੱਜ ਦੇ ਅਧੁਨਿਕ ਕੈਮਰਿਆਂ ਰਾਹੀਂ ਬਣਾਈਆਂ ਗਈਆਂ ਮੂਰਤਾਂ ਨਾਂ ਕੁਛ ਖਾਂਦੀਆਂ ਪੀਂਦੀਆਂ ਜਾਂ ਬੋਲਦੀਆਂ ਹਨ-ਨ ਕਿਛੁ ਬੋਲੈ ਨ ਕਿਛੁ ਦੇਇ॥ਫੋਕਟ ਕਰਮ ਨਿਹਫਲ ਹੈ ਸੇਵ (੧੧੬੦) ਹਿੰਦੂ ਲੋਕ ਆਪੂੰ ਬਣਾਈਆਂ ਮੂਰਤਾਂ ਵਿੱਚ ਹੀ ਨਾਮ ਦਾ ਵਾਸਾ ਸਮਝੀ ਬੈਠੇ ਹਨ।ਇਸੇ ਕਰਕੇ ਮੰਦਰਾਂ ਵਿੱਚ ਮੂਰਤਾਂ ਹੀ ਭਗਵਾਨ ਦਾ ਰੂਪ ਸਮਝ ਕੇ ਪੂਜੀਆਂ ਜਾਂਦੀਆਂ ਹਨ-ਹਿੰਦੂ ਮੂਰਤਿ ਨਾਮ ਨਿਵਾਸੀ (੧੩੪੯) ਹਿੰਦੂ ਮੂਲੋਂ ਹੀ ਕੁਰਾਹੇ ਪਏ ਹੋਏ ਨਾਰਦ ਦੇ ਮੱਗਰ ਲੱਗ ਕੇ ਮੂਰਤੀ ਪੂਜਾ ਕਰੀ ਜਾ

ਰਹੇ ਹਨ-

ਹਿੰਦੂ ਮੂਲੇ ਭੂਲੇ ਅਖੁਟੀ ਜਾਹੀ॥ਨਾਰਦਿ ਕਹਿਆ ਸੇ ਪੂਜਿ ਕਰਾਹੀ॥

ਅੰਧੇ ਗੂੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਾਵਾਰੁ॥(੫੫੬)

ਮਹਾਂਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਸਿੱਖ ਧਰਮ ਵਿੱਚ ਮੂਰਤਾਂ ਦੀ ਵਿਕਰੀ ਜਾਂ ਪੂਜਾ ਦਾ ਕੋਈ ਪ੍ਰਮਾਣ ਨਹੀਂ ਮਿਲਦਾ ਸਗੋਂ ਮਹਾਂਰਾਜੇ ਦੇ ਰਾਜ ਵੇਲੇ ਨਿਰਮਲੇ ਉਦਾਸੀ ਆਦਿਕ ਹਿੰਦੂ ਬ੍ਰਾਹਮਣ ਟਾਈਪ ਸਾਧੂਆਂ ਨੇ ਗੁਰੂ ਘਰਾਂ ਵਿੱਚ ਵੀ ਮੰਦਿਰਾਂ ਦੀ ਤਰ੍ਹਾਂ ਮੂਰਤੀ ਪੂਜਾ ਸ਼ੁਰੂ ਕਰ ਦਿੱਤੀ, ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਵੀ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਰੱਖ ਦਿੱਤੀਆਂ ਗਈਆਂ। ਦੇਖਾ ਦੇਖੀ ਲੋਕ ਘਰਾਂ ਵਿੱਚ ਵੀ ਰੱਖਣ ਲੱਗ ਪਏ ਇਥੋਂ ਤੱਕ ਕਿ ਘਰਾਂ ਦੇ ਬਾਹਰਲੇ ਵੱਡੇ ਦਰਵਾਜਿਆਂ ਉੱਪਰ ਵੀ ਗੁਰੂਆਂ ਦੀਆਂ ਵੱਡ ਅਕਾਰੀ ਪੱਥਰ ਦੀਆਂ ਮੂਰਤਾਂ ਟਿਕਾਈਆਂ ਜਾਣ ਲੱਗੀਆਂ। ਜਦ ਸਿੰਘ ਸਭਾ ਲਹਿਰ ਚੱਲੀ ਤਾਂ ਓਦੋਂ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿੱਚੋਂ ਮੂਰਤੀਆਂ ਚੁੱਕ ਦਿੱਤੀਆਂ ਗਈਆਂ। ਇਨ੍ਹਾਂ ਮੂਰਤੀ ਪੂਜਕ ਸਾਧਾਂ ਨੂੰ ਵੱਡੇ ਵੱਡੇ ਗੁਰਦੁਆਰਿਆਂ ਵਿੱਚੋਂ ਤਾਂ ਕੱਢ ਦਿੱਤਾ ਗਿਆ ਪਰ ਇਨ੍ਹਾਂ ਨੇ ਪਿੰਡਾਂ ਸ਼ਹਿਰਾਂ ਵਿੱਚ ਨਵੇਕਲੇ ਡੇਰੇ ਬਣਾ ਲਏ ਤੇ ਅੰਦਰੋ ਅੰਦਰੀ ਬ੍ਰਾਹਮਣੀ ਪ੍ਰਚਾਰ ਜਾਰੀ ਰੱਖਿਆ ਅਤੇ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਵਿਚਾਰਧਾਰਾ ਨਾਲੋਂ ਤੋੜਨ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਮੂਰਤੀਆਂ ਵਾਂਗ ਧੂਫਾਂ ਧੁਖਾਉਣੀਆਂ, ਰੰਗ ਬਰੰਗੇ ਰੁਮਾਲੇ ਚੜ੍ਹਾਉਣੇ ਅਤੇ ਕਈ ਕਿਸਮ ਦੇ ਮੰਤ੍ਰਪਾਠ ਕਰਨੇ ਸ਼ੁਰੂ ਕਰ ਦਿੱਤੇ। ਪਾਠਾਂ ਦੇ ਫਲ ਵੀ ਵੱਖ ਵੱਖ ਦੱਸ ਕੇ ਲੋਕਾਂ ਨੂੰ ਵੱਧ ਤੋਂ ਵੱਧ ਪਾਠ ਕਰਾਉਣ ਦੀ ਪ੍ਰੇਰਣਾ ਦਿੱਤੀ ਜਾਣ ਲੱਗੀ ਤੇ ਪ੍ਰਚਾਰ ਕੀਤਾ ਗਿਆ ਕਿ ਡੇਰਿਆਂ ਸੰਪ੍ਰਦਾਵਾਂ ਦੇ ਪਾਠੀ ਹੀ ਸ਼ੁੱਧ ਪਾਠ ਕਰ ਸਕਦੇ ਹਨ। ਆਮ ਸਿੱਖ ਤੇ ਖਾਸ ਕਰਕੇ ਬੀਬੀਆਂ ਤਾਂ ਪਾਠ ਕਰ ਹੀ ਨਹੀਂ ਸਕਦੀਆਂ ਕਿਉਂਕਿ ਉਹ ਮਹਾਂਵਾਰੀ ਕਰਕੇ ਪਲੀਤ ਰਹਿੰਦੀਆਂ ਹਨ। ਇਉਂ ਲੋਕਾਂ ਨੂੰ ਗੁਰੂ ਗਿਆਂਨ ਨਾਲੋਂ ਤੋੜ ਦਿੱਤਾ ਗਿਆ ਤੇ ਲੋਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਇੱਕ ਮੂਰਤਿ ਦੀ ਤਰ੍ਹਾਂ ਪੂਜਣ ਅਤੇ ਆਪ ਬਾਣੀ ਪੜਨ ਦੀ ਥਾਂ ਸਾਧਾਂ ਕੋਲੋਂ ਪਾਠ ਕਰਾਉਣ ਲੱਗ ਪਏ ਜਦ ਕਿ ਹਰੇਕ ਸਿੱਖ ਨੂੰ ਆਪ ਬਾਣੀ ਦਾ ਪਾਠ ਵਿਚਾਰ ਨਾਲ ਕਰਕੇ ਅਮਲ ਕਰਨਾ ਚਾਹੀਦਾ ਹੈ।

ਇਨ੍ਹਾਂ ਸਾਧਾਂ ਵਿੱਚੋਂ ਨਾਨਕਸਰੀਏ ਜਿੱਥੇ ਆਪਣੇ ਡੇਰਿਆਂ (ਮਹਲਾਂ ਨੂੰ ਠਾਠਾਂ) ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਨੀਂ ਪਾਸੀਂ ਗੁਰੂਆਂ ਦੀਆਂ ਤੇ ਹੌਲੀ-ਹੌਲੀ ਆਪਣੇ ਸਾਧਾਂ-ਸੰਤਾਂ ਦੀਆਂ ਫੋਟੋਆਂ ਰੱਖ ਕੇ ਗੁੱਗਲ ਆਦਿਕ ਦੀਆਂ ਧੂਫਾਂ ਦੇਣ ਲੱਗ ਪਏ ਓਥੇ ਇਹ ਨਾਨਕਸਰੀਏ ਜਦ ਸ਼ਰਧਾਲੂਆਂ ਦੇ ਘਰਾਂ ਵਿੱਚ ਵੀ ਮੂੰਹ ਬੰਨ੍ਹ ਕੇ ਪਾਠ ਕਰਦੇ ਹਨ ਤਾਂ ਗੁਰੂ ਗ੍ਰੰਥ ਜੀ ਦੇ ਦੋਵੇ ਪਾਸੇ ਬਾਬਾ ਨੰਦ ਸਿੰਘ ਜਾਂ ਈਸ਼ਰ ਸਿੰਘ ਦੀਆਂ ਫੋਟੋਆਂ ਜਾਂ ਇੱਕ ਪਾਸੇ ਗੁਰੂ ਨਾਨਕ ਤੇ ਦੂਜੇ ਪਾਸੇ ਬਾਬਾ ਨੰਦ ਸਿੰਘ ਦੀ ਫੋਟੋ ਰੱਖਦੇ ਹਨ ਅਤੇ ਇਹ ਵੀ ਪ੍ਰਚਾਰ ਕਰਦੇ ਹਨ ਕਿ ਇਹ ਫੋਟੋ ਗੁਰੂ ਨਾਨਕ ਜੀ ਆਪ ਨਾਨਕਸਰ ਆ ਕੇ ਬਣਵਾ ਕੇ ਗਏ ਸਨ। ਇਸ ਲਈ ਇਹ ਸਾਡੇ ਡੇਰੇ ਵਾਲੀ ਫੋਟੋ ਹੀ ਅਸਲੀ ਹੈ।ਇਉਂ ਫੋਟੋ ਦੀ ਵਿਲੱਖਣਤਾ ਦੱਸ ਕੇ ਇਸ ਦੀ ਵਿਕਰੀ ਨਾਲ ਖੂਬ ਕਮਾਈ ਕੀਤੀ ਤੇ ਕਰ ਰਹੇ ਹਨ। ਨਵੇਂ ਆਰਟਿਸਟਾਂ ਨੇ ਵੀ ਵੱਖਰੇ-ਵੱਖਰੇ ਪੋਜਾਂ ਚ' ਗੁਰੂਆਂ-ਭਗਤਾਂ

ਦੀਆਂ ਤਸਵੀਰਾਂ ਬਣਾ ਕੇ ਜਿੱਥੇ ਖੂਬ ਕਮਾਈ ਕੀਤੀ ਓਥੇ ਆਮ ਸਿੱਖਾਂ ਨੂੰ ਵੀ ਮੂਰਤੀ ਪੂਜਾ ਵੱਲ ਲਾ ਦਿੱਤਾ। ਅੱਜ ਸਿੱਖ ਏਨਾਂ ਨਿਘਰ ਗਿਆ ਹੈ ਕਿ ਉਸ ਨੇ ਗੁਰਦੁਆਰਿਆਂ ਵਿੱਚ ਗੁਰੂਆਂ-ਭਗਤਾਂ ਦੀਆਂ ਮੂਰਤਾਂ-ਫੋਟੋਆਂ ਜਿਥੇ ਵੇਚਣੀਆਂ ਸ਼ੁਰੂ ਕਰ ਦਿੱਤੀਆਂ ਹਨ ਓਥੇ ਕਈ ਗੁਰੂ ਘਰਾਂ ਵਿਖੇ ਇਹ ਫੋਟੋਆਂ ਲਗਾ ਵੀ ਦਿੱਤੀਆਂ ਗਈਆਂ ਹਨ। ਜਿਸ ਦਾ ਅਸਰ ਅੱਜ ਗੁਰਦੁਆਰਿਆਂ ਵਿੱਚ ਮਨੋ ਕਲਪਿਤ ਫੋਟੋਆਂ ਵੱਧ ਅਤੇ ਗੁਰਬਾਣੀ ਇਤਿਹਾਸ ਤੇ ਫਿਲਾਸਫੀ ਦੀਆਂ ਪੁਸਤਕਾਂ ਜਾਂ ਗ੍ਰੰਥ ਬਹੁਤ ਘੱਟ ਵਿਕ ਰਹੇ ਹਨ। ਅੱਜ ਦਾ ਸਿੱਖ ਗੁਰਬਾਣੀ ਵਿਚਾਰ ਨਾਲੋਂ ਫੋਟੋ ਨੂੰ ਹੀ ਧੂਫ ਧੁਖਾ ਅਤੇ ਮੱਥਾ ਟੇਕ ਕੇ ਆਪਣੇ ਆਪ ਨੂੰ ਖੁਸ਼ਕਿਸਮਤ ਸਮਝ ਰਿਹਾ ਹੈ। ਸਾਧ ਸੰਗਤ ਜੀ ਦਰਬਾਰ ਸਾਹਿਬ ਚੋਂ ਫੋਟਆਂ ਤਾਂ ਸਿੰਘ ਸਭਾ ਲਹਿਰ ਨੇ ਚੁਕਾਈਆਂ ਸਨ। ਜਰਾ ਸੋਚੋ! ਅੱਜ ਕਿਹੜੀ ਲਹਿਰ ਇਨ੍ਹਾਂ ਮਹਿੰਗੀਆਂ-ਮਹਿੰਗੀਆਂ ਫੋਟੋਆਂ-ਤਸਵੀਰਾਂ ਨੂੰ ਧਰਮ-ਅਸਥਾਨਾਂ ਵਿੱਚੋਂ ਚੁਕਾਏਗੀ? ਗੁਰਦੁਆਂਰਿਆਂ ਦੇ ਪ੍ਰਬੰਧਕ ਇਧਰ ਧਿਆਨ ਕਿਉਂ ਨਹੀਂ ਦੇ ਰਹੇ? ਕੌਮ ਦਾ ਬਹੁਤਾ ਸਰਮਾਇਆ ਬਜਾਏ ਸਿੱਖੀ ਪ੍ਰਚਾਰ ਦੇ ਅਜਿਹੇ ਕਰਮਕਾਂਡਾਂ ਵਿੱਚ ਹੀ ਖਤਮ ਕਿਉਂ ਹੋ ਰਿਹਾ ਹੈ?

ਗੁਰੂਆਂ-ਭਗਤਾਂ ਨੇ ਤਾਂ ਮੂਰਤੀ ਪੂਜਾ ਤੋਂ ਜਨਤਾ ਦਾ ਖਹਿੜਾ ਛੁਡਾਇਆ ਸੀ। ਇਸ ਕਰਕੇ ਆਪਣੀ ਵੀ ਕੋਈ ਫੋਟੋ ਨਹੀਂ ਬਣਵਾਈ ਸਗੋਂ ਇਹ ਉਪਦੇਸ਼ ਦਿੱਤਾ ਕਿ-ਗੁਰਿ ਮੂਰਤਿ **ਗੁਰਿ ਸਬਦੁ ਹੈ ਸਾਧ ਸੰਗਤਿ ਵਿਚਿ ਪ੍ਰਗਟੀ ਆਇਆ (ਭਾ. ਗੁ.)** ਇਸਲਾਮ ਦੁਨੀਆਂ ਦਾ ਦੂਜਾ ਵੱਡਾ ਧਰਮ ਹੈ ਜਿੱਥੇ ਮੂਰਤੀ ਪੂਜਾ ਨੂੰ ਕੋਈ ਥਾਂ ਨਹੀਂ, ਕਿਸੇ ਵੀ ਮੁਸਲਿਮ ਵੀਰ ਦੇ ਘਰ ਜਾਂ ਮਸਜਿਦ ਵਿੱਚ ਮੁਹੰਮਦ ਸਾਹਿਬ ਦੀ ਫੋਟੋ ਨਹੀਂ ਪਰ ਆਪਣੇ ਪਿਆਰੇ ਪੈਗੰਬਰ ਲਈ ਸਤਿਕਾਰ ਏਨਾਂ ਹੈ ਕਿ ਕਿਸੇ ਵਿਅਕਤੀ ਜਾਂ ਆਰਟੈਸਿਟ ਵਿੱਚ ਹਿੰਮਤ ਨਹੀਂ ਕਿ ਉਹ ਮੁਹੰਮਦ ਸਾਹਿਬ ਦੀ ਤਸਵੀਰ ਬਣਾ ਸਕੇ। ਇਸ ਲਈ ਇਸਲਾਮ ਬੁੱਤ ਸ਼ਿਕੰਨ ਹੈ ਬੁੱਤ ਪ੍ਰਸਤ ਨਹੀਂ। ਬੁੱਤ ਪੂਜਾ ਤਾਂ ਹਿੰਦੂ ਧਰਮ ਦਾ ਵਿਧਾਨ ਹੈ, ਸਿੱਖ ਧਰਮ ਦਾ ਨਹੀਂ। ਸਿੱਖ ਕਿਸੇ ਦੇ ਵੀ ਧਰਮ ਵਿੱਚ ਦਖਲ ਨਹੀਂ ਦਿੰਦਾ ਅਤੇ ਬੁੱਤ ਨਹੀਂ ਤੋੜਦਾ ਫਿਰਦਾ ਸਗੋਂ ਗੁਰੂ ਗਿਆਨ ਦੀ ਪ੍ਰੇਰਨਾਂ ਕਰਦਾ ਹੈ ਕਿ ਭਾਈ ਕਿਸੇ ਦੀ ਬਣਾਈ ਮੂਰਤਿ ਨਾਲੋਂ ਪ੍ਰਭੂ ਪ੍ਰਮਾਤਮਾਂ ਅੱਲਾ ਤਾਲਾ ਵਾਹਿਗੁਰੂ ਕਰਤਾਰ ਦਾ ਹੀ ਨਾਮ ਜਪੋ, ਇਹ ਹੀ ਸੱਚੀ ਪੂਜਾ ਹੈ-

ਪੂਜਾ ਕੀਚੈ ਨਾਮ ਧਿਆਈਐ ਵਿਣੁ ਨਾਵੈ ਪੂਜ ਨ ਹੋਈ (੪੮੯)

ਸਿੱਖ ਵਾਸਤੇ ਤਾਂ ਇਹ ਵਿਧਾਨ ਹੈ:-

ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦਿਦਾਰ ਖ਼ਾਲਸੇ ਕਾ

ਹਾਂ ਇਹ ਵੱਖਰੀ ਗੱਲ ਹੈ ਕਿ ਇੱਕ ਯਾਦਗਾਰ ਦੇ ਤੌਰ ਤੇ ਸਿੰਘ-ਸਿੰਘਣੀਆਂ-ਜੋਧਿਆਂ ਦੀਆਂ ਅਸਲੀ ਤਸਵੀਰਾਂ ਗੁਰਦੁਆਰੇ ਤੋਂ ਵੱਖਰੇ ਕਮਰੇ ਗੈਲਰੀ ਜਾਂ ਅਜਾਇਬ ਘਰ ਵਿੱਚ ਇਤਿਹਾਸਕ ਤੌਰਤੇ ਤਾਂ ਰੱਖੀਆਂ ਜਾ ਸਕਦੀਆਂ ਹਨ ਪਰ ਪੂਜੀਆਂ ਨਹੀਂ ਜਾ ਸਕਦੀਆਂ। ਅੱਜ ਸਾਨੂੰ ਫੋਟੋਆਂ ਦੀ ਨਮਾਇਸ਼ ਦੇ ਥਾਂ, ਗੁਰੂ ਗਿਆਨ, ਫਿਲਾਸਫੀ ਅਤੇ ਇਤਿਹਾਸ ਨਾਲ ਸਬੰਧਤ ਪੁਸਤਕਾਂ, ਕੈਸਟਾਂ, ਵੀਡੀਓ ਅਤੇ ਸੀਡੀਆਂ ਦੀ ਲਾਉਣੀ ਚਾਹੀਦੀ ਹੈ। ਸਟਾਲਾਂ

ਲਾਉਣ ਵਾਲੇ ਸਿੰਘਾਂ ਨੂੰ ਵੀ ਇਧਰ ਖਾਸ ਧਿਆਨ ਦੇਣ ਦੀ ਲੋੜ ਹੈ ਜੇ ਉਨ੍ਹਾਂ ਨੇ ਫੋਟੋਆਂ ਵੇਚਣੀਆਂ ਹੀ ਹਨ ਤਾਂ ਵਧੀਆ-ਵਧੀਆ ਸੀਨਰੀਆਂ ਅਤੇ ਇਤਿਹਾਸਕ ਥਾਵਾਂ ਅਤੇ ਸ਼ਹੀਦ ਸਿੰਘਾਂ-ਸਿੰਘਣੀਆਂ ਦੀਆਂ ਦਿਲਕਸ਼ ਤਸਵੀਰਾਂ ਵੇਚਣ ਨਾਂ ਕਿ ਗੁਰੂਆਂ-ਭਗਤਾਂ ਦੀਆਂ ਮਨੋ ਕਲਪਿਤ ਫੋਟੋਆਂ ਹੀ ਵੇਚੀ ਜਾਣ। ਮੂਰਤੀਆਂ ਨੂੰ ਪ੍ਰੇਮੀ ਧੂਫਾਂ ਧੁਖਾ ਕੇ ਪੂਜਣ ਲੱਗ ਜਾਂਦੇ ਹਨ, ਫੋਟੋਆਂ ਵਿੱਚ ਕਿਤੇ ਮੁੱਛਾਂ ਤੇ ਦਾੜੀ ਟਰਿਮ ਕੀਤੀ ਹੋਈ ਹੈ ਅਤੇ ਕਿਤੇ ਬੁੱਲ੍ਹਾਂ ਤੇ ਸੁਰਖੀ ਬਿੰਦੀ ਲਾਈ ਹੋਈ ਹੈ। ਇੱਕੋ ਹੀ ਗੁਰੂ ਦੀਆਂ ਵੱਖ-ਵੱਖ ਫੋਟੋਆਂ ਆਪਸ ਵਿੱਚ ਨਹੀਂ ਮਿਲਦੀਆਂ ਕਿਉਂਕਿ ਅਸਲੀ ਨਹੀਂ ਹਨ, ਜੇ ਗੁਰੂ ਸਾਹਿਬ ਨੇ ਮੂਰਤੀ ਪੂਜਾ ਕਰਾਉਣੀ ਹੁੰਦੀ ਤਾਂ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਕਿਉਂ ਲਾਉਂਦੇ? ਜਾਂ ਆਪਣੀਆਂ ਫੋਟੋਆਂ ਖੁਦ ਆਪ ਬਣਾ ਕੇ ਦੇ ਜਾਂਦੇ ਅਤੇ ਇਹ ਨਾਂ ਲਿਖਦੇ-

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰ ਨਾਈ॥
ਓਇ ਲੇ ਜਾਰਹਿ ਓਇ ਲੇ ਗਾਡਹਿ ਤੇਰੀ ਗਤਿ ਦੁਹੂੰ ਨ ਪਾਈ (੬੫੪)

ਹੁਣ ਤਾਂ ਆਵਾ ਹੀ ਊਤਿਆ ਹੋਇਆ ਹੈ ਨਾਨਕਸਰੀਏ, ਰਾੜੇਵਾਲੇ, ਪਹੇਵੇ ਵਾਲੇ, ਸਰਸੇ ਵਾਲੇ, ਭੰਨਿਆਰੇ ਵਾਲੇ, ਰਾਧਾ ਸੁਆਮੀ, ਨਾਮਧਾਰੀ, ਨੀਲਧਾਰੀ ਅਤੇ ਸੰਪ੍ਰਦਾਈ ਡੇਰੇਦਾਰਾਂ ਆਦਿਕ ਸਾਧਾਂ ਦੀਆਂ ਫੋਟੋਆਂ ਘਰਾਂ ਵਿੱਚ ਰੱਖ ਪੂਜੀਆਂ ਜਾ ਰਹੀਆਂ ਹਨ। ਐਸਾ ਕਿਉਂ ਹੋ ਰਿਹਾ ਹੈ? ਇੱਧਰ ਸਾਨੂੰ ਫੌਰੀ ਧਿਆਨ ਦੇਣ ਦੀ ਲੋੜ ਹੈ ਕਿਉਕਿ ਅਸੀਂ "ਅਕਾਲ ਮੂਰਤਿ" ਦੇ ਪੁਜਾਰੀ ਹਾਂ ਜੋ ਸਮੇਂ ਕਾਲ ਤੋਂ ਰਹਿਤ ਅਤੇ ਸਰਬਨਿਵਾਸੀ ਹੈ।ਅੱਜ ਸਾਨੂੰ ਸ੍ਰ. ਗੁਰਮੁਖ ਸਿੰਘ, ਗਿ. ਦਿੱਤ ਸਿੰਘ ਵਰਗੇ ਪ੍ਰਚਾਰਕਾਂ ਅਤੇ ਪ੍ਰਬੰਧਕਾਂ ਦੀ ਲੋੜ ਹੈ ਜਿਨ੍ਹਾਂ ਨੇ ਤੱਤ ਗੁਰਮਤਿ ਦਾ ਪ੍ਰਚਾਰ ਕਰਦੇ ਅਤੇ ਗੁਰਮਤਿ ਸਿਧਾਂਤਾਂ ਤੇ ਪਹਿਰਾ ਦਿੰਦੇ ਹੋਏ, ਮੂਰਤੀਆਂ ਗੁਰਦੁਆਰਿਆਂ ਵਿੱਚੋਂ ਬੜੀ ਦਲੇਰੀ ਨਾਲ ਚੁੱਕ ਦਿੱਤੀਆਂ ਸਨ।ਇਸ ਲਈ ਗੁਰੂਆਂ-ਭਗਤਾਂ ਦੀਆਂ ਤਸਵੀਰਾਂ ਜਾਂ ਮੂਰਤੀਆਂ ਗੁਰਦੁਆਰਿਆਂ ਵਿੱਚ ਵੇਚਣੀਆਂ ਅਤੇ ਖ੍ਰੀਦਣੀਆਂ ਸਿੱਖਾਂ ਲਈ ਮਨਮਤਿ ਹਨ।

-o-

ਮਧਿ ਦੀ ਅਰਦਾਸ ਅਤੇ ਗੁਰਮਤਿ

ਜੇ ਬਾਈਬਲ ਅਤੇ ਕੁਰਾਨ ਦੇ ਬ੍ਰਾਹਮਣਾ ਵਾਂਗ ਤੋਤਾ ਰਟਨ ਪਾਠ ਨਹੀਂ ਕੀਤੇ ਜਾਂਦੇ ਸਗੋਂ ਵਿਚਾਰ ਕੀਤੀ ਜਾਂਦੀ ਹੈ ਤਾ ਫਿਰ ਗੁਰੂ ਗ੍ਰੰਥ ਜੋ ਹੈ ਹੀ ਗਿਆਨ ਦਾ ਭੰਡਾਰ ਇਸ ਦੇ ਕਿਉਂ? ਗੁਰਬਾਣੀ ਦਾ ਪਾਠ ਵਿਚਾਰ ਕੇ ਸਮਝਣ ਲਈ ਕੀਤਾ ਜਾਂਦਾ ਹੈ ਨਾਂ ਕਿ ਕਿਸੇ ਮੰਤ੍ਰ ਦੇ ਤੋਤਾ ਰਟਨ ਦੀ ਤਰ੍ਹਾਂ। ਗੁਰਬਾਣੀ ਸਿਧਾਤਾ ਨੂੰ ਨਾ ਸਮਝਣ ਕਰਕੇ ਹੀ ਸਾਡੇ ਵਿੱਚ ਕਰਮਕਾਡ ਵਧਦੇ ਜਾ ਰਹੇ ਹਨ। ਪਾਠੀ ਨੂੰ ਚੁੱਪ ਕਰਾ ਕੇ ਚਲਦੇ ਪਾਠ ਵਿੱਚ ਹੀ ਅਰਦਾਸ ਕਰਨ ਲੱਗ ਜਾਣਾ ਕਰਮਕਾਡੀ ਮਨਮਤਿ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਅਖੰਡ ਪਾਠ ਅਰਦਾਸ ਨਾਲ ਹੀ ਆਰੰਭ ਕੀਤਾ ਜਾਂਦਾ ਅਤੇ ਅਰਦਾਸ ਨਾਲ ਹੀ ਸਮਾਪਤ ਹੁੰਦਾ ਹੈ। ਇੱਕ ਸਮੇਂ ਇੱਕ ਕਰਮ ਹੋ ਸਕਦਾ ਹੈ, ਪਾਠ, ਕੀਰਤਨ, ਕਥਾ ਜਾ ਅਰਦਾਸ। ਵਿੱਚੇ ਪਾਠ, ਕੀਰਤਨ, ਕਥਾ ਜਾ ਅਰਦਾਸ ਨਹੀਂ ਹੋ ਸਕਦੀ। ਸੋ ਲੋੜ ਮਧਿ ਸ਼ਬਦ ਨੂੰ ਸਮਝਣ ਦੀ ਹੈ ਇਹ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਵਿੱਚਕਾਰ, ਵਿੱਚ ਅਤੇ ਵਰਤਮਾਨ। ਇਸ ਸ਼ਬਦ ਦੇ ਚਾਰ ਰੂਪ ਹਨ ਮਧ, ਮਧੁ, ਮਧਿ ਅਤੇ ਮਧਯਮ। ਮਧਿ ਦੇ ਕਈ ਹੋਰ ਵੀ ਅਰਥ ਹਨ ਪਰ ਆਪਾ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰਬਰ ੭੦੫ ਤੇ ਆਏ ਮਧਿ ਲਫਜ਼ ਦੇ ਹੀ ਅਰਥ ਕਰਨੇ ਹਨ। ਇਸ ਸ਼ਬਦ ਬਾਰੇ ਸੰਪ੍ਰਾਈਆ ਅਤੇ ਡੇਰੇਦਾਰਾ ਨੇ ਗਲਤ ਅਰਥ ਕਰਕੇ ਭੁਲੇਖਾ ਪਾਇਆ ਹੈ। ਯਥਾਰਥੀ ਅਰਥ ਕਰਨ ਦੀ ਬਜਾਇ ਇੱਕ ਕਰਮਕਾਡ ਨਾਲ ਜੋੜਿਆ ਹੈ। ਜੇ ਮਧਿ ਸ਼ਬਦ ਉੱਤੇ ਹੀ ਅਰਦਾਸ ਦਾ ਵਿਧਾਨ ਹੁੰਦਾ ਤਾ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਹੋਰ ਵੀ ਕਈ ਥਾਈ ਇਹ ਸਬਦ ਆਇਆ ਹੈ ਓਥੇ ਕਿਉਂ ਨਹੀਂ ਅਰਦਾਸ ਕੀਤੀ ਜਾਂਦੀ?

ਅਰਦਾਸ ਕਰਦੇ ਹਾ ਅਖੰਡਪਾਠ ਨਿਰਵਿਘਨਤਾ ਸਹਿਤ ਸੰਪੂਰਨ ਹੋਵੇ, ਇਸ ਤੇ ਵਿਸ਼ਵਾਸ਼ ਵੀ ਕਰਨਾ ਚਾਹੀਦਾ ਹੈ ਫਿਰ ਕਿਉਂ ਅਖੰਡ ਪਾਠ ਰੱਖੇ ਦੇ ਦੂਸਰੇ ਦਿਨ ਜਦ ਪਾਠ ੭੦੫ ਅੰਗ ਤੇ- **ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ** ਤੇ ਆਉਂਦਾ ਹੈ ਪਾਠੀ ਸਿੰਘ ਅਤੇ ਘਰ ਵਾਲੇ ਚਉਕੰਨੇ ਹੋ ਜਾਂਦੇ ਹਨ?-ਮਧਿ ਦੀ ਅਰਦਾਸ ਦੀ ਦੌੜ-ਭੱਜ ਸ਼ੁਰੂ ਹੋ ਜਾਂਦੀ ਹੈ। ਜੇ ਪਾਠ ੭੦੫ ਅੰਗ ਤੋਂ ਪਿਛੇ ਹੈ ਤਾ ਤੇਜ ਕਰਨ ਵਾਸਤੇ ਕਿਹਾ ਜਾਂਦਾ ਹੈ ਜੇ ਅਡਵਾਸ ਹੈ ਤਾ ਹੌਲੀ-ਹੌਲੀ ਕਿਉਂਕਿ ਅਜੇ ਮਧਿ ਦਾ ਟਾਈਮ ਨਹੀਂ ਆਇਆ, ਅਜੇ ਘਰ ਵਾਲੇ ਨਹੀਂ ਆਏ ਜਾ ਫਲਾਨਾ ਰਿਸ਼ਤੇਦਾਰ ਜਾ ਆਗੂ ਨਹੀਂ ਆਇਆ। ਪਾਠੀ ਨੂੰ ਚੁੱਪ ਕਰਵਾ ਕੇ ਉੱਚੀ ਬੋਲ ਕੇ ਮਧਿ ਦੀ ਅਰਦਾਸ ਕਰਕੇ, ਇਵੇਂ ਅਖੰਡ ਪਾਠ ਖੰਡਨ ਕਰ ਦਿੱਤਾ ਜਾਂਦਾ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਤਾ ਅਖੰਡ ਪਾਠ ਦਾ ਭਾਵ ਹੈ ਲਗਾਤਾਰ, ਬਿਨਾ ਰੁਕੇ, ਬੋਲ ਕੇ ਪਾਠ ਕਰਨਾ, ਫਿਰ ੭੦੫ ਅੰਗ ਤੇ ਮਧਿ ਦੀ ਅਰਦਾਸ ਕਿਉਂ ਕੀਤੀ ਜਾਂਦੀ ਹੈ? ਜਿਸ ਦਾ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਧ (ਮਧਿ) ਨਾਲ ਕੋਈ ਸਬੰਧ ਨਹੀਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦੇ ੧੪੩੦ ਪੰਨੇ ਹਨ ਤੇ ਮਧਿ ੭੧੫ ਪੰਨੇ ਤੇ ਬਣਦਾ ਹੈ ਨਾ ਕਿ ੭੦੫ ਪੰਨੇ ਉੱਤੇ। **ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ**-ਜਿਸਦਾ ਤਾ ਭਾਵ ਹੈ ਕਿ ਕਰਤਾਰ ਆਦਿ ਵਿੱਚ

ਵੀ ਪੂਰਨ ਸੀ ਮਧਿ ਹੁਣ ਵੀ ਪੂਰਨ ਹੈ ਅਤੇ ਅੰਤਿ ਭਵਿਖ ਵਿੱਚ ਵੀ ਪੂਰਨ ਰਹੇਗਾ। ਇਸ ਭਾਵ ਦੀਆ ਤੁੱਕਾ ਹੋਰ ਵੀ ਕਈ ਥਾਈਂ ਗੁਰਬਾਣੀ ਵਿੱਚ ਅਈਆ ਹਨ ਫਿਰ ਓਥੇ-੨ ਕਿਉਂ ਨਹੀਂ ਮਧਿ ਲਵਾਇਆ ਜਾਦਾ?

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪ੍ਰਮੇਸੁਰਹ॥(੭੦੫) ਆਦਿ ਅੰਤੇ ਮਧਿ ਪੂਰਨ-(੫੪੮) ਆਦਿ ਅੰਤੇ ਮਧਿ ਪੂਰਨ ੧੦੧) ਆਦਿ ਮਧਿ ਅੰਤਿ ਹੈ ਸੋਊ-(੧੦੦੧) ਆਦਿ ਅੰਤੇ ਮਧਿ ਸੋਈ-(੪੫੮ ਆਦਿ ਅੰਤਿ ਮਧਿ-(੩੪੪) ਆਦਿ ਅੰਤੇ ਤੂੰਹੈਂ--(੯੮੮) ਆਦਿ ਅੰਤਿ ਮਧਿ ਨਾਨਕ- (੬੧੬) ਆਦਿ ਅੰਤਿ ਮਧਿ ਪ੍ਰਭੁ ਸੋਈ (੧੦੮੫) ਆਦਿ ਅੰਤਿ ਮਧਿ ਪ੍ਰਭੁ ਸੋਈ-(੧੦) ਆਦਿ ਮਧਿ ਅੰਤਿ- (੨੫੦) ਆਦਿ ਅੰਤਿ ਮਧਿ ਪ੍ਰਭੁ- (੭੮੪) ਆਦਿ ਮਧਿ ਅੰਤਿ ਪ੍ਰਭੁ- (੧੦੨) ਆਦਿ ਮਧਿ ਅੰਤਿ ਪ੍ਰਭੁ- (੧੦੮੨) ਆਦਿ ਮਧਿ ਅੰਤਿ ਪ੍ਰਭੁ--(੧੨੧੫) ਆਦਿ ਮਧਿ ਅੰਤਿ ਪ੍ਰਭ (੪੫੪) ਆਦਿ ਮਧਿ ਅੰਤਿ ਪ੍ਰਭੁ (੭੬੦) ਆਦਿ ਮਧਿ ਅੰਤਿ ਪ੍ਰਭੁ (੧੦੭੯) ਆਦਿ ਮਧਿ ਅੰਤਿ ਪ੍ਰਭੁ (੧੦੮੦) ਆਦਿ ਮਧਿ ਅਰੁ ਅੰਤਿ (੫੨੩) ਆਦਿ ਮਧਿ ਪ੍ਰਭੁ ਅੰਤਿ- (੮੨੫) ਆਦਿ ਮਧਿ ਜੋ ਅੰਤਿ ਨਿਬਾਹੇ(੨੪੦)।

ਉਪ੍ਰੋਕਤ ਹਰੇਕ ਤੁਕ ਵਿੱਚ ਉਸ ਕਰਣਹਾਰ ਕਰਤਾਰ ਦੀ ਗੱਲ ਹੈ ਜੋ ਭੂਤਕਾਲ, ਵਰਤਮਾਨਕਾਲ ਅਤੇ ਭਵਿਖਤਕਾਲ ਭਾਵ ਹਰ ਸਮੇਂ ਸਦੀਵੀ ਹੋਂਦ ਵਾਲਾ, ਇੱਕ-ਰਸ ਵਿਆਪਕ ਅਤੇ ਹਰ ਵੇਲੇ ਪੂਰਨ ਹੈ। ਸੰਸਾਰ ਦਾ ਆਦਿ,ਮਧਿ ਅਤੇ ਅੰਤਿ ਵੀ ਉਹੀ ਪਰੀ-ਪੂਰਨ ਪ੍ਰਮਾਤਮਾ ਹੈ। ਇਨ੍ਹਾ ਤੁਕਾ ਦਾ ਮਧਿ ਦੀ ਅਰਦਾਸ ਨਾਲ ਕੋਈ ਸਬੰਧ ਨਹੀਂ। ਸੋ ਚਲਦੇ ਅਖੰਡ ਪਾਠ ਵਿੱਚ ਮਧਿ ਦੀ ਅਰਦਾਸ ਕਰਨਾ ਭਾਰੀ ਮਨਮਤਿ ਹੈ। ਸਿੱਖ ਰਹਿਤ ਮਰਯਾਦਾ ਵਿੱਚ ਇਸੇ ਕਰਕੇ ਮਧਿ ਦੀ ਅਰਦਾਸ ਦਾ ਕੋਈ ਜਿਕਰ ਨਹੀਂ, ਜੋ ਫੌਰੀ ਬੰਦ ਹੋਣੀ ਚਾਹੀਦੀ ਹੈ। ਇਸ ਕਾਰਜ ਵਿੱਚ ਮਿਸ਼ਨਰੀ ਕਾਲਜਾ ਦੇ ਸਿਖਿਆਰਥੀ-ਰਾਗੀ, ਗ੍ਰੰਥੀ ਅਤੇ ਪ੍ਰਚਾਰਕ ਹੀ ਮਦਦ ਕਰ ਸਕਦੇ ਹਨ। ਸੰਪ੍ਰਦਾਈ ਗਿਆਨੀਆ ਤੇ ਡੇਰਾਧਾਰੀ ਗ੍ਰੰਥੀਆ ਨੇ ਕਦੇ ਬੰਦ ਨਹੀਂ ਕਰਨੀ ਕਿਉਂਕਿ ਉਹ ਸਿੱਖ ਰਹਿਤ ਮਰਯਾਦਾ ਨੂੰ ਹੀ ਨਹੀਂ ਮੰਨਦੇ। ਅੱਜ ਦੀ ਸ੍ਰੋਮਣੀ ਕਮੇਟੀ ਅਤੇ ਜਥੇਦਾਰ ਵੀ ਸਿੱਖ ਰਹਿਤ ਮਰਯਾਦਾ ਨੂੰ ਲਾਗੂ ਕਰਾਉਣ ਲਈ ਗੰਭੀਰ ਨਹੀਂ। ਇਸ ਕਰਕੇ ਵੱਖ-ਵੱਖ ਪਾਠਾ ਅਤੇ ਅਰਦਾਸਾ ਦੀਆ ਵਿੱਧੀਆ ਸੰਪ੍ਰਦਾਈਆ ਅਤੇ ਡੇਰੇਦਾਰਾਂ ਨੇ ਗੁਰੂ ਘਰਾ ਵਿਖੇ ਚਲਾ ਰੱਖੀਆ ਹਨ ਅਤੇ ਅਸੀਂ ਅੱਖੀਂ ਮੀਟ ਕੇ ਮੰਨੀ ਜਾ ਰਹੇ ਹਾ। ਸਿੱਖ ਇੱਕ ਵੱਖਰੀ ਕੌਮ ਹੈ ਅਤੇ ਇਸ ਦੇ ਵਿਧੀ ਵਿਧਾਨ ਵੀ ਬਾਕੀਆ ਨਾਲੋਂ ਵੱਖਰੇ ਹਨ। ਅੱਜ ਜੇ ਅਸੀਂ ਡੇਰੇਦਾਰ ਬਾਬਿਆ ਦੀ ਰੰਗ-ਬਰੰਗੀ ਮਰਯਾਦਾ ਨੂੰ ਛੱਡ ਕੇ ਪੰਥ ਪ੍ਰਵਾਣਿਤ *ਸਿੱਖ ਰਹਿਤ ਮਰਯਾਦਾ* ਮੰਨ ਲਈਏ ਤਾ ਥੋਪੇ ਗਏ ਉਪ੍ਰੋਕਤ ਕਰਮਕਾਡ ਤੋਂ ਬਚ ਸਕਦੇ ਹਾਂ।

-੦-

ਤੁਪਕਾ ਤੁਪਕਾ ਪਾਣੀ ਅਤੇ ਨੰਗੇ ਪੈਰ

ਸਿੱਖ ਨੇ ਹਰ ਉਹ ਕੰਮ ਕਰਨਾ ਹੈ ਜੋ ਸਾਰਥਕ ਹੋਵੇ ਨਾਂ ਕਿ ਨਿਰਾਰਥਕ, ਜਿਸ ਨਾਲ ਆਪ ਨੂੰ ਅਤੇ ਸਭ ਨੂੰ ਲਾਭ ਹੋਵੇ। ਅੱਜ ਦੇ ਸਮੇਂ ਤੁਪਕਾ-ਤੁਪਕਾ ਪਾਣੀ ਛਿੜਕਣ ਦਾ ਕੋਈ ਲਾਭ ਨਹੀਂ ਸਗੋਂ ਦੇਖਾ-ਦੇਖੀ ਹੀ ਕੀਤਾ ਜਾ ਰਿਹਾ ਹੈ। ਜਦ ਸ਼ਬਦ ਗੁਰੂ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਲੈ ਜਾਇਆ ਜਾਂਦਾ ਹੈ ਤਾਂ ਅੱਗੇ-ਅੱਗੇ ਤੁਪਕਾ-ਤੁਪਕਾ ਪਾਣੀ ਛਿੜਕਿਆ ਜਾਂਦਾ ਹੈ। ਕਈ ਵਾਰ ਕੜਾਹ-ਪ੍ਰਸ਼ਾਦ ਦੀ ਦੇਗ ਦੇ ਅੱਗੇ-ਅੱਗੇ ਵੀ ਅਜਿਹਾ ਕੀਤਾ ਜਾਂਦਾ ਹੈ ਜੋ ਕੇਵਲ ਕਰਮਕਾਂਡ ਤੇ ਭਰਮ ਹੈ। ਪਹਿਲੇ ਸਮੇਂ ਰਸਤੇ ਕੱਚੇ ਹੁੰਦੇ ਸਨ, ਧੂੜ ਮਿੱਟੀ ਉੱਡ ਕੇ ਉੱਪਰ ਪੈਂਦੀ ਸੀ, ਇਸ ਕਰਕੇ ਪਾਣੀ ਦਾ ਭਰਵਾਂ ਛਿੜਕਾਅ ਕੀਤਾ ਜਾਂਦਾ ਸੀ ਪਰ ਅੱਜ ਤਾਂ ਸੜਕਾਂ, ਰਸਤੇ ਪੱਕੇ ਹਨ ਫਿਰ ਵੀ ਤੁਪਕਾ-ਤੁਪਕਾ ਪਾਣੀ ਛਿੜਕਣਾ ਕੀ ਅਰਥ ਰੱਖਦਾ ਹੈ? ਭੇਡ-ਚਾਲ ਨਹੀਂ ਤਾਂ ਹੋਰ ਕੀ ਹੈ? ਹਾਂ ਜਿੱਥੇ ਪੈਦਲ ਤੁਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲੈ ਜਾਣੀ ਹੋਵੇ ਸਾਰਾ ਰਸਤਾ ਧੋਤਾ ਤੇ ਸਾਫ ਕੀਤਾ ਜਾਵੇ, ਨਾਲੀਆਂ ਦੇ ਆਸੀਂ ਪਾਸੀਂ ਕਲੀ ਪਾਈ ਜਾਵੇ ਇਹ ਤਾਂ ਹੈ ਸ਼ਰਧਾ ਤੇ ਸਤਿਕਾਰ। ਤੁਪਕਾ-ਤੁਪਕਾ ਪਾਣੀ ਤਾਂ ਫਾਰਮੈਲਿਟੀ ਪੂਰੀ ਕਰਨਾਂ ਅਤੇ ਲਕੀਰ ਦੇ ਫਕੀਰ ਬਣਨ ਵਾਲੀ ਗੱਲ ਹੈ। ਵਿਦੇਸ਼ਾਂ ਵਿਖੇ ਤਾਂ ਇਹ ਰੀਤ ਚੱਲ ਹੀ ਨਹੀਂ ਸਕਦੀ ਕਿਉਂਕਿ ਇਥੇ ਜਦ ਗੁਰੂ ਜੀ ਦੀ ਸਵਾਰੀ ਕਿਸੇ ਸੇਵਕ ਸਿੱਖ ਦੇ ਘਰ ਲੈ ਕੇ ਜਾਈਦੀ ਹੈ ਤਾਂ ਘਰ ਦੂਰ ਹੋਣ ਕਰਕੇ ਕਾਰ ਦੀ ਵਰਤੋਂ ਕਰਨੀ ਪੈਂਦੀ ਹੈ। ਤੁਪਕਾ-ਤੁਪਕਾ ਪਾਣੀ ਛਿੜਕਣ ਵਾਲੇ ਰਸਤੇ ਨੂੰ ਪਵਿੱਤਰ ਕਰਨ ਲਈ ਕਾਰ ਦੇ ਅੱਗੇ-ਅੱਗੇ ਪਾਣੀ ਕਿਉਂ ਨਹੀਂ ਛਿੜਕਦੇ? ਸਿਰਫ ਗੁਰੂ ਸਾਹਿਬ ਦੇ ਸੁਖਆਸਣ ਤੋਂ ਕਾਰ ਤੱਕ ਅਤੇ ਫਿਰ ਕਾਰ ਤੋਂ ਘਰ ਤੱਕ ਜਿੱਥੇ ਜਾ ਕੇ ਪ੍ਰਕਾਸ਼ ਕਰਨਾ ਹੈ ਓਥੇ ਹੀ ਕਿਉਂ ਛਿੜਕਿਆ ਜਾਂਦਾ ਹੈ? ਕੀ ਓਨਾ ਰਸਤਾ ਹੀ ਅਪਵਿੱਤ੍ਰ ਜਾਂ ਗੰਦਾ ਹੁੰਦਾ ਹੈ ਅਤੇ ਬਾਕੀ ਨਹੀਂ? ਕੀ ਗੁਰੂ ਸਾਹਿਬ ਨੇ ਗੁਰਬਾਣੀ ਵਿਖੇ ਸਿੱਖ ਨੂੰ ਕੋਈ ਐਸਾ ਹੁਕਮ ਕੀਤਾ ਹੈ? ਜੇ ਨਹੀਂ ਤਾਂ ਇਹ ਰੀਤ ਕਿੱਥੋਂ ਆਈ ਤੇ ਕਿਵੇਂ ਪ੍ਰਚੱਲਤ ਹੋਈ? ਕੀ ਪਾਣੀ ਦੇ ਥਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਜਾਣਾ ਗੁਰੂ ਦਾ ਸਤਿਕਾਰ ਨਹੀਂ? ਹੁਣ ਤਾਂ ਪਿੰਡਾਂ ਵਿੱਚ ਵੀ ਕੋਈ ਰਸਤਾ ਕੱਚਾ ਨਹੀਂ ਰਿਹਾ ਫਿਰ ਅਜਿਹਾ ਤੁਪਕਾ-ਤੁਪਕਾ ਪਾਣੀ ਛਿੜਕਣ ਦਾ ਰਿਵਾਜ ਕਿਉਂ? ਸਿੱਖ ਨੇ ਤਾਂ ਗੁਰਬਾਣੀ ਦਾ ਗਿਆਨ ਰੂਪੀ ਜਲ ਆਪਣੇ ਅਤੇ ਸਾਥੀਆਂ ਦੀ ਹਿਰਦੇ ਰੂਪੀ ਧਰਤੀ ਤੇ ਛਿੜਕਣਾ ਹੈ ਜਿੱਥੇ ਵਿਸ਼ੇ ਵਿਕਾਰਾਂ ਦੀ ਧੂੜ ਉੱਡ ਰਹੀ ਹੈ ਅਤੇ ਹਉਮੈ ਹੰਕਾਰ ਦੀ ਅੱਗ ਨਾਲ ਹਿਰਦਾ-ਧਰਤੀ ਤਪ ਰਹੀ ਹੈ। ਗੁਰ ਫੁਰਮਾਨ ਵੀ ਹੈ- **ਬਲਤੋ ਜਲਤੋ ਤੌਕਿਆ ਗੁਰਿ ਚੰਦਨ ਸੀਤਲਾਇਓ** (੨੪੧) ਗੱਲ ਤਾਂ ਰਸਤਾ ਸਾਫ ਕਰਨ ਦੀ ਸੀ ਜੋ ਹੁਣ ਬਿਨਾ ਕਿਸੇ ਮਤਲਬ ਦੇ ਇੱਕ ਰੀਤ ਬਣਾ ਲਈ ਗਈ ਹੈ। ਕੀ ਤੁਪਕਾ-ਤੁਪਕਾ ਪਾਣੀ ਤਰੌਂਕਣ ਨਾਲ ਰਸਤਾ ਸਾਫ ਹੋ ਸਕਦਾ ਹੈ ਜੇ ਨਹੀਂ ਤਾਂ ਇਹ ਪਾਖੰਡ ਕਿਉਂ? ਓਦੋਂ ਤਾਂ ਘੱਟਾ ਮਿੱਟੀ ਉੱਡ ਕੇ ਪੈਣ ਤੋਂ ਬਚਾਅ ਲਈ ਖੁਲ੍ਹਾ ਪਾਣੀ ਤਰੌਂਕਿਆ ਜਾਂਦਾ ਸੀ ਅੱਜ ਕਿਸ ਵਾਸਤੇ? ਸਿੱਖ ਵਲੱਖਣ ਕੌਮ ਹੋ ਕੇ ਕੰਮ ਬ੍ਰਾਹਮਣ ਵਾਲੇ ਕਰ ਰਹੀ ਹੈ। ਇਸ ਵਿੱਚ ਕੀ ਰਾਜ ਹੈ?

ਗੁਰਦੁਅਰੇ ਦੇ ਹਾਲ ਅੰਦਰ ਤਾਂ ਨੰਗੇ ਪੈਰੀਂ ਜਾ ਸਕਦੇ ਹਾਂ ਪਰ ਬਾਹਰ ਜਿੱਥੇ ਸਫਾਈ ਨਹੀਂ ਜਾਂ ਦੂਰ ਜਾਣਾ ਹੈ ਉੱਥੇ ਨੰਗੇ ਪੈਰੀਂ ਜਾਣਾ ਸਿਆਣਪ ਨਹੀਂ ਕਿਉਂਕਿ ਪੈਰ ਗੰਦੇ ਹੋ ਜਾਂਦੇ, ਰੋੜੀਆਂ ਚੁੱਭਦੀਆਂ ਅਤੇ ਕਿਲ-ਕੰਡੇ ਵੀ ਲੱਗ ਸਕਦੇ ਹਨ। ਕੀ ਗੁਰੂ ਸਾਹਿਬਾਂਨ ਜਦ ਸਰੀਰਕ

ਰੂਪ ਵਿੱਚ ਵਿਚਰਦੇ ਸਨ ਓਦੋਂ ਉਹ ਆਪ ਅਤੇ ਸਿੱਖ ਸੰਗਤਾਂ ਨੰਗੇ ਪੈਰੀਂ ਤੁਰਿਆ ਫਿਰਿਆ ਕਰਦੀਆਂ ਸਨ? ਓਦੋਂ ਤਾਂ ਰਸਤੇ ਵੀ ਅੱਜ ਵਰਗੇ ਸਾਫ-ਸੁਥਰੇ ਨਹੀਂ ਸਨ। ਜਰਾ ਸੋਚੋ! ਨੰਗੇ ਪੈਰੀਂ ਚੱਲਣਾ ਹੀ ਜੇ ਭਗਤੀ ਹੈ ਤਾਂ ਫਿਰ ਪਸ਼ੂ-ਪੰਛੀ ਤਾਂ ਹਰ ਵੇਲੇ ਨੰਗੇ ਫਿਰਦੇ ਹਨ-

ਨਗਨ ਫਿਰਤੁ ਜਉ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥

ਕਿਆ ਨਾਂਗੇ ਕਿਆ ਬਾਂਧੇ ਚਾਮ॥ ਜਬ ਨਹੀਂ ਚੀਨਤ ਆਤਮ ਰਾਮੁ॥ (੩੨੪)

ਆਸਾ ਕੀ ਵਾਰ ਵਿੱਚ ਤਾਂ ਗੁਰੂ ਜੀ ਉਪਦੇਸ਼ ਕਰਦੇ ਹਨ ਕਿ- **ਪਗ ਉਪੇਤਾਣਾ ਅਪਣਾ ਕੀਆ ਕਮਾਂਣਾ॥ ਸਹੁ ਵੇ ਜੀਆ ਆਪਣਾ ਕੀਆ॥** (੪੬੭) ਨੰਗੇ ਪੈਰੀ ਫਿਰਨ ਨੂੰ ਆਪ ਕਸ਼ਟ ਸਹਿਣਾ ਦੱਸਿਆ ਹੈ। ਕਈ ਕਹਿੰਦੇ ਹਨ ਕਿ ਜੁੱਤੀਆਂ ਅਤੇ ਬੈਲਟਾਂ ਲਾਹ ਦਿਉ ਚੰਮ ਦੀਆਂ ਹਨ, ਫਿਰ ਤਾਂ ਭਾਈ ਸਾਡਾ ਸਰੀਰ ਵੀ ਚੰਮ ਦਾ ਹੈ, ਸੋਨੇ ਚਾਂਦੀ ਦਾ ਨਹੀਂ, ਸਰੀਰ ਰੂਪੀ ਚੰਮ ਕਿਵੇਂ ਲਾਹਿਆ ਜਾ ਸਕਦਾ ਹੈ? ਜੋ ਚੌਰ ਗੁਰੂ ਸਾਹਿਬ ਉੱਪਰ ਕੀਤੀ ਜਾਂਦੀ ਹੈ ਉਹ ਵੀ ਇੱਕ ਪਸ਼ੂ ਦੀ ਵਾਲਾਂ ਵਾਲੀ ਪੂਛ ਹੈ ਅਤੇ ਸਾਡੇ ਪਰਸ ਆਦਿ ਵੀ ਚੰਮੜੇ ਦੇ ਹੁੰਦੇ ਹਨ। ਘੜੀਆਂ ਦੇ ਪਟੇ ਵੀ ਕਈ ਵਾਰ ਲੈਦਰ ਦੇ ਹੁੰਦੇ ਹਨ। ਕਿਹੜੇ ਕਰਮਕਾਂਡਾਂ ਵਿੱਚ ਪੈ ਗਏ ਹਾਂ?

ਨੰਗੇ ਪੈਰੀਂ ਗੱਡੀ ਚਲਾਉਂਣਾ, ਨੰਗੇ ਪੈਰ ਮੋਟਰ ਗੱਡੀ ਜਾਂ ਬੱਸ ਉੱਤੇ ਸਫਰ ਕਰਨਾ ਕਾਨੂੰਨੀ ਮਨ੍ਹਾਂ ਹੈ। ਬੱਸ ਡ੍ਰਾਈਵਰ ਨੰਗੇ ਪੈਰੀਂ ਬੱਸ ਤੇ ਚੜ੍ਹਨ ਤੋਂ ਮਨ੍ਹਾਂ ਕਰਦਾ ਹੈ। ਕਿਹੜੇ-ਕਿਹੜੇ ਵਹਿਮ ਦੀ ਗੱਲ ਕਰੀਏ ਵਹਿਮਾਂ ਦੇ ਤਾਂ ਪੈਰ-ਪੈਰ ਤੇ ਜਾਲ ਵਿਛੇ ਪਏ ਹਨ। ਜਿਵੇਂ ਕਈ ਵਾਰ ਮਿਲਣੀ ਦੀ ਅਰਦਾਸਿ ਵੇਲੇ ਜੋ ਆਮ ਤੌਰ ਤੇ ਗੁਰਦੁਆਰੇ ਦੇ ਹਾਲ ਤੋਂ ਬਾਹਰ ਕੀਤੀ ਜਾਂਦੀ ਹੈ, ਬਾਹਰ ਕਈ ਵਾਰ ਥਾਂ ਸਾਫ ਵੀ ਨਹੀਂ ਹੁੰਦੀ ਅਤੇ ਸਾਰੇ ਬਰਾਤੀ ਲੜਕੇ-ਲੜਕੀ ਵਾਲੇ ਧੇਤੇ-ਪੁਤੇਤੇ ਪ੍ਰਵਾਰਾਂ ਨੇ ਜੁੱਤੀਆਂ ਪਾਈਆਂ ਹੁੰਦੀਆਂ ਹਨ। ਕਈ ਤਾਂ ਸਿਰੋਂ ਵੀ ਨੰਗੇ ਹੁੰਦੇ ਹਨ। ਉੱਥੇ ਕੇਵਲ *ਭਾਈ* ਜੀ ਨੂੰ ਹੀ ਜੁੱਤੀ ਉਤਾਰਨ ਵਾਸਤੇ ਕਿਹਾ ਜਾਂਦਾ ਹੈ, ਬਾਕੀ ਸਾਰੇ ਜੁੱਤੀਆਂ ਕਿਉਂ ਨਹੀਂ ਉਤਾਰਦੇ? ਕੀ ਉਹ ਉਸ ਵੇਲੇ ਅਰਦਾਸਿ ਵਿੱਚ ਸ਼ਾਮਲ ਨਹੀਂ? ਕੈਸੀਆਂ ਹਾਸੋ-ਹੀਣਆਂ ਗੱਲਾਂ ਹਨ ਜਿਨ੍ਹਾਂ ਦਾ ਗੁਰਮਤਿ ਨਾਲ ਜਾਂ ਧਰਮ ਨਾਲ ਕੋਈ ਵੀ ਸਬੰਧ ਨਹੀਂ ਪਰ ਅਸੀਂ ਦੇਖਾ-ਦੇਖੀ ਕਰੀ ਜਾ ਰਹੇ ਹਾਂ। ਸਾਨੂੰ ਕਹਿਣਾ ਤਾਂ ਇਹ ਚਾਹੀਦਾ ਹੈ ਕਿ ਮਹਾਂਰਾਜ ਦੀ ਸਵਾਰੀ ਨਾਲ ਕੋਈ ਨਸ਼ਈ, ਸ਼ਰਾਬੀ ਅਤੇ ਤੰਬਾਕੂ ਆਦਿਕ ਦਾ ਕੋਈ ਨਸ਼ਾ ਨਾਂ ਕੀਤਾ ਹੋਵੇ, ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਜਾਣਾ ਹੀ ਠੀਕ ਹੈ ਨਾਂ ਕਿ ਨੰਗੇ ਪੈਰੀਂ ਜਾਂਣਾ। ਜਿਉਂ-ਜਿਉਂ ਸਾਇੰਸ ਤਰੱਕੀ ਕਰ ਰਹੀ ਹੈ, ਨਵੀਂ ਟੈਕਨਾਉਲਜੀ-ਤਕਨੀਕ ਆ ਰਹੀ ਹੈ ਅਤੇ ਨਵੀਆਂ-ਨਵੀਆਂ ਕਾਢਾਂ ਕੱਢੀਆਂ ਜਾ ਰਹੀਆਂ ਹਨ, ਓਨ੍ਹਾਂ ਤੋਂ ਲਾਹਾ ਲੈਣਾ ਚਹੀਦਾ ਹੈ।

ਜੇ ਅਸੀਂ ਕਹੀਏ ਕਿ ਅਸੀਂ ਤਾਂ ਪੁਰਾਤਨ ਹੀ ਸਭ ਕੁਝ ਕਰਨਾ ਹੈ ਫਿਰ ਤਾਂ ਸਾਨੂੰ ਕਾਰਾਂ ਛੱਡ ਕੇ ਪੈਦਲ, ਬੈਲ ਗੱਡੀ ਜਾਂ ਹਾਥੀ-ਘੋੜੇ ਦੀ ਸਵਾਰੀ ਹੀ ਕਰਨੀ ਚਾਹੀਦੀ ਹੈ। ਪੈਂਟਾਂ ਕਮੀਜਾਂ ਦੀ ਥਾਂ ਕੇਵਲ ਚੋਲਾ, ਕਛਹਿਰਾ, ਚਾਦਰਾ ਆਦਿਕ ਪੁਰਾਤਨ ਪਹਿਰਾਵਾ ਹੀ ਪਹਿਨਣਾਂ ਚਾਹੀਦਾ ਹੈ ਅਤੇ ਹਵਾਈ ਜ਼ਹਾਜ਼ਾਂ ਤੇ ਤਾਂ ਬਿਲਕੁਲ ਨਹੀਂ ਚੜ੍ਹਨਾ ਚਾਹੀਦਾ। ਪਹਿਲੇ ਤਾਂ ਘਰ ਵੀ ਕੱਚੇ ਜਾਂ ਛੰਨਾਂ ਛੱਪਰੀਆਂ ਹੀ ਹੁੰਦੀਆਂ ਸਨ, ਹੁਣ ਵੀ ਉਹੋ ਜਿਹੇ ਹੀ ਹੋਣੇ ਚਾਹੀਦੇ ਹਨ। ਰਸੋਈਆਂ ਵਿੱਚ ਗੈਸਾਂ ਦੀ ਥਾਂ ਬਾਲਣ ਵਾਲੇ ਚੁਲ੍ਹੇ ਜਾਂ ਲੋਹਾਂ-ਤਵੀਆਂ ਹੀ ਹੋਣੀਆਂ ਚਾਹੀਦੀਆਂ ਹਨ। ਲਕੜਾਂ ਬਾਲ ਕੇ ਹੀ ਰਸੋਈ ਤਿਆਰ ਕਰਨੀ ਚਾਹੀਦੀ ਹੈ ਅਤੇ ਚੁਲ੍ਹੇ ਵੀ ਜ਼ਮੀਨ ਵਿੱਚ ਹੀ ਪੁੱਟਣੇ ਚਾਹੀਦੇ ਹਨ। ਨਵੀਨ ਬੈੱਡਾਂ ਦੀ ਥਾਂ ਮੰਜਿਆਂ ਉੱਤੇ ਜਾਂ ਭੁੰਜੇ ਹੀ ਸੌਣਾ ਚਾਹੀਦਾ ਹੈ।

ਰੇਡੀਓ, ਅਖਬਾਰ, ਟੈਲੀਵਿਜ਼ਨ ਅਤੇ ਕੰਪਿਊਟਰ ਆਦਿਕ ਨਹੀਂ ਵਰਤਣੇ ਚਾਹੀਦੇ ਕਿਉਂਕਿ ਇਹ ਵਿਗਿਆਨ ਦੀਆਂ ਕਾਢਾਂ ਹਨ। ਸਤਿਗੁਰਾਂ ਨੇ ਤਾਂ ਕਿਸੇ ਸੁਖ-ਸਹੂਲਤ ਜਾਂ ਵਿਗਿਆਨ ਦੀ ਵਿਰੋਧਤਾ ਨਹੀਂ ਕੀਤੀ ਸਗੋਂ ਹਰ ਉਸ ਚੀਜ ਦੀ ਵਿਰੋਧਤਾ ਕੀਤੀ ਹੈ ਜਿਸ ਕਰਕੇ ਅਸੀਂ ਵਾਹਿਗੁਰੂ ਪ੍ਰਮਾਤਮਾਂ ਨੂੰ ਭੁੱਲ ਜਾਈਏ ਤੇ ਮੰਦੇ ਕਰਮ ਕਰੀਏ। ਹਾਂ ਕਿਸੇ ਵੀ ਚੀਜ਼ ਦੀ ਦੁਰਵਰਤੋਂ ਮਾੜੀ ਹੈ ਨਾਂ ਕਿ ਸੁਵਰਤੋਂ। ਜਿਉਂ-ਜਿਉਂ ਜ਼ਮਾਨਾਂ ਤਰੱਕੀ ਕਰਦਾ ਹੈ, ਸੁਖ-ਸਹੂਲਤਾਂ ਬਦਲਦੀਆਂ ਹਨ, ਸਿੱਖ ਨੇ ਉਨ੍ਹਾਂ ਤੋਂ ਲਾਭ ਲੈਣਾ ਹੈ ਨਾਂ ਕਿ ਵਿਰੋਧਤਾ ਕਰਨੀ ਹੈ। ਸੋ ਗੁਰੂ ਜੀ ਦੀ ਸਵਾਰੀ ਅੱਗੇ ਤੁਪਕਾ-ਤੁਪਕਾ ਪਾਣੀ ਛਿੜਕਣਾ ਅਤੇ ਨੰਗੇ ਪੈਰੀਂ ਜਾਣਾ ਗੁਰਮਤਿ ਨਹੀਂ ਸਗੋਂ ਮਨਮਤਿ ਹੈ। ਫੁਰਮਾਨ ਹੈ-

ਮਨ ਕੀ ਮਤਿ ਤਿਆਗੋ ਹਰਿ ਜਨ... (੮੦੦)

ਹੁਕਮਿ ਮੰਨਿਐ ਹੋਵਹਿ ਪਰਵਾਣ ਤਾ ਖਸਮੈ ਕਾ ਮਹਿਲ ਪਾਇਸੀ (੪੭੧)

ਸੋ ਦੂਰ ਜਾਣਾ ਹੋਵੇ ਜਾਂ ਰਸਤਾ ਠੀਕ ਨਾਂ ਹੋਵੇ ਤਾਂ ਜੁਰਾਬਾਂ ਜੋੜੇ ਪਾ ਕੇ ਜਾ ਸਕਦੇ ਹਾਂ। ਹਾਂ ਜਿੱਥੇ ਗੁਰੂ ਜੀ ਦਾ ਪ੍ਰਕਾਸ਼ ਹੈ ਸਾਫ ਚਾਦਰਾਂ ਅਤੇ ਗਲੀਚੇ ਵਿਛੇ ਹੋਏ ਹਨ ਓਥੇ ਜੋੜੇ ਉਤਾਰ ਕੇ ਜਾਣਾ ਚਾਹੀਦਾ ਹੈ। ਕਾਰ ਵਿੱਚ ਜਾਂ ਰਸਤੇ ਵਿੱਚ ਜਾਂਦਿਆਂ ਨੰਗੇ ਪੈਰੀਂ ਨਹੀਂ ਜਾਣਾ ਚਾਹੀਦਾ। ਅਜਿਹੇ ਵਹਿਮਾਂ-ਭਰਮਾਂ ਨੂੰ ਗੁਰਮਤਿ ਕੋਈ ਮਾਨਤਾ ਨਹੀਂ ਦਿੰਦੀ। ਬ੍ਰਾਹਮਣ ਚੌਂਕਾ ਲਿੱਪ ਕੇ ਸੁੱਚਾ ਹੁੰਦਾ ਸੀ ਅਸੀਂ ਤੁਪਕਾ-ਤੁਪਕਾ ਪਾਣੀ ਤਰੌਂਕਣਾ ਅਤੇ ਨੰਗੇ ਪੈਰੀਂ ਜਾਣਾ ਹੀ ਪਵਿੱਤਰਤਾ ਸਮਝੀ ਜਾ ਰਹੇ ਹਾਂ ਕਿਉਂ? ਕਿਉਂਕਿ ਗੁਰਬਾਣੀ ਨੂੰ ਕੇਵਲ ਪੜ੍ਹਦੇ ਗਾਉਂਦੇ ਹਾਂ ਜਾਂ ਪਾਠੀਆਂ ਤੋਂ ਪਾਠ ਕਰਵਾ ਛਡਦੇ ਹਾਂ ਜੋ ਬਾਣੀ ਵਿੱਚ ਲਿਖਿਆ ਹੈ ਉਸ ਨੂੰ ਮੰਨਣ ਨੂੰ ਤਿਆਰ ਨਹੀਂ, ਸੰਪ੍ਰਦਾਈ ਸਾਧਾਂ ਦਾ ਕਿਹਾ ਝੱਟ ਮੰਨ ਜਾਂਦੇ ਹਾਂ। ਇਹ ਸਾਰੇ ਵਹਿਮ-ਭਰਮ ਜੋ ਬ੍ਰਾਹਮਣ ਦੀ ਉਪਜ ਹਨ ਅਤੇ ਲੰਬੇ ਚੋਲਿਆਂ ਵਾਲੇ ਅਖੌਤੀ ਸੰਤਾਂ ਰਾਹੀਂ ਸਿੱਖ ਕੌਮ ਵਿੱਚ ਵੀ ਫੈਲਾਏ ਜਾ ਰਹੇ ਹਨ, ਜੋ ਨਿਰਾਰਥਕ ਹਨ ਅਤੇ ਸਾਨੂੰ ਸਮਝਦਾਰ ਬਣ ਕੇ ਛੱਡ ਦੇਣੇ ਚਾਹੀਦੇ ਹਨ। ਗੁਰਦੁਆਰੇ ਗਿਆਨ ਦੇ ਸੋਮੇ ਹਨ ਨਾਂ ਕਿ ਵਹਿਮ-ਭਰਮ ਫੈਲਾਉਣ ਵਾਲੇ ਸਾਧਾਂ ਦੇ ਡੇਰੇ। ਗੁਰਦੁਆਰਿਆਂ ਦੇ ਪ੍ਰਬੰਧਕਾਂ ਅਤੇ ਪ੍ਰਚਾਰਕਾਂ ਨੂੰ ਹਉਮੈ-ਹੰਕਾਰ ਦੀ ਤਪਸ਼ ਨਾਲ ਸੜ-ਬਲ ਰਹੇ ਹਿਰਦਿਆਂ ਅਤੇ ਵਿਸ਼ੇ-ਵਿਕਾਰਾਂ ਦੀ ਉੱਡ ਰਹੀ ਧੂੜ ਉੱਤੇ ਗੁਰੂ ਗਿਆਨ ਦਾ ਪਾਣੀ ਛਿੜਕਣਾ ਚਾਹੀਦਾ ਹੈ ਨਾਂ ਕਿ ਤੁਪਕਾ-ਤੁਪਕਾ ਪਾਣੀ ਛਿੜਕਣ ਵਾਲੀ ਬ੍ਰਾਹਮਣੀ ਰੀਤ ਹੀ ਨਿਭਾਈ ਜਾਣੀ ਚਾਹੀਦੀ ਹੈ।

-0-

ਮੰਗਣਾ ਅਤੇ ਗੁਰਮਤਿ

ਮੰਗਣ ਪੰਜਾਬੀ ਦਾ ਲਫਜ਼ ਹੈ ਅਤੇ ਇਸ ਦਾ ਅਰਥ ਹੈ-ਮੰਗਣਾ, ਜਾਚਣਾ ਭਾਵ ਕੁਝ ਲੈਣ ਦੀ ਚਾਹਨਾ ਕਰਨਾ। ਮਾਂਗਣ ਅਤੇ ਮਾਂਗਤ ਕ੍ਰਮਵਾਰ ਹਿੰਦੀ ਅਤੇ ਸੰਸਕ੍ਰਿਤ ਦੇ ਲਫਜ਼ ਹਨ। ਮੰਗ ਦਾ ਮਤਲਵ ਹੈ ਮੰਗਣ ਦੀ ਕ੍ਰਿਆ, ਮੰਗੀ ਹੋਈ ਵਸਤੂ, ਮਨ ਦੀ ਇਛਾ ਅਤੇ ਮੰਗੀ ਹੋਈ ਕੰਨਿਆਂ। ਮੰਗਤਾ ਦਾ ਅਰਥ ਹੈ ਭਿਖਾਰੀ ਅਤੇ ਜਾਚਕ। ਜਰਾ ਸੋਚੋ! ਕੋਈ *ਦਾਤਾ* ਦੇਣਵਾਲਾ ਹੈ ਤਾਂ ਹੀ ਮੰਗਣ ਵਾਲੇ ਹਨ। ਮੰਗ ਵੀ ਦੋ ਪ੍ਰਕਾਰ, ਦੁਨਿਆਵੀ ਪਦਾਰਥਾਂ ਅਤੇ ਰੂਹਾਨੀ ਰਹਿਮਤਾਂ ਦੀ ਹੈ। ਮੰਗਤੇ ਵੀ ਦੋ ਪ੍ਰਕਾਰ ਦੇ ਹਨ, ਰੱਬੀ ਅਤੇ ਦੁਨਿਆਵੀ। ਜਗਿਆਸੂ ਨੂੰ ਰੱਬ ਤੋਂ ਕੀ ਮੰਗਣਾਂ ਚਾਹੀਦਾ ਹੈ? ਬਾਰੇ ਗੁਰਮਤਿ ਦਰਸਾਉਂਦੀ ਹੈ- **ਮਾਂਗਨਾ ਮਾਂਗਨੁ ਨੀਕਾ ਹਰਿ ਜਸੁ ਗੁਰ ਤੇ ਮਾਂਗਨਾ॥** (੧੦੧੮) ਗੁਰੂ ਤੋਂ (ਹਰਿ ਜਸੁ) ਭਾਵ ਕਰਤੇ ਦੀ ਉਸਤਤਿ ਮੰਗਣਾ ਹੀ (ਨੀਕਾ) ਚੰਗਾ ਹੈ। ਇਕੱਲੀ-ਇਕੱਲੀ ਵਸਤੂ ਮੰਗਣ ਨਾਲੋਂ- **ਮੰਗਣਾ ਤ ਸਚੁ ਇਕੁ ਜਿਸੁ ਤੁਸਿ ਦੇਵੈ ਆਪਿ॥** (੩੨੧) ਇਕੋ ਇੱਕ ਸਚੁ (ਸਦੀਵੀ ਹੋਂਦ ਵਾਲਾ ਰੱਬ) ਹੀ ਮੰਗ ਲੈਣਾ ਚਾਹੀਦਾ ਹੈ। ਇਸ ਵਿੱਚ ਸਭ ਕੁਝ ਆ ਜਾਂਦਾ ਹੈ। ਦ੍ਰਿਸ਼ਟਾਂਤ ਹੈ ਕਿ ਜਿਵੇਂ ਇੱਕ ਰੁੱਖ ਹੈ, ਉਸ ਦੀਆਂ ਜੜ੍ਹਾਂ, ਤਣੇ, ਛਿੱਲ, ਲੱਕੜ, ਟਾਹਣੀਆਂ, ਪੱਤੇ, ਫੁੱਲ ਅਤੇ ਫਲ ਹੁੰਦੇ ਹਨ। ਜੇ ਅਸੀਂ ਇਕੱਲੇ ਫੁੱਲ ਜਾਂ ਫਲ ਹੀ ਮੰਗਾਂਗੇ ਤਾਂ ਬਾਕੀ ਸਾਰਾ ਕੁਝ ਰਹਿ ਜਾਵੇਗਾ ਪਰ ਜੇ ਅਸੀਂ ਸੋਚ ਸਮਝ ਕੇ ਸਾਰਾ ਰੁੱਖ ਹੀ ਮੰਗ ਲਿਆ ਤਾਂ ਸਭ ਕੁਝ ਵਿੱਚੇ ਆ ਜਾਵੇਗਾ, ਨਾਲੇ ਪੁੰਨ ਨਾਲੇ ਫਲੀਆਂ। ਇਸੇ ਤਰ੍ਹਾਂ ਕਰਤਾਰ ਵੀ ਇੱਕ ਬਹੁਤ ਵੱਡਾ ਬਿਰਖ ਹੈ ਜਿਸ ਨਾਲ ਦੁਨਿਆਵੀ ਅਤੇ ਪ੍ਰਮਾਰਥੀ ਪਦਾਰਥਾਂ ਰੂਪੀ ਫਲ ਫੁੱਲ ਲੱਗੇ ਹੋਏ ਹਨ, ਇਸ ਲਈ ਜੇ ਅਸੀਂ ਕਰਤਾਰ ਹੀ ਮੰਗ ਲਿਆ, ਉਸ ਨਾਲ ਆਪੇ ਸਭ ਕੁਝ ਆ ਜਾਵੇਗਾ।

ਰੱਬੀ ਭਗਤਾਂ ਅਤੇ ਗੁਰੂਆਂ ਨੇ ਸਾਨੂੰ ਹੱਥੀਂ ਕਿਰਤ ਕਰਨ, ਵੰਡ ਛੱਕਣ ਅਤੇ ਨਾਮ ਜਪਣ (ਪ੍ਰਭੂ ਨੂੰ ਸਦਾ ਯਾਦ ਰੱਖਣ) ਦਾ ਉਪਦੇਸ਼ ਦਿੱਤਾ ਹੈ। ਹੱਥੀਂ ਕਿਰਤ ਕਰਨ ਵਾਲਾ ਕਦੇ ਦੁਨਿਆਵੀ ਮੰਗਤਾ ਨਹੀਂ ਹੋ ਸਕਦਾ ਸਗੋਂ ਆਪਣੀ ਕਿਰਤ ਕਮਾਈ ਚੋਂ ਲੋੜਵੰਦਾਂ ਨੂੰ ਵੰਡਦਾ ਹੋਇਆ, ਪ੍ਰਭੂ ਨੂੰ ਯਾਦ ਕਰਦਾ, ਇਹ ਹੀ ਕਹਿੰਦਾ ਹੈ ਕਿ- **ਏਹਿ ਭਿ ਦਾਤਿ ਤੇਰੀ ਦਾਤਾਰ॥** (੫) ਉਹ ਪ੍ਰਭੂ ਦੇ ਦਰ ਤੋਂ ਬੰਦਗੀ ਦੀ ਖੈਰ ਮੰਗਦਾ ਹੈ। ਜਦੋਂ ਉਸ ਦੇ ਹਿਰਦੇ ਘਰ ਵਿੱਚ ਰੱਬ ਜੀ ਆਪ ਹੀ ਆ ਜਾਂਦੇ ਹਨ ਤਾਂ ਸਾਰੀਆਂ ਰਹਿਮਤਾਂ ਵੀ ਨਾਲ ਹੀ ਆ ਜਾਂਦੀਆਂ ਹਨ। ਗੁਰੂ ਦਾ ਸਿੱਖ ਕਿੰਨਾਂ ਭੀ ਕੰਗਾਲ ਕਿਉਂ ਨਾਂ ਹੋ ਜਾਵੇ ਪਰ ਹੱਥ ਵਿੱਚ ਠੂਠਾ ਲੈ ਕੇ ਦਰ-ਦਰ ਤੇ ਨਹੀਂ ਮੰਗਦਾ। ਦੁਨੀਆਂ ਵਿੱਚ ਲੱਖਾਂ ਹੀ ਮੰਗਤੇ ਮਿਲ ਜਾਣਗੇ ਪਰ ਗੁਰੂ ਦਾ ਸਿੱਖ ਮੰਗਤਾ ਨਹੀਂ ਮਿਲੇਗਾ। ਹਾਂ ਜੇ ਕਿਤੇ ਕਰੋੜਾਂ ਚੋਂ ਕੋਈ ਮਿਲ ਵੀ ਜਾਏ ਤਾਂ ਉਹ ਭੇਖੀ ਸਿੱਖ ਹੋ ਸਕਦਾ ਹੈ। ਥਾਂ-ਥਾਂ ਤੇ ਮੰਗਣ ਵਾਲੇ ਨੂੰ ਕਦੇ ਮਾਨ ਨਹੀਂ ਮਿਲਦਾ- **ਲੋਕੁ ਧਿਕਾਰੁ ਕਹੈ ਮੰਗਤ ਜਨ, ਮਾਂਗਤੁ ਮਾਨੁ ਨ ਪਾਇਆ॥** (੮੭੯) ਚਲੋ ਜੇ ਮੰਗਤਾ ਕਿਸੇ ਸਰਦੇ-ਪੁਜਦੇ ਕੋਲ ਚਲੇ ਜਾਵੇ ਤਾਂ ਕੁਝ ਖੈਰ ਮਿਲ ਸਕਦੀ ਹੈ ਪਰ ਜੇ ਮੰਗਤਿਆਂ ਕੋਲੋਂ ਹੀ ਮੰਗਦਾ ਫਿਰੇ ਤਾਂ ਖੁਆਰੀ ਬਿਨਾਂ ਉਸ ਦੇ ਪੱਲੇ ਕੱਖ ਨਹੀਂ ਪੈਂਦਾ। ਇਵੇਂ ਹੀ ਧਰਮ ਦੀ ਦੁਨੀਆਂ ਵਿੱਚ, ਜਾਚਕ ਨੇ *ਦਾਤੇ* ਕੋਲੋਂ ਮੰਗਣਾ ਹੈ ਕਿਉਂਕਿ- **ਦਦਾ ਦਾਤਾ ਏਕੁ ਹੈ ਸਭ ਕੋ ਦੇਵਣਹਾਰੁ॥ ਦੇਂਦੇ ਤੋਟਿ ਨ ਆਵਈ ਅਗਣਤ ਭਰੇ ਭੰਡਾਰ॥** (੨੫੭) ਇੱਥੇ ਤਾਂ ਕੰਮ ਹੀ ਉਲਟਾ ਹੋਇਆ ਪਿਆ ਹੈ ਜਿਵੇਂ ਵੱਡੇ-ਵੱਡੇ ਭੇਖਾਰੀਆਂ ਨੇ ਭੀਖ ਨੂੰ ਕਿੱਤਾ ਹੀ ਬਣਾ ਲਿਆ ਹੈ, ਆਪਣੇ ਥੱਲੇ ਅੱਗੇ ਬਹੁਤ ਸਾਰੇ ਮੰਗਤੇ ਰੱਖ ਕੇ ਉਨ੍ਹਾਂ ਨੂੰ ਅੱਗੇ ਇਲਾਕਾ ਵੰਡ ਦਿੱਤਾ ਜਾਂਦਾ ਹੈ ਅਤੇ ਉਸ ਸੀਮਾਂ ਵਿੱਚ ਉਹ ਮੰਗਦੇ ਰਹਿੰਦੇ ਹਨ। ਸਿੱਖ ਨੂੰ ਵੀ ਗੁਰੂ ਦਾ ਹੁਕਮ ਹੈ ਕਿ ਰੱਬ ਤੋਂ ਹੀ ਮੰਗਣਾ ਹੈ ਅਤੇ ਹੋਰ ਕਿਸੇ ਐਰੇ-ਗੈਰੇ, ਨੱਥੂ-ਖੈਰੇ

(ਭੇਖੀ ਸਾਧ-ਸੰਤ ਅਤੇ ਮਕਾਰੀ-ਲੀਡਰ) ਦੀ ਟੇਕ ਨਹੀਂ ਰੱਖਣੀ- **ਧਰ ਜੀਅਰੇ ਇਕ ਟੇਕ ਤੂੰ ਲਾਹੇ ਬਿਡਾਨੀ ਆਸ॥** (੨੫੭)

ਅਜੋਕੇ ਬਹੁਤੇ ਡੇਰੇਦਾਰ ਅਤੇ ਆਗੂ ਵੱਡੇ-ਵੱਡੇ ਮੰਗਤੇ ਹਨ ਜੋ ਕਦੇ ਹੱਥੀਂ ਕਿਰਤ ਤਾਂ ਕਰਦੇ ਨਹੀਂ ਸਗੋਂ ਹਰ ਵੇਲੇ ਧਰਮ ਦੇ ਨਾਂ ਤੇ ਲੋਕਾਂ ਤੋਂ ਮੰਗਦੇ ਰਹਿੰਦੇ ਹਨ- **ਘਰਿ ਘਰਿ ਮਾਗਹਿ ਭੀਖਿਆ ਜਾਇ॥** (੯੫੪) ਉਨ੍ਹਾਂ ਨੂੰ ਘਰ-ਘਰ ਮੰਗਦਿਆਂ ਨੂੰ ਸ਼ਰਮ ਵੀ ਨਹੀਂ ਆਉਂਦੀ, ਉਨ੍ਹਾਂ ਦਾ ਐਸਾ ਜੀਵਨ ਅਤੇ ਭੇਖ ਧ੍ਰਿਗ ਹੈ ਭਾਵ ਲੱਖ ਲਾਹਨਤ ਹੈ- **ਜੇ ਘਰਿ ਘਰਿ ਹੰਢੈ ਮੰਗਦਾ ਧਿਗੁ ਜੀਵਨ ਧਿਗੁ ਵੇਸੁ॥** (੫੫੦) ਜੋ ਆਪਣੇ ਆਪ ਨੂੰ ਧਾਰਮਿਕ ਆਗੂ ਗੁਰੂ-ਪੀਰ ਕਹਾਉਂਦਾ ਅਤੇ ਮੰਗਦਾ ਫਿਰਦਾ ਹੈ ਅਜਿਹੇ ਭੇਖਧਾਰੀ ਅਤੇ ਅਡੰਬਰੀ ਦੇ ਕਦੇ ਵੀ ਪੈਰੀਂ ਹੱਥ ਨਹੀਂ ਲਾਉਣਾ ਚਾਹੀਦਾ- **ਗੁਰੂ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥** (੧੨੪੫) ਅਜੋਕਾ ਅਗਿਆਨੀ ਅਤੇ ਭੇਖਧਾਰੀ ਸਿੱਖ ਵੀ ਅਕਾਲ ਪੁਰਖ ਅਤੇ ਗੁਰੂ ਦੀ ਟੇਕ ਛੱਡ ਕੇ, ਸੰਪ੍ਰਦਾਈ ਡੇਰੇਦਾਰਾਂ ਦੇ ਦਰ ਤੇ ਭਟਕਦਾ ਅਤੇ ਦੁਨਿਆਵੀ ਮੰਗਤਿਆਂ (ਭੇਖੀ ਸਾਧਾਂ-ਸੰਤਾਂ) ਤੋਂ ਦਾਤਾਂ ਮੰਗਦਾ ਫਿਰਦਾ ਹੈ। ਜਿਵੇਂ ਬੀਜ ਬੀਜੀਏ ਉਹ ਉੱਗਦਾ ਅਤੇ ਫਲਦਾ-ਫੁਲਦਾ ਹੈ, ਇਵੇਂ ਹੀ ਉੱਦਮ ਕਰਕੇ ਕਿਰਤ ਕਰਨੀ ਫਲਦੀ-ਫੁਲਦੀ ਹੈ ਅਤੇ ਜਣੇ-ਖਣੇ ਅੱਗੇ ਹੱਥ ਨਹੀਂ ਅੱਡਣੇ ਪੈਂਦੇ। ਗੁਰਮਤਿ ਅਨੁਸਾਰ ਸਿੱਖ ਨੇ ਰੱਬ ਕੋਲੋਂ ਰੱਬੀ ਦਾਤਾਂ ਹੀ ਮੰਗਣੀਆਂ ਹਨ ਨਾਂ ਕਿ *ਦਾਤੇ* ਨੂੰ ਛੱਡ ਕੇ ਅਖੌਤੀ ਲੀਡਰਾਂ ਜਾਂ ਡੇਰੇਦਾਰ ਮੰਗਤਿਆਂ ਕੋਲੋਂ ਹੀ ਮੰਗੀ ਜਾਣਾ ਹੈ। ਡੇਰਿਆਂ ਤੇ ਜਾਣ ਵਾਲੇ ਸਿੱਖ ਕਦੋਂ ਸਮਝਣਗੇ ਕਿ ਸਿੱਖ ਨੂੰ ਤਾਂ ਹੁਕਮ ਗੁਰੂ ਦਰ ਤੇ ਜਾਣ ਦਾ ਹੈ ਨਾਂ ਕਿ ਕਿਸੇ ਡੇਰੇ ਤੇ ਜਾ ਕੇ, ਵੇਹਲੜ ਸਾਧਾਂ ਨੂੰ ਆਪਣੀ ਖੂਨ ਪਸੀਨੇ ਦੀ ਕਮਾਈ ਲੁਟੌਣ ਦਾ? ਸਿੱਖੋ! ਜੇ ਮੰਗਣਾ ਹੈ ਤਾਂ ਗੁਰੂ ਦਾਤੇ ਪ੍ਰਮੇਸ਼ਰ ਨੂੰ ਮੰਗ ਲਉ, ਨਾਲੇ ਪੁੰਨ ਨਾਲੇ ਫਲੀਆਂ ਆਪੇ ਮਿਲ ਜਾਣਗੀਆਂ। ਦੁਨਿਆਵੀ ਪਦਾਰਥ ਤਾਂ ਪਰਛਾਵੇ ਵਾਂਗ ਹਨ ਜਿਧਰ ਜਾਈਏ ਪਰਛਾਵਾਂ ਆਪੇ ਪਿੱਛੇ-ਪਿੱਛੇ ਆਈ ਜਾਂਦਾ ਹੈ।

ਸਿੱਖ ਨੂੰ ਅਰਦਾਸ ਵੀ ਸੋਚ ਸਮਝ ਕੇ ਕਰਨੀ ਚਾਹੀਦੀ ਹੈ, ਜਿਨ੍ਹਾਂ ਚੀਜਾਂ ਨੂੰ ਗੁਰਮਤਿ ਮਨ੍ਹਾਂ ਕਰਦੀ ਹੈ, ਨਹੀਂ ਮੰਗਣੀਆਂ ਚਾਹੀਦੀਆਂ। ਸਿੱਖ ਕਦੇ ਕਿਸੇ ਦਾ ਬੁਰਾ ਨਹੀਂ ਮੰਗਦਾ ਸਗੋਂ ਹਰ ਵੇਲੇ ਭਲਾ ਹੀ ਮੰਗਦਾ ਹੈ- **ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੈ ਸਰਬਤ ਦਾ ਭਲਾ॥** (ਅਰਦਾਸ) ਅਜੋਕੇ ਸਿੱਖ ਨੂੰ ਕਦੋਂ ਸਮਝ ਆਏਗੀ ਕਿ ਗੁਰੂ ਨੇ ਡੇਰੇ ਨਹੀਂ ਸੀ ਸਾਜੇ ਸਗੋਂ ਗੁਰੂ-ਪੰਥ ਸਾਜਿਆ ਸੀ? ਉਸੇ ਪੰਥਕ ਰਾਹ ਤੇ ਹੀ ਚੱਲਣਾ ਹੈ ਨਾਂ ਕਿ ਡੇਰਿਆਂ ਦੀਆਂ ਪਗ-ਡੰਡੀਆਂ ਉੱਤੇ ਹੀ ਘੁੰਮਣ-ਘੇਰੀਆਂ ਖਾਈ ਜਾਣੀਆਂ ਹਨ। ਗੁਰੂ-ਮਾਰਗ ਦੀ ਸੰਪੂਰਨ ਡਾਇਰੈਕਸ਼ਨ *ਗੁਰੂ ਗ੍ਰੰਥ ਸਾਹਿਬ* ਦੀ ਬਾਣੀ ਹੈ, ਇਸ ਨੂੰ ਫਾਲੋ ਕਰਾਂਗੇ ਤੇ ਮੰਜ਼ਲ ਤੇ ਪਹੁੰਚ ਜਾਵਾਂਗੇ ਨਹੀਂ ਤਾਂ ਡੇਰਿਆਂ ਰੂਪ ਪਗ-ਡੰਡੀਆਂ ਵਿੱਚ ਹੀ ਭੀਖ ਮੰਗਦੇ ਅਟਕੇ ਰਹਾਂਗੇ। ਅਸੀਂ ਪ੍ਰਭੂ ਦਰ ਦੇ ਹੀ ਭੇਖਾਰੀ ਹਾਂ ਅਤੇ ਉਸ ਦੇ ਦਰ ਤੋਂ ਹੀ ਮੰਗਣਾ ਹੈ- **ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾਂ ਕੈ ਦੁਖ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥** (੯੫੮) ਮਨੁੱਖ ਦੀ ਸਾਂਝ ਨਿਰੰਕਾਰ ਅਤੇ ਸੰਸਾਰ ਦੋਨਾਂ ਨਾਲ ਹੈ, ਉਸ ਨੂੰ ਸੰਸਾਰ ਵਿੱਚ ਵਿਚਰਣ ਲਈ ਲੋੜੀਂਦੀਆਂ ਸੰਸਾਰੀ ਵਸਤੂਆਂ, ਨਿਰੰਕਾਰ ਨੂੰ ਮਿਲਣ ਲਈ ਰੱਬੀ ਰਹਿਮਤਾਂ ਅਤੇ ਦੈਵੀ ਗੁਣ ਵੀ ਚਾਹੀਦੇ ਹਨ। ਇਸ ਲਈ ਹੱਥੀਂ ਕਿਰਤ ਅਤੇ ਸੁਰਤੀ ਨਾਲ ਕਰਤੇ ਨੂੰ ਯਾਦ ਕਰਦੇ ਹੋਏ ਲੋੜੀਂਦਾ ਸਾਰਾ ਕੁਛ ਰੱਬ ਕੋਲੋਂ ਹੀ ਮੰਗਣਾ ਹੈ ਨਾਂ ਕਿ ਵੱਡੇ-ਵੱਡੇ ਭੇਖੀ ਸਾਧਾਂ-ਸੰਤਾਂ ਜਾਂ ਸਿਆਸੀ ਲੀਡਰਾਂ ਅੱਗੇ ਹੀ ਲੇਲੜੀਆਂ ਕੱਢੀ ਜਾਣੀਆਂ ਹਨ ਜੋ ਖੁਦ ਲੋਕਾਂ ਕੋਲੋਂ ਮੰਗਦੇ ਫਿਰਦੇ ਹਨ। ਸੋ ਗੁਰੂ ਪਿਆਰਿਓ ਮੰਗਣ ਦਾ ਵੱਲ ਵੀ ਗੁਰੂ ਤੋਂ ਹੀ ਸਿੱਖੋ, ਕਿਉਂਕਿ ਗੁਰੂ ਸਾਡਾ ਗਿਆਨ ਦਾਤਾ ਹੈ, ਜੋ ਜਨਮ ਮਰਨ ਤੋਂ ਮੁਕਤ ਅਤੇ ਸਦੀਵੀ ਪ੍ਰਕਾਸ਼ ਹੈ। -੦-

ਕੀ ਵੈਦ, ਡਾਕਟਰ, ਦਵਾਈਆਂ, ਦਵਾਖਾਨੇ ਅਤੇ ਹਸਪਤਾਲ ਬੰਦ ਹੋ ਜਾਣਗੇ?

ਆਦਿ ਕਾਲ ਤੋਂ ਜਦੋਂ ਤੋਂ ਦੁਨੀਆਂ ਹੋਂਦ ਵਿੱਚ ਆਈ ਅਤੇ ਸਰੀਰਧਾਰੀ ਜੀਵ ਜੰਤ ਪੈਦਾ ਹੋਏ, ਪ੍ਰਮਾਤਮਾਂ ਨੇ ਸਭ ਲਈ ਖਾਣ-ਪੀਣ ਅਤੇ ਰਹਿਣ-ਸਹਿਣ ਦੇ ਸਾਧਨ ਵੀ ਪੈਦਾ ਕਰ ਦਿੱਤੇ ਬਲਕਿ ਬੱਚੇ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਮਾਂ ਦੇ ਅਸਥਣਾਂ ਵਿੱਚ ਦੁੱਧ ਪੈਦਾ ਹੋ ਜਾਂਦਾ ਹੈ। ਫਿਰ ਜਿਉਂ ਜਿਉਂ ਬੱਚਾ ਵਧਦਾ-ਫੁਲਦਾ ਹੈ ਉਸ ਦੀ ਖੁਰਾਕ ਅਤੇ ਪੁਸ਼ਾਕ ਵੀ ਬਦਲਦੀ ਜਾਂਦੀ ਹੈ। ਮਨੁੱਖ ਨੂੰ ਖਾਣ ਪੀਣ ਲਈ ਭੋਜਨ, ਪਹਿਨਣ ਲਈ ਕਪੜੇ ਅਤੇ ਰਹਿਣ ਲਈ ਘਰ ਦੀ ਜਰੂਰਤ ਹੈ। ਮਾਂ ਬਾਪ ਨੂੰ ਬੱਚੇ ਦੀ ਪਾਲਣਾ ਕਰਨੀ ਪੈਂਦੀ ਹੈ। ਵਿਦਿਆ ਹੁਨਰ ਆਦਿਕ ਸਿੱਖਣ ਲਈ ਸਕੂਲ, ਕਾਲਜ, ਵਿਦਿਆਲੇ ਅਤੇ ਯੂਨੀਵਰਸਿਟੀਆਂ ਵਿੱਚ ਜਾਣਾਂ ਪੈਂਦਾ ਹੈ। ਇਵੇਂ ਹੀ ਬੇਨਿਯਮੀਆਂ ਕਰਕੇ ਜਾਂ ਕੁਦਰ਼ਤੀ ਆਫਤਾਂ ਕਰਕੇ ਸਰੀਰ ਨੂੰ ਆ ਲੱਗੇ ਰੋਗਾਂ ਤੋਂ ਬਚਣ ਲਈ ਸਿਆਣੇ ਵੈਦ, ਡਾਕਟਰ ਆਦਿ ਤੋਂ ਰੋਗ ਮੁਤਾਬਿਕ ਦਵਾਈ ਲੈ ਕੇ ਨੇਮ ਨਾਲ ਖਾਣੀ ਅਤੇ ਕੁਝ ਗੱਲਾਂ ਦਾ ਪਰਹੇਜ ਵੀ ਰੱਖਣਾ ਪੈਂਦਾ ਹੈ ਤਾਂ ਸਰੀਰ ਤੰਦਰੁਸਤ ਹੋ ਜਾਂਦਾ ਹੈ ਪਰ ਜੇ ਪਰਹੇਜ ਨਾਂ ਰੱਖਿਆ ਜਾਵੇ ਤਾਂ ਰੋਗ ਦੂਰ ਨਹੀਂ ਹੁੰਦਾ ਸਗੋਂ ਹੋਰ ਵਧ ਜਾਂਦਾ ਹੈ-**ਪੂਛਤ ਹੈ ਵੈਦ ਔਖਧ ਖਾਹਿ ਨਾ ਸੰਜਮ ਸੇ, ਕੈਸੇ ਮਿਟੇ ਰੋਗ ਸੁਖੁ ਸਹਜੁ ਸਮਾਈਐ॥** (ਭਾ.ਗੁ.) ਆਧਿ, ਬਿਆਧਿ ਅਤੇ ਉਪਾਧਿ ਕਰਕੇ ਰੋਗ ਹਨ। ਆਧਿ ਮਨ, ਬਿਆਧਿ ਸਰੀਰ ਅਤੇ ਉਪਾਧਿ ਸਰਦੀ-ਗਰਮੀ ਆਦਿਕ ਦੇ ਅਸਰ ਜਾਂ ਉਪਦ੍ਰਵਾਂ ਤੋਂ ਪੈਦਾ ਹੋਏ ਰੋਗ ਹਨ ਅਤੇ ਇਨ੍ਹਾਂ ਦਾ ਇਲਾਜ ਵੀ ਵੱਖ ਵੱਖ ਪ੍ਰਕਾਰ ਦਾ ਹੈ।

ਜਿਥੇ ਅੱਜ ੨੧ ਵੀਂ ਸਦੀ ਵਿੱਚ ਵਿਗਿਆਨ ਖੋਜ ਦੀਆਂ ਸਿਖਰਾਂ ਛੂਹ ਰਿਹਾ ਹੈ ਓਥੇ ਧਰਮ ਦੇ ਨਾਂ ਤੇ ਵੱਖ ਵੱਖ ਦੁਕਾਨਾਂ ਖੋਲ੍ਹੀ ਬੈਠੇ ਸੰਤ ਬਾਬੇ ਅਤੇ ਪੀਰ ਜੋਤਸ਼ੀ ਜਨਤਾ ਨੂੰ ਗੁਮਰਾਹ ਕਰਨ ਦੀਆਂ ਵੀ ਸਿਖਰਾਂ ਛੋਹ ਰਹੇ ਹਨ। ਅਣਹੋਣੀਆਂ ਅਫਵਾਹਾਂ ਫਲਾਅ ਕੇ ਬਿਨਾ ਕਿਸੇ ਵੈਦ, ਡਾਕਟਰ ਅਤੇ ਦਵਾਈ ਦੇ ਰੋਗ ਨਾਸ ਕਰਨ ਦੇ ਦਾਅਵੇ ਕਰਦੇ ਹਨ। ਕਿਸੇ ਨੂੰ ਮੰਤ੍ਰਿਆ ਤਵੀਤ, ਧਾਗਾ ਜਾਂ ਪਾਣੀ ਦਿੰਦੇ ਹਨ, ਕਿਸੇ ਨੂੰ ਆਪਣੇ ਡੇਰਿਆਂ ਦੀਆਂ ਚੌਂਕੀਆਂ ਭਰਾਉਂਦੇ ਹਨ, ਕਿਸੇ ਨੂੰ ਧਰਮ ਗ੍ਰੰਥਾਂ ਦੇ ਗਿਣਤੀ ਮਿਣਤੀ ਦੇ ਪਾਠ ਕਰਾਉਣ ਦੀ ਸਿਖਿਆ ਦਿੰਦੇ ਹਨ, ਕਿਸੇ ਨੂੰ ਗਿਣਤੀ ਦੀਆਂ ਮਾਲਾ ਫੇਰਨ ਨੂੰ ਕਹਿੰਦੇ ਹਨ, ਕਿਸੇ ਨੂੰ ਬਕਰੇ-ਛਤਰੇ-ਮੁਰਗੇ ਕਿਸੇ ਖਾਸ ਜਗ੍ਹਾ ਤੇ ਚੜ੍ਹਾਉਣ ਲਈ ਕਹਿੰਦੇ ਹਨ ਅਤੇ ਕਿਸੇ ਨੂੰ ਚੌਰਸਤਿਆਂ ਅਤੇ ਘਰਾਂ ਵਿੱਚ ਵੱਖ ਵੱਖ ਕਿਸਮ ਦੇ ਟੂਣੇ ਕਰਕੇ ਰੋਗਾਂ ਤੋਂ ਮੁਕਤ ਹੋਣ ਦੀ ਸਿਖਿਆ ਦੇ ਕੇ, ਮਨ ਚਾਹੀਆਂ ਭੇਟਾ ਅਤੇ ਪੈਸੇ ਲੈ ਕੇ ਆਪ ਐਸ਼ੋ-ਇਸ਼ਰਤ ਅਤੇ ਅਰਾਮ ਦੀ ਜਿੰਦਗੀ ਮਾਣਦੇ ਹਨ। ਸੌ ਵਿੱਚੋਂ ਜੇ ਕੋਈ ਇੱਕ ਅੱਧਾ ਕੁਦਰਤੀ ਠੀਕ ਵੀ ਹੋ ਜਾਵੇ ਤਾਂ ਇਹ ਲੋਕ ਆਪਣੇ ਰੱਖੇ ਚੇਲਿਆਂ ਰਾਹੀਂ ਰਾਈ ਦਾ ਪਹਾੜ ਬਣਾਉਂਦੇ ਹੋਏ ਜਨਤਾ ਵਿੱਚ ਉਸ ਦਾ ਵੱਧ ਚੜ੍ਹ ਕੇ ਪ੍ਰਚਾਰ ਕਰਦੇ ਹਨ ਤਾਂ ਕਿ ਅੰਧ ਵਿਸ਼ਵਾਸ਼ੀ ਲੋਕ ਵਹੀਰਾਂ ਘੱਤ ਕੇ ਇਨ੍ਹਾਂ ਦੇ ਡੇਰਿਆਂ ਤੇ ਆ ਕੇ ਆਪਣੀ ਖੂਨ ਪਸੀਨੇ ਦੀ ਕਮਾਈ ਨੂੰ ਲੁਟੌਣ। ਇਉਂ ਅੰਧ ਵਿਸ਼ਵਾਸ਼ ਵਿੱਚ ਫਸ ਕੇ ਠੀਕ ਇਲਾਜ ਨਾ ਕਰਾਉਣ ਕਰਕੇ ਬਹੁਤੇ ਰੋਗ ਗ੍ਰਸਤ ਲੋਕ ਆਪਣੀ ਜਿੰਦਗੀ ਤੋਂ ਹੱਥ ਵੀ ਧੋ ਬੈਠਦੇ ਹਨ ਅਤੇ ਇਹ ਸਾਧਾਂ ਨੂੰ ਠੱਗ ਖਚਰਾ ਜਿਹਾ ਹਾਸਾ ਹੱਸ ਕੇ ਇਹ ਕਹਿ ਦਿੰਦੇ ਹਨ ਕਿ ਇਨ੍ਹਾਂ ਦੀ "ਲਿਖੀ" ਏਨੀ ਸੀ।

ਫਿਰ ਮਰਿਆਂ ਦੇ ਮਰਨੇ-ਪਰਨਿਆਂ ਤੇ ਵੀ ਇਹ ਪਾਠ ਅਰਦਾਸਾਂ ਕਰਕੇ ਪੈਸੇ ਬਟੋਰਨ ਦਾ ਧੰਦਾ ਚਲਾਈ ਰੱਖਦੇ ਹਨ।

ਆਪ ਇਹ ਢੌਂਗੀ ਸਾਧ, ਸ਼ੂਗਰ, ਬਲੱਡ ਪ੍ਰੈਸ਼ਰ, ਕੈਸਟਰੋਲ ਆਦਿਕ ਬੀਮਾਰੀਆਂ ਦੇ ਮਰੀਜ ਵੀ ਹੁੰਦੇ ਹਨ ਅਤੇ ਮਹਿੰਗੇ ਤੋਂ ਮਹਿੰਗੇ ਹਸਪਤਾਲਾਂ ਵਿੱਚ ਮਹਿੰਗੇ ਤੋਂ ਮਹਿੰਗੀ ਦਵਾਈ ਅਤੇ ਚੰਗੇ ਤੋਂ ਚੰਗੇ ਡਾਕਟਰਾਂ ਕੋਲੋਂ ਆਪਣਾ ਇਲਾਜ ਕਰਵਾਉਂਦੇ ਹਨ ਪਰ ਲੋਕਾਂ ਨੂੰ ਉਪਦੇਸ਼ ਦਿੰਦੇ ਹਨ ਕਿ ਸਵਾ ਲੱਖ ਜਪੁਜੀ ਦੇ ਪਾਠਾਂ ਦੀ ਮਾਲਾ ਫੇਰੋ, ਅਖੰਡ ਪਾਠਾਂ ਦੀ ਇੱਕੋਤਰੀ ਕਰਾਓ, ਦੁਖਭੰਜਨੀ ਦੇ ਪਾਠ ਕਰੋ ਅਤੇ ਫਲਾਨੇ ਮੰਤਰ ਦਾ ਸਾਡੀ ਦੱਸੀ ਵਿਧੀ ਦੁਆਰਾ ਜਾਪ ਕਰੋ, ਤੁਹਾਡੇ ਰੋਗ ਹਟ ਜਾਣਗੇ, ਵੈਦਾਂ ਡਾਕਟਰਾਂ ਕੋਲ ਜਾਣ ਦੀ ਲੋੜ ਨਹੀਂ। ਜਰਾ ਸੋਚੋ! ਸਾਡੇ ਗੁਰੂਆਂ ਨੇ ਤਾਂ ਸਰੀਰ ਦੇ ਇਲਾਜ ਵਾਸਤੇ ਸੰਗਤ-ਪੰਗਤ ਦੇ ਨਾਲ ਦਵਾਖਾਨੇ ਵੀ ਖੋਲ੍ਹੇ ਹੋਏ ਸਨ ਜਿੱਥੇ ਲੋੜਵੰਦਾਂ ਦਾ ਇਲਾਜ ਕੀਤਾ ਜਾਂਦਾ ਸੀ। ਪ੍ਰੇਮੇ ਕੋਹੜੀ ਦਾ ਇਲਾਜ ਗੁਰੂ ਅਮਰਦਾਸ ਜੀ ਨੇ ਕੀਤਾ, ਗੁਰੂ ਅਰਜਨ ਸਹਿਬ ਜੀ ਨੇ ਕੋਹੜੀਆਂ ਦੇ ਇਲਾਜ ਲਈ ਦਵਾਖਾਨੇ ਖੋਲ੍ਹੇ ਜਿੱਥੇ ਚੰਗੇ ਚੰਗੇ ਵੈਦ ਰੋਗੀਆਂ ਦਾ ਇਲਾਜ ਕਰਦੇ ਸਨ। ਗੁਰੂ ਹਰਰਾਇ ਸਾਹਿਬ ਜੀ ਦਾ ਦਵਾਖਾਨਾਂ ਬੜਾ ਮਸ਼ਹੂਰ ਸੀ। ਕਹਿੰਦੇ ਹਨ ਕਿ ਇੱਕ ਵਾਰ ਗੁਰੂ ਦੋਖੀ ਔਰੰਗਜ਼ੇਬ ਦਾ ਵੱਡਾ ਭਾਈ ਦਾਰਾਸ਼ਕੋਹ ਜੋ ਸੂਫੀ ਖਿਆਲਾਂ ਦਾ ਸੀ ਕਿਸੇ ਭਿਆਨਕ ਰੋਗ ਦਾ ਸ਼ਿਕਾਰ ਹੋ ਗਿਆ, ਰਾਜੇ ਦਾ ਪੁੱਤ ਸੀ ਬੜੇ ਮਹਿੰਗੇ ਇਲਾਜ ਕਰਾਏ ਠੀਕ ਨਾ ਹੋਇਆ ਆਖਰ ਗੁਰੂ ਹਰਰਾਇ ਸਾਹਿਬ ਜੀ ਦੇ ਦਵਾਖਾਨੇ ਚੋਂ ਇਲਾਜ ਕਰਾ ਕੇ ਠੀਕ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਮਰੀਜਾਂ ਦੀ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ ਜਿਸ ਦੀ ਮਿਸਾਲ ਭਾਈ ਘਨੱਈਆ ਜੀ ਹਨ ਜੋ ਜ਼ਖਮੀਆਂ ਦੀ ਮਲ੍ਹਮ-ਪੱਟੀ ਕਰਿਆ ਕਰਦੇ ਸਨ। ਬਾਬਾ ਬੰਦਾ ਸਿੰਘ ਬਹਾਦਰ, ਸ੍ਰ. ਜੱਸਾ ਸਿੰਘ ਆਹਲੂਵਾਲੀਆ ਸੁਲਤਾਨੁਲ ਕੌਮ ਅਤੇ ਮਹਾਂਰਾਜਾ ਰਣਜੀਤ ਸਿੰਘ ਨੇ ਵੀ ਅੱਛੇ ਅੱਛੇ ਵੈਦ ਰੱਖੇ ਹੋਏ ਸਨ। ਅੱਜ ਵੀ ਇੰਡੀਆ ਵਿੱਚ ਕਈ ਗੁਰਦੁਆਰਿਆਂ ਵਿੱਚ ਫਰੀ ਡਿਸਪੈਂਸਰੀਆਂ ਅਤੇ ਹਸਪਤਾਲ ਚਲ ਰਹੇ ਹਨ।

ਧਿਆਨ ਨਾਲ ਪੜ੍ਹੋ! ਜੇ ਅਨੇਕ ਭਾਂਤੀ ਪਾਠ-ਪੂਜਾ, ਟੂਣੇ ਟਾਮਣ, ਮੰਤ੍ਰ ਜੰਤ੍ਰ, ਝੜਾਵੇ ਅਤੇ ਝਾੜ-ਫੂਕ ਨਾਲ ਹੀ ਜ਼ਖਮੀ ਅਤੇ ਰੋਗੀ ਠੀਕ ਹੋਣੇ ਹਨ, ਤਾਂ ਫਿਰ ਵੈਦਾਂ, ਡਾਕਟਰਾਂ, ਹਸਪਾਤਾਲਾਂ ਅਤੇ ਦਵਾਖਾਨਿਆਂ ਦੀ ਕੋਈ ਲੋੜ ਨਹੀਂ ਹੈ। ਇਸ ਤਰੀਕੇ ਨਾਲ ਸਰਕਾਰਾਂ ਅਤੇ ਲੋਕ ਲੱਖਾਂ ਡਾਲਰ ਬਚਾ ਸਕਦੇ ਹਨ। ਭਲਿਓ ਗੁਰਬਾਣੀ ਦਾ ਪਾਠ ਅਤੇ ਅਰਦਾਸ ਸਾਡੇ ਮਨ ਨੂੰ ਬਲਵਾਨ ਕਰਦੇ ਹਨ ਜੇ ਅਸੀਂ ਬਾਣੀ ਦੀ ਵਿਚਾਰ ਕਰਕੇ ਅਮਲ ਕਰੀਏ। ਦੇਖੋ! ਬਹੁਤੇ ਮਾਨਸਿਕ ਰੋਗ ਪ੍ਰਮੇਸ਼ਰ ਨੂੰ ਭੁਲਣ ਤੇ ਹੀ ਲਗਦੇ ਹਨ- **ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥** (੧੩੫) ਸੋ ਇਸ ਕਰਕੇ ਗਿਣਤੀ-ਮਿਣਤੀ ਦੇ ਪਾਠਾਂ ਅਤੇ ਸਾਧਾਂ ਦੇ ਦੱਸੇ ਮੰਤ੍ਰ ਜਾਪਾਂ ਅਤੇ ਝਾੜ-ਫੂਕਾਂ ਨਾਲੋਂ ਪ੍ਰਮਾਤਮਾਂ ਨੂੰ ਹਰ ਵੇਲੇ ਯਾਦ ਰੱਖੋ, ਮਨ ਬਲਵਾਨ ਹੋਵੇਗਾ। ਸਿਆਣੇ ਕਹਿੰਦੇ ਹਨ ਕਿ ਮਨ ਤੋਂ ਵਿਸਾਰਿਆ ਹੋਇਆ ਰੋਗ ਤਨ ਤੋਂ ਦੂਰ ਹੋ ਜਾਂਦਾ ਹੈ। ਦੁਖ-ਸੁਖ ਤਾਂ ਸਰੀਰ ਦੇ ਭੋਗ ਹਨ ਜਿਵੇਂ ਸਰੀਰ ਨੂੰ ਭੁੱਖ ਲੱਗਣ ਤੇ ਭੋਜਨ, ਪਿਆਸ ਲੱਗਣ ਤੇ ਪਾਣੀ, ਠੰਡ ਲੱਗਣ ਤੇ ਗਰਮ ਕਪੜਿਆਂ, ਇੱਕ ਥਾਂ ਤੋਂ ਦੂਰ ਜਾਣ ਵਾਸਤੇ ਮੌਕੇ ਦੀ ਸਵਾਰੀ ਦੀ ਲੋੜ ਹੈ ਇਵੇਂ ਹੀ ਕੋਈ ਰੋਗ ਲੱਗਣ ਤੇ ਵੈਦ, ਹਕੀਮ, ਡਾਕਟਰ, ਦਵਾਈ, ਦਵਾਖਾਨਾ ਅਤੇ ਹਸਪਤਾਲ ਦੀ ਲੋੜ ਹੈ। ਗੁਰਬਾਣੀ ਨੂੰ ਡੀਪਲੀ ਸਮਣ ਦੀ ਲੋੜ ਹੈ ਨਾਂ ਕਿ ਇਨ੍ਹਾਂ ਡੇਰੇਦਾਰ

ਠੱਗਾਂ ਦੇ ਮਗਰ ਲੱਗ ਕੇ ਜੋ ਗੁਰਬਾਣੀ ਦੇ ਸਮੁੱਚੇ ਭਾਵ ਨੂੰ ਛੱਡ ਕੇ ਕਿਸੇ ਇੱਕ ਪੰਗਤੀ ਦਾ ਨਾਂ ਵਰਤ ਕੇ ਜਨਤਾ ਨੂੰ ਬੁਧੂ ਬਣਾ ਕੇ ਜਿੱਥੇ ਲੁੱਟ ਰਹੇ ਹਨ ਓਥੇ ਗੁਰਬਾਣੀ ਵਿਚਾਰਧਾਰਾ ਦਾ ਵੀ ਕਤਲ ਕਰ ਰਹੇ ਹਨ। ਗੁਰਬਾਣੀ ਮਨ- ਰੂਹ ਦੀ ਖੁਰਾਕ ਹੈ ਸਰੀਰ ਦੀ ਨਹੀਂ। ਸਰੀਰ ਬਾਰੇ ਤਾਂ ਲਿਖਿਆ ਹੈ- **ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥** (੧੩੮੩)

ਅੱਜ ਦਾ ਪੜ੍ਹਿਆ ਲਿਖਿਆ ਸਿੱਖ ਵੀ ਏਨਾ ਆਲਸੀ ਹੋ ਚੁੱਕਾ ਹੈ ਕਿ ਆਪ ਗੁਰਬਾਣੀ ਪੜ੍ਹਨ-ਵਿਚਾਰਨ ਦੀ ਥਾਂ ਡੇਰੇਦਾਰ ਸਾਧਾਂ ਸੰਤਾਂ ਦੇ ਦੱਸੇ ਮੁਤਾਬਕ ਭਾੜੇ ਦੇ ਪਾਠ ਹੀ ਕਰਵਾ ਰਿਹਾ ਹੈ ਤਾਂ ਹੀ ਅਗਿਆਨਤਾ ਕਰਕੇ ਕੋਈ ਸਰੀਰਕ ਰੋਗ ਹੋਣ ਤੇ ਵੀ ਡਾਕਟਰ ਕੋਲ ਜਾਣ ਦੀ ਬਜਾਏ ਸਾਧਾਂ ਕੋਲ ਜਾਂਦਾ ਹੈ ਜੋ ਗੁਰਬਾਣੀ ਦੇ ਕਿਸੇ ਸ਼ਬਦ ਨੂੰ ਕਿਸੇ ਖਾਸ ਵਿਧੀ ਦੁਆਰਾ ਸੰਪਟ ਲਾ ਕੇ ਚਾਲੀ ਦਿਨ ਪੜ੍ਹਨ ਦੀ ਸਿਖਿਆ ਦੇਣ ਦੇ ਨਾਲ, ਆਪਣੇ ਹਲਵੇ ਮੰਡੇ ਦੇ ਪ੍ਰਬੰਧ ਲਈ ਡੇਰੇ ਵਿੱਚ ਅਖੰਡ ਪਾਠ ਜਾਂ ਸੰਪਟ ਪਾਠ ਕਾਰਉਣ ਲਈ ਫੁਰਮਾਨ ਜਾਰੀ ਕਰ ਦਿੰਦੇ ਹਨ। ਅੱਜ ਦੇ ਗੁਰਬਾਣੀ ਵਿਚਾਰਧਾਰਾ ਨਾਲੋਂ ਟੁੱਟੇ ਸਿੱਖਾਂ ਨੂੰ ਕੌਣ ਸਮਝਾਵੇ ਕਿ ਅਜੋਕੇ ਸਾਧ ਡੇਰੇਦਾਰ ਗੁਰੂਆਂ-ਭਗਤਾਂ ਤੋਂ ਵੱਡੇ ਜਾਂ ਸਿਆਣੇ ਨਹੀਂ ਹਨ ਜਿਨ੍ਹਾਂ ਦੇ ਮੱਗਰ ਲੱਗ ਕੇ ਅਸੀਂ ਗੁਰੂ ਪ੍ਰਮੇਸ਼ਰ ਨੂੰ ਭੁਲੀ ਜਾ ਰਹੇ ਹਾਂ ਜਿਸ ਸਦਕਾ ਪਹਿਲਾਂ ਮਾਨਸਕ ਤੇ ਫਿਰ ਸਰੀਰਕ ਰੋਗਾਂ ਦੇ ਗ੍ਰਸਤ ਹੋ ਜਾਂਦੇ ਹਾਂ। ਗੁਰਬਾਣੀ ਤਾਂ ਬਾਰ ਬਾਰ ਸੇਧ ਦੇ ਰਹੀ ਹੈ ਕਿ-**ਖਸਮੁ ਵਿਸਾਰਿ ਕੀਏ ਰਸ ਭੋਗ ਤਾਂ ਤਨਿ ਉਠਿ ਖਲੋਏ ਰੋਗ॥** (੧੨੫੬) ਸੋ ਜਿਵੇਂ ਸਾਡੀ ਰੂਹ ਨੂੰ ਨਾਮ-ਬਾਣੀ-ਵਿਚਾਰ-ਰੱਬੀ ਯਾਦ ਦੀ ਲੋੜ ਹੈ ਇਵੇਂ ਹੀ ਰੋਗ ਗ੍ਰਸਤ ਸਰੀਰ ਨੂੰ ਦਵਾ-ਦਾਰੂ ਦੀ ਲੋੜ ਹੈ ਜੋ ਨੀਮਾਂ-ਹਕੀਮਾਂ ਨੂੰ ਛੱਡ ਕੇ ਕਿਸੇ ਚੰਗੇ ਵੈਦ, ਡਾਕਟਰ ਕੋਲੋਂ ਹੀ ਲੈਣੀ ਚਾਹੀਦੀ ਹੈ ਨਾਂ ਕਿ ਨੀਮ-ਹਕੀਮਾਂ ਵਾਂਗ ਸਾਧਾਂ ਦੇ ਮਗਰ ਲੱਗ ਕੇ ਰੋਗ ਵਧਾ ਲੈਣਾ ਚਾਹੀਦਾ ਹੈ। ਇਸ ਲਈ ਵੈਦ, ਡਾਕਟਰ, ਦਵਾਈ, ਦਵਾਖਨੇ ਜਾਂ ਹਸਪਤਾਲ ਬੰਦ ਨਹੀਂ ਹੋਣਗੇ ਸਗੋਂ ਖੋਜ ਨਾਲ ਇਨ੍ਹਾਂ ਵਿੱਚ ਹੋਰ ਸੁਧਾਰ ਹੁੰਦਾ ਰਹੇਗਾ ਹਾਂ ਜਦ ਲੋਕ ਸੁਚੇਤ ਹੋ ਗਏ ਡੇਰੇ ਜਰੂਰ ਬੰਦ ਹੋ ਸਕਦੇ ਹਨ। ਗੁਰੂ ਭਲੀ ਕਰੇ ਸੁਮਤਿ ਬਖਸ਼ੇ! ਆਪਾਂ ਸਬਜਬਾਗੀ ਚਮਤਕਾਰਾਂ ਨੂੰ ਛੱਡ ਕੇ ਗੁਰਬਾਣੀ ਚਿੰਤਕ ਬਣ ਕੇ ਆਪਣਾ ਅਤੇ ਲੋਕਾਈ ਦਾ ਭਲਾ ਕਰੀਏ।

-o-

ਯੋਗਾ ਦਾ ਗੁਰਦੁਆਰਿਆਂ ਵਿੱਚ ਪ੍ਰਚਾਰ ਮਾਇਆ ਲਈ ਪ੍ਰਬੰਧਕਾਂ ਦਾ ਵਾਪਾਰ !

ਗੁਰਮੱਤ ਜਿਸਦੇ ਰਹਿਬਰ ਗੁਰੂ ਨਾਨਕ ਸਾਹਿਬ ਜੀ ਹਨ ਜੋ ਸਾਰੇ ਮੱਤਾਂ ਤੋਂ ਨਿਆਰਾ, ਕਰਮਸ਼ੀਲ, ਯਤਨਸ਼ੀਲ ਅਤੇ ਗਿਆਨ-ਵਿਗਿਆਨ ਦਾ ਸੋਮਾਂ ਅਤੇ ਜਿਸ ਵਿੱਚ ਰੱਬੀ ਗੁਰੂਆਂ-ਭਗਤਾਂ ਦੇ ਸੁਨਹਿਰੀ ਉਪਦੇਸ਼ ਹਨ। ਅੰਧਵਿਸ਼ਵਾਸ਼ੀ ਲੋਕ ਇਸ ਅਗਾਂਹ ਵਧੂ ਅਤੇ ਕ੍ਰਿਆਸ਼ੀਲ ਮੱਤ ਨੂੰ ਬਰਦਾਸ਼ਤ ਨਾਂ ਕਰਦੇ ਹੋਏ, ਇਸ ਵਿੱਚ ਵੀ ਫੋਕੇ ਕਰਮਕਾਂਡਾਂ ਦਾ ਰਲਾ ਕਰਨ ਲਈ, ਆਏ ਦਿਨ ਵੱਖ-ਵੱਖ ਰੂਪਾਂ ਵਿੱਚ ਤਰਲੋਮੱਛੀ ਹੋ ਰਹੇ ਹਨ। ਸਾਨੂੰ ਇਸ ਮਾਜਰੇ ਨੂੰ ਗੰਭੀਰਤਾ ਨਾਲ ਸਮਝਣ ਦੀ ਅਤਿਅੰਤ ਲੋੜ ਹੈ। ਸਮੁੱਚੇ ਸੰਸਾਰ ਦਾ ਰੱਬੀ ਧਰਮ ਇੱਕ ਹੀ ਹੈ ਪਰ ਮੱਤ (ਮਜ਼ਹਬ) ਬਹੁਤ ਹਨ ਜਿਵੇਂ ਜੈਨ ਮੱਤ, ਬੁੱਧ ਮੱਤ, ਯਹੂਦੀ ਮੱਤ, ਈਸਾਈ ਮੱਤ, ਇਸਲਾਮ ਮੱਤ ਅਤੇ ਸਿੱਖ ਮੱਤ ਆਦਿਕ ਕਈ ਹੋਰ ਮੱਤ ਵੀ ਹਨ। ਇਵੇਂ ਹੀ ਇੱਕ ਯੋਗਮੱਤ ਵੀ ਹੈ, ਇਸਦੇ ਆਪਣੇ ਵੱਖਰੇ ਨਿਯਮ-ਸਾਧਨ ਹਨ, ਜਿਨ੍ਹਾਂ ਦਾ ਅੱਜ ਕੱਲ੍ਹ ਇੰਗਲਿਸ਼ ਦੇ ਵਰਡ **"ਯੋਗਾ"** ਟਾਈਟਲ ਹੇਠ ਪ੍ਰਚਾਰ ਹੋ ਰਿਹਾ ਹੈ। ਆਓ ਆਪਾਂ ਇਸ ਬਾਰੇ ਵਿਚਾਰ-ਵਿਟਾਂਦਰਾ ਕਰੀਏ। ਮਹਾਨਕੋਸ਼ ਅਨੁਸਾਰ ਜੋਗ ਪੰਜਾਬੀ ਅਤੇ ਯੋਗ ਸੰਸਕ੍ਰਿਤ ਦੇ ਲਫਜ਼ ਹਨ, ਪ੍ਰਕਰਣ ਅਨੁਸਾਰ ਅਰਥ ਹਨ-ਜੋਗ-ਨੂੰ, ਕੋ, ਪ੍ਰਤਿ, ਤਾਈਂ ਜਿਵੇਂ-ਲਿਖਤਮ ਉੱਤਮ ਸਿੰਘ, ਜੋਗ ਭਾਈ ਗੁਰਮੁਖ ਸਿੰਘ ਅਤੇ "ਤਿਤੁ ਮਹਲੁ ਜੋ ਸ਼ਬਦੁ ਹੋਆ ਸੋ ਪੋਥੀ ਗੁਰਿ ਅੰਗਦ ਜੋਗੁ ਮਿਲੀ" ਜੋਗ-ਲੀਏ, ਵਾਸਤੇ, ਲਈ- **ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ** (੧੪੧੨) ਜੋਗ-ਉਚਿੱਤ, ਲਾਇਕ, ਕਾਬਲ- **ਨਾਨਕ ਸਦਾ ਧਿਆਈਐ ਧਿਆਵਨ ਜੋਗ** (੨੬੯) ਜੋਗ-ਮੇਲ, ਜੁੜਨਾ। **ਜੋਗ-ਸਮਰੱਥ-ਪ੍ਰਭੁ ਸਭਨਾ ਗਲਾ ਜੋਗਾ ਜੀਉ** (੧੦੮) **ਯੋਗਾ**-ਪਤੰਜਲਿ ਰਿਖੀ ਨਾਲ ਸਬੰਧਤ ਹੈ ਅਤੇ ਇਸਦੇ ਹਠਯੋਗ ਨਾਲ ਚਿੱਤ ਨੂੰ ਇਕਾਗਰ ਕਰਨ ਦੇ ਸਾਧਨ ਹਨ।

ਗੁਰਮਤਿ ਮਾਰਤੰਡ ਅਨੁਸਾਰ ਮੁੱਖ ਤੌਰ ਤੇ ਯੋਗ ਦੋ ਪ੍ਰਕਾਰ ਦਾ ਹੈ-ਹਠਯੋਗ ਅਤੇ ਸਹਜਯੋਗ। **ਹਠਯੋਗ**-ਜੋਗੀਆਂ, ਨਾਥਾਂ ਦਾ ਮਾਰਗ ਅਤੇ ਸਹਜਯੋਗ ਭਗਤਾਂ ਆਦਿਕ ਗੁਰਮੱਤ ਅਵਿਲੰਬੀਆਂ ਦਾ ਮਾਰਗ ਹੈ। ਹਠਯੋਗ ਵਿੱਚ ਸਰੀਰ ਨੂੰ ਗੈਰ-ਕੁਦਰਤੀ ਕਸ਼ਟ ਵੀ ਦਿੱਤੇ ਜਾਂਦੇ ਹਨ ਪਰ **ਸਹਜਯੋਗ** ਵਿੱਚ ਗ੍ਰਹਿਸਤ ਵਿੱਚ ਰਹਿੰਦਿਆ ਪ੍ਰੇਮਾਂ-ਭਗਤੀ ਕਰਕੇ ਮਨ ਸ਼ਾਂਤ ਕੀਤਾ ਜਾਂਦਾ ਹੈ। ਮੁੱਖ ਤੌਰ ਤੇ ਚਿੱਤ-ਬਿਰਤੀਆਂ ਨੂੰ ਰੋਕਣ ਦਾ ਨਾਉਂ ਯੋਗ ਹੈ ਪਰ ਯੋਗੀ ਲੋਕ ਇਸ ਵਾਸਤੇ ਹਠ-ਯੋਗ ਕਰਦੇ ਹਨ। ਹਠ-ਯੋਗ ਦੇ ਅੱਠ ਅੰਗ ਹਨ-**੧. ਯਮ** (ਅਹਿੰਸਾ, ਸਤਯ, ਪਰ-ਧਨ, ਪਰ-ਇਸਤ੍ਰੀ ਦਾ ਤਿਆਗ, ਨੰਮ੍ਰਤਾ ਅਤੇ ਧੀਰਜ **੨. ਨਿਯਮ** (ਪਵਿਤ੍ਰਤਾ, ਸੰਤੋਖ, ਤਪ, ਵਿਦਿਆ ਅਭਿਆਸ, ਹੋਮ, ਦਾਨ ਅਤੇ ਸ਼ਰਧਾ **੩. ਆਸਣ**-ਯੋਗੀਆਂ ਨੇ ੮੪ ਲੱਖ ਮੰਨੀ ਗਈ ਜੀਵਾਂ ਦੀ ਬੈਠਕ ਵਿੱਚੋਂ ਚੁਣ ਕੇ ੮੪ ਆਸਨ ਪੁਸਤਕਾਂ ਵਿੱਚ ਲਿਖੇ ਹਨ ਜਿਨ੍ਹਾਂ ਵਿੱਚੋਂ ਕੂਰਮਾਸਨ, ਮਯੂਰਾਸਨ, ਮਾਂਡੂਕਾਸਨ, ਹੰਸਾਸਨ, ਵੀਰਾਸਨ ਆਦਿਕ ਪਰ ਅਭਿਆਸੀ ਵਾਸਤੇ

ਸਿੱਧਾਸਨ ਅਤੇ ਪਦਮਾਸਨ ਦੋ ਹੀ ਸ਼ੇਮਣੀ ਮੰਨੇ ਹਨ। ਸਿੱਧਾਸਨ-ਗੁਦਾ ਅਤੇ ਲਿੰਗ ਦੇ ਵਿੱਚਕਾਰ ਜੋ ਨਾੜੀ ਹੈ ਉਸ ਨੂੰ ਖੱਬੇ ਪੈਰ ਦੀ ਅੱਡੀ ਨਾਲ ਦਬਾਉਣਾ, ਸੱਜੇ ਪੈਰ ਦੀ ਅੱਡੀ ਪੇਡੂ ਉੱਤੇ ਰੱਖਣੀ, ਦੋਹਾਂ ਪੈਰਾਂ ਦੇ ਅੰਗੂਠੇ ਲੱਤਾਂ ਹੇਠ ਲੁਕੋ ਲੈਣੇ, ਛਾਤੀ ਤੋਂ ਚਾਰ ਉਂਗਲ ਦੀ ਵਿੱਥ ਰੱਖ ਕੇ ਠੋਡੀ ਨੂੰ ਅਚੱਲ ਕਰਨਾ, ਨੇਤ੍ਰਾਂ ਦੀ ਟਕ ਭੌਹਾਂ ਦੇ ਮੱਧ ਟਿਕਾਉਣੀ, ਤਲੀਆਂ ਉੱਤੇ ਨੂੰ ਕਰਕੇ ਦੋਵੇਂ ਹੱਥ ਪੱਟਾਂ ਉੱਪਰ ਅਡੋਲ ਰੱਖਣੇ। **ਪਦਮਾਸਨ**-ਖੱਬੇ ਪੱਟ ਉੱਤੇ ਸੱਜਾ ਪੈਰ, ਸੱਜੇ ਉੱਤੇ ਖੱਬਾ ਪੈਰ ਰੱਖਣਾ, ਕਮਰ ਦਾ ਵਲ ਕੱਢ ਕੇ ਸਿੱਧਾ ਬੈਠਣਾ, ਦੋਵੇਂ ਹੱਥ ਗੋਡਿਆਂ ਤੇ ਰੱਖਣੇ, ਠੋਡੀ ਛਾਤੀ ਨਾਲ ਲਾ ਕੇ, ਨੇਤ੍ਰਾਂ ਦੀ ਟਕ ਨੱਕ ਦੀ ਨੋਕ ਉੱਤੇ ਠਹਿਰਾਉਣੀ। ਜੇ ਪਿੱਠ ਪਿਛੋਂ ਦੀ ਬਾਹਾਂ ਲੈ ਜਾ ਕੇ ਸੱਜੇ ਹੱਥ ਨਾਲ ਸੱਜੇ ਪੈਰ ਦਾ ਅਤੇ ਖੱਬੇ ਹੱਥ ਨਾਲ ਖੱਬੇ ਪੈਰ ਅੰਗੂਠਾ ਪਕੜ ਲਿਆ ਜਾਏ ਤਾਂ ਇਸ ਦਾ ਨਾਂ **ਬੱਧਪਦਮਾਸਨ** ਹੈ ੪. **ਪ੍ਰਾਣਾਯਾਮ**-ਸਵਾਸਾਂ ਦੀ ਗਤੀ ਨੂੰ ਠਹਿਰਾਉਣ ਦਾ ਨਾਂ ਪ੍ਰਾਯਾਮ ਹੈ। ਯੋਗੀਆਂ ਨੇ ਸਰੀਰ ਵਿੱਚ ੭੨੦੦੦ ਨਾੜੀਆਂ ਮੰਨੀਆਂ ਹਨ ਜਿਨ੍ਹਾਂ ਵਿੱਚੋਂ ੧੦ ਨਾੜੀਆਂ ਪ੍ਰਾਣ ਅਭਿਆਸ ਦੀਆਂ ਸਹਾਇਕ ਦੱਸੀਆਂ ਹਨ (ਪਾਨ, ਅਪਾਨ, ਸਮਾਨ, ਉਦਾਨ, ਵਯਾਨ, ਕੂਰਮ, ਕ੍ਰਿਕਲ,ਦੇਵਦੱਤ, ਧਨੰਜਯ ਇਹ ੧੦ ਪ੍ਰਾਣ ਕਲਪੇ ਹਨ ਜਿਨ੍ਹਾਂ ਚੋਂ ਪਹਿਲੇ ਪੰਜਾਂ ਦਾ ਅਭਿਆਸ ਯੋਗੀ ਕਰਦੇ ਹਨ) ਪ੍ਰਾਣਯਾਮ ਦੇ ਕਠਿਨ ਪ੍ਰਕਾਰ ਬੇਅੰਤ ਹਨ ਪਰ ਪ੍ਰਮੁੱਖ ਦੋ ਹਨ-**ਚੰਦ੍ਰਾਂਗ ਅਤੇ ਸੂਰਯਾਂਗ**। ਚੰਦ੍ਰਾਂਗ-ਜੋਗੀ ਇੜਾ ਨਾੜੀ ਦੇ ਰਸਤੇ ੧੨ ਵਾਰ ਓਅੰ ਮੰਤ੍ਰ ਜਪ ਕੇ ਹੌਲੀ-੨ ਸੁਵਾਸਾਂ ਨੂੰ ਅੰਦਰ ਖਿੱਚਣਾ (ਪੂਰਕ ਕਰਨਾ) ੧੬ ਵਾਰ ਓਅੰ ਜਪ ਨਾਲ ਸਵਾਸਾਂ ਨੂੰ ਰੋਕਣਾ (ਕੁੰਭਕ ਕਰਨਾ) ਅਤੇ ੧੦ ਵਾਰ ਓਅੰ ਜਪੁ ਨਾਲ ਸਵਾਸ ਬਾਹਰ ਛੱਡਣੇ (ਰੇਚਕ ਕਰਨਾ) ਦੂਜਾ ਸੂਰਯਾਂਗ ਪ੍ਰਾਣਾਯਾਮ-ਪਿੰਗਲਾ ਦੇ ਰਸਤੇ (ਚੰਦ੍ਰਾਂਗ ਰੀਤੀ ਅਨੁਸਾਰ) ਪੂਰਕ ਅਤੇ ਕੁੰਭਕ ਪਿੱਛੋਂ ਇੜਾ ਨਾੜੀ ਦੁਆਰਾ ਰੇਚਕ ਕਰਨਾ ਫਿਰ ਇਸ ਅਭਿਆਸ ਨੂੰ ਵਧਾਉਂਦੇ ਹੋਏ ੩੬ ਵਾਰ ਓਅੰ ਜਪ ਕਰਕੇ ਰੇਚਕ ਕਰਨਾ। ਪ੍ਰਾਣਾਯਾਮ ਦੇ ਬਲ ਕਰਕੇ ਕੁੰਡਲਨੀ (ਭੁਝੰਗਮਾ) ਨਾੜੀ ਜਿਸ ਨੇ ਸੁਖਮਨਾ ਦਾ ਦਰਵਾਜਾ ਕਵਾੜ ਰੂਪ ਹੋ ਕੇ ਬੰਦ ਕੀਤਾ ਹੋਇਆ ਹੈ ਪਰੇ ਹਟ ਜਾਂਦੀ ਹੈ ਅਤੇ ਸੁਖਮਨਾ ਦੁਆਰਾ ਦਸਮ ਦੁਆਰ ਵਿੱਚ ਪ੍ਰਾਣ ਚਲਦੇ ਹਨ। ਇਸ ਤੋਂ ਇਲਾਵਾ ਇੱਕ **ਹੰਸ ਪ੍ਰਾਣਾਯਾਮ** ਵੀ ਹੈ ਜੋ ਇਕਾਗਰ ਮਨ ਹੋ ਕੇ ਸੁਵਾਸ ਦੇ ਬਾਹਰ ਜਾਣ ਪਰ **'ਹ'** ਅਰ ਅੰਦਰ ਜਾਣ ਪਰ **'ਸ'** ਦਾ ਸਿਮਰਨ ਕਰਨਾ ਇਵੇਂ ੬੦ ਘੜੀ ਵਿੱਚ ੨੧੬੦੦ ਵਾਰੀ ਜਾਪ ਹੋ ਜਾਂਦਾ ਹੈ। ਇਸ ਦਾ ਨਾਂ ਹੀ ਜੋਗਮੱਤ ਅਨੁਸਾਰ ਅਜਪਾ-ਜਾਪ ਜਾਂ ਅਜਪਾ ਗਾਯਤ੍ਰੀ ਹੈ ੫. **ਪ੍ਰਤਯਾਹਾਰ**-ਸ਼ਬਦ, ਸ਼ਪਰਸ਼, ਰੂਪ, ਰਸ, ਗੰਧ ਤੋਂ ਇੰਦ੍ਰੀਆਂ ਦੇ ਵੇਗ ਨੂੰ ਵਰਜ ਕੇ ਆਤਮ ਵਿਚਾਰ ਵਿੱਚ ਮਨ ਜੋੜਨ ਦਾ ਨਾਉਂ ਪ੍ਰਤਯਾਹਾਰ ਹੈ ੬. **ਧਾਰਨਾ**-ਚਿੱਤ ਨੂੰ ਇਕਾਗ੍ਰ ਕਰਨਾ ਅਤੇ ਕਿਸੇ ਖਾਸ ਅਸਥਾਨ ਅਰ ਵਸਤੂ ਵਿੱਚ ਜੋੜਨਾ ੭. **ਧਿਆਨ**-ਧੇਯ ਛੱਡ ਕੇ ਹੋਰ ਵੱਲ ਚਿੱਤ ਨਾਂ ਜਾਣਾ ੮. **ਸਮਾਧਿ**-ਸਾਰੇ ਸੰਕਲਪ ਮਿਟ ਕੇ ਧੇਯ ਵਿੱਚ ਬਿਰਤੀ ਦਾ ਲਿਵਲੀਨ ਹੋਣਾ ਅਤੇ ਉਸ ਦਾ ਸਾਖਯਾਤ ਭਾਸਣਾ ਸਮਾਧੀ ਕਹੀ ਜਾਂਦੀ ਹੈ। ਇਹ ਜੋਗ ਮੱਤ ਦੇ ਕਠਨ ਸਾਧਨ ਹਨ ਜੋ ਵਿਹਲੜ ਹੀ ਕਰ ਸਕਦੇ ਹਨ। ਹਾਂ ਕੁਝ ਕਸਰਤਾਂ ਜੋ ਸਰੀਰ ਦੀ ਵਰਜਿਸ਼ ਲਈ ਗੁਣਕਾਰੀ ਹਨ, ਕੀਤੀਆਂ ਜਾ ਸਕਦੀਆਂ ਹਨ

ਪਰ ਉਨ੍ਹਾਂ ਨੂੰ ਗੁਰਦੁਆਰੇ ਅੰਦਰ "ਯੋਗਾ" ਨਹੀਂ ਕਿਹਾ ਜਾ ਸਕਦਾ।

ਜੋਗੀਆਂ ਦੇ ਮਨੁੱਖਤਾ ਤੋਂ ਗਿਰੇ ਕਰਮ-ਜੋਗਮੱਤ ਗ੍ਰਹਿਸਤ ਤੋਂ ਭਗੌੜਾ ਹੋ ਕੇ ਔਰਤ ਦੀ ਨਿੰਦਾ ਕਰਦਾ ਹੈ। ਗੋਰਖ ਨਾਥ ਔਰਤ ਨੂੰ ਬਘਿਆੜਣ ਕਹਿੰਦਾ ਹੈ-**ਇਨ ਬਾਘਣ ਤ੍ਰੈਲੋਈ ਖਾਈ।** ਭਾ. ਗੁਰਦਾਸ ਜੀ ਵੀ ਲਿਖਦੇ ਹਨ-**ਹੋਇ ਅਤੀਤ ਗ੍ਰਿਹਸਤ ਤਜ ਫਿਰਿ ਉਨਹੂੰ ਕੇ ਘਰਿ ਮੰਗਣ ਜਾਈ॥** ਜੋਗੀ ਸਰੀਰ ਤੇ ਸਵਾਹ ਮਲਦੇ, ਜਟਾਂ ਧਾਰਨ ਕਰਦੇ, ਕੰਨ ਪਾੜ ਕੇ ਮੁੰਦਰਾਂ ਪਾਉਂਦੇ, ਖਿੰਥਾ ਧਾਰਨ ਕਰਦੇ, ਅੱਕ ਧਤੂਰਾ ਖਾਂਦੇ, ਭੰਗ, ਸ਼ਰਾਬਾਂ, ਚਿਲਮਾਂ ਪੀਂਦੇ, ਸ਼ਿਵਜੀ ਦੇ ਪੁਜਾਰੀ, ਗੋਰਖ ਨਾਥ, ਭਰਥਰ ਨਾਥ ਅਤੇ ਪਤੰਜਲ ਰਿਖੀ ਨੂੰ ਮੰਨਦੇ ਹਨ। ਜਰਾ ਸੋਚੋ! ਜਿਨਾਂ ਲੋਕਾਂ ਲਈ ਨਸ਼ੇ ਵਿੱਚ ਗੜੁੱਚ ਹੋਣਾ ਹੀ ਮਨ-ਬਿਰਤੀ ਦਾ ਟਿਕਾਓ ਹੈ, ਉਹ ਕਿਧਰ ਦੇ ਯੋਗੀ ਹੋ ਸਕਦੇ ਹਨ? ਇਨ੍ਹਾਂ ਨਸ਼ਈ ਯੋਗੀਆਂ ਨੇ ਗੁਰੂ ਨਾਨਕ ਸਾਹਿਬ ਨੂੰ ਵੀ ਸ਼ਰਾਬ ਦਾ ਪਿਆਲਾ ਭੇਟ ਕੀਤਾ ਪਰ ਮੂੰਹ ਤੇ ਸੱਚੋ ਸੱਚ ਕਹਿਣ ਵਾਲੇ ਰਹਿਬਰ ਨੇ ਕਿਹਾ, ਅੰਮ੍ਰਿਤ ਦੇ ਵਾਪਰੀ ਮਤ ਮਾਰੂ ਛੂਛੀ ਮਦ ਦਾ ਵਾਪਾਰ ਅਤੇ ਸੇਵਨ ਨਹੀਂ ਕਰਦੇ-

ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ॥..
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੇ॥
ਕਹੁ ਨਾਨਕ ਸੁਣਿ ਭਰਥਰ ਜੋਗੀ ਖੀਵਾ ਅੰਮ੍ਰਿਤ ਧਾਰੇ (੩੬੦)

ਨਸ਼ੇ ਪੀ ਕੇ ਰਿਧੀਆਂ-ਸਿੱਧੀਆਂ ਦੇ ਬਲ ਨਾਲ ਲੋਕਾਂ ਨੂੰ ਡਰਾ ਕੇ, ਆਪਣੀ ਪੂਜਾ ਕਰਾਉਣ ਵਾਲੇ, ਸਿੱਧਾਂ ਜੋਗੀਆਂ ਨੂੰ ਗੁਰੂ ਜੀ ਨੇ ਸ਼ਬਦ ਬਾਨ ਨਾਲ ਜਿੱਤ ਕੇ ਚਿੱਤ ਕੀਤਾ-**ਸ਼ਬਦਿ ਜਿਤੀ ਸਿਧ ਮੰਡਲੀ ਕੀਤੋਸੁ ਅਪੁਨਾ ਪੰਥ ਨਿਰਾਲਾ॥(ਭਾ.ਗੁ.)**

ਗੁਰਮੱਤ ਦੇ ਜੋਗਮੱਤ ਬਾਰੇ ਵਿਚਾਰ-

ਸਿੱਧਾਂ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ (੫੫੮)

ਸਿੱਧਾਂ-ਯੋਗੀਆਂ ਦੇ ਕਠਨ ਸਾਧਨਾਂ ਨਾਲ ਮਨ ਦੀ ਮੈਲ ਨਹੀਂ ਉੱਤਰਦੀ।

..ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥..
ਸਤਿਗੁਰੁ ਭੇਟੈ ਤਾਂ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥..
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ॥..
ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਤਉ ਪਾਈਐ (੭੩੦)

ਮੜੀਆਂ ਮਸਾਣਾਂ ਵਿੱਚ ਜਾ ਕੇ ਸਮਾਧੀਆਂ ਲਾਉਣੀਆਂ, ਦੇਸ਼ਾਂ ਦਾ ਭ੍ਰਮਣ ਕਰਨਾ ਅਤੇ ਪੁੰਨ ਕਰਮ ਲਈ ਤੀਰਥ ਨ੍ਹਾਉਣੇ ਨਿਰਾਥਕ ਕਰਮ ਹਨ। ਹੇ ਜੋਗੀਓ! ਜੇ ਸੱਚਾ ਗੁਰੂ ਮਿਲ ਜਾਏ ਤਾਂ ਭਰਮਾਂ ਦੇ ਪੜਦੇ ਤੁਟਦੇ ਹਨ ਅਤੇ ਮਨ ਦੀ ਮਾਇਆ ਵਾਲੀ ਦੌੜ ਮਿਟਦੀ ਹੈ। ਹੇ ਨਾਨਕ! ਜੀਂਵਦਿਆਂ ਹੀ ਅਜਿਹੇ ਫੋਕਟ ਕਰਮਾਂ ਅਤੇ ਵਿਕਾਰਾਂ ਵੱਲੋਂ ਮਨ ਨੂੰ ਮਾਰਨਾ ਹੀ ਜੋਗ ਹੈ।

ਮਾਇਆ ਦੀ ਕਾਲਖ ਵਿਖੇ ਰਹਿੰਦੇ ਹੀ ਨਿਰਲੇਪ ਰਹਿਣਾ ਜੁਗਤੀ ਹੈ। **ਏਹੁ ਜੋਗੁ ਨ ਹੋਵੈ ਜੋਗੀ ਜਿ ਕਟੰਬੁ ਛੋਡਿ ਪਰਭਵਣੁ ਕਰਹਿ** (੯੦੯) ਇਹ ਜੋਗ ਨਹੀਂ ਕਿ ਘਰ-ਪ੍ਰਵਾਰ ਦੀ ਜਿਮੇਵਾਰੀ ਛੱਡ ਕੇ ਵਿਹਲੜਾਂ ਦੀ ਤਰ੍ਹਾਂ ਘੁੰਮੇਂ।

ਜੋਗੁ ਨ ਭਗਵੀਂ ਕਪੜੀਂ ਜੋਗੁ ਨ ਮੈਲੇ ਵੇਸਿ॥

ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ (੧੪੨੧)

ਗੁਰਮੱਤ ਦਾ ਸਹਜ, ਭਗਤ, ਰਾਜ, ਬ੍ਰਹਮ ਅਤੇ ਤੱਤ ਜੋਗ-ਕਿਰਤ-ਵਿਰਤ ਕਰਦੇ ਹੋਰਨਾਂ ਲੋੜਵੰਦਾਂ ਨਾਲ ਵੰਡ ਛੱਕਣਾ ਅਤੇ ਪ੍ਰਭੂ ਪ੍ਰਮਾਤਮਾਂ ਨੂੰ ਸਦਾ ਯਾਦ ਰੱਖਣਾ ਹੀ ਸਹਿਜ ਸਮਾਧਿ ਭਾਵ ਮਨ ਦੀ ਇਕਾਗ੍ਰਤਾ ਹੈ-**ਸਹਜਿ ਸਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ** (੬੮) ਮਨ ਨੂੰ ਕਰਤਾਰ ਨਾਲ ਜੋੜ ਕੇ ਉਸ ਦੀ ਕੀਰਤੀ ਕਰਨੀ ਹੀ ਗੁਰਮੱਤ ਦਾ ਸਹਜ-ਜੋਗ ਹੈ-**ਜੋਗੁ ਬਨਿਆ ਤੇਰਾ ਕੀਰਤਨੁ ਗਾਈ** (੩੮੫) ਸਭ ਉੱਚੇ ਨੀਵੇਂ ਅਤੇ ਮਿਤ੍ਰ-ਸ਼ਤ੍ਰੂ ਨੂੰ ਸਮਾਨ ਜਾਨਣਾ ਹੀ ਅਸਲੀ ਜੋਗ ਦੀ ਜੁਗਤੀ ਅਤੇ ਨੀਸ਼ਾਨੀ ਹੈ-**ਮਿਤ੍ਰ ਸਤ੍ਰ ਸਭ ਏਕ ਸਮਾਨੇ ਜੋਗੁ ਜੁਗਤਿ ਨੀਸਾਨੀ** (੪੯੬) ਸ਼ਬਦ ਰੂਪੀ ਗੁਰੂ ਨੇ ਮਨ ਰੂਪੀ ਸਿੱਖ ਨੂੰ ਆਪਣੇ ਨਾਲ ਮਿਲਾ ਕੇ ਬਾਹਰੀ ਦੌੜ-ਭੱਜ ਵਲੋਂ ਮਾਰ ਦਿੱਤਾ ਹੈ ਇਹ ਹੀ ਸਿੱਖ ਦਾ ਸਹਜ-ਯੋਗ ਹੈ-

ਗੁਰਿ ਮਨੁ ਮਾਰਿਓ ਕਰਿ ਸੰਜੋਗੁ॥..ਜਨ ਨਾਨਕ ਹਰਿ ਵਰੁ ਸਹਜ ਜੋਗੁ (੧੧੭੦)

ਬ੍ਰਹਮਜੋਗ ਹੈ-**ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ,**

ਹਰਿ ਪਾਈਐ ਸਤਸੰਗਤੀ, ਉਪਦੇਸਿ ਗੁਰੂ ਗੁਰ ਸੰਤ ਜਨਾ,

ਖੋਲਿ ਖੋਲਿ ਕਪਾਟ॥(੧੨੯੭)

ਸੁਖਮਨਾ ਨਾੜੀ ਦੇ ਕਪਾਟ ਨਹੀਂ ਸਗੋਂ ਭ੍ਰਮ ਰੂਪ ਕਪਾਟ ਗਿਆਨ ਬਲ ਨਾਲ ਖੋਲ੍ਹ ਕੇ। ਇਸ਼ਨਾਨ, ਦਾਨ, ਨਾਮ ਅਤੇ ਸਤਸੰਗ ਹੀ ਗੁਰਮੱਤ ਦਾ **ਭਗਤ ਜੋਗ** ਹੈ ਅਤੇ ਇਸ ਦੇ ਇਹ ਅੰਗ ਹਨ-ਪ੍ਰਭੂ ਦੀ ਯਾਦ, ਸ਼ੁੱਧ ਰਹਿਣਾ, ਧਰਮ-ਕਿਰਤ ਕਰਕੇ ਵੰਡ ਛੱਕਣਾ ਅਤੇ ਸਦਾਚਾਰੀ ਗੁਰਮੁਖਾਂ ਦੀ ਸੰਗਤ ਕਰਨੀ। ਸਿੱਖ ਰਾਜ ਗੱਦੀ ਤੇ ਬੈਠਾ ਵੀ ਜੋਗੀ ਹੈ-**ਰਾਜੁ ਜੋਗੁ ਰਸ ਰਲੀਆਂ ਮਾਣੈ। ਸਾਧਸੰਗਤਿ ਵਿਟਹੁ ਕੁਰਬਾਣੈ॥੧॥ (ਭਾ.ਗੁ.)**

ਤੱਤਜੋਗ-ਆਤਮਬਲ ਕਰਕੇ ਦੁਖ ਵਿੱਚ ਸੁੱਖ, ਬੁਰੇ ਵਿੱਚ ਭਲਾ, ਹਾਰ ਵਿੱਚ ਜਿਤ, ਅਤੇ ਸੋਗ ਵਿੱਚ ਹਰਖ ਜਾਣ ਕੇ ਸਦਾ ਚੜ੍ਹਦੀ ਕਲਾ ਵਿੱਚ ਰਹਿਣਾ-**ਐਸੋ ਜਨੁ ਬਿਰਲੋ ਹੈ ਸੇਵਕੁ ਤਤ ਜੋਗ ਕਉ ਬੇਤੈ..**(੧੩੦੨)

ਗੁਰਮੱਤ ਵਿੱਚ ਸਹਜ ਜੋਗ ਦੇ ਵੀ ਅੱਠ ਅੰਗ-ਪ੍ਰਥਮੇ ਯਮ-ਮਨ ਨੂੰ ਨੀਵਾਂ ਰੱਖਣਾ, ਗੁਣ ਕਰਕੇ ਅਭਿਮਾਨੀ ਨਾ ਹੋਣਾ। ਦੂਜਾ **ਨੇਮ**-ਕਥਾ ਕੀਰਤਨ ਵਿੱਚ ਮਨ ਠਹਿਰਾਉਣਾ ਨੇਮ ਨਾਲ ਗੁਰ ਸ਼ਬਦ ਪੜ੍ਹਨਾ ਜਾਂ ਸੁਣਨਾ ਤੀਸਰਾ **ਇਕਾਂਤਦੇਸ਼**-ਸਰਬ ਵਿਖੇ ਏਕ ਗੋਬਿੰਦ ਕੋ ਜਾਨਣਾ। ਚੌਥਾ **ਆਸਣ**-ਰੱਬ ਨਾਲ ਸੁਰਤ ਜੋੜਨੀ। ਪੰਜਵਾਂ **ਪ੍ਰਾਣਾਯਾਮ**-ਗੁਰ-ਬਚਨ ਮਨ ਵਿਖੇ ਇਕੱਤ੍ਰ ਕਰਨੇ ਪੂਰਕ, ਕਦੇ ਗੁਰ ਬਚਨਾਂ ਨੂੰ ਤਿਆਗਣਾ ਨਾਂ ਕੁੰਭਕ, ਜੋ ਪਦਾਰਥ ਤਿਆਗਣਯੋਗ ਹਨ ਗੁਰ ਬਚਨਾਂ ਕਰਕੇ ਤਿਆਗਣੇ ਰੇਚਕ। ਛੇਵਾਂ **ਧਿਆਨ**-ਗੁਰਬਾਣੀ ਪਾਠ, ਕਥਾ ਅਤੇ ਕੀਰਤਨ

ਕਰਦੇ ਜਾਂ ਸੁਣਦੇ ਸਮੇ ਧਿਆਨ ਸ਼ਬਦ ਅਰਥਾਂ ਵਿਖੇ ਰੱਖਣਾ ਅਤੇ ਕੋਈ ਸੰਕਲਪ ਮਨ ਵਿਖੇ ਨਾਂ ਫੁਰਨ ਦੇਣਾ। ਸਤਵਾਂ **ਧਾਰਨਾ**-ਮਨ ਜੇ ਕਿਸੇ ਸੰਕਲਪ ਲਈ ਧਾਵੇ ਤਾਂ ਵੀ ਇਸ ਨੂੰ ਰੋਕ ਕੇ ਸ਼ਬਦ ਵਿਖੇ ਜੋੜਨਾ। ਅਠਵਾਂ **ਸਮਾਧਿ**-ਜੋ ਦੋ ਚਾਰ ਘੜੀਆਂ ਮਨ ਸ਼ਬਦ ਵਿਚਾਰ ਵਿੱਚ ਠਹਿਰਿਆ ਇਸ ਠਹਿਰਾਉ ਦੀ ਸਮਾਧ ਨੂੰ ਅਭਿਆਸ ਨਾਲ ਵਧਾਉਣਾ ਗੁਰਮੱਤ ਦਾ ਭਗਤ ਜੋਗ ਹੈ।

ਬਹੁਤੇ ਗੁਰਦੁਆਰਿਆਂ ਵਿੱਚ ਜਿੱਥੇ ਪਹਿਲੇ ਹੀ ਡੇਰਾਵਾਦੀ ਗ੍ਰੰਥੀਆਂ ਅਤੇ ਮਾਇਅਧਾਰੀ ਪ੍ਰਬੰਧਕਾਂ ਕਰਕੇ, ਧਰਮ ਦੇ ਨਾਂ ਤੇ ਪਾਖੰਡ ਕਰਮ ਚਲ ਰਹੇ ਹਨ ਭਾਵ ਗੁਰਮਤਿ ਵਿਰੋਧੀ ਕਰਮ ਹੋ ਰਹੇ ਹਨ, ਓਥੇ ਹੁਣ ਕਈਆਂ ਗੁਰਦੁਆਰਿਆਂ ਵਿਖੇ **"ਯੋਗਾ"** ਦੀਆਂ ਕਲਾਸਾਂ ਵੀ ਚੱਲ ਪਈਆਂ ਹਨ, ਜੋ ਦੇਖਣ ਨੂੰ ਸਰੀਰਕ ਕਸਰਤਾਂ ਹਨ ਪਰ ਹੌਲੀ-ਹੌਲੀ ਸਿੱਖੀ ਨੂੰ ਘੁਣਵਾਂਗ ਖਾਣਗੀਆਂ, ਜਦੋਂ **ਯੋਗਮੰਤ੍ਰ** ਤੇ ਹਠਯੋਗ ਵਾਲੇ ਕਰਮਕਾਂਡ ਵੀ ਸ਼ੁਰੂ ਹੋ ਗਏ। ਕਿਤੇ ਨਾਮ ਚਰਚਾ ਦੇ ਨਾਂ ਤੇ ਜੋਗਮੱਤ ਸਿਖਾਇਆ ਜਾ ਰਿਹਾ ਹੈ ਅਤੇ ਕਿਤੇ ਗੁਰਬਾਣੀ ਵਿਚਾਰ ਦੀ ਥਾਂ ਗੁਰਦੁਆਰਿਆਂ ਵਿੱਚ ਜਗਰਾਤਾ ਕੀਰਤਨ ਹੋ ਰਹੇ ਹਨ। ਜਰਾ ਧਿਆਨ ਦਿਓ! **ਯੋਗਾ (ਯੋਗ)** ਤਾਂ ਗੁਰੂਆਂ ਵੇਲੇ ਵੀ ਸੀ ਪਰ ਕਿਸੇ ਗੁਰੂ-ਭਗਤ ਨੇ ਨਹੀਂ ਅਪਣਾਇਆ ਅਤੇ ਨਾਂ ਹੀ ਕਿਸੇ ਅਭਿਲਾਸ਼ੀ ਨੂੰ **"ਯੋਗਾ"** ਸਿਖਾ ਕੇ ਸਿੱਖ ਬਣਾਇਆ ਸੀ ਸਗੋਂ ਕਰਮਕਾਂਡੀ ਯੋਗੀਆਂ ਨੂੰ ਮੱਤਾਂ ਹੀ ਦਿੱਤੀਆਂ ਅਤੇ ਸਰੀਰਕ ਕਸਰਤ ਲਈ ਮੱਲਾਂ ਅਖਾੜੇ ਰਚੇ ਸਨ, ਜਿੱਥੇ ਘੋਲ, ਕੁਸ਼ਤੀਆਂ ਅਤੇ ਬਾਅਦ ਵਿੱਚ ਨਾਲ ਸ਼ਸ਼ਤ੍ਰ ਵਿਦਿਆ ਦੇ ਅਭਿਆਸ ਵੀ ਕਰਵਾਏ ਜਾਂਦੇ ਸਨ ਨਾਂ ਕਿ **"ਪਤੰਜਲ-ਯੋਗਾ"** ਕਰਵਾਇਆ ਜਾਂਦਾ ਸੀ। ਅਸੀਂ ਗੁਰੂ ਨਾਲੋਂ ਸਿਆਣੇ ਨਹੀਂ ਅਤੇ ਨਾਂ ਹੀ ਸਾਨੂੰ ਗੁਰਦੁਆਰਿਆਂ ਵਿਖੇ ਅਨਮੱਤੀ ਅਤੇ ਅੰਧ ਵਿਸ਼ਵਾਸ਼ੀ ਪਿਰਤਾਂ ਪਾਉਣੀਆਂ ਚਾਹੀਦੀਆਂ ਹਨ। ਧਿਆਨ ਦਿਓ! ਸਿੱਖ ਦਾ ਕਿਰਤੀ ਹੋਣਾ ਹੀ **"ਯੋਗਾ"** ਹੈ। ਕਿਰਤੀ ਇਨਸਾਨ ਦੀ ਵਰਜਿਸ਼, ਆਪਣੇ ਆਪ ਹੀ ਹੁੰਦੀ ਰਹਿੰਦੀ ਹੈ, ਬਾਕੀ ਮਨ ਦੇ ਟਿਕਾ ਲਈ, ਗੁਰਬਾਣੀ ਦਾ ਵਿਚਾਰ ਅਭਿਆਸ ਹੈ, ਜਿਸ ਨੂੰ ਅਸੀਂ ਛਡਦੇ ਜਾ ਰਹੇ ਹਾਂ। ਫਜ਼ੂਲ ਦੇ ਚਿੰਤਾ ਫਿਕਰ ਹੀ ਮਾਨਸਕ ਤਨਾਓ ਪੈਦਾ ਕਰਦੇ ਹਨ। ਇਸ ਲਈ ਇਕਾਗਰ-ਚਿੱਤ ਹੋ ਕੇ ਗੁਰਬਾਣੀ ਦਾ ਪਾਠ, ਕੀਰਤਨ, ਕਥਾ-ਵਿਚਾਰ ਕਰਨਾ ਅਤੇ ਮਨ ਚੋਂ ਬੁਰੇ ਖਿਆਲਾਂ ਨੂੰ ਨਿਤਾਪ੍ਰਤੀ ਗੁਰ-ਉਪਦੇਸ਼ਾਂ ਦੁਆਰਾ ਕੱਢਦੇ ਰਹਿਣਾ, ਮਨ ਨੂੰ ਸ਼ਾਂਤ ਕਰਨ ਦੇ ਸਾਧਨ ਹਨ। ਮਨੁੱਖਤਾ ਦੀ ਸੇਵਾ ਕਰਕੇ ਮਨ ਦੀ ਮੈਲ ਧੁਪਦੀ ਹੈ ਅਤੇ ਰੱਬੀ ਦਰਗਾਹ (ਆਤਮ ਅਵਸਥਾ) ਵਿੱਚ ਬੈਸਣ (ਟਿਕਾ) ਪ੍ਰਾਪਤ ਹੁੰਦਾ ਹੈ-**ਵਿਚਿ ਦੁਨੀਆਂ ਸੇਵ ਕਮਾਈਐ ਤਾਂ ਦਰਗਹ ਬੈਸਣ ਪਾਈਐ** (੨੬)

ਜੇ ਅੱਜ ਕੁਝ ਜੋਗਾ ਪ੍ਰਚਾਰਕ "ਯੋਗਾ" ਦੁਆਰਾ ਆਪਣੇ ਮੱਤ ਦਾ ਪ੍ਰਚਾਰ ਕਰ ਰਹੇ ਹਨ, ਤਾਂ ਕੀ ਸਿੱਖਮੱਤ ਜੋ ਦੁਨੀਆਂ ਦਾ ਆਲਮਗੀਰ ਮੱਤ ਹੈ, ਜਿਸ ਨੂੰ ਅਸੀਂ ਅੱਜ ਬ੍ਰਾਹਮਣੀ ਪੂਜਾ-ਪਾਠ ਦੇ ਗਿਣਤੀ-ਮਿਣਤੀ ਦੇ ਕਰਮਕਾਂਡਾਂ, ਗੋਲਕਾਂ ਅਤੇ ਚੌਧਰਾਂ ਦਾ ਅੱਡਾ ਬਣਾ ਦਿੱਤਾ ਹੈ, ਦੇ ਸੁਨਹਿਰੀ ਅਸੂਲਾਂ ਦਾ ਨਿਸ਼ਕਾਮ ਪ੍ਰਚਾਰ ਕਰਕੇ, ਮਨੁੱਖਤਾ ਵਿੱਚ ਗੁਰੂਆਂ-ਭਗਤਾਂ ਦੇ ਸਰਬਸਾਂਝੇ ਗਿਆਨ-ਵਿਗਿਆਨ ਵਾਲੇ ਉਪਦੇਸ਼ ਨਹੀਂ ਵੰਡ ਸਕਦੇ? ਬਾਬੇ ਨਾਨਕ ਦੇ ਸਮੁੱਚੀ

ਲੋਕਾਈ ਲਈ ਸਦਾ ਬਹਾਰ ਇਹ ਸੁਨਹਿਰੀ ਉਪਦੇਸ਼ ਕਿਰਤ ਕਰੋ, ਵੰਡ ਛੱਕੋ ਅਤੇ ਨਾਮ ਜਪੋ ਭਾਵ ਰੱਬੀ ਯਾਦ ਨੂੰ ਧਾਰਨ ਕਰੋ, ਨਾਲੋਂ ਹੋਰ ਕਿਹੜਾ ਮਹਾਂਨ "ਯੋਗਾ" ਹੋ ਸਕਦਾ ਹੈ? ਪਰ ਅਸੀਂ ਇਹ ਤਾਂ ਕੀਤਾ ਨਹੀਂ ਸਗੋਂ ਵਿਖਾਵੇ ਵਾਲੇ ਫੋਕੇ ਕਰਮਕਾਂਡ ਹੀ ਕਰੀ ਜਾ ਰਹੇ ਹਾਂ, ਜਿਸ ਕਰਕੇ ਮਨ ਦਾ ਤਨਾਓ ਹੋਰ ਵਧ ਰਿਹਾ ਹੈ। ਸਾਡੀ ਇਸ ਕਮਜੋਰੀ ਨੂੰ ਵੇਖ ਕੇ ਅਨਮੱਤੀ ਯੋਗਾ ਵਾਲੇ ਗੁਰਦੁਆਰਿਆਂ ਵਿੱਚ ਵੀ ਇੰਟਰ ਹੁੰਦੇ ਜਾ ਰਹੇ ਹਨ। ਸਾਨੂੰ ਤਾਂ ਕਮਰੇ ਜਾਂ ਹਾਲ ਦੀ ਬੁਕਿੰਗ ਫੀਸ (ਭੇਟਾ) ਚਾਹੀਦੀ ਹੈ, ਲੋਕਾਂ ਦੀ ਭੀੜ ਜਾਂ ਵੋਟਾਂ ਚਾਹੀਦੀਆਂ ਹਨ, ਫਿਰ ਭਾਂਵੇ ਕੋਈ ਗੁਰਮੱਤ ਵਿਰੋਧੀ ਕਾਰਵਾਈਆਂ, ਸ਼ਰਦਾ ਦੇ ਗਿਲਾਫ ਵਿੱਚ ਲਪੇਟ ਕੇ ਕਰੀ ਜਾਵੇ, ਸਾਨੂੰ ਇਸ ਦਾ ਕੋਈ ਫਿਕਰ ਨਹੀਂ। ਇਸ ਦੀ ਰੋਕਥਾਮ ਲਈ, ਪ੍ਰਬੰਧਕ ਅਤੇ ਗ੍ਰੰਥੀ, ਗੁਰਮਤਿ ਗਿਆਤਾ, ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਤੇ ਅਟੱਲ ਵਿਸ਼ਵਾਸ਼, ਗੁਰਬਾਣੀ ਅਤੇ ਇਤਿਹਾਸ ਦੀ ਡੂੰਗੀ ਜਾਣਕਾਰੀ ਰੱਖਣ ਵਾਲੇ ਗੁਰਮੁਖ ਅਤੇ ਧੜੇਬੰਦੀ ਤੋਂ ਮੁਕਤ ਹੋਣੇ ਚਾਹੀਦੇ ਹਨ। ਸੋ ਸਾਨੂੰ ਜੋਗਮੱਤ ਅਤੇ ਗੁਰਮੱਤ ਵਿੱਚ ਅੰਤਰ ਸਮਝਦੇ ਹੋਏ ਜੇ ਯੋਗਾ ਕਰਨਾ ਹੀ ਹੈ ਤਾਂ ਗੁਰਮੱਤ ਵਾਲਾ ਕਰਕੇ ਸਰੀਰ ਬਲਵਾਨ ਤੇ ਮਨ ਸ਼ਾਂਤ ਕਰਨਾ ਚਾਹੀਦਾ ਹੈ। ਗੁਰਮੱਤ ਆਪਣੇ ਆਪ ਵਿੱਚ ਸੰਪੂਰਨ ਅਤੇ ਨਿਵੇਕਲਾ ਮੱਤ ਹੈ, ਗੁਰਦੁਆਰਿਆਂ ਵਿੱਚ ਇਸ ਦੇ ਆਲਮਗੀਰ ਸਿਧਾਤਾਂ ਦਾ ਹੀ ਅਭਿਆਸ-ਵਿਚਾਰ ਅਤੇ ਪ੍ਰਚਾਰ ਹੋਣਾ ਚਾਹੀਦਾ ਹੈ।

-o-

ਗੁਰਦੁਆਰੇ ਗਿਆਨ ਦੇ ਸੋਮੇਂ ਨਾਂ ਕਿ ਧੜੇਬੰਦੀਆਂ ਅਤੇ ਰਾਜਨੀਤੀ ਦੇ ਅੱਡੇ

ਮਹਾਨ ਕੋਸ਼ ਅਨੁਸਾਰ ਗੁਰਦੁਆਰੇ ਦਾ ਅਰਥ ਹੈ-ਗੁਰੂ ਰਾਹੀਂ, ਗੁਰੂ ਦੀ ਮਾਰਫ਼ਤ, ਗੁਰੂ ਦੇ ਜ਼ਰੀਏ, ਗੁਰੂ ਦਾ ਘਰ, ਗੁਰ ਅਸਥਾਂਨ, ਧਰਮਮੰਦਰਿ, ਧਰਮਸ਼ਾਲਾ ਆਦਿਕ। ਭਾਈ ਕਾਨ੍ਹ ਸਿੰਘ ਜੀ ਨਾਭਾ ਅੱਗੇ ਹੋਰ ਲਿਖਦੇ ਹਨ ਕਿ ਗੁਰ ਅਸਥਾਂਨ ਜਿਸ ਨੂੰ ਦਸ ਸਤਿਗੁਰਾਂ ਵਿੱਚੋਂ ਕਿਸੇ ਨੇ ਧਰਮ ਪ੍ਰਚਾਰ ਲਈ ਬਣਾਇਆ ਅਥਵਾ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸਿੱਖ ਧਰਮ ਦੇ ਨਿਯਮਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਵਿਸ਼੍ਰਾਂਮ, ਲੰਗਰ, ਵਿਦਿਆ ਅਤੇ ਕੀਰਤਨ ਕਥਾ ਆਦਿ ਦਾ ਗੁਰਮਰਯਾਦਾ ਅਨੁਸਾਰ ਪ੍ਰਬੰਧ ਹੈ, ਉਸ ਦਾ ਨਾਮ ਗੁਰਦੁਆਰਾ ਹੈ। ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਪਾਂਧੀਆਂ ਲਈ ਗਿਆਨ ਦਾ ਸੋਮਾਂ, ਰੋਗੀਆਂ ਲਈ ਸ਼ਫ਼ਾਖਾਨਾਂ (ਹਸਪਤਾਲ) ਭੁਖਿਆਂ ਲਈ ਅੰਨ ਭੰਡਾਰ, ਇਸਤਰੀ ਜਾਤ ਦੀ ਪਤਿ ਰੱਖਣ ਲਈ ਲੋਹਮਈ ਕਿਲ੍ਹਾ ਅਤੇ ਮੁਸਾਫ਼ਰਾਂ ਲਈ ਬਿਸ਼੍ਰਾਂਮ ਦਾ ਅਸਥਾਨ ਹੈ। ਜੇ ਗੁਰਦੁਆਰਿਆਂ ਵਿੱਚ ਅਜਿਹਾ ਪ੍ਰਬੰਧ ਹੋ ਜਾਵੇ ਤਾਂ ਸਿੱਖ ਧਰਮ ਦਾ ਪ੍ਰਚਾਰ, ਵਿਦਿਆ ਦਾਨ, ਅਨਾਥਾਂ ਦਾ ਪਾਲਨ ਅਤੇ ਅਨੇਕ ਪ੍ਰਕਾਰ ਦੀ ਦਸਤਕਾਰੀ ਆਦਿਕ ਉੱਤਮ ਕਰਮ ਬੜੀ ਅਸਾਨੀ ਨਾਲ ਪੂਰਨ ਹੋ ਸਕਦੇ ਹਨ ਕਿਉਂਕਿ ਗੁਰਦੁਆਰਾ ਗਿਆਨ ਦਾ ਘਰ ਹੈ- ਗੁਰੂ ਦੁਆਰੇ ਹੋਇ ਸੋਝੀ ਪਾਇਸੀ॥ (੭੩੦) ਸਤਿਗੁਰਾਂ ਅਤੇ ਬੁੱਢੇਦਲ ਵੇਲੇ ਇਸ ਵੱਲ ਖਾਸ ਧਿਆਨ ਰੱਖਿਆ ਜਾਂਦਾ ਸੀ। ਗੁਰਦੁਆਰੀਆ ਉਹ ਹੋਇਆ ਕਰਦਾ ਸੀ ਜੋ ਵਿਦਵਾਨ ਗੁਰਮਤਿ ਵਿੱਚ ਪੱਕਾ ਅਤੇ ਉੱਚੇ ਅਚਾਰ ਵਾਲਾ ਹੁੰਦਾ ਪਰ ਮਹਾਂਰਾਜਾ ਰਣਜੀਤ ਸਿੰਘ ਵੇਲੇ ਗੁਰਦੁਆਰਿਆਂ ਦਾ ਪ੍ਰਬੰਧ ਭ੍ਰਿਸ਼ਟ ਮਹੰਤਾਂ ਕੋਲ ਆ ਜਾਣ ਕਰਕੇ ਸਾਰੀ ਮਰਯਾਦਾ ਅਤੇ ਪ੍ਰਬੰਧ ਉਲਟ-ਪੁਲਟ ਹੋ ਗਿਆ। ਗੁਰਦੁਆਰਿਆਂ ਨੂੰ ਆਪਣੀ ਮਲਕੀਅਤ ਬਣਾ ਲਿਆ ਗਿਆ ਅਤੇ ਉਹ ਕੰਮ ਹੋਣ ਲੱਗੇ ਜਿਨ੍ਹਾਂ ਦਾ ਜਿਕਰ ਕਰਦੇ ਸ਼ਰਮ ਆਉਂਦੀ ਹੈ। ਫਿਰ ਸਮੇਂ ਦੇ ਗੇੜ ਨਾਲ ੩੦ ਅਪ੍ਰੈਲ ਸੰਨ ੧੯੨੧ ਨੂੰ ਰਲੇ ਮਿਲੇ ਗੁਰਮੁਖ ਪਿਆਰਿਆਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ। ਭ੍ਰਿਸ਼ਟ ਮਹੰਤਾਂ ਅਤੇ ਪ੍ਰਬੰਧਕਾਂ ਤੋਂ ਗਰਦੁਆਰੇ ਅਜ਼ਾਦ ਕਰਵਾਏ ਅਤੇ ਗੁਰਦੁਆਰਿਆਂ ਵਿੱਚ ਗੁਰਮੁਖ ਵਿਦਵਾਨਾਂ ਰਾਹੀਂ ਧਰਮ ਪ੍ਰਚਾਰ ਹੋਣ ਲੱਗਾ।

ਗੁਰੂ ਨਾਨਕ ਜਿਥੇ ਵੀ ਜਾਂਦੇ ਸੰਗਤਾਂ ਕਾਇਮ ਕਰਦੇ, ਜਿਥੇ ਸੰਗਤ ਜੁੜਦੀ ਉਸ ਥਾਂ ਦਾ ਨਾਂ ਸੰਗਤ ਸਾਹਿਬ ਜਾਂ ਧਰਮਸਾਲਾ ਰੱਖਿਆ ਜਾਂਦਾ-ਘਰਿ ਘਰਿ ਅੰਦਰਿ ਧਰਮਸਾਲ ਹੋਵੇ ਕੀਰਤਨ ਸਦਾ ਵਸੋਆ (ਭਾ. ਗੁ.) ਸੰਗਤ ਕਰਕੇ ਹੀ ਧਰਮਸਾਲ ਜਾਂ ਗੁਰਦੁਆਰਾ ਹੈ ਕਿਉਂਕਿ ਸੰਗਤ ਵਿੱਚ ਮਿਲ ਬੈਠਣ ਨਾਲ ਭਾਈਚਾਰਾ ਪ੍ਰਪੱਕ ਹੁੰਦਾ ਹੈ, ਪਰਸਪਰ ਪਿਆਰ ਅਤੇ ਵਿਚਾਰਾਂ ਦੀ ਸਾਂਝ ਵਧਦੀ ਹੈ, ਕਾਰਜਾਂ ਲਈ ਮਿਲਵਰਤਣ ਪੈਦਾ ਹੁੰਦਾ, ਸੇਵਾ ਦਾ ਮੌਕਾ ਅਤੇ ਸਿਦਕ ਨੂੰ ਤਕੜਾਈ ਮਿਲਦੀ ਹੈ। ਸੰਗਤ ਵਿੱਚ ਨਾਮ ਬਾਣੀ ਦਾ ਸੰਚਾਰ ਹੁੰਦਾ ਹੈ, ਪ੍ਰਭੂ ਦੀ ਯਾਦ ਵਿੱਚ ਮਨ ਜੁੜਦਾ ਅਤੇ ਦੁਬਿਧਾ ਦੂਰ ਹੁੰਦੀ ਹੈ-

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥(੧੧੮੫)

ਸੰਗਤ ਵਿੱਚ ਗੁਰ ਗਿਆਨ ਮਿਲਦਾ, ਮਨ ਦੀ ਮੈਲ ਲੱਥਦੀ, ਆਤਮਾਂ ਸ਼ੁੱਧ ਹੁੰਦੀ, ਕਰਮਕਾਂਡਾਂ ਅਤੇ ਮੋਹ ਤੋਂ ਮੁਕਤੀ ਮਿਲਦੀ ਹੈ। ਭਾ. ਨੰਦ ਲਾਲ ਜੀ ਨੇ ਸਿੱਖ ਧਰਮ ਨੂੰ ਸਾਧ ਸੰਗਤ ਦਾ ਧਰਮ ਕਿਹਾ ਹੈ-**"ਹਮ ਚੁਨਾਂ ਦਰ ਮਜ਼ਹਬੇ ਈਂ ਸਾਧ ਸੰਗ"**

ਗੁਰਦੁਆਰੇ ਦਾ ਮੂਲ "ਗੁਰੂ ਗ੍ਰੰਥ ਸਾਹਿਬ" ਅਤੇ ਗੁਰੂ ਕੀ ਸੰਗਤ ਹੈ ਜਿਸ ਬਿਨਾਂ ਗੁਰਦੁਆਰਾ ਸਥਾਪਿਤ ਹੀ ਨਹੀਂ ਹੁੰਦਾ ਅਤੇ ਗਰਦੁਆਰੇ ਦੇ ਕਾਰਜਾਂ ਨੂੰ ਸੰਗਤ ਦੇ ਚੁਣੇ ਸਹੀ ਨੁਮਾਇੰਦੇ ਹੀ ਚਲਾ ਸਕਦੇ ਹਨ। ਇਸ ਕਰਕੇ ਪ੍ਰਬੰਧਕ ਗਿਆਨਵਾਨ ਅਤੇ ਗੁਰਮੁਖ ਹੋਣੇ ਚਾਹੀਦੇ ਹਨ। ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੋਰ ਕੋਈ ਗ੍ਰੰਥ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ ਜਿਵੇਂ ਅੱਜ ਨਿਹੰਗ ਅਤੇ ਡੇਰੇਦਾਰ ਸੰਪ੍ਰਦਾਈ ਦਸਮ ਗ੍ਰੰਥ ਜੋ ਗੁਰੂ ਗੋਬਿੰਦ ਸਿੰਘ ਜੀ ਤੋਂ ਕਰੀਬ ੫੦ ਸਾਲ ਬਾਅਦ ਹੋਂਦ ਵਿੱਚ ਆਇਆ ਦਾ ਕਰ ਰਹੇ ਹਨ। ਗੁਰਮਤਿ ਵਿਰੋਧੀ ਗ੍ਰੰਥਾਂ ਦੀ ਕਥਾ ਵੀ ਗੁਰੂ ਘਰਾਂ ਵਿੱਚ ਹੋ ਰਹੀ ਹੈ। ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪ੍ਰਕਾਸ਼ ਹੋਣਾ ਚਾਹੀਦਾ ਹੈ।

ਗੁਰਦੁਆਰੇ ਵਿੱਚ ਨਿਸ਼ਾਨ ਸਾਹਿਬ ਵੀ ਝੂਲਦਾ ਹੈ ਜੋ ਇਸ ਗੱਲ ਦਾ ਪ੍ਰਤੀਕ ਹੈ ਕਿ ਇਹ ਉਹ ਸਥਾਂਨ ਹੈ ਜਿਥੇ ਦੁਨੀਆਂ ਦਾ ਹਰੇਕ ਇਨਸਾਨ ਗੁਰੂ ਗਿਆਨ ਰਾਹੀਂ ਮਨ ਦੀ ਭੁੱਖ, ਗੁਰੂ ਕੇ ਲੰਗਰ ਰਾਹੀਂ ਤਨ ਦੀ ਭੁੱਖ ਦੂਰ ਕਰ ਸਕਦਾ ਹੈ। ਰਾਹੀ ਪਾਂਧੀ ਅਥਿਤੀ ਇਥੇ ਵਿਸ਼ਰਾਂਮ ਕਰ ਸਕਦਾ ਹੈ। ਇਥੇ ਕਿਸੇ ਨੂੰ ਹੇਟ ਨਹੀਂ ਕੀਤਾ ਜਾਂਦਾ ਸਗੋਂ ਸਭ ਨੂੰ ਸਾਂਝਾ ਉਪਦੇਸ਼ ਮਿਲਦਾ ਹੈ-**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ਼ ਚਹੁ ਵਰਨਾ ਕਉ ਸਾਂਝਾ॥** (੭੪੭) ਨਿਸ਼ਾਨ ਪੰਥ ਦੀ ਅਜ਼ਾਦ ਹਸਤੀ ਦਾ ਵੀ ਪ੍ਰਤੀਕ ਹੈ ਪਰ ਅੱਜ ਕੱਲ ਬਹੁਤੇ ਡੇਰੇਦਾਰ ਜਿਵੇਂ ਨਾਨਕਸਰੀਏ ਆਦਿਕ ਨਿਸ਼ਾਨ ਸਾਹਿਬ ਹੀ ਨਹੀਂ ਝੁਲਉਂਦੇ। ਅੱਜ ਗੁਰੂ ਘਰਾਂ ਵਿੱਚ ਵੀ ਨਿਸ਼ਾਨ ਦੀ ਮਹਾਂਨਤਾ ਨੂੰ ਵਿਸਾਰ ਕੇ ਕੇਵਲ ਧੂਫ ਵਟੀ, ਦੁੱਧ ਦਹੀਂ ਨਾਲ ਧੋਹਾ-ਧੁਆਈ, ਮੋਮ ਬੱਤੀਆਂ ਤੇ ਦੀਵੇ ਜਗਾਉਣੇ ਅਤੇ ਮੱਥੇ ਟੇਕਣਾ ਆਦਿਕ ਕਰਮਕਾਂਡ ਹੀ ਰਹਿ ਗਿਆ ਹੈ। ਨਗਾਰਾ ਦਿਵਾਨ ਦੀ ਸਮਾਪਤੀ, ਲੰਗਰ ਵਰਤਾਉਣ ਵੇਲੇ ਅਤੇ ਜੰਗਾਂ ਯੁੱਧਾਂ ਵਿੱਚ ਧਾਈ ਕਰਨ ਅਤੇ ਹੋਲੇ ਮਹੱਲੇ ਵੇਲੇ ਅਤੇ ਜੰਗ ਜਿੱਤਣ ਦੀ ਸੂਰਤ ਵਿੱਚ ਵਜਾਇਆ ਜਾਂਦਾ ਹੈ ਪਰ ਅੱਜ ਕਈ ਗੁਰਦੁਆਰਿਆਂ ਵਿੱਚ ਅਰਦਾਸ ਦੇ ਵਿੱਚ-ਵਿੱਚ ਬਿਨਾ ਵਜਾ ਹੀ ਵਜਾ ਕੇ ਸੰਗਤ ਦਾ ਧਿਆਨ ਖੰਡਤ ਕੀਤਾ ਜਾਂਦਾ ਹੈ ਜੋ ਅਰਦਾਸ ਵਿੱਚ ਇੱਕ ਮਨ ਇੱਕ ਚਿੱਤ ਹੋ ਕੇ ਜੁੜੀ ਹੁੰਦੀ ਹੈ।

ਗੁਰੂ ਘਰ ਵਿੱਚ ਪੜ੍ਹੇ ਲਿਖੇ ਵਿਦਵਾਨ ਤੇ ਗੁਰਮੁਖ ਰਾਗੀ-ਗ੍ਰੰਥੀ ਅਤੇ ਸੇਵਾਦਾਰ ਹੋਣੇ ਚਾਹੀਦੇ ਹਨ ਅਤੇ ਉਨ੍ਹਾ ਦਾ ਬਣਦਾ ਸਤਿਕਾਰ ਵੀ ਹੋਣਾ ਚਾਹੀਦਾ ਹੈ। ਪ੍ਰਬੰਧਕ ਆਪਣੇ ਆਪ ਨੂੰ ਕੇਵਲ ਬੰਦੋਬਸਤੀਏ ਸੇਵਾਦਾਰ ਸਮਝਣ ਮਾਲਕ ਨਹੀਂ। ਉਨ੍ਹਾਂ ਦਾ ਰਹਿਣ ਸਹਿਣ ਵੀ ਵਧੀਆ ਹੋਣਾ ਚਾਹੀਦਾ ਹੈ, ਵੇਖਣ ਵਿੱਚ ਆਉਂਦਾ ਹੈ ਕਿ ਗੁਰਦੁਆਰੇ ਦੀ ਬਿਲਡਿੰਗ ਤਾਂ ਆਲੀਸ਼ਾਨ ਬਣਾ ਲਈ ਜਾਂਦੀ ਹੈ ਪਰ ਗ੍ਰੰਥੀਆਂ ਰਾਗੀਆਂ ਅਤੇ ਕਥਾਵਾਚਕਾਂ ਦੀ ਰਹਾਇਸ਼

ਵੱਲ ਪੂਰਾ ਧਿਆਨ ਨਹੀਂ ਦਿੱਤਾ ਜਾਂਦਾ। ਉਨ੍ਹਾਂ ਨੂੰ ਤਨਖਾਵਾਂ ਵੀ ਘੱਟ ਦਿੱਤੀਆਂ ਜਾਂਦੀਆਂ ਹਨ ਜਿਸ ਕਰਕੇ ਉਹ ਵਿਚਾਰੇ ਪਾਠਾਂ ਦੀਆਂ ਰੌਲਾਂ ਲਾ ਲਾ ਕੇ ਥੱਕ ਜਾਂਦੇ ਹਨ ਅਤੇ ਗੁਰਬਾਣੀ ਵਿਚਾਰ ਕਰ ਨਹੀਂ ਸਕਦੇ ਅਤੇ ਉਨ੍ਹਾਂ ਦਾ ਸਾਰਾ ਧਿਆਨ ਪ੍ਰਵਾਰ ਦੀ ਸੇਵਾ ਸੰਭਾਲ ਵੱਲ ਖਿਚਿਆ ਰਹਿੰਦਾ ਹੈ।

ਗੁਰਦੁਆਰੇ ਵਿੱਚ ਗੁਰਬਾਣੀ ਦਾ ਪਾਠ, ਕੀਰਤਨ ਅਤੇ ਕਥਾ ਵਿਚਾਰ ਹੁੰਦੀ ਹੈ। ਜਿਥੇ ਵਿਦਵਾਨ ਪਾਠੀ, ਕੀਰਤਨੀਏ ਅਤੇ ਕਥਾਵਾਚਕ-ਪ੍ਰਚਾਰਕ ਸੰਗਤਾਂ ਨੂੰ ਗੁਰੂ ਗਿਆਨ ਨਾਲ ਜੋੜਦੇ ਹਨ। ਗੁਰੂ ਦਾ ਹਰੇਕ ਸਿੱਖ ਪਾਠ, ਕੀਰਤਨ, ਕਥਾ ਅਤੇ ਅਰਦਾਸ ਕਰ ਸਕਦਾ ਹੈ। ਗੁਰਬਾਣੀ ਪੜ੍ਹਨਾਂ ਵਿਚਾਰਨਾ ਅਤੇ ਧਾਰਨਾ ਹਰੇਕ ਸਿੱਖ ਦਾ ਫਰਜ ਹੈ। ਪਾਠਾਂ ਦੀਆਂ ਲੜੀਆਂ ਦੇ ਥਾਂ ਗੁਰਬਾਣੀ ਸੰਥਿਆ ਦੇ ਪ੍ਰਵਾਹ ਚਲਣੇ ਚਾਹੀਦੇ ਹਨ ਪਰ ਜਿਵੇਂ ਪੰਡਤਾਂ ਅਤੇ ਮੌਲਾਣਿਆਂ ਆਦਿਕ ਧਰਮ ਆਗੂਆਂ ਨੇ ਆਪਣੀ ਪੇਟ ਪੂਰਤੀ ਅਤੇ ਪੂਜਾ ਪ੍ਰਤਿਸ਼ਟਾ ਵਾਸਤੇ ਆਮ ਜਨਤਾ ਨੂੰ ਧਰਮ ਗ੍ਰੰਥਾਂ ਦੀ ਵੀਚਾਰ ਤੋਂ ਦੂਰ ਰੱਖਿਆ ਭਾਵ ਉਨ੍ਹਾਂ ਦੀ ਅਗਿਆਨਤਾ ਦਾ ਨਾਜਾਇਜ ਫਾਇਦਾ ਉਠਾਇਆ, ਇਵੇਂ ਹੀ ਅੱਜ ਗੁਰਦੁਆਰਿਆਂ ਵਿੱਚ ਸਾਡੇ ਧਾਰਮਿਕ ਆਗੂ ਸਾਧ-ਸੰਤ, ਰਾਗੀ-ਗ੍ਰੰਥੀ ਅਤੇ ਡੇਰਾਵਾਦੀ ਪ੍ਰਬੰਧਕ ਕਰ ਰਹੇ ਹਨ। ਇੱਕ ਕਮਰੇ ਵਿੱਚ ਕਈ ਕਈ ਅਖੰਡ ਪਾਠ ਰੱਖੇ ਜਾ ਰਹੇ ਹਨ ਜੋ ਗੁਰਮਤਿ ਅਤੇ ਸਿੱਖ ਰਹਿਤ ਮਰਯਾਦਾ ਦੇ ਉਲਟ ਹੈ। ਇਉਂ ਵੱਧ ਪੈਸਾ ਇਕੱਠਾ ਕਰਨ ਅਤੇ ਘਰ ਵਾਲਿਆਂ ਨੂੰ ਖੁਸ਼ ਕਰਨ ਵਾਸਤੇ ਕੀਤਾ ਜਾ ਰਿਹਾ ਹੈ। ਗੁਰੂ ਕੀ ਬਾਣੀ ਨਾਲ ਕੁੰਭ, ਨਾਰੀਅਲ ਅਤੇ ਜੋਤਾਂ ਜੋ ਬ੍ਰਾਹਮਣੀ ਕਰਮਕਾਂਡ ਹਨ ਕੀਤੇ ਜਾ ਰਹੇ ਹਨ ਜਦ ਕਿ ਇਹ ਸਭ ਪੰਡਿਤ ਮੁੱਲਾਂ ਦੀਆਂ ਚਲਾਈਆਂ ਬਿਪਰ ਰੀਤਾਂ ਹਨ। ਗੁਰਬਾਣੀ ਇਨ੍ਹਾਂ ਨੂੰ ਛੱਡਣ ਦਾ ਉਪਦੇਸ਼ ਦਿੰਦੀ ਹੈ- **ਪੰਡਿਤ ਮੁਲਾਂ ਜੋ ਲਿਖਿ ਦੀਆ॥ਛਾਡਿ ਚਲੇ ਹਮ ਕਛੂ ਨ ਲੀਆ॥** (੧੧੫੯) ਜੋ ਆਮ ਸੰਗਤ ਨੂੰ ਇਹ ਕਹਿ ਕੇ ਗੁਰੂ ਗ੍ਰੰਥ ਤੋਂ ਦੂਰ ਰੱਖ ਰਹੇ ਹਨ ਕਿ ਤੁਸੀਂ ਗਲਤ ਪਾਠ ਕਰਕੇ ਪਾਪਾਂ ਦੇ ਭਾਗੀ ਬਣੋਂਗੇ। ਜਰਾ ਸੋਚੋ ਇੱਕੋ ਦਿਨ ਕੋਈ ਵੀ ਆਲਮ ਫਾਜ਼ਲ ਨਹੀਂ ਬਣ ਜਾਂਦਾ, ਸਿੱਖਦੇ ਰਹਿਣ ਨਾਲ ਸਫਲਤਾ ਪ੍ਰਾਪਤ ਹੋ ਜਾਂਦੀ ਹੈ। ਇਤਿਹਾਸ ਦਾ ਵਾਕਿਆ ਹੈ ਕਿ ਜਦ ਸੱਤਾ ਤੇ ਬਲਵੰਡ ਗੁਰੂ ਘਰ ਦੇ ਕੀਰਤਨੀਏਂ ਹੰਕਾਰੀ ਹੋ ਗਏ ਕਿ ਸਾਡੇ ਕਰਕੇ ਹੀ ਸੰਗਤਾਂ ਜੁੜਦੀਆਂ ਅਤੇ ਗੁਰੂ ਦਾ ਸਤਿਕਾਰ ਹੁੰਦਾ ਹੈ ਤਾਂ ਗੁਰੂ ਅਰਜਨ ਦੇਵ ਜੀ ਨੇ ਸੰਗਤਾਂ ਨੂੰ ਕਿਹਾ ਤੁਸੀਂ ਰਲ ਮਿਲ ਕੇ ਕੀਰਤਨ ਕਥਾ ਕਰ ਸਕਦੇ ਹੋ ਕਿਉਂਕਿ ਗੁਰੂ ਘਰ ਵਿੱਚ ਪੁਜਾਰੀਵਾਦ ਨੂੰ ਕੋਈ ਥਾਂ ਨਹੀਂ। ਗੁਰੂ ਸਾਹਿਬ ਜੀ ਨੇ ਸੰਗਤੀ ਕਥਾ ਕੀਰਤਨ ਦੀ ਰੀਤ ਚਲਾ ਦਿੱਤੀ ਜੋ ਅੱਜ ਇਨ੍ਹਾਂ ਧਾਰਮਿਕ ਆਗੂਆਂ ਤੇ ਪ੍ਰਬੰਧਕਾਂ ਨੇ ਬੰਦ ਕੀਤੀ ਹੋਈ ਹੈ। ਆਪ ਪਾਠ ਕਰਨ ਦੀ ਬਜਾਏ ਸੰਗਤਾਂ ਭਾੜੇ ਦੇ ਪਾਠ ਕਰਵਾ ਰਹੀਆਂ ਹਨ।

ਗੁਰਦੁਆਰੇ ਲੰਗਰ ਵੀ ਅਤੁੱਟ ਵਰਤਦਾ ਹੈ। ਆਦਰਸ਼ਕ ਤੌਰ ਤੇ ਗੁਰਦੁਆਰੇ ਵਿੱਚ ਆਏ ਗਏ "ਅਥਿਤੀ" ਲਈ ਹਰ ਵੇਲੇ ਲੰਗਰ ਦਾ ਪ੍ਰਬੰਧ ਹੋਣਾ ਚਾਹੀਦਾ ਹੈ। "ਅਥਿਤੀ" ਸ਼ਬਦ ਦੇ ਅਰਥ ਹਨ ਜਿਸ ਦੀ ਥਿਤੀ (ਤਾਰੀਖ਼) ਕੋਈ ਮੁਕਰਰ ਨਹੀਂ-**ਚੂਕੇ ਸਮੇ ਅਥਿਤ ਜੋ ਆਵੈ।ਭਾਉ ਭਗਤ ਕਰਿ ਤ੍ਰਿਪਤ ਅਘਾਵੈ** (ਗੁਰੂ ਹਰਿ ਰਾਏ ਜੀ) ਲੰਗਰ ਸਰਬ ਲਈ ਸਾਂਝਾ

ਹੁੰਦਾ ਹੈ ਬਿਨਾ ਕਿਸੇ ਵਿਤਕਰੇ ਦੇ ਪੰਗਤ ਵਿੱਚ ਵਰਤਾਇਆ ਜਾਂਦਾ ਹੈ। ਪੰਗਤ ਤੱਪੜਾਂ ਅਤੇ ਕੁਰਸੀ ਮੇਜ਼ਾਂ ਦੋਨਾਂ ਤੇ ਹੀ ਹੋ ਸਕਦੀ ਹੈ, ਪੰਗਤ ਦਾ ਭਾਵ ਬਰਾਬਰਤਾ ਹੈ। ਪੰਗਤ ਜਾਤ-ਪਾਤ, ਛੂਆ-ਛਾਤ ਅਤੇ ਊਚ-ਨੀਚ ਦਾ ਭੇਦ ਮੇਟਦੀ ਹੈ। ਸਿਹਤ ਨੂੰ ਮੁੱਖ ਰੱਖਕੇ ਲੰਗਰ ਸਾਦਾ ਅਤੇ ਪੌਸ਼ਟਕ ਹੋਣਾ ਚਾਹੀਦਾ ਹੈ। ਇਹ ਨਾਂ ਹੋਵੇ ਕਿ ਲੂਣ ਮਸਾਲੇ, ਮਿੱਠਾ ਅਤੇ ਘਿਉ ਅਨ ਤਰਤੀਬੇ ਹੱਦੋਂ ਵੱਧ ਵਰਤੇ ਹੋਣ। ਗੁਰਦੁਆਰੇ ਵਿੱਚ ਹਰ ਦੀਵਾਨ ਦੀ ਸਮਾਪਤੀ ਤੇ ਕੜਾਹ ਪ੍ਰਸ਼ਾਦ ਦੀ ਦੇਗ ਅਰਦਾਸ ਉਪਰੰਤ (ਤੇਗ) ਕ੍ਰਿਪਾਨ ਭੇਟ ਕਰਕੇ ਵਰਤਾਈ ਜਾਂਦੀ ਹੈ। ਦੇਗ ਨੂੰ ਭੋਗ ਲੱਗੇ ਕਹਿਣਾ ਅਤੇ ਅਰਦਾਸ ਦੇ ਵਿੱਚੇ ਹੀ ਕ੍ਰਿਪਾਨ ਭੇਟ ਕਰਨਾ ਸਿੱਖ ਰਹਿਤ ਮਰਯਾਦਾ ਦੇ ਉਲਟ ਹੈ ਪਰ ਸੰਪ੍ਰਦਾਈ ਅਤੇ ਡੇਰੇਦਾਰ ਸਿੱਖ ਰਹਿਤ ਮਰਯਾਦਾ ਦੀਆਂ ਧੱਜੀਆਂ ਸ਼ਰੇਆਮ ਉਡਾ ਰਹੇ ਹਨ। ਤੇਗ ਸ਼ਸਤਰਧਾਰੀ ਹੋਣ ਦਾ ਪ੍ਰਤੀਕ ਹੈ ਪਰ ਇਸ ਨੂੰ ਅੱਜ ਬਹੁਤੇ ਧਾਗਿਆਂ ਵਿੱਚ ਪਾ ਕੇ ਜੰਜੂ ਦੀ ਤਰਾਂ ਗਲ਼ਾਂ ਵਿੱਚ ਲਟਕਾਈ ਫਿਰਦੇ ਹਨ। ਸ਼ਸਤਰ ਵਿਦਿਆ ਅਤੇ ਮਰਦਾਵੀਂ ਖੇਡਾਂ ਦਾ ਪ੍ਰਬੰਧ ਵੀ ਗੁਰੂ ਘਰਾਂ ਵਿੱਚ ਹੋਣਾ ਚਾਹੀਦਾ ਹੈ। ਗੁਰੂ ਅੰਗਦ ਦੇਵ ਜੀ ਨੇ ਮੱਲ਼ਾਂ ਅਖਾੜਾ ਰਚਿਆ ਅਤੇ ਛੇਵੇਂ ਅਤੇ ਦਸਵੇਂ ਗੁਰੂ ਜੀ ਨੇ ਤਾਂ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਤਨ ਦੀ ਲੋੜ ਵਾਸਤੇ ਜਿੱਥੇ ਅੰਨ ਦਾ ਲੰਗਰ ਜਰੂਰੀ ਹੈ ਓਥੇ ਮਨ ਆਤਮਾਂ ਦੀ ਲੋੜ ਵਾਸਤੇ ਗੁਰ ਗਿਆਨ ਸ਼ਬਦ-ਲੰਗਰ ਦੀ ਵੀ ਅਤਿਅੰਤ ਲੋੜ ਹੈ- **ਲੰਗਰੁ ਚਲੈ ਗੁਰ ਸਬਦ ਹਰਿ ਤੋਟਿ ਨ ਆਵੀ ਖਟੀਐ॥** (੯੬੭) ਗੁਰ ਸ਼ਬਦ ਦਾ ਲੰਗਰ ਵੀ ਫਰੀ ਚਲਣਾ ਚਾਹੀਦਾ ਹੈ ਭਾਵ ਗੁਰਬਾਣੀ ਅਤੇ ਗੁਰ ਇਤਿਹਾਸ ਦਾ ਲਿਟ੍ਰੇਚਰ ਵੀ ਪੰਜਾਬੀ ਅਤੇ ਹੋਰਨਾਂ ਬੋਲੀਆਂ ਖਾਸ ਕਰਕੇ ਵਰਲਡ ਭਾਸ਼ਾ ਅੰਗ੍ਰੇਜ਼ੀ ਵਿੱਚ ਜਰੂਰ ਵੰਡਿਆ ਜਾਵੇ ਤਾਂ ਕਿ ਹੋਰ ਧਰਮ ਅਤੇ ਨਸਲਾਂ ਦੇ ਲੋਕ ਵੀ ਸਰਬਸਾਂਝੇ **ਧਰਮ-ਸਰਬ ਧਰਮ ਮਹਿ ਸ੍ਰੇਸਟ ਧਰਮੁ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ** (੨੬੬) ਤੋਂ ਜਾਣੂੰ ਹੋ ਕੇ ਗੁਰੂ ਨਾਨਕ ਦਾ ਸਰਬਸਾਂਝਾ ਉਪਦੇਸ਼ ਲੈ ਕੇ ਲੋਕ ਸੁਖੀ ਪਰਲੋਕ ਸੁਹੇਲੇ ਹੋ ਸੱਕਣ।

ਗੁਰਦੁਆਰਾ ਸਾਹਿਬ ਵਿਦਿਆ, ਪ੍ਰਚਾਰ ਅਤੇ ਕੰਮਪੈਰੇਟਿਵ ਸਟੱਡੀ ਦਾ ਸੋਮਾਂ ਹੈ, ਗੁਰਦੁਆਰੇ ਦੇ ਇਸ ਪਾਰਟ ਵਿੱਚ ਗੁਰਮੁੱਖੀ ਅੱਖਰਾਂ ਦਾ ਬੋਧ (ਗੁਰੂ ਅੰਗਦ ਦੇਵ ਜੀ ਆਪ ਗੁਰਮੁਖੀ ਅੱਖਰਾਂ ਦੇ ਬਾਲ ਬੋਧ ਲਿਖ-ਲਿਖ ਕੇ ਇਸ ਵਰਣਮਾਲਾ ਨੂੰ ਪ੍ਰਚਾਰਦੇ ਸਨ) ਗੁਰਬਾਣੀ ਦਾ ਪਾਠ ਅਤੇ ਅਰਥ ਵਿਚਾਰ ਸਿਖਾਏ ਜਾਂਦੇ ਹਨ। ਪਰ ਅੱਜ ਇਧਰ ਧਿਆਨ ਘੱਟ ਅਤੇ ਬਿਲਡਿੰਗਾਂ, ਸੰਗ ਮਰ ਮਰ, ਸੋਨੇ ਦੀਆਂ ਪਾਲਕੀਆਂ ਅਤੇ ਡੇਕੋਰੇਸ਼ਨਾਂ ਵੱਲ ਵੱਧ ਦਿੱਤਾ ਜਾ ਰਿਹਾ ਹੈ।

ਗੁਰਦੁਆਰੇ ਦੀ ਲਾਇਬ੍ਰੇਰੀ ਵਿੱਚ ਵੱਧੀਆ ਤੋਂ ਵਧੀਆ ਗਿਆਨ ਭਰਪੂਰ ਗ੍ਰੰਥ, ਕਿਤਾਬਾਂ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ ਨੂੰ ਪੜ੍ਹ ਵਾਚ ਕੇ ਗਿਆਨ ਵਿੱਚ ਵਾਧਾ, ਬੁੱਧ ਉੱਜਲ ਹੁੰਦੀ ਹੈ ਅਤੇ ਦੂਜੇ ਧਰਮਾਂ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਅੱਜ ਗੁਰਦੁਆਰੇ ਦੇ ਪ੍ਰਬੰਧਕ ਇਸ ਵੱਲ ਵਿਸ਼ੇਸ਼ ਧਿਆਨ ਨਹੀਂ ਦਿੰਦੇ ਕੇਵਲ ਬਿਲਡਿੰਗਾਂ ਉਸਾਰਨ, ਪਾਠ ਪੂਜਾ ਕਰਨ ਕਰਾਉਣ ਅਤੇ ਅਖ਼ਬਾਰੀ ਇਸ਼ਤਿਹਾਰਬਾਜੀ ਦੀ ਸ਼ੋਹਰਤ ਤੱਕ ਹੀ ਸੀਮਤ ਰਹਿੰਦੇ ਹਨ। ਦਾਸ ਦਾ ਸ੍ਰ. ਪਰਮਿੰਦਰ ਸਿੰਘ "ਪਰਵਾਨਾ" ਜੀ ਨਾਲ ਇਸ ਬਾਰੇ ਵਿਚਾਰ

ਵਿਟਾਂਦਰਾ ਹੋਇਆ ਜੋ ਸਹਿਤਕ ਵਿਦਵਾਨ ਹਨ। ਉਨ੍ਹਾਂ ਕਿਹਾ ਕਿ ਦੂਜੇ ਧਰਮਾਂ ਦੇ ਬਰਾਬਰ ਖਾਸ ਕਰਕੇ ਈਸਾਈ ਧਰਮ ਤੋਂ ਅਸੀਂ ਬਹੁਤ ਪਿਛੇ ਹਾਂ ਕਿਉਂਕਿ ਉਨ੍ਹਾਂ ਦੀਆਂ ਲਾਇਬ੍ਰੇਰੀਆਂ ਵਿੱਚ ਦੁਨੀਆਂ ਦੇ ਹਰੇਕ ਧਰਮ ਤੇ ਬੋਲੀ ਦੀ ਕਿਤਾਬ ਮਿਲ ਜਾਂਦੀ ਹੈ ਗੁਰਦੁਆਰੇ ਵਿੱਚ ਨਹੀਂ ਐਸਾ ਕਿਉਂ? ਗੁਰਦੁਆਰੇ ਦੀ ਲਾਇਬ੍ਰੇਰੀ ਵਧੀਆ ਅਤੇ ਅਧੁਨਿਕ ਹੋਣੀ ਚਾਹੀਦੀ ਹੈ।

ਗੁਰਦੁਆਰੇ ਰੋਗੀਆਂ ਦਾ ਵੀ ਇਲਾਜ ਕੀਤਾ ਜਾਂਦਾ ਹੈ। ਰੋਗੀਆਂ ਦੀ ਸੇਵਾ ਸੰਭਾਲ ਦੇ ਪੂਰਨੇ ਸਤਿਗੁਰਾਂ ਨੇ ਪਾਏ। ਗੁਰੂ ਨਾਨਕ ਜੀ ਨੇ ਕੋਹੜੀਆਂ ਦੀ ਸੇਵਾ ਸੰਭਾਲ ਕੀਤੀ, ਗੁਰੂ ਅਮਰਦਾਸ ਨੇ ਪ੍ਰੇਮੇ ਕੋਹੜੀ ਦਾ ਇਲਾਜ ਕੀਤਾ। ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਸਾਹਿਬ ਵਿਖੇ ਕੋਹੜ ਦੇ ਰੋਗੀਆਂ ਲਈ ਸ਼ਫ਼ਾਖ਼ਾਨਾਂ (ਹਸਪਤਾਲ) ਸਥਾਪਤ ਕਰਕੇ ਇਲਾਜ ਆਰੰਭਿਆ ਤੇ ਕਿਹਾ ਇਕੱਲੇ ਕੋਹੜੀ ਹੀ ਨਹੀਂ ਹਰੇਕ ਲੋੜਵੰਦ ਰੋਗੀ, ਸੇਵਾ ਤੇ ਹਮਦਰਦੀ ਦਾ ਹੱਕਦਾਰ ਹੈ। ਗੁਰੂ ਹਰ ਰਾਏ ਜੀ ਦੇ ਦਵਾਖ਼ਾਨੇ ਵਿੱਚੋਂ ਦਾਰਾ ਸ਼ਕੋਹ ਠੀਕ ਹੋਇਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਭਾਈ ਘਨੱਈਆ ਜੀ ਰੋਗੀਆਂ ਦੀ ਮਲਮ ਪੱਟੀ ਕਰਿਆ ਕਰਦੇ ਸਨ। ਲੋੜਵੰਦਾਂ ਦਾ ਇਲਾਜ ਗੁਰੂ ਘਰ ਫਰੀ ਹੁੰਦਾ ਸੀ ਜੋ ਅੱਜ ਵੀ ਹੋਣਾ ਚਾਹੀਦਾ ਹੈ, ਜਿਨ੍ਹਾਂ ਲੋੜਵੰਦਾਂ ਕੋਲ ਮੈਡੀਕਲ ਨਹੀਂ ਉਨ੍ਹਾਂ ਦਾ ਆਸਰਾ ਤਾਂ ਗੁਰੂ ਘਰ ਹੀ ਹੈ। ਬਿਰਧ ਜਿਨ੍ਹਾਂ ਨੂੰ ਕੋਈ ਸੰਭਾਲਣ ਵਾਲਾ ਨਹੀਂ, ਉਨ੍ਹਾਂ ਦੀ ਸੇਵਾ ਸੰਭਾਲ ਲਈ ਗੁਰਦੁਆਰੇ ਵਿੱਚ ਬਿਰਧ ਘਰ ਵੀ ਹੋਣਾ ਲਾਜ਼ਮੀ ਹੈ।

ਗੁਰਦੁਆਰਿਆਂ ਦਾ ਪ੍ਰਬੰਧ ਅਤੇ ਗੁਰੂ ਦੀ ਗੋਲਕ-ਗੁਰੂ ਦੀ ਗੋਲਕ ਨਾਲ ਉਪ੍ਰੋਕਤ ਸਾਰੇ ਕਾਰਜ ਚਲਦੇ ਹਨ। ਗੋਲਕ ਲੋੜਵੰਦਾਂ ਤੇ ਖਰਚ ਹੋਣੀ ਚਾਹੀਦੀ ਹੈ। ਗੁਰੂ ਦਾ ਹੁਕਮ ਹੈ "ਗਰੀਬ ਦਾ ਮੂੰਹ ਗੁਰੂ ਦੀ ਗੋਲਕ" ਹੈ। ਲੋੜਵੰਦ ਹੋਣਹਾਰ ਬੱਚਿਆਂ ਨੂੰ ਵਜ਼ੀਫੇ ਦੇ ਕੇ ਉਤਸ਼ਾਹਤ ਕਰਨਾ ਚਾਹੀਦਾ ਹੈ। ਕਈ ਬੱਚੇ ਬੜੇ ਹੋਣਹਾਰ ਹੁੰਦੇ ਹਨ ਪਰ ਗ਼ਰੀਬੀ ਕਰਕੇ ਉੱਚੀ ਵਿਦਿਆ ਨਹੀਂ ਲੈ ਸਕਦੇ। ਇਹ ਕੰਮ ਸਾਨੂੰ ਚਰਚਾਂ ਤੋਂ ਸਿੱਖਣਾ ਚਾਹੀਦਾ ਹੈ ਜੋ ਕਈ ਕਈ ਸਕੂਲ ਚਲਾ ਰਹੇ ਹਨ ਅਤੇ ਦੂਜੇ ਧਰਮਾਂ ਦੇ ਗਰੀਬ ਬੱਚੇ ਵੀ ਓਥੇ ਪੜ੍ਹ ਕੇ ਈਸਾਈ ਬਣ ਰਹੇ ਹਨ। ਪ੍ਰਬੰਧਕਾਂ ਦਾ ਗੋਲਕ ਉਪਰ ਕੋਈ ਜ਼ਾਤੀ ਅਧਿਕਾਰ ਨਹੀਂ ਹੁੰਦਾ। ਗੋਲਕ ਦੀ ਮਾਇਆ ਉਨ੍ਹਾਂ ਕੋਲ ਅਮਾਨਤ ਹੁੰਦੀ ਹੈ ਪਰ ਇਹ ਕਈ ਵਾਰ ਚਿੱਤ ਡੁਲ਼ਾ ਦਿੰਦੀ ਹੈ ਪ੍ਰਬੰਧਕ ਅਤੇ ਗ੍ਰੰਥੀ ਇਸ ਦੀ ਦੁਰਵਰਤੋਂ ਕਰ ਬੈਠਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਇਸ ਬਾਰੇ ਲਿਖਦੇ ਹਨ ਕਿ-(ੳ) ਗੁਰਦੁਆਰਿਆਂ ਦੇ ਸੇਵਕ ਗੁਰਮਤਿ ਦੇ ਪੂਰੇ ਗਿਆਤਾ ਅਤੇ ਸਦਾਚਾਰੀ ਹੋਣੇ ਚਾਹੀਦੇ ਹਨ ਜੋ ਨਹੀਂ ਹੁੰਦੇ।(ਅ) ਉਨ੍ਹਾਂ ਵਿੱਚ ਬਰਾਬਰਤਾ ਅਤੇ ਭਰਾਤਰੀਭਾਵ ਹੋਣਾ ਚਾਹੀਦਾ ਹੈ ਜੋ ਬਹੁਤਿਆਂ ਵਿੱਚ ਨਹੀਂ ਹੈ। ਅੱਗੇ ਹੋਰ ਲਿਖਦੇ ਹਨ ਕਿ ਜਦ ਤੀਕ ਅਸੀਂ ਮਾਇਆ ਦੇ ਜਾਲ ਤੋਂ ਮੁਕਤ ਹੋ ਕੇ ਨਿਸ਼ਕਾਮ ਸੇਵਾ ਨੂੰ ਆਪਣਾ ਅਦਰਸ਼ ਨਹੀਂ ਬਣਾਉਂਦੇ ਤਦ ਤੀਕ ਸੁਧਾਰ ਅਤੇ ਪ੍ਰਬੰਧ ਸ਼ਬਦ ਕੇਵਲ ਲਿਖਣ ਅਤੇ ਬੋਲਣ ਵਿੱਚ ਹੀ ਰਹਿੰਣਗੇ। ਗੁਰਦੁਆਰਿਆਂ ਦੇ ਸੇਵਕਾਂ ਨੂੰ ਅੰਮ੍ਰਿਤ ਵੇਲੇ ਗੁਰਬਾਣੀ ਦੇ ਪਾਠ ਨਾਲ ਭਾ.ਗੁਰਦਾਸ ਜੀ ਦੇ ਇਸ ਕਬਿੱਤ ਦਾ ਪਾਠ ਵੀ ਕਰਨਾ ਚਾਹੀਏ-

ਬਾਹਰ ਕੀ ਅਗਨਿ ਬੁਝਤ ਜਲ ਸਰਤਾ ਕੈ,

ਨਾਉਂ ਮੇਂ ਜੋ ਆਗ ਲਾਗੈ ਕੈਸੇ ਕੈ ਬੁਝਾਈਐ?
ਬਾਹਰ ਸੇ ਭਾਗ ਓਟ ਲੀਜੀਅਤ ਕੋਟਗੜ੍ਹ,
ਗੜ੍ਹ ਮੈਂ ਜੋ ਲੂਟ ਲੀਜੈ, ਕਹੋ ਕਤ ਜਾਈਐ?
ਚੋਰਨ ਕੇ ਤ੍ਰਾਸ ਜਾਇ ਸ਼ਰਨ ਗਹਿ ਨਰਿੰਦ,
ਮਾਰੇ ਮਹੀਪਤਿ ਜੀਉ ਕੈਸੇ ਕੇ ਬਚਾਈਐ?
ਮਾਯਾਡਰ ਡਰਪਤ ਹਾਰ ਗੁਰਦੁਆਰੇ ਜਾਵੈ,
ਤਹਾਂ ਜੋ ਮਾਯਾ ਬਿਆਪੈ ਕਹਾਂ ਠਹਿਰਾਈਐ? (ਕਬਿੱਤ-੫੪੪)

ਅੱਗੇ ਹੋਰ ਲਿਖਦੇ ਹਨ ਕਿ ਦਾਸ ਦੀ ਅਕਾਲ ਪੁਰਖ ਅੱਗੇ ਸੁੱਧਭਾਵ ਨਾਲ ਅਰਦਾਸ ਹੈ ਕਿ ਉਹ ਸਮਾਂ ਛੇਤੀ ਆਵੇ ਜਦ ਅਸੀਂ ਆਪਣੇ ਗੁਰਦੁਆਰਿਆਂ ਵਿੱਚ ਬਾਬਾ ਬੁੱਢਾ ਜੀ, ਭਾ. ਗੁਰਦਾਸ ਜੀ, ਭਾ. ਅਲਮਸਤ ਜੀ, ਭਾ. ਘਨੱਈਆ ਜੀ, ਭਾ. ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਵਰਗੇ ਗ੍ਰੰਥੀ ਰਾਗੀ, ਪ੍ਰਚਾਰਕ ਅਤੇ ਸੂਰਮੇ ਦੇਖੀਏ ਜਿਸ ਤੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਚਾਰ ਕੀਤੇ ਅਕਾਲੀ ਧਰਮ ਦਾ ਝੰਡਾ ਸਾਰੇ ਸੰਸਾਰ ਤੇ ਝੂਲੇ ਅਤੇ ਗੁਰਦੁਅਰਿਆਂ ਦੀ ਮਹਾਨਤਾ ਦਾ ਦੁਨੀਆਂ ਨੂੰ ਪਤਾ ਲੱਗ ਸੱਕੇ ਕਿ ਜਿਥੇ ਸਿੱਖ ਧਰਮ ਮਹਾਂਨ, ਵਿਗਿਆਨਕ ਅਤੇ ਅਗਾਂਹ ਵਧੂ ਹੈ, ਓਥੇ ਇਸ ਦੇ ਗੁਰਦੁਆਰੇ ਵੀ ਸੰਸਾਰ ਲਈ ਗਿਆਨ ਅਤੇ ਸਰਬੱਤ ਦੇ ਭਲੇ ਦਾ ਉਚਾ ਸੁੱਚਾ ਨਮੂਨਾ ਅਤੇ ਮਾਰਗ ਹਨ। ਸਾਨੂੰ ਯੋਗ ਪ੍ਰਬੰਧਕ ਗੁਰੂ ਘਰ ਦੀ ਸੇਵਾ ਵਾਸਤੇ ਅੱਗੇ ਲਿਆਉਣੇ ਚਾਹੀਦੇ ਹਨ ਜਿਨ੍ਹਾਂ ਵਿੱਚ ਪਰਉਪਕਾਰ, ਸੇਵਾ-ਸਿਮਰਨ, ਭਰਾਤਰੀਭਾਵ, ਨਿਮਰਤਾ ਅਤੇ ਗੁਰੂ ਦਾ ਗਿਆਨ ਹੋਵੇ। ਉਹ ਗੁਰੂ ਗ੍ਰੰਥ ਸਾਹਿਬ ਜੀ ਤੇ ਅਟੱਲ ਵਿਸ਼ਵਾਸ਼ ਰੱਖਦੇ ਅਤੇ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੇ ਹੋਣ।

ਸ੍ਰੀ ਅਕਾਲ ਤਖ਼ਤ ਤੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਹਰੇਕ ਗੁਰਗੁਆਰੇ ਵਿੱਚ ਲਾਗੂ ਹੋਣੀ ਚਾਹੀਦੀ ਹੈ ਤਾਂ ਕਿ ਹਰੇਕ ਗੁਰੂ ਘਰ ਵਿੱਚ ਇੱਕਸਾਰਤਾ ਆ ਕੇ ਡੇਰਵਾਦੀਆਂ, ਸੰਪ੍ਰਦਾਈਆਂ ਅਤੇ ਚਲਾਕ ਲੀਡਰਾਂ ਦੇ ਪਾਏ ਭਰਮ ਭੁਲੇਖੇ ਅਤੇ ਝਗੜੇ ਮਿਟ ਸੱਕਣ। ਬਹੁਤੇ ਗੁਰਦੁਆਰਿਆਂ ਬਲਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚਲ ਰਹੇ ਗੁਰਦੁਆਰਿਆਂ ਵਿੱਚ ਵੀ ਸਿੱਖ ਰਹਿਤ ਮਰਯਾਦਾ ਲਾਗੂ ਨਹੀਂ ਕਿਉਂਕਿ ਸ੍ਰੋਮਣੀ ਕਮੇਟੀ ਵੀ ਪੁਲੀਟੀਕਲ ਹੋ ਚੁੱਕੀ ਹੈ। ਇਸ ਦਾ ਪ੍ਰਧਾਨ "ਬਾਦਲ" ਦੇ ਬੰਦ ਲਫਾਫੇ ਰਾਹੀਂ ਐਲਾਨਿਆਂ ਜਾਂਦਾ। ਇਹ ਸਭ ਲੀਡਰ ਸਾਧਾਂ ਦੇ ਡੇਰਿਆਂ ਤੇ ਵੋਟਾਂ ਖਾਤਰ ਨੱਕ ਰਗੜਦੇ ਰਹਿੰਦੇ ਹਨ। ਇਸ ਲਈ ਇਨ੍ਹਾਂ ਤੋਂ ਗੁਰਦੁਆਰਿਆਂ ਵਿੱਚ ਸਿੱਖ ਰਹਿਤ ਮਰਯਾਦਾ ਲਾਗੂ ਕਰਵਾਉਣ ਦੀ ਆਸ ਨਹੀਂ ਰੱਖਣੀ ਚਾਹੀਦੀ। ਜੇ ਸੰਗਤ ਇਨ੍ਹਾਂ ਲੀਡਰਾਂ ਦੀਆਂ ਲੂੰਬੜ ਚਾਲਾਂ ਤੋਂ ਸੁਚੇਤ ਹੋ ਜਾਵੇ ਅਤੇ ਪੰਥਕ ਜਥੇਬੰਦੀਆਂ ਸੰਗਤ ਦੇ ਸਹਿਯੋਗ ਨਾਲ ਗੁਰੂ ਘਰਾਂ ਵਿੱਚ ਸਿੱਖ ਰਹਿਤ ਮਰਯਾਦਾ ਲਾਗੂ ਕਰ ਦੇਣ ਤਾਂ ਪੰਥ ਵਿੱਚ ਏਕਤਾ ਆ ਸਕਦੀ ਹੈ, ਦੇਹਧਾਰੀ ਗੁਰੂਡਮ ਅਤੇ ਡੇਰਾਵਾਦ ਨੂੰ ਠੱਲ੍ਹ ਪੈ ਸਕਦੀ ਹੈ।

ਗੁਰਦੁਆਰੇ ਚੋਂ ਉਪਦੇਸ਼ ਮਿਲਦਾ ਹੈ ਕਿ ਸਭ ਮਾਈ ਭਾਈ ਦੀ ਮਨੁੱਖਾ ਜਾਤ ਏਕ ਹੈ।

ਜਾਤ ਪਾਤ ਦੀਆਂ ਵੰਡੀਆਂ ਤਾਂ ਮੰਨੂ ਵਰਗੇ ਚਾਤਰ ਬ੍ਰਾਹਮਣ ਲੋਕਾਂ ਨੇ ਪਾਈਆਂ ਹਨ। ਜਿਵੇਂ ਪੁਰਾਤਨ ਸਮੇਂ ਵਿੱਚ ਬ੍ਰਾਹਮਣ ਇਸ ਦਾ ਪ੍ਰਚਾਰ ਤੇ ਪਸਾਰ ਕਰਦੇ ਸਨ। ਅੱਜ ਖਾਸ ਕਰਕੇ ਜੱਟ ਸਿੱਖ ਲੀਡਰ ਲੋਕ ਅਤੇ ਡੇਰੇਦਾਰ ਕਰ ਰਹੇ ਹਨ। ਸਿੱਖ ਧਰਮ ਵਿੱਚ ਕੋਈ ਦਲਤ ਜਾਂ ਅਛੂਤ ਜਮਾਤ ਨਹੀਂ ਹੈ। ਜੋ ਇਸ ਨੂੰ ਮਾਨਤਾ ਦਿੰਦਾ ਹੈ ਉਹ ਗੁਰੂ ਦਾ ਸਿੱਖ ਨਹੀਂ ਹੋ ਸਕਦਾ। ਸਾਨੂੰ ਰਿਸ਼ਤੇ ਨਾਤੇ ਵੀ ਜਾਤ ਪਾਤ ਤੋਂ ਉਪਰ ਉੱਠ ਕੇ ਕਰਨੇ ਚਾਹੀਦੇ ਹਨ। ਜੇ ਅਸੀਂ ਅਜਿਹਾ ਕਰ ਲਿਆ ਤਾਂ ਸਾਰੀ ਦੁਨੀਆਂ ਨਾਲ ਸਾਡੀ ਸਾਂਝ ਪੈ ਜਾਵੇਗੀ।

ਗੁਰਦੁਆਰੇ ਵਿੱਚ ਔਰਤ ਤੇ ਮਰਦ ਬਰਾਬਰ ਹਨ ਦੋਵੇਂ ਹਰੇਕ ਰਸਮ, ਪਾਠ, ਕੀਰਤਨ, ਕਥਾ ਲੰਗਰ ਦੀ ਸੇਵਾ ਕਰਮ ਅਤੇ ਗੁਰਦੁਆਰੇ ਦੇ ਪ੍ਰਬੰਧ ਵਿੱਚ ਹਿੱਸਾ ਲੈ ਸਕਦੇ ਹਨ। ਜਿਥੇ ਮਰਦ ਪਾਠ, ਕੀਰਤਨ, ਕਥਾ, ਅੰਮ੍ਰਿਤ ਸੰਚਾਰ ਅਤੇ ਪ੍ਰਬੰਧ ਵਿੱਚ ਹਿੱਸਾ ਲੈਂਦੇ ਹਨ ਓਥੇ ਬੀਬੀਆਂ ਨੂੰ ਵੀ ਗੁਰੂ ਵੱਲੋਂ ਪੂਰਾ ਹੱਕ ਹੈ ਜੋ ਡੇਰਾਵਾਦੀਆਂ, ਪੁਜਾਰੀਆਂ ਅਤੇ ਅਗਿਆਨੀ ਪ੍ਰਬੰਧਕਾਂ ਨੇ ਦਬਾਇਆ ਹੋਇਆ ਹੈ ਜਦ ਕਿ ਗੁਰਦੁਆਰੇ ਵਿੱਚੋਂ ਨਿੱਤ ਅਵਾਜ਼ ਆਉਂਦੀ ਹੈ-

ਸੋ ਕਿਉਂ ਮੰਦਾ ਆਖੀਐ ਜਿਤ ਜੰਮੈ ਰਾਜਾਨ॥ (ਆਸਾ ਕੀ ਵਾਰ)

ਗੁਰਦੁਆਰੇ ਵਿੱਚ ਨਿਜੀ ਅਰਦਾਸਾਂ ਤੋਂ ਇਲਾਵਾ ਸਭ ਮਾਈ ਭਾਈ ਦੀ ਸੰਗਤੀ ਅਰਦਾਸ ਸਾਂਝੀ ਹੁੰਦੀ ਹੈ। ਅਰਦਾਸ ਅਕਾਲ ਪੁਰਖ ਨੂੰ ਸਰਬਨਿਵਾਸੀ ਸਮਝ ਕੇ ਕੀਤੀ ਜਾਂਦੀ ਅਤੇ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ-ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥ (ਅਰਦਾਸ) ਅਰਦਾਸ ਕੋਈ ਵੀ ਮਾਈ ਭਾਈ ਕਰ ਸਕਦਾ ਹੈ। ਇਹ ਮਾਣ ਕੇਵਲ ਤੇ ਕੇਵਲ ਗੁਰਦੁਆਰੇ ਨੂੰ ਹੀ ਪ੍ਰਾਪਤ ਹੈ ਮੰਦਰਾਂ ਮਸਜਦਾਂ ਵਿੱਚ ਪੰਡਿਤ ਅਤੇ ਮੁੱਲਾਂ ਤੋਂ ਬਿਨਾ ਆਮ ਨਹੀਂ ਕਰ ਸਕਦਾ। ਪੰਥਕ ਅਰਦਾਸ ਵਿੱਚ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦਾ ਹੀ ਨਾਹਰਾ ਬਲੰਦ ਕੀਤਾ ਜਾਂਦਾ ਹੈ ਨਾਂ ਕਿ ਕਿਸੇ ਗੁਰੂ, ਭਗਤ ਜਾਂ ਸੰਤ ਦਾ। ਸੱਚਾ ਸਿੱਖ ਗੁਰੂ ਪੰਥ ਦੇ ਵਿਧਾਨ ਤੋਂ ਬਾਹਰ ਨਹੀਂ ਜਾ ਸਕਦਾ। ਅੱਜ ਹਰੇਕ ਡੇਰੇ ਦੀ ਵੱਖਰੀ-ਵੱਖਰੀ ਅਰਦਾਸ ਹੈ ਹਾਂ ਮੌਜੂਦਾ ਅਰਦਾਸ ਵਿੱਚ ਜੇ ਕੋਈ ਕਮੀ ਹੈ ਤਾਂ ਪੰਥ ਨੂੰ ਇਕੱਠੇ ਹੋ ਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਮੁਤਾਬਕ ਸੋਧ ਕਰ ਲੈਣੀ ਚਾਹੀਦੀ ਹੈ। ਡੇਰੇਦਾਰ ਗ੍ਰੰਥੀਆਂ ਨੂੰ ਗੁਰਦੁਆਰੇ ਵਿੱਚ ਭਰਤੀ ਨਹੀਂ ਕਰਨਾ ਚਾਹੀਦਾ ਜੋ ਆਪਣੇ ਸੰਤਾਂ ਨੂੰ ਮੁੱਖ ਰੱਖ ਕੇ ਜਾਂ ਲਾਲਚ ਵਿੱਚ ਆ ਕੇ ਸਿੱਖ ਰਹਿਤ ਮਰਯਾਦਾ ਦੇ ਉਲਟ ਡੇਰਿਆਂ ਦੀ ਮਰਯਾਦਾ ਦਾ ਪ੍ਰਚਾਰ ਕਰਦੇ ਹਨ।

ਗੁਰਦੁਆਰੇ ਚੋਂ ਜਗਿਆਸੂਆਂ ਨੂੰ ਸੰਤ ਅਤੇ ਸਿਪਾਹੀ ਭਾਵ ਭਗਤੀ ਅਤੇ ਸ਼ਕਤੀ ਦੀ ਸਿਖਿਆ ਮਿਲਦੀ ਹੈ। ਗੁਰਬਾਣੀ ਦਾ ਪਾਠ, ਕੀਰਤਨ, ਵਿਚਾਰ, ਪਰਉਪਕਾਰ, ਸੇਵਾ-ਸਿਮਰਨ, ਵੰਡ ਛੱਕਣਾ "ਭਗਤੀ" ਅਤੇ ਸ਼ਸ਼ਤਰ ਵਿਦਿਆ ਦਾ ਅਭਿਆਸ, ਆਪਣੀ ਅਤੇ ਮਜ਼ਲੂਮ ਦੀ ਰੱਖਿਆ ਲਈ ਸਦਾ ਤੱਤਪਰ ਰਹਿਣਾ ਅਤੇ ਲੋੜ ਪੈਣ ਤੇ ਜ਼ਾਲਮ ਨਾਲ ਦੋ ਹੱਥ ਕਰਨੇ "ਸ਼ਕਤੀ" ਦਾ ਪ੍ਰਤੀਕ ਹੈ।

ਗੁਰਦੁਆਰੇ ਵਿੱਚ ਸਭ ਨੂੰ ਸਾਂਝਾ ਉਪਦੇਸ਼ ਮਿਲਦਾ ਹੈ ਕਿ **"ਸਭੇ ਸਾਂਝੀਵਾਲ ਸਦਾਇਨਿ...॥** (੯੭) **ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ ਚਹੁ ਵਰਨਾ ਕਉ ਸਾਂਝਾ॥**

(੭੪੭) ਜਿਥੇ ਭਗਤਾਂ, ਗੁਰੂਆਂ ਅਤੇ ਕੌਮੀ ਸ਼ਹੀਦਾਂ ਦੇ ਸਾਂਝੇ ਗੁਰਪੁਰਬ ਮਨਾਏ ਜਾਣੇ ਚਾਹੀਦੇ ਹਨ। ਸਾਨੂੰ ਗੁਰਦੁਆਰੇ ਛੱਡ ਕੇ ਮੱਠਾਂ ਅਤੇ ਸੰਪ੍ਰਦਾਈ ਸਾਧਾਂ-ਸੰਤਾਂ ਦੇ ਡੇਰਿਆਂ ਤੇ ਨਹੀਂ ਭੜਕਣਾ ਚਾਹੀਦਾ। ਗੁਰਦੁਆਰੇ ਵਿੱਚ ਗੁਰਬਾਣੀ ਹੀ ਸਰਬੋਤਮ ਮੰਨਣੀ ਚਾਹੀਦੀ ਹੈ। ਸਾਧ ਸੰਗਤ ਜੀ ਗੁਰਦੁਆਰੇ ਸਰਬ ਪੱਖੀ ਉੱਤਮ ਗਿਆਨ ਦੇ ਸੋਮੇ ਅਤੇ ਸਰਬ ਸਾਂਝੀਵਾਲਤਾ ਦੇ ਪ੍ਰਤੀਕ ਹਨ। ਇਨ੍ਹਾਂ ਵਿੱਚੋਂ ਲੜਾਈ ਝਗੜੇ ਖਤਮ ਹੋਣੇ ਚਾਹੀਦੇ ਹਨ ਜੋ ਸਾਡੀ ਅਗਿਆਨਤਾ, ਚੌਧਰ, ਹਉਮੇ-ਹੰਕਾਰ, ਅਤੇ ਧੜੇਬੰਦੀ ਕਰਕੇ ਹੋ ਰਹੇ ਹਨ। ਗੁਰਦੁਆਰਿਆਂ ਵਿੱਚੋਂ ਸਰਬ ਨੂੰ-**ਏਕੁ ਪਿਤਾ ਏਕਸ ਕੇ ਹਮ ਬਾਰਿਕ** (੬੧੧) ਦੀ ਖੁਸ਼ਬੋ ਆਉਣੀ ਚਾਹੀਦੀ ਹੈ। ਗੁਰਦੁਆਰੇ ਦੇ ਦਰਵਾਜੇ ਸਭ ਲਈ ਸਦਾ ਖੁੱਲ੍ਹੇ ਹਨ-

ਕਬੀਰ ਜਿਹ ਦਰਿ ਆਵਤ ਜਾਤਿਹੁ ਹਟਕੈ ਨਾਹੀਂ ਕੋਇ॥
ਸੋ ਦਰ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥ (੧੩੬੭)

ਇਹ ਹੀ ਗੁਰਦੁਆਰੇ ਦੀ ਵਿਲੱਖਣਤਾ ਅਤੇ ਮਹਾਨਤਾ ਹੈ ਜੋ ਸਾਡੀ ਅਗਿਆਨਤਾ ਕਰਕੇ ਪ੍ਰਗਟ ਨਹੀਂ ਹੋ ਰਹੀ। ਅੱਜ ਸਾਨੂੰ ਫੁੱਟਪਾਊ, ਲੜਾਊ ਅਤੇ ਦੁਨੀਆਂ ਦੇ ਮਹਾਨ ਰਹਿਬਰ ਗੁਰੂ ਨਾਨਕ ਦੇ ਸਿਧਾਤਾਂ ਦਾ ਗੁੱਝੇ ਰੂਪ ਵਿੱਚ ਵਿਰੋਧ ਕਰਨ ਵਾਲੀਆਂ ਸੰਪ੍ਰਦਾਈ ਤਾਕਤਾਂ ਨੂੰ ਪਛਾਨਣ ਦੀ ਲੋੜ ਹੈ ਜੋ ਸਿੱਖੀ ਭੇਖ ਧਾਰਨ ਕਰਕੇ ਗੁਰੂ ਘਰਾਂ ਦੀ ਮਾਨ-ਮਰਯਾਦਾ ਨੂੰ ਬ੍ਰਾਹਮਣੀ ਕਰਮਕਾਂਡਾਂ ਦੀ ਪਾਨ ਚੜ੍ਹਾਈ ਜਾ ਰਹੀਆਂ ਹਨ। ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਹੀ ਮਹਾਨ ਹੈ। ਇਸ ਲਈ ਸਿੱਖ ਨੇ ਸਦਾ ਗੁਰੂ ਤੋਂ ਹੀ ਅਗਵਾਈ ਲੈਣੀ ਹੈ ਨਾਂ ਕਿ ਕਿਸੇ ਭੇਖਧਾਰੀ ਡੇਰੇਦਾਰ, ਸੰਪ੍ਰਦਾਈ, ਅਖੌਤੀ ਜਥੇਦਾਰ ਜਾਂ ਪ੍ਰਬੰਧਕ ਤੋਂ। ਗੁਰੂਆਂ ਭਗਤਾਂ ਦੀ ਬਾਣੀ ਅੰਮ੍ਰਿਤ ਹੈ, ਸਰਬਸਾਂਝੀਵਾਲਤਾ ਦੀ ਪ੍ਰਤੀਕ ਹੈ ਅਤੇ ਗੁਰਦੁਆਰੇ ਇਸ ਦੇ ਸੋਮੇ ਹਨ। ਵਾਸਤਾ ਰੱਬ ਦਾ ਗੁਰਦੁਆਰਿਆਂ ਨੂੰ ਗੁਰਦੁਆਰੇ ਹੀ ਰਹਿਣ ਦਿਉ, ਡੇਰਿਆਂ ਵਿੱਚ ਨਾਂ ਬਦਲੀ ਜਾਉ। ਗੁਰੂ ਸਾਨੂੰ ਸਭ ਨੂੰ ਸੁਮੱਤ ਬਖਸ਼ੇ! ਤਾਂ ਕਿ ਅਸੀਂ ਗੁਰੂ ਚਸ਼ਮੇ ਦਾ ਨਿਰਮਲ ਜਲ ਅੰਮ੍ਰਿਤਬਾਣੀ ਰਲ ਮਿਲ ਕੇ ਪੀਵੀਏ। ਇਹ ਕੁਝ ਵਿਚਾਰ ਦਾਸ ਨੇ ਗੁਰਬਾਣੀ, ਗੁਰ ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਲਿਖੇ ਹਨ ਧਿਆਨ ਨਾਲ ਪੜ੍ਹਨ ਵਿਚਾਰਨ ਦੀ ਕ੍ਰਿਪਾਲਤਾ ਕਰਨਾ ਜੀ! ਗੁਰੂ ਭਲੀ ਕਰੇ ਸਾਨੂੰ ਸਭ ਨੂੰ ਸੁਮਤਿ ਬਖਸ਼ੇ-

ਗੁਰਦੁਆਰੈ ਹੋਇ ਸੋਝੀ ਪਾਇਸੀ॥ (੭੩੦)

-o-

ਜੇ ਘੋੜੇ ਹੀ ਮਾਰ ਦਿੱਤੇ ਜਾਣ...!

ਪੁਰਾਣੇ ਜ਼ਮਾਨੇ ਵਿੱਚ ਬੈਲ ਗੱਡੀਆਂ, ਤਾਂਗੇ ਰੱਥ ਅਤੇ ਬੇੜੀਆਂ ਆਦਿਕ ਵਹੀਕਲ ਆਵਾਜਾਈ ਦੇ ਸਾਧਨ ਸਨ ਅਤੇ ਘੋੜੇ, ਖੋਤੇ, ਬੈਲ, ਹਾਥੀ ਅਤੇ ਊਠ ਆਦਿਕ ਇਨ੍ਹਾਂ ਨੂੰ ਖਿਚਣ ਲਈ ਅੱਗੇ ਜੋੜੇ ਜਾਂਦੇ ਸਨ। ਜੋ ਘਰ, ਖੇਤ ਅਤੇ ਸ਼ਹਿਰ ਸਭ ਥਾਂ ਕੰਮ ਆਉਂਦੇ ਸਨ। ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਓਦੋਂ ਇਨ੍ਹਾਂ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਜਿਉਂ ਜਿਉਂ ਜ਼ਮਾਨਾਂ ਬਦਲਿਆ ਵਕਤ ਨਾਲ ਆਵਾਜਾਈ ਦੇ ਸਾਧਨ ਵੀ ਬਦਲ ਗਏ ਪਰ ਅੱਜ ਵੀ ਪਛੜੇ ਇਲਾਕਿਆਂ ਵਿੱਚ ਇਨ੍ਹਾਂ ਦੀ ਵਰਤੋਂ ਹੁੰਦੀ ਵੇਖੀ ਜਾ ਸਕਦੀ ਹੈ। ਉਸ ਵੇਲੇ ਚੰਗੀ ਖੁਰਾਕ ਨਾਲ ਪਾਲੇ ਹੋਏ ਬੈਲ, ਘੋੜੇ, ਹਾਥੀ ਅਤੇ ਊਠ ਆਦਿਕ ਹੀ ਵਧੀਆ ਸਵਾਰੀ ਸਨ। ਉਨ੍ਹਾਂ ਨੂੰ ਕਾਬੂ ਵਿੱਚ ਰੱਖਣ ਲਈ ਨੱਥ ਪਾਈ, ਅੰਕਸ ਲਾਇਆ ਜਾਂ ਲਗਾਂਮ ਦਿੱਤੀ ਜਾਂਦੀ ਸੀ, ਇਉਂ ਆਵਾਜਾਈ ਵਧੀਆ ਚਲਦੀ ਸੀ। ਜੇ ਲਗਾਂਮ ਦੇ ਕੇ ਕਾਬੂ ਕਰਨ ਦੀ ਬਜਾਇ ਬੈਲ, ਘੋੜੇ, ਹਾਥੀ ਜਾਂ ਊਠ ਕੁੱਟ-ਕੁੱਟ ਕੇ ਮਾਰ ਹੀ ਦਿੱਤੇ ਜਾਣ ਤਾਂ ਗੱਡੀਆਂ ਜਾਂ ਰੱਥ ਕਿਵੇਂ ਚੱਲ ਸਕਦੇ ਸਨ ਜਾਂ ਹਨ?

ਇਵੇਂ ਸਾਡਾ ਸਰੀਰ ਵੀ ਇੱਕ ਰੱਥ ਹੈ ਅਤੇ ਇਹ ਵੀ ਘੋੜਿਆਂ ਨਾਲ ਚਲਦਾ ਹੈ। ਇਸ ਦਾ ਰਥਵਾਹੀ ਦਮਾਗ (ਬਰੇਨ) ਅਤੇ ਘੋੜੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਹਨ। ਕ੍ਰਮਵਾਰ ਕਾਮ ਉਤਪਤੀ ਤੇ ਸੁੰਦਰਤਾ, ਕ੍ਰੋਧ ਬੀਰ ਰਸ, ਲੋਭ ਕਿਰਤ ਤੇ ਉਦਮ, ਮੋਹ ਪ੍ਰੇਮ-ਪਿਆਰ ਅਤੇ ਅਹੰਕਾਰ ਸਵੈਮਾਣਤਾ ਦਾ ਸੂਚਕ ਹੈ। ਜੇ ਕਾਮ ਮਾਰਤਾ ਸੰਸਾਰ-ਪ੍ਰਵਾਰ ਵਾਧਾ ਰੁਕ ਜਾਵੇਗਾ, ਕ੍ਰੋਧ ਮਾਰਤਾ ਬੀਰ ਰਸ ਭਾਵ ਬਹਾਦਰੀ ਦਾ ਗੁਣ ਜਾਂਦਾ ਰਹੇਗਾ, ਲੋਭ ਮਾਰਤਾ ਕਿਰਤ ਦੀ ਰੁਚੀ ਖਤਮ ਹੋ ਜਾਵੇਗੀ ਅਤੇ ਉਦਮ ਦੀ ਥਾਂ ਆਲਸ ਪੈਦਾ ਹੋ ਜਾਵੇਗਾ, ਮੋਹ ਮਾਰਤਾ ਪ੍ਰੇਮ-ਪਿਆਰ ਜਾਂਦਾ ਰਹੇਗਾ ਅਤੇ ਅਹੰਕਾਰ ਮਾਰਨ ਦੇ ਨਾਲ ਸਵੈਮਾਨਤਾ ਖਤਮ ਹੋ ਜਵੇਗੀ। ਲੋੜ ਤਾਂ ਇਨ੍ਹਾਂ ਨੂੰ ਕਾਬੂ ਵਿੱਚ ਰੱਖਣ ਦੀ ਹੈ। ਗੁਰ ਸਿਖਿਆ ਦੀ ਲਗਾਂਮ ਦੇਣੀ ਪਵੇਗੀ, ਨਹੀਂ ਤਾਂ ਇਹ ਅਥਰੇ ਘੋੜੇ ਆਪ-ਹੁਦਰੇ ਹੋ ਕੇ ਸ਼ੁਭ ਗੁਣਾਂ ਰੂਪੀ ਫਸਲ ਦਾ ਨੁਕਸਾਨ ਕਰਨਗੇ ਅਤੇ ਸਰੀਰ ਰੂਪੀ ਗੱਡੀ ਜਾਂ ਰੱਥ ਵੀ ਨਹੀਂ ਚਲੇਗਾ।

ਗ੍ਰਿਹਸਤ ਮਾਰਗ ਤੋਂ ਭਗੌੜੇ ਸੰਤ, ਬਾਬੇ, ਅਖੌਤੀ ਬ੍ਰਹਮ ਗਿਆਨੀ ਅਤੇ ਪ੍ਰਚਾਰਕ ਨਿਤਾ ਪ੍ਰਤੀ ਹਰ ਪਰੇ-ਪੰਚਾਇਤ, ਸਭਾ-ਸਟੇਜ ਤੇ, ਜਾਂ ਧਰਮ ਅਸਥਾਨਾਂ ਵਿੱਚ, ਇਨ੍ਹਾਂ ਹੀ ਗੱਲਾਂ ਦਾ ਪ੍ਰਚਾਰ ਕਰਦੇ ਹਨ ਕਿ ਇਨ੍ਹਾਂ ਪੰਜਾਂ ਨੂੰ ਮਾਰੋ ਇਹ ਵੈਰੀ ਹਨ। ਭਲਿਓ! ਇਹ ਕੋਈ ਸਥੂਲ ਵਸਤਾਂ ਨਹੀਂ ਹਨ ਜਿਨ੍ਹਾਂ ਨੂੰ ਮਾਰ ਦਿਓਗੇ, ਕੀ ਕਰਤਾਰ ਨੇ ਇਹ ਮਾਰਨ ਵਾਸਤੇ ਸਰੀਰਾਂ ਵਿੱਚ ਪੈਦਾ ਕੀਤੇ ਹਨ? ਕੀ ਤੁਸੀਂ ਕਰਣਹਾਰ ਤੋਂ ਜਿਆਦਾ ਸਿਆਣੇ ਹੋ? ਤੁਹਾਡੇ ਵੱਡੇ ਵਡੇਰੇ ਸਾਧ-ਸੰਤ, ਰਿਸ਼ੀ-ਮੁਨੀ, ਪੀਰ-ਫਕੀਰ ਅਤੇ ਅਵਤਾਰ ਇਨ੍ਹਾਂ ਨੂੰ ਮਾਰਨ ਵਾਸਤੇ ਜਾੜ-ਬੀਆਬਾਨਾਂ ਜੰਗਲਾਂ ਵਿੱਚ ਗਏ, ਇਹ ਪੰਜ ਬਲੀ ਓਥੇ ਵੀ ਨਾਲ ਸਨ ਅਤੇ ਇਨ੍ਹਾਂ ਨੂੰ ਗੈਰ-ਕੁਦਰਤੀ ਸਾਧਨਾਂ ਨਾਲ ਮਾਰਦੇ-ਮਾਰਦੇ ਆਪ ਹੀ ਮਰ ਗਏ। ਨਿਤ ਦੇ ਰਥਵਾਹੀ ਜਾਣਦੇ ਹਨ ਕਿ ਜੇ

ਅਥਰੇ ਘੋੜੇ ਨੂੰ ਮਾਰਨ ਦੀ ਬਜਾਏ ਲਗਾਮ ਦੇ ਕੇ ਚਲਾਇਆ ਜਾਵੇ ਤਾਂ ਉਹ ਕਾਬੂ ਵਿੱਚ ਰਹਿ ਕੇ ਵਧੀਆ ਕੰਮ ਕਰਦਾ ਹੈ।

ਕਾਮ ਨੂੰ ਗ੍ਰਿਹਸਤ ਦੀ ਲਗਾਂਮ ਦਿਉ ਇਹ ਕਾਬੂ ਰਹਿਗਾ, ਤੁਸੀਂ ਆਪਣੇ ਸਾਥੀ ਨਾਲ ਅਨੰਦ ਮਾਣਦੇ ਹੋਏ ਸੰਸਾਰ ਦੀ ਉਤਪਤੀ ਵਿੱਚ ਵੀ ਹਿਸਾ ਪਾਉਗੇ। ਕ੍ਰੋਧ ਨੂੰ ਬੀਰ ਰਸ ਦੀ ਲਗਾਂਮ ਦਿਓ ਤਾਂ ਕਿ ਛੋਟੀ ਛੋਟੀ ਗੱਲ ਤੇ ਗੁੱਸਾ ਨਾਂ ਆਵੇ ਅਤੇ ਲੋੜ ਪੈਣ ਤੇ ਜਾਂ ਰਣਤੱਤੇ ਵਿੱਚ ਬੀਰਤਾ ਦਿਖਾਈ ਜਾ ਸੱਕੇ। ਲੋਭ ਨੂੰ ਭਲਾਈ ਦੀ ਲਗਾਂਮ ਦਿਓ ਤਾਂ ਕਿ ਲਾਲਚ ਵਿੱਚ ਕਿਸੇ ਦਾ ਨੁਕਸਾਨ ਨਾਂ ਹੋ ਜਾਵੇ, ਕਿਰਤ ਕਮਾਈ ਕਰਦੇ ਹੋਏ ਭਲੇ ਗੁਣਾ ਦਾ ਲੋਭ ਕਰੋ ਅਤੇ ਜੈਲਸੀ ਤਿਆਗ ਕੇ ਪਰਉਪਕਾਰੀ ਜੀਵਨ ਜੀਓ। ਮੋਹ ਰੂਪੀ ਘੋੜੇ ਨੂੰ ਪਿਆਰ ਦੀ ਲਗਾਂਮ ਦਿਓ ਭਾਵ ਘਰ ਪ੍ਰਵਾਰ ਦੇ ਮੋਹ (ਅਟੈਚਮੈਂਟ) ਤੋਂ ਉੱਪਰ ਉੱਠ ਕੇ ਸਮੁੱਚੇ ਸੰਸਾਰ ਨੂੰ ਆਪਣਾ ਘਰ ਪ੍ਰਵਾਰ ਸਮਝ ਕੇ ਪ੍ਰੇਮ-ਪਿਆਰ ਦਾ ਵਰਤਾਅ ਕਰੋ, ਘਰ ਪ੍ਰਵਾਰ ਦੀਆਂ ਜੁਮੇਵਾਰੀਆਂ ਤਨਦੇਹੀ ਨਾਲ ਨਿਭਾਉਂਦੇ ਹੋਏ ਖਲਕਤ ਵਿੱਚ ਵਸਦੇ ਹੋਏ ਖਾਲਕ ਨੂੰ ਸਦਾ ਯਾਦ ਰੱਖੋ। ਪੰਜਵੇਂ ਘੋੜੇ ਅਹੰਕਾਰ ਨੂੰ ਸਵੈਮਾਨਤਾ ਦੀ ਲਗਾਂਮ ਪਾਓ ਭਾਵ ਹਉਮੈ ਛਡਦੇ ਹੋਏ ਉਦਾਸੀਨਤਾ ਤੇ ਢਹਿੰਦੀ ਕਲਾ ਦਾ ਤਿਆਗ ਕਰੋ, ਤੁਹਾਡਾ ਸਰੀਰ ਰੂਪੀ ਰਥ ਵਧੀਆ ਚਲੇਗਾ। ਫਿਰ ਤੁਹਾਨੂੰ ਘਰ-ਬਾਰ ਛੱਡ ਕੇ ਕਿਸੇ ਡੇਰੇ, ਟਕਸਾਲ-ਸੰਪ੍ਰਦਾ, ਕੰਦਰਾ-ਭੋਰੇ ਜਾਂ ਜਾੜ-ਬੀਆਬਾਨ ਵਿਖੇ ਨਹੀਂ ਜਾਣਾ ਪਵੇਗਾ ਪਰ ਜੇ ਤੁਸੀਂ ਗੁਰੂ ਗ੍ਰੰਥ ਦੀ ਸਿਖਿਆ ਗੁਰਮਤਿ ਨੂੰ ਛੱਡ ਕੇ ਕਿਸੇ ਸਾਧ ਟੋਲੇ ਦੇ ਮਗਰ ਲੱਗ ਕੇ ਉਨ੍ਹਾਂ ਦੇ ਦੱਸੇ ਮਨਘੜਤ ਉਪਾਅ, ਤੋਤਾ ਰਟਨੀ ਪਾਠ ਅਤੇ ਫਜ਼ੂਲ ਦੇ ਕਰਮਕਾਂਡ ਕਰਨ ਲੱਗ ਪਏ ਤਾਂ ਤੁਹਾਡੇ ਜੀਵਨ ਦੇ ਰੱਥ ਨੂੰ ਖਿਚਣ ਵਾਲੇ ਪੰਜ ਮਹਾਂਬਲੀ ਘੋੜੇ ਅਜਿਹੀਆਂ ਮਨਘੜਤ ਛਾਂਟਾਂ ਨਾਲ ਮਰ ਜਾਣਗੇ। ਤੁਸੀਂ ਸਦਾ ਲਈ ਪਾਖੰਡੀ ਸਾਧਾਂ ਦੇ ਗੁਲਾਮ ਹੋ ਕੇ ਬੈਠ ਜਾਓਗੇ ਅਤੇ ਅਮੋਲਕ ਜੀਵਨ ਦਾ ਰਥ ਰੁਕ ਜਾਵੇਗਾ ਪਰ ਜੇ ਗੁਰੂ ਗਿਆਨ ਸਦਕਾ ਚੰਗੀ ਸਿਖਿਆ ਦੀ ਲਗਾਂਮ ਪਾ ਦਿੱਤੀ ਜਾਵੇ ਤਾਂ ਏਹੀ ਘੋੜੇ ਕਾਬੂ ਵਿੱਚ ਰਹਿ ਕੇ ਜੀਵਨ ਦਾ ਰੱਥ ਵਧੀਆ ਖਿਚਦੇ ਰਹਿੰਣਗੇ। ਸੋ ਸਮੁੱਚੇ ਲੇਖ ਵਿੱਚ ਕਹਿਣ ਤੋਂ ਭਾਵ ਜੇ ਡਰਾਈਵਰ ਹੀ ਮਾਰ ਦਿੱਤੇ ਜਾਣ ਤਾਂ ਮੋਟਰ ਗੱਡੀਆਂ ਕਿਵੇਂ ਚੱਲਣਗੀਆਂ? ਇਵੇਂ ਹੀ ਜੇ ਚੰਗੀਆਂ ਇਛਾਵਾਂ, ਰੁਚੀਆਂ, ਕਾਮਨਾਵਾਂ, ਹਾਵ-ਭਾਵ ਬਿਰਤੀਆਂ ਵਾਲੇ ਪੰਜਾਂ ਬਲੀਆਂ ਨੂੰ ਖਤਮ ਕਰ ਦਿੱਤਾ ਤਾਂ ਜੀਵਨ ਦੀ ਗੱਡੀ ਰੁਕ ਜਾਵੇਗੀ, ਜੀਵਨ ਪੱਥਰ ਹੋ ਜਾਵੇਗਾ ਜੋ ਆਪ ਹਰਕਤ ਨਹੀਂ ਕਰ ਸਕਦਾ ਕਿਉਂਕਿ ਸਿਆਣਿਆਂ ਦਾ ਕਥਨ ਹੈ ਕਿ-ਹਰਕਤ ਵਿੱਚ ਹੀ ਬਰਕਤ ਹੈ। ਗੁਰਬਾਣੀ ਦਾ ਵੀ ਉਪਦੇਸ਼ ਹੈ ਕਿ ਮਾਰਨ ਦੀ ਬਜਾਏ **"ਪੰਚੇ ਬਧੇ ਮਹਾਂਬਲੀ"** (੧੧੯੨) ਬੱਧੇ ਭਾਵ ਗੁਰ ਸਿਖਿਆ ਦੀ ਲਗਾਂਮ ਦੇ ਕੇ ਕਾਬੂ (ਕੰਟਰੋਲ) ਵਿੱਚ ਬੰਨ੍ਹ (ਰੱਖ) ਲੈ ਹਨ। ਗੁਰਮਤਿ ਗੈਰ-ਕੁਦਰਤੀ ਸਾਧਨ, ਤਰੀਕੇ ਜਾਂ ਸਮਾਜ ਵਿਰੋਧੀ ਕਰਮਾਂ ਨੂੰ ਕੋਈ ਮਾਣਤਾ ਨਹੀਂ ਦਿੰਦੀ।

-O-

"ਲੋੜ ਪੰਥ ਤੋਂ ਬਾਗੀ ਸੰਪ੍ਰਦਾਈ-ਡੇਰੇਦਾਰਾਂ ਨੂੰ ਪੰਥ ਵਿੱਚ ਰਲੌਣ ਅਤੇ ਵਿਚਾਰਧਾਰਕ ਗੋਸ਼ਟੀਆਂ ਰਚਾਉਣ ਦੀ ਹੈ ਨਾਂ ਕਿ ਪੰਥਕ ਵਿਦਵਾਨਾਂ ਨੂੰ ਜ਼ਲੀਲ ਕਰਨ ਦੀ"

ਪਿਛਲੇ ਹਫਤੇ ਤੋਂ ਅਖਬਾਰਾਂ ਵਿੱਚ ਅਤੇ ਰੇਡੀਓ ਤੇ ਅਕਾਲ ਤਖਤ ਦੇ ਮਜੂਦਾ ਜਥੇਦਾਰ ਤੇ ਸਾਥੀ ਸਿੰਘ ਸਹਿਬਾਨਾਂ ਵੱਲੋਂ ਇਹ ਖਬਰ ਬਾਰ ਬਾਰ ਆ ਰਹੀ ਹੈ ਕਿ ਜੇ ਪੰਥ ਚੋਂ ਛੇਕੇ ਬੰਦੇ ਅਤੇ ਸੌਦਾ ਸਾਧ ਗੁਰਮਤਿ ਰਾਮ ਰਹੀਮ ਇੱਕ ਮਹੀਨੇ ਦੇ ਅੰਦਰ-ਅੰਦਰ ਅਕਾਲ ਤਖਤ ਤੇ ਆ ਕੇ ਖਿਮਾ ਜਾਚਨਾ ਕਰ ਲੈਣ ਤਾਂ ਉਨ੍ਹਾਂ ਨੂੰ ਮਾਮੂਲੀ ਸਾਜਾਵਾਂ ਲਗਾ ਕੇ ਪੰਥ ਵਿੱਚ ਸ਼ਾਮਲ ਕਰ ਲਿਆ ਜਾਵੇਗਾ। ਇਹ ਸੇਲ ਕੇਵਲ ਇੱਕ ਮਹੀਨੇ ਵਾਸਤੇ ਹੈ। ਆਓ ਜਰਾ ਇਸ ਬਾਰੇ ਗੌਰ ਕਰੀਏ ਕਿ ਕੀ ਇਹ ਗੁਰੂ ਦਾ ਸਿਧਾਂਤ ਹੈ? ਨਹੀਂ, ਕਿਉਂਕਿ ਕਿ ਗੁਰੂ ਤਾਂ ਸਦਾ ਬਖਸ਼ੰਦ ਹੈ-

ਜੈਸਾ ਬਾਲਿਕ ਭਾਇ ਸੁਭਾਈ ਲਖਿ ਅਪਰਾਧ ਕਮਾਵੈ॥
ਕਰਿ ਉਪਦੇਸ਼ ਝਿੜਕੇ ਬਹੁ ਭਾਂਤੀ ਬਹੁਰ ਪਿਤਾ ਗਲਿ ਲਾਵੈ॥
ਪਿਛਲੇ ਅਉਗਣ ਬਖਸ਼ ਲੈ ਪ੍ਰਭ ਆਗੈ ਮਾਰਗਿ ਪਾਵੈ॥ (੬੨੪)

ਸੋ ਗੁਰੂ ਤਾਂ ਸਦਾ ਬਖਸ਼ੰਦ ਹੈ ਨਾਂ ਕਿ ਕਿਸੇ ਖਾਸ ਸਮੇਂ ਤੇ ਹੀ ਬਖਸ਼ਦਾ ਹੈ। ਇਹ ਐਲਾਨ ਸ਼੍ਰੋਮਣੀ ਕਮੇਟੀ ਦੀਆਂ ਆ ਰਹੀਆਂ ਚੋਣਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ ਤਾਂ ਕਿ ਡੇਰੇਦਾਰ ਸਾਧ, ਦੇਹਧਾਰੀ ਗੁਰੂਆਂ ਅਤੇ ਛੇਕੇ ਗਏ ਸਿੱਖਾਂ ਦੀ ਹਮਦਰਦੀ ਪ੍ਰਾਤਪਤ ਕੀਤੀ ਜਾ ਸੱਕੇ। ਇਹ ਤਾਂ "ਉਲਟਾ ਕੋਤਵਾਲ ਚੋਰ ਕੋ ਡਾਂਟੈ" ਵਾਲੀ ਗੱਲ ਹੈ ਕਿਉਂਕਿ ਗੁਰੂ ਘਰ ਦੇ ਚੋਰ ਇਹ ਆਪ ਹਨ। ਕੀ ਜੇ ਜੱਜ ਹੀ ਚੋਰ ਹੋਵੇ ਉਸ ਤੋਂ ਇਨਸਾਫ ਦੀ ਆਸ ਰੱਖੀ ਜਾ ਸਕਦੀ ਹੈ? ਜੇ ਨਹੀਂ ਤਾਂ ਕੀ ਉਸ ਦਾ ਹੁਕਮ ਮੰਨਿਆਂ ਜਾ ਸਕਦਾ ਹੈ? ਪਹਿਲਾਂ ਤਾਂ ਇਹ ਬਿਆਨ ਜਾਰੀ ਕਰਨ ਵਾਲੇ ਆਪ ਹੀ ਅਕਾਲ ਤਖਤ ਦੀ ਮਰਯਾਦਾ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦਾ ਵਾਹਿਦ ਧਰਮ ਗ੍ਰੰਥ ਅਤੇ ਗੁਰੂ ਹੈ ਦੇ ਸਿਧਾਂਤ ਤੋਂ ਭਗੌੜੇ ਹਨ। ਇਹ ਆਪ ਹੀ ਸਿੱਖ ਰਹਿਤ ਮਰਯਾਦਾ ਨੂੰ ਨਹੀਂ ਮੰਨਦੇ ਅਤੇ ਨਾਂ ਹੀ ਇਹ ਪੰਥ ਪ੍ਰਵਾਣਿਤ ਜਥੇਦਾਰ ਹਨ। ਅੱਜ ਤੱਕ ਇਨ੍ਹਾਂ ਨੇ ਕਿਸੇ ਵੀ ਸਿੱਖ ਡੇਰੇ ਜਾਂ ਸੰਪਰਦਾ ਵਿੱਚ ਪੰਥ ਪ੍ਰਵਾਣਿਤ "ਸਿੱਖ ਰਹਿਤ ਮਰਯਾਦਾ" ਲਾਗੂ ਨਹੀਂ ਕੀਤੀ ਜੋ ਹਰੇਕ ਸਿੱਖ ਵਾਸਤੇ ਪੰਥਕ ਹੁਕਮਨਾਮਾ ਹੈ।

ਅੱਜ ਤੱਕ ਜਿੰਨੇ ਵੀ ਸਿੱਖ ਪੰਥ ਚੋਂ ਛੇਕੇ ਹਨ ਉਹ ਸਾਰੇ ਗੁਰਸਿੱਖ ਸਨ, ਪੰਥਕ ਵਿਦਵਾਨ ਸਨ ਜਾਂ ਦਰਵੇਸ਼ ਪੰਥਕ ਲੀਡਰ ਸਨ ਜੋ ਨਿਰੋਲ **"ਗੁਰੂ ਗ੍ਰੰਥ ਸਾਹਿਬ"** ਜੀ ਦੀ ਬਾਣੀ ਦਾ ਹੀ ਪ੍ਰਚਾਰ ਕਰਦੇ ਸਨ ਤੇ ਹਨ । ਉਨ੍ਹਾਂ ਨਾਲ ਇਨ੍ਹਾਂ ਸੰਪਰਦਾਈ ਸਿੰਘ ਸਹਿਬਾਨਾਂ ਦੇ ਵਿਚਾਰ ਨਹੀਂ ਮਿਲੇ ਤਾਂ ਉਨ੍ਹਾਂ ਨੂੰ ਪੰਥ ਚੋਂ ਛੇਕ ਦਿੱਤਾ ਗਿਆ। ਅਸੀਂ ਇਨ੍ਹਾਂ ਭੱਦਰ ਪੁਰਸ਼ਾਂ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਜਿਤਨੇ ਵੀ ਡੇਰੇਦਾਰ ਜਾਂ ਬਲਾਤਕਾਰੀ ਸਾਧ ਹਨ ਜੋ ਪੰਥਕ ਮਰਯਾਦਾ ਵੀ ਨਹੀਂ ਮੰਨਦੇ ਅਤੇ ਗੁਰਬਾਣੀ ਦੇ ਅਰਥ ਸਨਾਤਨੀ, ਬ੍ਰਾਹਮਣੀ ਅਤੇ ਵੇਦਾਂਤਕ ਤੌਰ ਤੇ ਕਰਕੇ ਸਿੱਖੀ ਦਾ ਬ੍ਰਾਹਮਣੀਕਰਨ, ਕਰੀ ਜਾ ਰਹੇ ਹਨ ਉਨ੍ਹਾਂ ਨੂੰ ਕਿਉਂ ਨਹੀਂ ਛੇਕ ਰਹੇ? ਆਏ ਦਿਨ

ਗੁਰਸਿੱਖਾਂ ਨੂੰ ਹੀ ਕਿਉਂ ਛੇਕਿਆ ਜਾਂਦਾ ਹੈ? ਡੇਰੇਦਾਰਾਂ ਦੀਆਂ ਵੋਟਾਂ ਅਤੇ ਬਾਦਲ ਵਰਗੇ ਹਾਕਮਾਂ ਦੀ ਖੁਸ਼ੀ ਲੈਣ ਲਈ ਇਹ ਸਾਰਾ ਡਰਾਮਾਂ ਤਾਂ ਨਹੀਂ ਖੇਡਿਆ ਜਾ ਰਿਹਾ? ਆਏ ਦਿਨ ਪੰਥਕ ਵਿਦਵਾਨਾਂ ਨੂੰ ਹੀ ਪੰਥ ਚੋਂ ਛੇਕਿਆ ਜਾ ਰਿਹਾ ਹੈ ਕਿਸੇ ਸੰਪ੍ਰਦਾਈ, ਡੇਰੇਦਾਰ ਜਾਂ ਬਾਦਲ ਦਲ ਨਾਲ ਸਬੰਧਤ ਲੀਡਰ ਨੂੰ ਕਿਉਂ ਨਹੀਂ? ਜੇ ਵਾਕਿਆ ਹੀ ਅਜੋਕੇ ਸਿੰਘ ਸਹਿਬਾਨਾਂ ਨੂੰ ਸੋਝੀ ਆ ਗਈ ਹੈ ਕਿ ਇਹ ਛੇਕਣ-ਛਕਾਣ ਵਾਲਾ ਮਸਲਾ ਗਲਤ ਹੈ ਤਾਂ ਹੁਣ ਤੱਕ ਪੰਥਕ ਵਿਦਵਾਨ ਲੀਡਰ ਪ੍ਰੋ. ਗੁਰਮੁਖ ਸਿੰਘ, ਗਿ. ਭਾਗ ਸਿੰਘ ਅੰਬਾਲਾ, ਬਾਬਾ ਗੁਰਬਖਸ਼ ਸਿੰਘ ਕਾਲਾ ਅਫਗਾਨਾ, ਸ੍ਰ ਜੋਗਿੰਦਰ ਸਿੰਘ ਸਪੋਕਸਮੈਨ, ਤੱਪੜਾਂ ਦੇ ਮਸਲੇ ਤੇ ਛੇਕੇ ਹੋਏ ਸਿੱਖ ਅਤੇ ਮੌਜੂਦਾ ਦੌਰ ਵਿੱਚ ਪੰਥਕ ਵਿਦਵਾਨ ਕੀਰਤਨੀਏਂ, ਗੁਰਬਾਣੀ ਦੇ ਸਿਧਾਂਤਕ ਵਿਆਖਿਆਕਾਰ ਅਤੇ ਪ੍ਰਚਾਰਕ ਸਾਬਕਾ ਸਿੰਘ ਸਹਿਬ ਪ੍ਰੋ. ਦਰਸ਼ਨ ਸਿੰਘ ਖਾਲਸਾ ਅਤੇ ਸਮੂੰਹ ਖਾਲਸਾ ਪੰਥ ਕੋਲੋਂ ਆਪਣੇ ਤੋਂ ਪਹਿਲੇ ਅਤੇ ਆਪ ਮਜੂਦਾ ਜਥੇਦਾਰਾਂ ਵੱਲੋਂ ਜਬਰੀ ਛੇਕਣ ਵਾਲੇ ਕਾਰਨਾਮਿਆਂ ਦੀ ਮੁਆਫੀ ਕਿਉਂ ਨਹੀਂ ਮੰਗਦੇ? ਅਤੇ ਸਾਰੇ ਪੰਥਕ ਗੁਰਸਿੱਖਾਂ ਨੂੰ ਨਾਲ ਲੈ ਕੇ, ਸਮੁੱਚੇ ਸਿੱਖ ਡੇਰਿਆਂ ਵਿੱਚ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਸਿੱਖ ਰਹਿਤ ਮਰਯਾਦਾ ਲਾਗੂ ਕਰਨ ਲਈ ਪੰਥਕ ਹੁਕਮਨਾਮਾਂ ਕਿਉਂ ਨਹੀਂ ਕੱਢਦੇ? ਅਤੇ ਛੇਕਣ ਦੀ ਰੀਤ ਛੱਡ ਕੇ "ਸਿੱਧ ਗੋਸ਼ਟੀਆਂ" ਦੀ ਵਿਚਾਰਧਾਰਕ ਰੀਤ ਕਿਉਂ ਨਹੀਂ ਚਲਾਉਂਦੇ? ਜੇ ਗੁਰੂ ਨਾਨਕ ਜੀ ਨੇ ਸਿੱਧਾਂ ਨੂੰ ਸ਼ਬਦ ਵਿਚਾਰ ਨਾਲ ਜਿਤਿਆ ਸੀ-**ਸ਼ਬਦਿ ਜਿਤੀ ਸਿੱਧ ਮੰਡਲੀ ਕੀਤੋਸੁ ਆਪਣਾ ਪੰਥ ਨਿਰਾਲਾ॥**(ਭਾ.ਗੁ.) ਤਾਂ ਅਜੋਕੇ ਜਥੇਦਾਰ ਕੌਮ ਦੇ ਲੀਡਰ ਸੰਪ੍ਰਦਾਈ ਸਾਧਾਂ, ਡੇਰੇਦਾਰਾਂ ਅਤੇ ਰਾਮਰਾਈਏ, ਵਡਭਾਗੀਏ, ਨਾਮਧਾਰੀ, ਨੀਲਧਾਰੀ, ਸਰਸੇ ਵਾਲੇ ਅਤੇ ਭਨਿਆਰੇ ਵਾਲੇ ਆਦਿਕ ਦੇਹਧਾਰੀ ਗੁਰੂਆਂ ਨਾਲ "ਸਿੱਧ ਗੋਸ਼ਟਾਂ" ਭਾਵ ਗੁਰਮਤਿ ਸੰਵਾਦ ਕਿਉਂ ਨਹੀਂ ਰਚਾਉਂਦੇ? ਇਸ ਤਰੀਕੇ ਨਾਲ ਉਨ੍ਹਾਂ ਨੂੰ ਪੰਥ ਵਿੱਚ ਸ਼ਾਮਲ ਕਿਉਂ ਨਹੀਂ ਕਰਦੇ? ਅਸੀਂ ਸਿੰਘ ਸਹਿਬਾਨਾਂ ਦਾ ਸਵਾਗਤ ਕਰਾਂਗੇ ਜੇ ਉਹ ਪੰਥ ਦੇ ਭਲੇ ਲਈ ਥਾਂ-ਥਾਂ ਵਿਚਾਰ ਗੋਸ਼ਟੀਆਂ ਦੀ ਲਹਿਰ ਬਿਨਾਂ ਕਿਸੇ ਪੱਖ ਪਾਤ ਅਤੇ ਕਿਸੇ ਪਾਰਟੀ ਦੇ ਦਬਾਅ ਤੋਂ ਮੁਕਤ ਹੋ ਕੇ ਚਲਾਉਣਗੇ। ਗੁਰੂ ਭਲੀ ਕਰੇ ਸਾਨੂੰ ਸਭ ਨੂੰ ਸੁਮਤਿ ਬਖਸ਼ੇ। ਉਪ੍ਰੋਕਤ ਬੇਨਤੀ ਕਰਤਾ ਅਸੀਂ ਹਾਂ-ਸਿੰਘ ਸਭਾ ਇੰਟ੍ਰਨੈਸ਼ਨਲ ਕਨੇਡਾ, ਸਿੰਘ ਸਭਾ ਇੰਟ੍ਰਨੈਸ਼ਲ ਅਮਰੀਕਾ, ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ.ਐਸ.ਏ., ਅਦਾਰਾ ਜਾਗੋ ਖਾਲਸਾ ਨਿਊਯਾਰਕ, ਸਾਕਾ ਜਥੇਬੰਦੀ, ਇੰਟ੍ਰਨੈਸ਼ਨਲ ਬਾਬਾ ਬੰਦਾ ਸਿੰਘ ਬਹਾਦਰ ਜਥੇਬੰਦੀ ਨਿਊਯਾਰਕ, ਸਿੰਘ ਸਭਾ ਯੂ ਐਸ.ਏ., ਪੰਥ ਦਰਦੀ ਮਿਸ਼ਨਰੀ ਪ੍ਰਚਾਕ ਅਤੇ ਸਹਿਯੋਗੀ ਸੰਗਤਾਂ।

-0-

ਹਰੀਆਂ, ਪੀਲੀਆਂ ਅਤੇ ਲਾਲ ਬੱਤੀਆਂ

ਕਾਦਰ ਨੇ ਕੁਦਰਤਿ ਵਿੱਚ ਅਨੇਕ ਰੰਗ ਭਰੇ ਹਨ। ਦੁਨੀਆਂ ਰੰਗ ਬਰੰਗੀ ਹੈ। ਪਸ਼ੂ ਪੰਛੀ ਵੀ ਅਨੇਕ ਰੰਗੇ ਹਨ। ਹਰੇਕ ਰੰਗ ਦੀ ਆਪਣੀ-ਆਪਣੀ ਥਾਂ ਅਤੇ ਮਹਾਨਤਾ ਹੈ। ਚਿੱਟਾ ਰੰਗ ਅਮਨ ਦਾ ਪ੍ਰਤੀਕ ਹੈ, ਹਰਿਆਵਲਤਾ ਦਾ ਪ੍ਰਤੀਕ ਹਰਿਆ ਰੰਗ ਸਭ ਨੂੰ ਚੰਗ਼ਾ ਲਗਦਾ ਹੈ। ਚੰਗੀ ਸਿਹਤ ਲਈ ਲਾਲ (ਚੇਹਰਾ ਲਾਲ ਸੁਰਖ ਹੋਣਾਂ) ਤੇ ਹਰਾ ਅਤੇ ਪੀਲਾ ਬੀਮਾਰੀਆਂ ਦਾ ਪ੍ਰਤੀਕ ਮੰਨਿਆਂ ਗਿਆ ਹੈ। ਹਰਿਆ-ਪੀਲਾ ਰੰਗ ਖੁਸ਼ੀਆਂ, ਖੇੜਿਆਂ ਅਤੇ ਸਗਨਾਂ ਦਾ ਵੀ ਹੈ। ਲਾਲ ਰੰਗ ਨੂੰ ਖਤਰੇ ਦਾ ਪ੍ਰਤੀਕ ਮੰਨਿਆਂ ਗਿਆ ਹੈ। ਕਾਲਾ ਰੰਗ ਸੋਗ ਦਾ, ਨੀਲਾ ਤੇ ਸੁਰਮਈ ਰੰਗ ਖੁਸ਼ੀ ਅਤੇ ਬਹਾਦਰੀ ਦੇ ਪ੍ਰਤੀਕ ਹਨ। ਚਿੱਟਾ ਰੰਗ ਚਾਨਣ, ਠੰਡ, ਅਮਨ, ਕਾਲਾ ਰੰਗ ਹਨੇਰਾ, ਸੋਗ, ਗਰਮੀ ਅਤੇ ਲਾਲ ਰੰਗ ਖਤਰੇ ਅਤੇ ਰੁਕ ਜਾਣ ਦਾ ਵੀ ਪ੍ਰਤੀਕ ਹੈ। ਰੰਗ ਡਸਿਪਲਨ ਨਾਲ ਵੀ ਸਬੰਧ ਰੱਖਦੇ ਹਨ ਜਿਵੇਂ ਕਿਸੇ ਸਕੂਲ, ਜਮਾਤ ਜਾਂ ਫੌਜ਼ ਦੀ ਵਰਦੀ ਦੇ ਵੱਖਰੇ ਵੱਖਰੇ ਰੰਗ ਹੁੰਦੇ ਹਨ ਜੋ ਡਸਿਪਲਨ ਦੀ ਮਾਲਾ ਵਿੱਚ ਪਰੋਂਦੇ ਹਨ। ਹਰੇਕ ਦੇਸ਼ ਦੇ ਕੌਮੀ ਝੰਡਿਆਂ ਦੇ ਰੰਗ ਵੱਖ ਵੱਖ ਹੁੰਦੇ ਹਨ। ਰੰਗਾਂ ਨੂੰ ਧਰਮਾਂ ਨਾਲ ਵੀ ਜੋੜ ਦਿੱਤਾ ਗਿਆ ਹੈ ਜਿਵੇਂ ਚਿੱਟਾ ਈਸਾਈਆਂ ਦਾ, ਹਰਿਆ ਇਸਲਾਮ ਦਾ, ਇਨ੍ਹਾਂ ਦੇ ਝੰਡੇ ਹਰੇ ਹੁੰਦੇ ਹਨ। ਪੀਲਾ ਤੇ ਲਾਲ ਹਿੰਦੂਆਂ ਦਾ ਜਿਵੇਂ ਮੰਦਰਾਂ ਦੇ ਝੰਡੇ ਅਤੇ ਦੇਵੀਆਂ ਦੀਆਂ ਚੁੰਨੀਆਂ ਲਾਲ ਪੀਲੀਆਂ ਹੁੰਦੀਆਂ ਹਨ। ਗੂੜਾ ਸੂਹੀ ਬੋਧੀਆਂ ਦਾ, ਨੀਲਾ, ਸੁਰਮਈ ਅਤੇ ਕੇਸਰੀ ਸਿੱਖਾਂ ਦੇ ਜਿਵੇਂ ਗੁਰਦੁਆਰਿਆਂ ਦੇ ਨਿਸ਼ਾਨ ਸਾਹਿਬ ਨੀਲੇ, ਕੇਸਰੀ ਅਤੇ ਸੁਰਮਈ ਰੰਗੇ ਹੁੰਦੇ ਹਨ (ਨੋਟ-ਸਿੱਖ ਧਰਮ ਕਿਸੇ ਰੰਗ ਦਾ ਮੁਥਾਜ ਅਤੇ ਵਿਰੋਧੀ ਨਹੀਂ) ਬਿਜਨਸ ਵਿੱਚ ਰੰਗਾਂ ਦੀ ਚੋਣ ਕਰਕੇ ਬੁੱਕ ਵੀ ਕਰਾਉਣੇ ਪੈਂਦੇ ਹਨ ਜਿਵੇਂ ਟੈਕਸੀ ਕੰਪਨੀਆਂ ਨੇ ਆਪੋ ਆਪਣੀਆਂ ਟੈਕਸੀਆਂ ਦੇ ਰੰਗ ਚੁਣੇ ਹੁੰਦੇ ਹਨ ਆਦਿਕ।

ਆਪਾਂ ਗੱਲ ਕਰ ਰਹੇ ਸੀ ਹਰੀਆਂ, ਪੀਲੀਆਂ ਅਤੇ ਲਾਲ ਬੱਤੀਆਂ ਬਾਰੇ ਜਿਵੇਂ ਅੱਜ ਕਲ੍ਹ ਹਰੇਕ ਵਿਗਸਤ ਦੇਸ਼ ਦੇ ਵੱਡੇ ਵੱਡੇ ਸ਼ਹਿਰਾਂ ਦੇ ਚੌਂਕਾਂ-ਚੌਰਾਹਿਆਂ ਤੇ ਇਹ ਬੱਤੀਆਂ ਲੱਗੀਆਂ ਹੁੰਦੀਆਂ ਹਨ। ਹਰੀ ਬੱਤੀ ਜਾਣ ਦੀ, ਪੀਲੀ ਰੁਕਣ ਦੇ ਅਗਾਊਂ ਇਸ਼ਾਰੇ ਲਈ ਅਤੇ ਲਾਲ ਬੱਤੀ ਬਿਲਕੁਲ ਰੁਕ ਜਾਣ ਦਾ ਸੰਕੇਤ ਦਿੰਦੀ ਹੈ। ਇਹ ਟ੍ਰੈਫਕ ਦੇ ਰੂਲ ਹਨ ਜੋ ਡ੍ਰਾਈਵਰ ਇਨ੍ਹਾਂ ਦੀ ਪਾਲਣਾ ਕਰਦੇ ਹਨ ਉਹ ਸੇਫ ਰਹਿੰਦੇ ਹਨ ਅਤੇ ਇਨ੍ਹਾਂ ਰੂਲਾਂ ਦੀ ਅਵੱਗਿਆ ਕਰਨ ਵਾਲੇ ਐਕਸੀਡੈਂਟ ਆਦਿਕ ਰਾਹੀਂ ਆਪਣਾ ਅਤੇ ਦੂਜਿਆਂ ਦਾ ਨੁਕਸਾਨ ਵੀ ਕਰ ਕਰਵਾ ਲੈਂਦੇ ਹਨ। ਉਨ੍ਹਾਂ ਨੂੰ ਕੋਟ ਕਚਹਿਰੀਆਂ ਦੇ ਚੱਕਰ ਕੱਟਣੇ ਪੈਂਦੇ ਅਤੇ ਟਿਕਟਾਂ ਆਦਿਕ ਦਾ ਖਰਚਾ ਵੀ ਭਰਨਾ ਪੈਂਦਾ ਹੈ। ਲਾਲ ਬੱਤੀ ਦੀ ਪ੍ਰਵਾਹ ਨਾਂ ਕਰਕੇ ਜਿੱਥੇ ਡਰੀਵਿੰਗ ਰੈਕਟ ਖਰਾਬ ਹੋ ਜਾਂਦਾ ਹੈ ਓਥੇ ਅਜਿਹਾ ਬਾਰ ਬਾਰ ਕਰਨ ਤੇ ਡਰਾਈਵਿੰਗ ਲਾਇਸੰਸ ਤੋਂ ਵੀ ਹੱਥ ਧੋਣੇ ਪੈਂਦੇ ਹਨ।

ਗੁਰਮਤਿ ਅਨੁਸਾਰ ਗੁਰਬਾਣੀ ਰਹਿਤ ਮਰਯਾਦਾ ਅਤੇ ਚੰਗੇ ਗੁਣ ਧਾਰਨੇ ਹਰੀ ਬੱਤੀ ਅਤੇ ਗੁਰਬਾਣੀ ਮਰਯਾਦਾ ਦੀ ਪ੍ਰਵਾਹ ਨਾਂ ਕਰਦੇ ਹੋਏ ਅਉਗੁਣਾਂ ਅਤੇ ਥੋਥੇ ਕਰਮਕਾਂਡਾਂ ਵਿੱਚ

ਗਲਤਾਨ ਹੋਣਾ ਲਾਲ ਬੱਤੀ ਦਾ ਪ੍ਰਤੀਕ ਹੈ। ਜਿਵੇਂ ਅਸੀਂ ਟ੍ਰੈਫਕ (ਆਵਾਜਾਈ) ਦੇ ਨਿਯਮਾਂ ਦੀ ਪਾਲਣਾ ਕਰਕੇ ਐਕਸੀਡੈਂਟ ਆਦਿਕ ਖਤਰਿਆਂ ਤੋਂ ਬਚ ਸਕਦੇ ਹਾਂ ਇਵੇਂ ਹੀ ਜੇ ਅਸੀਂ ਗੁਰਬਾਣੀ ਦੀ ਸਿਖਿਆ, ਮਰਯਾਦਾ ਦੀ ਪਾਲਣਾ ਅਤੇ ਚੰਗੇ ਗੁਣ ਧਾਰਨ ਕਰਾਂਗੇ ਤਾਂ ਥੋਥੇ ਕਰਮਕਾਂਡਾਂ (ਉਹ ਕਰਮ ਜਿਨ੍ਹਾਂ ਦਾ ਆਪ ਅਤੇ ਦੂਜਿਆਂ ਨੂੰ ਕੋਈ ਫਾਇਦਾ ਨਾਂ ਹੋਵੇ ਸਗੋਂ ਧੰਨ ਤੇ ਸਮਾਂ ਬਰਬਾਦ ਹੋਵੇ ਅਤੇ ਭੇਖੀਆਂ ਦਾ ਤੋਰੀ ਫੁਲਕਾ ਚੱਲੇ ਆਦਿਕ) ਪਾਖੰਡੀ ਸਾਧਾਂ ਸੰਤਾਂ ਬਾਬਿਆਂ ਦੇ ਭਰਮਜਾਲ ਤੋਂ ਬਚਾਂਗੇ, ਚੰਗੇ ਕਰਮ ਅਤੇ ਗੁਣ ਧਾਰਨ ਕਰਕੇ ਆਪਣਾ, ਪ੍ਰਵਾਰ ਅਤੇ ਸਮਾਜ ਦਾ ਵੀ ਭਲਾ ਕਰਾਂਗੇ। ਕਿਰਤ ਕਰਨੀ, ਵੰਡ ਛੱਕਣਾ, ਨਾਮ ਜਪਣਾ ਹਰੀ ਬੱਤੀ, ਵਿਹਲੜ ਰਹਿ ਕੇ, ਦੂਜਿਆਂ ਤੇ ਬੋਝ ਬਣਨਾ ਅਤੇ ਕਰਤਾਰ ਨੂੰ ਭੁੱਲਣਾ ਹੀ ਲਾਲ ਬੱਤੀ ਦੇ ਪ੍ਰਤੀਕ ਹਨ। ਗੁਰਬਾਣੀ ਆਪ ਪੜ੍ਹਨੀ, ਵਿਚਾਰਨੀ ਅਤੇ ਧਾਰਨੀ ਹਰੀ ਬੱਤੀ ਅਤੇ ਇਸ ਦੇ ਉਲਟ ਭਾੜੇ ਦੇ ਪਾਠ, ਕੀਰਤਨ ਤੇ ਵਖਿਆਣ ਠੇਕੇ ਤੇ ਕਰਾਉਣੇ ਅਤੇ ਗੁਰਬਾਣੀ ਨੂੰ ਫਾਲੋ ਨਾਂ ਕਰਨਾ ਲਾਲ ਬੱਤੀ ਪਾਰ ਕਰਨਾ ਹੈ। ਜਿਵੇਂ ਲਾਲ ਤੋਂ ਪਹਿਲੇ ਪੀਲੀ ਬੱਤੀ ਜਗਦੀ ਹੈ ਜੋ ਰੁਕਣ ਲਈ ਇਸ਼ਾਰਾ ਕਰਦੀ ਹੈ ਇਸੇ ਤਰ੍ਹਾਂ ਜ਼ਮੀਰ ਦੀ ਅਵਾਜ਼ ਵੀ ਸਾਨੂੰ ਸੁਚੇਤ ਕਰਦੀ ਹੈ ਕਿ ਕੀ ਮਾੜਾ ਤੇ ਕੀ ਚੰਗਾ ਹੈ। ਜੇ ਅਸੀਂ ਸੁਣ ਕੇ ਰੁਕੀਏ ਅਤੇ ਵਿਚਾਰ ਕਰੀਏ ਤਾਂ ਸੁਖ ਨਹੀਂ ਤਾਂ ਲਾਲ ਬੱਤੀ ਪਾਰ ਕਰਦੇ ਭਾਵ ਗੁਰਬਾਣੀ ਸਿਧਾਤਾਂ ਨੂੰ ਵਿਸਾਰਦੇ ਦੁਖ ਪਾਵਾਂਗੇ। ਲਾਲ ਬੱਤੀ ਪਾਰ ਕਰਦੇ ਜੇ ਕੈਮਰੇ ਨੇ ਕੈਚ ਕਰ ਲਿਆ ਤਾਂ ਟਿਕਟ ਜੇ ਪੁਲਿਸ ਨੇ ਰੋਕ ਲਿਆ ਤਾਂ ਵੀ ਟਿਕਟ ਮਿਲੇਗੀ ਅਤੇ ਕੋਟ ਕਚਹਿਰੀਆਂ ਦਾ ਚੱਕਰ ਸ਼ੁਰੂ ਹੋ ਜਾਵੇਗਾ।

ਮਨੁੱਖਤਾ ਦੇ ਦਾਇਰੇ ਵਿੱਚ ਰਹਿਣਾ ਹਰੀ ਬੱਤੀ ਤੇ ਇਸ ਤੋਂ ਬਾਹਰ ਜਾਣਾ ਲਾਲ ਬੱਤੀ ਪਾਰ ਕਰਨਾ ਹੈ। ਸ਼ਬਦ ਗੁਰੂ ਨੂੰ ਛੱਡ ਕੇ ਪਾਖੰਡੀ ਦੇਹਧਾਰੀ ਗੁਰੂਆਂ ਦੇ ਮੱਗਰ ਲੱਗ ਕੇ ਧੰਨ, ਸਮਾਂ ਅਤੇ ਇਜ਼ਤ-ਆਬਰੂ ਬਰਬਾਦ ਕਰਨੀ ਲਾਲ ਬੱਤੀ ਪਾਰ ਕਰਨਾ ਹੈ। ਸਿੱਖ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹਰੀ ਬੱਤੀ ਅਤੇ ਕੱਚੀ ਬਾਣੀ ਲਾਲ ਬੱਤੀ ਦੀ ਪ੍ਰਤੀਕ ਹੈ। ਬਾਕੀ ਗ੍ਰੰਥਾਂ ਦਾ ਅਧਿਐਨ ਅਤੇ ਕੰਮਪੈਰੇਟਿਵ ਸਟੱਡੀ ਕਰਨਾ ਪੀਲੀ ਬੱਤੀ ਦਾ ਪ੍ਰਤੀਕ ਹੈ ਪਰ ਬੁਰਬਾਣੀ ਨੂੰ ਛੱਡ ਕੇ ਉਨ੍ਹਾਂ ਦੇ ਹੀ ਮੱਗਰ ਲੱਗ ਜਾਣਾ ਲਾਲ ਬੱਤੀ ਲੰਘ ਜਾਣਾ ਹੈ। ਸਿੱਖ ਰਹਿਤ ਮਰਯਾਦਾ ਸਿੱਖ ਲਈ ਹਰੀ ਬੱਤੀ ਅਤੇ ਡੇਰਾਵਾਦੀ ਸਾਧਾਂ ਸੰਪ੍ਰਦਾਈਆਂ ਦੀ ਮਰਯਾਦਾ ਲਾਲ ਬੱਤੀ ਪਾਰ ਕਰਨਾ ਹੈ। ਸਿੱਖ ਲਈ ਰਹਿਤਾਂ ਰੱਖਣੀਆਂ ਹਰੀ ਬੱਤੀ ਅਤੇ ਕੁਰਹਿਤਾਂ ਕਰਨੀਆਂ ਲਾਲ ਬੱਤੀ ਦੀਆਂ ਪ੍ਰਤੀਕ ਹਨ। ਪਤੀ ਪਤਨੀ ਦਾ ਪਰਸਪਰ ਪਿਆਰ ਹਰੀ ਅਤੇ ਇਸ ਦੇ ਉਲਟ ਆਪ ਹੁਦਰੇ ਹੋ ਕੇ ਪਰ ਇਸਤ੍ਰੀ ਤੇ ਪਰ ਮਰਦ ਨਾਲ ਜਿਸਮਾਨੀ ਪਿਆਰ ਕਰਨਾਂ ਲਾਲ ਬੱਤੀ ਹੈ। ਜਾਤ-ਪਾਤ, ਛੂਆ-ਛਾਤ, ਊਚ-ਨੀਚ, ਚੁਗਲੀ ਨਿੰਦਿਆ, ਈਰਖਾ, ਸਾੜਾ, ਦਵੈਤ ਭਾਵਨਾ ਅਤੇ ਦੂਜਿਆਂ ਨਾਲ ਨਫਰਤ ਕਰਨੀ ਲਾਲ ਬੱਤੀ ਪਾਰ ਕਰਨਾ ਹੈ। ਸਤਿ, ਸੰਤੋਖ, ਦਇਆ, ਧਰਮ, ਹਲੀਮੀ, ਪ੍ਰੇਮ ਪਿਆਰ, ਸਤਿਕਾਰ, ਸਾਂਝੀਵਾਲਤਾ, ਸੇਵਾ, ਸਿਮਰਨ ਅਤੇ ਪਰਉਪਕਾਰ ਵਰਰਗੇ ਸਦ ਗੁਣ ਧਾਰਨ ਕਰਨੇ ਹਰੀ ਬੱਤੀ ਦੇ ਪ੍ਰਤੀਕ ਹਨ। ਧੜੇਬੰਦੀਆਂ ਅਤੇ ਵੱਖਵਾਦ ਪੈਦਾ ਕਰਕੇ ਪੰਥ ਨੂੰ ਖੇਰੂੰ-ਖੇਰੂੰ ਕਰਨਾ ਲਾਲ ਬੱਤੀ ਅਤੇ ਦੂਜੇ ਪਾਸੇ ਵੱਖ-ਵੱਖ

ਜਥੇਬੰਦੀਆਂ ਹੁੰਦੇ ਹੋਏ ਪੰਥਕ ਏਕਤਾ ਦੀ ਮਾਲਾ ਦੇ ਮਣਕੇ ਬਣ ਕੇ ਰਹਿਣਾ ਹਰੀ ਬੱਤੀ ਵਿੱਚ ਚਲਣ ਦਾ ਪ੍ਰਤੀਕ ਹੈ।

ਜੇ ਕੋਈ ਪਹਿਲੀਵਾਰ ਲਾਲ ਬੱਤੀਆਂ ਟੱਪਣ ਦੀ ਉਲੰਘਣਾ ਕਰਦਾ ਹੈ ਤਾਂ ਟਿਕਟ ਮਿਲਦੀ ਹੈ, ਜਦ ਕੋਰਟ ਵਿਖੇ ਜੱਜ ਦੇ ਪੇਸ਼ ਹੁੰਦਾ ਹੈ ਤਾਂ ਬੇਨਤੀ ਕਰਨ ਤੇ ਜਾਂ ਜੱਜ ਦੇ ਮਨ ਮਿਹਰ ਪੈ ਜਾਵੇ ਤਾਂ ਉਹ ਕਮਿਊਨਟੀ ਸੇਵਾ ਲਾ ਕੇ ਸਜਾ ਮੁਆਫ ਕਰ ਦਿੰਦਾ ਹੈ ਪਰ ਦੂਜੀ ਵਾਰ ਜਾਂ ਬਾਰ ਬਾਰ ਅਜਿਹੀ ਗਲਤੀ ਦਾ ਜੁਰਮਾਨਾ ਭਰਨਾ ਹੀ ਪੈਂਦਾ ਹੈ। ਨਾਂ ਭਰਨ ਤੇ ਡ੍ਰਾਈਵਿੰਗ ਲਾਈਸੈਂਸ ਵੀ ਕੈਂਸਲ ਕੀਤਾ ਜਾ ਸਕਦਾ ਹੈ। ਇਵੇਂ ਹੀ ਗੁਰਮਤਿ ਵਿੱਚ ਗਲਤੀ ਮੰਨ ਲੈਣ ਤੇ ਮੁਆਫ ਕਰ ਦਿੱਤਾ ਜਾਂਦਾ ਹੈ ਪਰ ਬਾਰ ਬਾਰ ਵੱਡੀ ਗਲਤੀ (ਕੁਰਹਿਤ) ਕਰਨ ਤੇ ਹੱਥੀਂ ਸੇਵਾ ਕਰਨ ਦੀ ਸਜਾ ਲਾਈ ਜਾਂਦੀ ਹੈ ਤਾਂ ਕਿ ਉਸ ਵਿਆਕਤੀ ਦਾ ਮਨ ਸਾਫ ਹੋ ਜਾਵੇ। ਵਿਤ ਮੁਤਾਬਕ ਧੰਨ ਦੀ ਸਜਾ (ਡੰਨ) ਵੀ ਲਗਾਇਆ ਜਾ ਸਕਦਾ ਹੈ। ਗੁਰੂ ਪ੍ਰਮੇਸ਼ਰ ਸਦਾ ਬਖਸ਼ੰਦ ਹੈ-

ਜੈਸਾ ਬਾਲਕੁ ਭਾਇ ਸੁਭਾਇ ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਂਤੀ ਬਹੁੜਿ ਪਿਤਾ ਗਲਿ ਲਾਵੈ॥
ਪਿਛਲੇ ਅਉਗੁਣ ਬਖਸਿ ਲੈ ਪ੍ਰਭੁ ਆਗੈ ਮਾਰਗਿ ਪਾਵੈ॥ (੬੨੪)

ਪਰ ਪ੍ਰਮਾਤਮਾਂ ਪਾਪੀਆਂ ਨੂੰ ਡੰਡ ਵੀ ਦਿੰਦਾ ਹੈ- **ਪਾਪੀ ਕਉ ਡੰਡੁ ਦੀਓਇ॥** (੯੯) ਸੋ ਸਿੱਖ ਨੇ ਜਾਣ ਬੁੱਝ ਕੇ ਲਾਲ ਬੱਤੀਆਂ ਪਾਰ ਨਹੀਂ ਕਰਨੀਆਂ ਹਾਂ ਅਣਜਾਣੇ ਜਾਂ ਐਮਰਜੰਸੀ ਅਜਿਹਾ ਹੋ ਜਾਵੇ ਤਾਂ ਵੱਖਰੀ ਗੱਲ ਹੈ। ਸਿੱਖ ਵਾਸਤੇ ਸਭ ਤੋਂ ਵੱਡੀ ਭੁੱਲ ਗੁਰੂ ਪ੍ਰਮੇਸ਼ਰ ਨੂੰ ਭੁੱਲ ਜਾਣਾ ਜਾਂ ਗੁਰੂ ਦੇ ਬਰਾਬਰ ਕਿਸੇ ਮਨੁੱਖ ਨੂੰ ਮਾਨਤਾ ਦੇਣਾ ਹੈ। ਅਜੋਕੇ ਅਣਜਾਣ, ਮਨਮੁਖ ਅਤੇ ਮਾਇਆਧਾਰੀ ਸਿੱਖ ਮਨਮਤਿ ਕਰਨ ਰੂਪ ਲਾਲ ਬੱਤੀਆਂ ਪਾਰ ਕਰੀ ਜਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਹੋਰ ਅਖੌਤੀ ਦਸਮ ਗ੍ਰੰਥ ਦਾ ਪ੍ਰਕਾਸ਼ ਕਰਨਾ ਭਾਰੀ ਅਵੱਗਿਆ ਰੂਪੀ ਲਾਲ ਬੱਤੀ ਪਾਰ ਕਰਨਾ ਹੈ। ਇਹ ਸਭ ਕੁਝ ਸੰਪ੍ਰਦਾਈ ਡੇਰੇਦਾਰ ਕਰੀ ਕਰਾਈ ਜਾ ਰਹੇ ਹਨ ਜੋ ਪਾਠੀਆਂ, ਗ੍ਰੰਥੀਆਂ, ਰਾਗੀਆਂ, ਕਥਾਵਾਚਕਾਂ, ਸੰਤ ਬਾਬਿਆਂ, ਪ੍ਰਬੰਧਕਾਂ ਅਤੇ ਅਖੌਤੀ ਸਿੰਘ ਸਹਿਬਾਨਾਂ ਦੇ ਰੂਪ ਵਿੱਚ ਸੇਵਾ ਕਰਨ ਦੇ ਬਹਾਨੇ ਧਰਮ ਅਸਥਾਨਾਂ ਵਿੱਚ ਕਾਬਜ ਹੋ ਕੇ ਕਰ ਰਹੇ ਹਨ। ਗੁਰਬਾਣੀ ਦੇ ਪ੍ਰਚਾਰ ਨਾਲੋਂ ਕੱਚੀ ਬਾਣੀ, ਧੜੇਬੰਧੀ, ਬੇਲੋੜੀਆਂ ਸੰਗਮਰੀ ਬਿਲਡਿੰਗਾਂ ਉਸਾਰਨ ਅਤੇ ਸੋਨੇ ਦੇ ਕਲਸ ਚੜ੍ਹਾਉਣ ਦਾ ਵੱਧ ਪ੍ਰਚਾਰ ਹੋ ਰਿਹਾ ਹੈ। ਅਨਮਤੀ ਮਰਯਾਦਾ, ਕਰਮਕਾਂਡ ਅਤੇ ਤਿਉਹਾਰ ਜਿਵੇਂ ਮਸਿਆ, ਪੁੰਨਿਆਂ, ਸੰਗਰਾਂਦ, ਦਸਵੀਂ, ਪੰਚਕਾਂ ਆਦਿਕ ਗੁਰਦੁਆਰਿਆਂ ਵਿੱਚ ਮਨਾ ਕੇ ਲਾਲ ਬੱਤੀਆਂ ਪਾਰ ਕੀਤੀਆਂ ਜਾ ਰਹੀਆਂ ਹਨ। ਰਾਜਨੀਕ ਤੇ ਧਾਰਮਿਕ ਸਿੱਖ ਵੋਟਾਂ ਖਾਤਰ ਗੁਰਮਤਿ ਵਿਰੋਧੀ ਡੇਰਿਆਂ ਤੇ ਜਾਣ ਰੂਪ ਲਾਲ ਬੱਤੀਆਂ ਪਾਰ ਕਰੀ ਜਾ ਰਹੇ ਹਨ। ਪੈਸਾ, ਚੌਧਰ ਤੇ ਵੋਟਾਂ ਹੀ ਲੀਡਰਾਂ ਦਾ ਨਿਸ਼ਾਨਾ ਬਣਦਾ ਜਾ ਰਿਹਾ ਹੈ। ਕੌਮ ਦੇ ਵੱਡੇ ਧਾਰਮਿਕ ਆਗੂ ਰਾਜਨੀਤਕਾਂ ਦੇ ਪਿੱਛੇ ਲੱਗ ਕੇ ਉਨ੍ਹਾਂ ਦੇ ਦਬਾਅ ਹੇਠ ਗਲਤ ਫੈਸਲੇ ਕਰਕੇ ਆਏ ਦਿਨ ਲਾਲ ਬੱਤੀਆਂ ਪਾਰ

ਕਰੀ ਜਾ ਰਹੇ ਹਨ। ਸੋ ਗੁਰਸਿੱਖੋ! ਸਿੱਖ ਅਸੀਂ ਸ਼ਬਦ ਗੁਰੂ ਗ੍ਰੰਥ ਜੀ ਦੇ ਹਾਂ ਇਸ ਕਰਕੇ ਗੁਰੂ ਦੀ ਸਿਖਿਆ ਤੇ ਚੱਲਣ ਰੂਪ ਹਰੀ ਬੱਤੀ ਹੀ ਪਾਰ ਕਰੀਏ ਨਾਂ ਕਿ ਅਖੌਤੀ ਸਾਧਾਂ ਦੀ ਬ੍ਰਾਹਮਣਵਾਦੀ ਸਿਖਿਆ ਲੈ ਕੇ ਲਾਲ ਬੱਤੀਆਂ ਪਾਰ ਕਰੀ ਜਾਈਏ। ਲਾਲ ਬੱਤੀਆਂ ਖਤਰੇ ਦੀ ਘੰਟੀ ਹਨ ਇਸ ਕਰਕੇ ਸਾਨੂੰ ਖਤਰੇ ਦੀ ਘੰਟੀ ਸੁਣ ਕੇ ਜਾਂ ਖਤਰੇ ਦਾ ਨਿਸ਼ਾਨ ਦੇਖ ਕੇ ਰੁਕਣਾ ਚਾਹੀਦਾ ਹੈ। ਜਿਵੇਂ ਡ੍ਰਾਈਵਰ ਟ੍ਰੈਫਕ ਦੇ ਨਿਯਮਾਂ ਦੀ ਪਾਲਣਾ ਕਰਦਾ ਹੈ ਤਾਂ ਖਤਰਿਆਂ ਤੋਂ ਬਚਿਆ ਰਹਿੰਦਾ ਹੈ ਨਹੀਂ ਤਾਂ ਨੁਕਸਾਨ ਕਰਵਾਂਦਾ ਰਹਿੰਦਾ ਹੈ। ਇਵੇਂ ਹੀ ਜੋ ਸਿੱਖ ਗੁਰੂ ਪ੍ਰਮੇਸ਼ਰ ਦੀ ਸਿਖਿਆ ਤੇ ਚਲਦਾ ਹੈ ਲਾਲ ਬੱਤੀਆਂ ਟੱਪਣ ਰੂਪੀ ਅਨਮਤੀ ਅਤੇ ਮਨਮੱਤੀ ਆਦਿਕ ਸਭ ਖਤਰਿਆਂ ਤੋਂ ਬਚਿਆ ਰਹਿ ਕੇ ਜ਼ਿੰਦਗੀ ਰੂਪੀ ਕਾਰ ਨੂੰ ਇੱਕ ਚੰਗੇ ਡ੍ਰਾਈਵਰ ਵਾਂਗ ਚਲਾ ਕੇ, ਗੁਰੂ ਦੀ ਸਿਖਿਆ ਰੂਪ ਹਰੀਆਂ ਬੱਤੀਆਂ ਹੀ ਪਾਰ ਕਰਦਾ ਹੈ, ਪੀਲੀਆਂ ਦੇਖ ਭਾਵ ਖਤਰੇ ਦਾ ਇਸ਼ਾਰਾ ਦੇਖ ਕੇ ਗੁਰਮਤਿ ਦੇ ਉਲਟ ਜਾਣ ਰੂਪ ਲਾਲ ਬੱਤੀਆਂ ਪਾਰ ਨਹੀਂ ਕਰਦਾ।ਗੁਰਮਤਿ ਦੀ ਲਾਲ ਬੱਤੀ ਸਾਨੂੰ ਡੇਰੇਦਾਰ ਸਾਧਾਂ ਕੋਲ ਜਾਣ ਤੋਂ ਰੋਕਦੀ ਹੈ ਪਰ ਅਸੀਂ ਬਹੁਤ ਸਾਰੇ ਇਸ ਨੂੰ ਵਿਸਾਰ ਕੇ ਲੰਘੀ ਜਾ ਰਹੇ ਹਾਂ ਭਾਵ ਡੇਰੇਦਾਰ ਸਾਧਾਂ ਕੋਲ ਜਾਣ ਤੋਂ ਨਹੀਂ ਰੁਕਦੇ ਅਤੇ ਸਾਧ ਵੀ ਗੁਰਦੁਆਰਿਆਂ ਵਿੱਚ ਧੜਾ ਧੜ ਸਟੇਜਾਂ ਤੇ ਆ ਕੇ ਕੱਚੀ ਬਾਣੀ ਰਾਹੀਂ ਬ੍ਰਾਹਮਣਵਾਦ ਦਾ ਪ੍ਰਚਾਰ ਕਰੀ ਜਾ ਰਹੇ ਹਨ। ਇਨ੍ਹਾਂ ਸਾਧਾਂ ਨੂੰ ਰੋਕਣ ਲਈ ਵੀ ਲਾਲ ਬੱਤੀਆਂ, ਸਟਾਪ ਸਾਈਨਾਂ ਰੂਪ ਜਾਗਰੂਕ ਪਹਿਰੇਦਾਰ ਗੁਰਸਿੱਖ ਪਲੀਸ ਵੀ ਹੋਣੀ ਚਾਹੀਦੀ ਹੈ ਜੋ ਇਨ੍ਹਾਂ ਬੂਬਣੇ ਸਾਧਾਂ ਅਤੇ ਇਨ੍ਹਾਂ ਦੇ ਪਿਛਲੱਗ ਢੌਂਗੀ ਲੀਡਰਾਂ ਦਾ ਚਲਾਣ ਕੱਟ ਕੇ ਮਨਮਤਿ ਰੋਕਣ ਰੂਪ ਸਜਾ ਦੇ ਸੱਕੇ। ਗੁਰਸ਼ਬਦ ਦੀ ਖੋਜੀ ਬਿਰਤੀ ਨਾਲ ਵਿਚਾਰ ਕਰਕੇ ਅਮਲ ਕਰਨਾ ਹੀ ਸਿੱਖ ਲਈ ਹਰੀ ਬੱਤੀ ਹੈ- **ਸਭ ਸੈ ਊਪਰਿ ਗੁਰ ਸ਼ਬਦੁ ਵੀਚਾਰੁ॥** (੯੦੪) ਸਿੱਖ ਦੁਨੀਆਂ ਦੀ ਹਰੇਕ ਚੰਗੀ ਚੀਜ਼ ਤੋਂ ਸਿੱਖਿਆ ਲੈਂਦਾ ਹੈ ਇਵੇਂ ਹੀ ਇਸ ਲੇਖ ਵਿੱਚ ਹਰੀਆਂ, ਪੀਲੀਆਂ ਅਤੇ ਲਾਲ ਬੱਤੀਆਂ ਨੂੰ ਪ੍ਰਤੀਕ ਬਣਾ ਕੇ ਗੁਰਮਤਿ ਸਿਖਿਆ ਦੀ ਵੀਚਾਰ ਕੀਤੀ ਗਈ ਹੈ। ਸੋ ਸਾਨੂੰ ਗੁਰਸਿਖਿਆ ਰੂਪੀ ਹਰੀਆਂ, ਪੀਲੀਆਂ ਅਤੇ ਲਾਲ ਬੱਤੀਆਂ ਨੂੰ ਫਾਲੋ ਕਰਕੇ ਮਨੁੱਖਾ ਜੀਵਨ ਦੀ ਗੱਡੀ ਬੜੇ ਧਿਆਨ ਨਾਲ ਚਲਾਉਣੀ ਚਾਹੀਦੀ ਹੈ ਤਾਂ ਕਿ ਭੇਖੀ ਸਾਧਾਂ, ਨਕਲੀ ਗੁਰੂਆਂ, ਫਜ਼ੂਲ ਦੇ ਕਰਮਕਾਂਡਾਂ, ਵਹਿਮਾਂ-ਭਰਮਾਂ, ਜਾਤਾਂ-ਪਾਤਾਂ, ਛੂਆ-ਛਾਤਾਂ, ਧਰਮ ਦੇ ਨਾਂ ਤੇ ਧੰਦਿਆਂ, ਧੜੇਬੰਦੀਆਂ ਦੀ ਫੁੱਟ, ਭਰਾ ਮਾਰੂ ਜੰਗ, ਡੇਰਿਆਂ ਤੇ ਧੀਆਂ ਭੈਣਾ ਨੂੰ ਘੱਲਣ ਰੂਪ ਆਦਿਕ ਕਕੁਰਮਾਂ ਤੋਂ ਬਚਿਆ ਜਾ ਸੱਕੇ।

-o-

ਗੋਲਕਾਂ-ਤਾਲੇ ਅਤੇ ਚੋਰ

ਕਰੀਬ ੧੬-੧੭ ਸਾਲ ਪਹਿਲੇ ਜਦ ਦਾਸ ਪਹਿਲੀ ਵਾਰ ਵਿਦੇਸ਼ੀ ਯਾਤਰਾ ਤੇ ਹਾਂਗ ਕਾਂਗ ਗਿਆ ਓਦੋਂ ਹਾਂਗ ਕਾਂਗ ਬ੍ਰਿਟਸ਼ ਗੌਰਮਿੰਟ ਦੇ ਅੰਡਰ ਸੀ। ਬੜਾ ਹੀ ਖੂਬ ਸੂਰਤ ਟਾਪੂ ਹੈ। ਇਸ ਦੇ ਦੋ ਹਿਸੇ ਹਨ ਹਾਂਗ ਕਾਂਗ ਤੇ ਕੋਵਲੂਨ। ਇਹ ਬੰਦਰਗਾਹੀ ਟਾਪੂ ਹੈ। ਇੱਥੇ ਪਹਿਲੇ ਦੋ ਗੁਰਦੁਆਰੇ ਸਨ ਇੱਕ ਖਾਲਸਾ ਦੀਵਾਨ ਅਤੇ ਦੂਜਾ ਸਿੰਧੀ ਭਰਾਵਾਂ ਦਾ। ਹੁਣ ਓਥੇ ਡੇੜ ਗੁਰਦੁਆਰਾ ਹੈ ਡੇੜ ਇਸ ਕਰਕੇ ਕਿ ਜਦ ਤੱਤੇ ਨਾਹਰੇ ਲੌਣ ਵਾਲੇ ਪੰਜਾਬੋਂ ਓਥੇ ਪਹੁੰਚੇ ਤਾਂ ਉਹ ਮੋਨਿਆਂ ਤੇ ਖਾਸ ਕਰ ਹਿੰਦੂ ਭਰਾਵਾਂ ਵੱਲ ਵਿਅੰਗ ਕੱਸ ਕੇ ਨਹਰੇਬਾਜੀ ਕਰਦੇ ਸਨ। ਇਸ ਕਰਕੇ ਸਿੰਧੀਆਂ ਨੇ ਗੁਰਦੁਆਰੇ ਨੂੰ ਅੱਧਾ ਮੰਦਰ ਬਣਾ ਦਿੱਤਾ ਭਾਵ ਅੱਧੇ ਹਿਸੇ ਵਿੱਚ ਦੇਵੀਆਂ ਦੀਆਂ ਮੂਰਤਾਂ ਰੱਖ ਦਿੱਤੀਆਂ। ਸਿੰਧੀ ਲੋਕ ਜਿੱਥੇ ਵੀ ਹਨ ਗੁਰਦੁਆਰੇ ਜਾਂਦੇ ਹਨ ਅਤੇ ਕਈਆਂ ਨੇ ਤਾਂ ਆਪਣੇ ਘਰਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਕੀਤਾ ਹੋਇਆ ਹੈ। ਆਪ ਪ੍ਰਵਾਰ ਸਮੇਤ ਗੁਰਬਾਣੀ ਦਾ ਪਾਠ ਕਰਦੇ ਹਨ ਪਰ ਅਸੀਂ ਤਾਂ ਸਭ ਕੁਝ ਠੇਕੇ ਤੇ ਹੀ ਕਰਵਾਉਣ ਲੱਗ ਪਏ ਹਾਂ। ਅੱਜ ਗੁਰਦੁਆਰਿਆਂ ਵਿੱਚ ਆਮ ਤੌਰ ਤੇ ਪਾਠ, ਕੀਰਤਨ ਅਤੇ ਅਰਦਾਸਾਂ ਪੈਸੇ ਦੇ ਕੇ ਠੇਕੇ ਤੇ ਹੀ ਧਰਮ ਕਮਾਇਆ ਜਾ ਰਿਹਾ ਹੈ। ਭੁੱਖ ਆਪ ਨੂੰ ਲੱਗੀ ਹੈ ਪਰ ਭੋਜਨ ਭਾਈਆਂ ਨੂੰ ਖਵਾਇਆ ਜਾ ਰਿਹਾ ਹੈ। ਜਿਵੇਂ ਪੰਡਿਤ ਧਰਮ ਦੇ ਨਾਂ ਤੇ ਹਿੰਦੂਆਂ ਨੂੰ ਲੁਟਦਾ ਸੀ ਓਵੇਂ ਹੀ ਸੰਤ ਬਾਬੇ ਤੇ ਭਾਈ ਸਿੱਖਾਂ ਨੂੰ ਲੁੱਟ ਰਹੇ ਹਨ।

ਗੱਲ ਆਪਾਂ ਗੋਲਕਾਂ, ਤਾਲੇ ਅਤੇ ਚੋਰਾਂ ਦੀ ਕਰ ਰਹੇ ਸੀ ਜਦ ਦਾ ਸੰਸਾਰ ਹੋਂਦ ਵਿੱਚ ਆਇਆ ਹੈ ਨੇਕੀ ਤੇ ਬਦੀ, ਪੁੰਨ ਤੇ ਪਾਪ, ਗੁਣ ਤੇ ਔਗੁਣ, ਕਿਰਤ ਕਮਾਈ ਅਤੇ ਚੋਰੀ ਵੀ ਨਾਲ ਹੀ ਚੱਲੇ ਆ ਰਹੇ ਹਨ। ਵੇਹਲੜ ਅਤੇ ਇਨਸਾਨੀਅਤ ਤੋਂ ਗਿਰੇ ਹੋਏ ਲੋਕ ਹੀ ਅਜਿਹਾ ਕਰਦੇ ਹਨ। ਇਸੇ ਸਮੇਂ ਦੌਰਾਨ ਕੁਝ ਜਪਾਨੀ ਲੋਕ ਯਾਤਰਾ ਕਰਦੇ ਹੋਏ ਹਾਂਗ ਕਾਂਗ ਦੇ ਗੁਰਦੁਆਰਾ ਖਾਲਸਾ ਦੀਵਾਨ ਵਿਖੇ ਵੀ ਪਹੁੰਚੇ। ਚਾਹ ਪਾਣੀ ਪੀ ਕੇ ਜਦ ਗੁਰਦੁਆਰਾ ਸਾਹਿਬ ਵਿਖੇ ਦਾਖਲ ਹੋਏ, ਜਦ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਮੂਹਰੇ ਲੋਕਾਂ ਨੂੰ ਨਤ ਮਸਤਕ ਹੁੰਦੇ ਦੇਖਿਆ ਤਾਂ ਉਨ੍ਹਾਂ ਵੀ ਐਸਾ ਕਰਦੇ ਹੋਏ ਗਾਡ ਅੱਗੇ ਪਰੇਰ ਕੀਤੀ ਪਰ ਜਦ ਉਨ੍ਹਾਂ ਦਾ ਧਿਆਨ ਵੱਡੀ ਸਾਰੀ ਗੋਲਕ ਨੂੰ ਲੱਗੇ ਵੱਡੇ ਸਾਰੇ ਤਾਲੇ ਵੱਲ ਗਿਆ ਤਾਂ ਬੜੇ ਨਿਝੱਕ ਹੋ ਕੇ ਕਹਿਣ ਲੱਗੇ ਇਹ ਤਾਂ ਬਾਬੇ ਨਾਨਕ ਦਾ ਦਰਬਾਰ ਹੈ, ਕੀ ਇੱਥੇ ਚੋਰ ਵੀ ਰਹਿੰਦੇ ਹਨ? ਅਸਾਂ ਤਾਂ ਸੁਣਿਆਂ ਹੈ ਕਿ ਬਾਬੇ ਨਾਨਕ ਦਾ ਦਰ ਤਾਂ ਬੜਾ ਉੱਚਾ-ਸੁੱਚਾ ਤੇ ਸਭ ਲਈ ਖੁੱਲ੍ਹਾ ਹੈ। ਉਨ੍ਹਾਂ ਦੀਆਂ ਸੱਚੀਆਂ ਅਤੇ ਨਿਰਛਲ ਗੱਲਾਂ ਸੁਣਕੇ ਸਾਡਾ ਦਿਲ ਸ਼ਰਮ ਮਹਿਸੂਸ ਕਰਕੇ ਸੋਚ ਰਿਹਾ ਸੀ ਕਿ ਕੀ ਸਾਡੇ ਗੁਰੂ ਸਾਹਿਬਾਨ ਵੀ ਗੋਲਕਾਂ ਰੱਖਦੇ ਸਨ? ਕੀ ਗੁਰੂ ਵੀ ਗੋਲਕਾਂ ਨੂੰ ਤਾਲੇ ਮਾਰਦੇ ਸਨ? ਕਦਾਚਿੱਤ ਵੀ ਨਹੀਂ, ਐਸਾ ਸੋਚਣਾ ਵੀ ਗੁਨਾਹ ਹੈ। ਗੁਰੂ ਸਾਹਿਬ ਤਾਂ ਫੁਰਮਾਂਦੇ ਹਨ-ਚੋਰ ਕੀ ਹਾਮਾ ਭਰੇ ਨਾ ਕੋਇ॥ ਚੋਰ ਕੀਆ ਚੰਗਾ ਕਿਉਂ ਹੋਇ॥ (੬੬੨) ਗੁਰੂ ਦੇ ਦਰ ਆ ਕੇ ਤਾਂ ਭੂਮੀਏ ਵਰਗੇ ਚੋਰ, ਸੱਜਣ ਵਰਗੇ ਠੱਗ ਅਤੇ ਬਿਦੀ ਚੰਦ ਵਰਗੇ ਧਾੜਵੀਆਂ ਦਾ ਵੀ ਮਨ

ਪਲਟ ਜਾਂਦਾ ਹੈ ਉਹ ਗੁਰਮੁਖ ਅਤੇ ਪਰਉਕਾਰੀ ਸਜਣ ਬਣ ਜਾਂਦੇ ਹਨ। ਇਉਂ ਥੋੜੀ ਦੇਰ ਬਾਅਦ ਉਹ ਪ੍ਰਮਾਰਥੀ ਸੱਜਨ (ਜਪਾਨੀ ਯਾਤਰੂ) ਤਾਂ ਦਰਸ਼ਨ ਮੇਲੇ ਕਰਕੇ ਚਲੇ ਗਏ ਪਰ ਜਿਹੜੀ ਸ਼ਰਦਾ ਲੈ ਕੇ ਆਏ ਸੀ ਗੋਲਕ ਨੂੰ ਲੱਗੇ ਵੱਡੇ ਸਾਰੇ ਤਾਲੇ ਨੇ ਤੋੜ ਕੇ ਰੱਖ ਦਿੱਤੀ।

ਆਓ ਜਰਾ ਸੋਚੀਏ ਗੁਰੂ ਘਰਾਂ ਵਿੱਚ ਗੋਲਕਾਂ ਕਿਵੇਂ ਆ ਗਈਆਂ ਅਤੇ ਚੋਰ ਕਿਵੇਂ ਪੈਦਾ ਹੋ ਗਏ? ਜਦ ਤੋਂ ਧਰਮ ਅਤੇ ਧਰਮ ਅਸਥਾਨ ਕਰਮਰੀਅਲ ਕਰ ਦਿੱਤੇ ਗਏ ਅਤੇ ਗੋਲਕ ਸਿਸਟਮ ਸ਼ੁਰੂ ਹੋ ਗਿਆ। ਕੈਸ਼ ਪੈਸਾ ਹੋਣ ਕਰਕੇ ਚੋਰ ਵੀ ਪੈਦਾ ਹੋ ਗਏ। ਗੁਰੂ ਨੇ ਤਾਂ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਕਿਹਾ ਸੀ ਨਾਂ ਕਿ ਜੰਦਰੇ-ਤਾਲੇ ਵਾਲੀ ਗੋਲਕ ਨੂੰ। ਗੁਰੂ ਸਾਹਿਬਾਨਾਂ ਵੇਲੇ ਆਈ-ਚਲਾਈ ਚਲਦੀ ਸੀ ਭਾਵ ਜੋ ਪੈਸਾ ਜਾਂ ਰਸਤਾਂ-ਬਸਤਾਂ ਆਉਂਦੀਆਂ ਸਨ ਉਨ੍ਹਾਂ ਨੂੰ ਨਾਲੋ ਨਾਲ ਵਰਤ-ਵਰਤਾ ਦਿੱਤਾ ਜਾਂਦਾ ਸੀ। ਗੁਰੂ ਜੀ ਤਜੌਰੀਆਂ ਨਹੀਂ ਸਨ ਭਰਦੇ। ਗੁਰੂ ਨੇ ਤਾਂ ਮਸੰਦ ਸਿਸਟਮ ਖਤਮ ਕਰਕੇ ਦਸਵੰਧ ਸਿਸਟਮ ਚਲਾਇਆ ਸੀ। ਗੁਰਸਿੱਖ ਸੰਗਤਾਂ ਧਰਮ ਕਾਰਜਾਂ ਦੀ ਪੂਰਤੀ ਲਈ ਦਸਵੰਧ ਸਿੱਧਾ ਗੁਰੂ ਨੂੰ ਭੇਟ ਕਰਦੀਆਂ ਭਾਵ ਗੁਰੂ ਦੇ ਖਜ਼ਾਨੇ ਵਿੱਚ ਜਮਾ ਕਰਵਾਉਂਦੀਆਂ ਸਨ। ਗੁਰੂ ਸਾਹਿਬ ਉਸ ਪੈਸੇ ਨੂੰ ਧਰਮ ਪ੍ਰਚਾਰ, ਲੋੜਵੰਦਾਂ ਦੀ ਸਹਾਇਤਾ, ਧਰਮਸਾਲ, ਦਵਾਖਾਨੇ, ਪਾਠਸ਼ਾਲਾ-ਸਕੂਲਾਂ, ਬਾਉਲੀਆਂ, ਖੂਹਾਂ ਅਤੇ ਵਿਆਹਾਂ ਸ਼ਾਦੀਆਂ ਆਦਿਕ ਪਰਉਕਾਰੀ ਕੰਮਾਂ ਤੇ ਖਰਚਦੇ ਸਨ। ਗੁਰੂ ਸਾਹਿਬਾਂਨ ਨੇ ਨਾਂ ਅੱਜ ਦੀ ਤਰ੍ਹਾਂ ਬਹੁਤ ਸਾਰੇ ਗੁਰਦੁਆਰੇ ਬਣਵਾਏ ਅਤੇ ਨਾਂ ਹੀ ਇੱਕ ਗੁਰਦੁਆਰੇ ਵਿੱਚ ਥਾਂ-ਥਾਂ ਗੋਲਕਾਂ ਰੱਖੀਆਂ। ਸਿੱਖ ਇਤਿਹਾਸ ਦਸਦਾ ਹੈ ਕਿ ਗੁਰੂ ਸਾਹਿਬ ਰਾਤ ਨੂੰ ਭਾਂਡੇ ਖਾਲੀ ਕਰ ਮੂਧੇ ਮਾਰ ਕੇ ਸੌਂਦੇ ਸਨ ਭਾਵ ਉਨ੍ਹਾਂ ਨੂੰ ਰੱਬ ਤੇ ਵਿਸ਼ਵਾਸ਼ ਸੀ ਕਿ ਦਾਤਾ ਫਿਰ ਭਰ ਦੇਵੇਗਾ। ਗੁਰੂਆਂ ਦੇ ਅਜਿਹੇ ਪਰਉਕਾਰਾਂ ਨੇ ਸਿੱਖੀ ਦੇ ਪਰਚਮ ਥਾਂ-ਥਾਂ ਝੁਲਾਏ ਭਾਵ ਦੇਸ਼ਾਂ-ਵਿਦੇਸ਼ਾਂ ਵਿੱਚ ਸਚ ਧਰਮ ਦਾ ਪ੍ਰਚਾਰ ਤੇ ਪਸਾਰ ਕੀਤਾ। ਗੁਰੂ ਜੀ ਵੇਲੇ ਅੱਜ ਵਰਗੀਆਂ ਜੱਫਾਮਾਰ ਕਮੇਟੀਆਂ, ਚੌਧਰੀ ਅਤੇ ਗੋਲਕਾਂ ਨਹੀਂ ਸਨ। ਗੁਰੂ ਅਤੇ ਸੰਗਤਾਂ ਰਲ-ਮਿਲ ਕੇ ਧਰਮ ਪ੍ਰਚਾਰ ਦੀ ਸੇਵਾ ਕਰਦੀਆਂ ਸਨ। ਵਿਦਵਾਨ ਅਤੇ ਪਰਉਪਕਾਰੀ ਸੱਜਨ ਹੀ ਪ੍ਰਬੰਧ ਚਲਾਉਂਦੇ ਸਨ। ਪਾਠ, ਕੀਰਤਨ, ਕਥਾ ਅਤੇ ਅਰਦਾਸਾਂ ਮੁੱਲ ਨਹੀਂ ਸਨ ਵਿਕਦੀਆਂ। ਹਰੇਕ ਮਾਈ-ਭਾਈ ਆਪੋ ਆਪਣਾ ਧਰਮ-ਕਰਮ, ਗੁਰਬਾਣੀ ਪਾਠ, ਕੀਰਤਨ ਅਤੇ ਕਥਾ-ਵਿਚਾਰ ਆਪ ਕਰਦਾ ਸੀ। ਸੰਗਤ ਵਿੱਚ ਵੀ ਨਿਸ਼ਕਾਮ ਕਥਾ ਕੀਰਤਨ ਤੇ ਅਰਦਾਸ ਹੁੰਦੀ ਸੀ। ਲੋੜਵੰਦ ਗਰੀਬਾਂ ਨੂੰ ਗੁਰੂ ਜੀ ਪੈਸਾ ਦੇ ਕੇ ਉਨ੍ਹਾਂ ਦੇ ਕਾਰੋਬਾਰ ਚਲਾ ਦਿੰਦੇ ਸਨ। ਗੁਰੂ ਘਰ ਦਾ ਪੈਸਾ ਅੱਜ ਵਾਂਗ ਚੋਣਾ, ਸਰੋਪਿਆਂ, ਕਮਰਸ਼ੀਅਲ ਪਾਠਾਂ, ਸੰਗਮਰਮਰੀ ਬਿਲਡਿੰਗਾਂ, ਸੋਨੇ ਦੇ ਗੁੰਬਦਾਂ, ਪਾਠਾਂ ਦੀਆਂ ਲੜੀਆਂ, ਮਹਿੰਗੇ ਮਹਿੰਗੇ ਕੀਰਤਨ ਦਰਬਾਰਾਂ, ਧਰਨੇ-ਜਲੂਸਾਂ, ਧੜੇਬੰਦੀਆਂ ਅਤੇ ਅਖੌਤੀ ਸੰਤ ਬਾਬਿਆਂ ਤੇ ਨਹੀਂ ਸੀ ਖਰਚਿਆ ਜਾਂਦਾ।

ਅੱਜ ਗੁਰਦੁਆਰਿਆਂ ਦਾ ਪੈਸਾ ਧਰਮ ਪ੍ਰਚਾਰ ਅਤੇ ਲੋੜਵੰਦਾਂ ਤੇ ਘੱਟ ਅਤੇ ਪੁਲੀਟੀਕਲੀ ਜਿਆਦਾ ਵਰਤਿਆ ਜਾਂਦਾ ਹੈ ਇਸ ਕਰਕੇ ਪਰਉਕਾਰ ਵਾਲੀ ਬਿਰਤੀ ਖਤਮ ਹੋ ਕੇ ਪੈਸਾ ਇਕੱਠਾ ਕਰਨ (ਗੋਲਕ ਭਰਨ) ਅਤੇ ਫਿਰ ਉਸ ਨੂੰ ਚੋਰੀ ਤੋਂ ਬਚਾਉਣ ਲਈ ਵੱਡੇ-ਵੱਡੇ ਤਾਲੇ

ਅਤੇ ਕੈਮਰੇ ਲਗਾਉਣ ਵਾਲੀ ਹੋ ਗਈ ਹੈ ਪਰ ਚੋਰ ਫਿਰ ਵੀ ਚੋਰੀ ਕਰ ਜਾਂਦੇ ਹਨ। ਜਦ ਤਾਲੇ ਖੋਲ੍ਹ ਕੇ ਪੈਸਾ ਗਿਣਿਆਂ ਜਾਂਦਾ ਹੈ ਤਾਂ ਅੱਖ ਬਚਾ ਕੇ ਕੁਝ ਓਦੋਂ ਅਤੇ ਕੁਝ ਇਧਰ-ਓਧਰ ਦੇ ਬਣਾਏ ਬਿੱਲਾਂ ਅਤੇ ਫਰਜੀ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਨਾਂ ਤੇ ਸੰਭਾਲ ਲਿਆ ਜਾਂਦਾ ਹੈ। ਬਾਕੀ ਆਪਸੀ ਪਾਰਟੀਬਾਜੀ ਦੀਆਂ ਲੜਾਈਆਂ ਵਿੱਚ ਕੋਟ ਕਚਹਿਰੀਆਂ ਅਤੇ ਵਕੀਲਾਂ ਦੀਆਂ ਮਹਿੰਗੀਆਂ ਮਹਿੰਗੀਆਂ ਫੀਸਾਂ ਵਿੱਚ ਉਡਾ ਦਿੱਤਾ ਜਾਂਦਾ ਹੈ। ਚੋਰ ਫੜਨ ਵਾਸਤੇ ਕੈਮਰੇ ਲਾਏ ਜਾਂਦੇ ਹਨ ਅਤੇ ਕਈ ਵਾਰ ਉਹ ਵੀ ਲਾਹ ਦਿੱਤੇ ਜਾਂਦੇ ਹਨ। ਚੋਰ ਤੇ ਰਾਖੇ ਆਪਸ ਵਿੱਚ ਮਿਲ ਗਏ ਹਨ ਪੰਜਾਬੀ ਦਾ ਅਖਾਣ ਹੈ ਜਦ ਚੋਰ ਤੇ ਕੁੱਤੀ ਰਲ ਜਾਣ ਫਿਰ ਚੋਰ ਕਿਵੇਂ ਫੜਿਆ ਜਾ ਸਕਦਾ ਹੈ। ਇਸ ਲਈ ਜੋ ਵੀ ਪੈਸਾ ਆਵੇ ਉਸ ਦੀ ਰਸੀਦ ਕੱਟੀ ਜਾਵੇ। ਲੋੜ ਪੈਣ ਤੇ ਹੀ ਸੰਗਤ ਨੂੰ ਪੈਸੇ ਦੀ ਅਪੀਲ ਕਰਨੀ ਚਾਹੀਦੀ ਹੈ ਛੋਟੀ ਮੋਟੀ ਗੱਲ ਲਈ ਨਹੀਂ ਅਤੇ ਬੇ ਲੋੜੇ ਖਰਚੇ ਘਟਾ ਕੇ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਵੱਲ ਵੱਧ ਪੈਸਾ ਖਰਚਣਾ ਚਾਹੀਦਾ ਹੈ। ਦੁਨੀਆਂ ਦੀ ਹਰੇਕ ਬੋਲੀ ਵਿੱਚ ਨਹੀਂ ਤਾਂ ਘੱਟ ਤੋਂ ਘੱਟ ਆਪਣੀ ਮਾਂ ਬੋਲੀ ਪੰਜਾਬੀ ਅਤੇ ਵਰਡ ਭਾਸ਼ਾ ਅੰਗ੍ਰੇਜੀ ਵਿੱਚ ਤਾਂ ਲਿਟ੍ਰੇਚਰ ਜਰੂਰ ਵੰਡਿਆ ਜਾਵੇ। ਹਰੇਕ ਗੁਰਦੁਆਰੇ ਵਧੀਆ ਲਾਇਬ੍ਰੇਰੀ ਹੋਣੀ ਚਾਹੀਦੀ ਹੈ। ਪੂਜਾ ਪਾਠ ਆਦਿਕ ਬ੍ਰਾਹਮਣੀ ਕਰਮਕਾਂਡ ਬੰਦ ਕਰਕੇ ਗੁਰਦੁਆਰੇ ਗੁਰਬਾਣੀ ਸਮਝਣ ਸਮਝਾਉਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਐਸ ਵੇਲੇ ਗੁਰੂ ਘਰਾਂ ਵਿੱਚ ਲੜਾਈ ਹੀ ਗੋਲਕ, ਚੌਧਰ ਅਤੇ ਪਾਰਟੀਬਾਜੀ ਦੀ ਰਹਿ ਗਈ ਹੈ। ਧਰਮ ਤਾਂ ਪੰਖ ਲਾ ਕੇ ਉੱਡਦਾ ਜਾ ਰਿਹਾ ਹੈ। ਗੋਲਕਾਂ ਅਤੇ ਚੋਰ ਬਿਰਤੀ ਖਤਮ ਹੋਣੀ ਚਾਹੀਦੀ ਹੈ ਨਹੀਂ ਤਾਂ ਜਪਾਨੀਆਂ ਦੇ ਇਹ ਸ਼ਬਦ ਕਿ ਬਾਬੇ ਨਾਨਕ ਦੇ ਦਰ ਤੇ ਵੀ ਚੋਰ ਰਹਿੰਦੇ ਹਨ ਰੜਕਦੇ ਰਹਿਣਗੇ। ਇਹ ਹੈ ਵਨਗੀ ਮਾਤਰ ਗੋਲਕਾਂ, ਤਾਲੇ ਅਤੇ ਚੋਰਾਂ ਦੀ ਸੰਵੇਦਨਸ਼ੀਲ ਗਾਥਾ ਜੋ ਸਿੱਖੀ ਦਾ ਘਾਣ ਕਰ ਰਹੇ ਹਨ। ਬੋਲੋ ਭਾਈ ਵਾਹਿਗੁਰੂ! ਰੱਬ ਰਾਖਾ!!

-o-

ਭੂਤ, ਪ੍ਰੇਤ, ਗੈਬੀ ਰੂਹਾਂ ਦੇ ਡਰਾਵੇ ਅਤੇ ਲੁੱਟ

ਭੂਤ-ਸੰਸਕ੍ਰਿਤ ਦਾ ਸ਼ਬਦ ਹੈ, ਜਿਸਦੇ ਪ੍ਰਕਰਣ ਅਨੁਸਾਰ ਵੱਖਰੇ-ਵੱਖਰੇ ਅਰਥ ਹਨ, ਜਿਵੇਂ ਮਹਾਂਨ ਕੋਸ਼ ਅਨੁਸਾਰ ਭੂਤ-ਬੀਤਿਆ ਹੋਇਆ, ਗੁਜਰਿਆ ਹੋਇਆ, ਭੂਤ ਕਾਲ। ਭੂਤ-ਇੱਕ ਜੱਟ ਜਾਤਿ, ਭੂਤ-ਜੇਹਾ-ਸਾਰ ਭੂਤ ਸਤਿ ਹਰਿ ਕੋ ਨਾਉ (੨੮੯) ਭੂਤ-ਪੰਚ ਦੂਤ ਕਰ ਭੂਤਵਸਿ (ਭਾ. ਗੁ.) ਭਾਵ ਪੰਚ ਵਿਕਾਰ ਵਸੀਭੂਤ ਕਰਕੇ-ਪੰਚ ਭੂਤ ਸਚਿ ਭੈ ਰਤੇ (੨੦), ਭੂਤ-ਪੰਜ ਤੱਤ ਪਾਣੀ, ਹਵਾ, ਅੱਗ, ਧਰਤੀ ਤੇ ਅਕਾਸ਼ "ਪੰਚ ਭੂਤ ਕਰ ਸਾਜੀ ਦੇਹ" (ਸੂਰਜ ਪ੍ਰਕਾਸ਼) ਭੂਤ-ਪੰਜ ਵਿਸ਼ੇ-ਸ਼ਬਦ, ਸ਼ਪਰਸ਼, ਰੂਪ, ਰਸ, ਗੰਧ "ਪੰਚ ਭੂਤ ਸਬਲ ਹੈ ਦੇਹੀ" (ਨਟ ਮ:੪) ਭੂਤ-ਜੀਵ ਭਾਵ ਪ੍ਰਾਣੀ "ਸਰਬ ਭੂਤ ਪਾਰਬ੍ਰਹਮ ਕਰਿ ਮਾਨਿਆ" (ਸੋਰਠ ਮ:੫) ਭੂਤ-ਸ਼ਵ (ਮੁਰਦਾ ਸਰੀਰ) "ਮਰਤੀ ਬਾਰ ਲੇਹੁ ਲੇਹੁ ਕਰੀਐ ਭੂਤ ਰਹਨ ਕਿਉਂ ਦੀਆ" (ਸੋਰਠ ਕਬੀਰ ਜੀ) ਭੂਤ-ਸੰਸਾਰ, ਭੂਤ-ਇਨਸਾਫ, ਭੂਤ-ਤੱਤ, ਸਾਰ, ਨਿਚੋੜ, ਭੂਤ-ਸਤਯ, ਭੂਤ-ਮਹੀਨੇ ਦਾ ਹਨੇਰਾ ਪੱਖ, ਭੂਤ-ਭੂਤਨਾ-ਮਹਾਂਭਾਰਤ ਤੇ ਵਾਯੂਪੁਰਾਣ ਵਿੱਚ ਲਿਖਿਆ ਹੈ ਕਿ ਦਕਸ਼ ਦੀ ਪੁਤਰੀ ਕ੍ਰੋਧਾ ਦੇ ਉਦਰ ਤੋਂ ਕਸ਼ਯਪ ਦੀ ਉਲਾਦ ਭੂਤ ਹਨ, ਜੋ ਸ਼ਿਵ ਦੀ ਅੜਦਲ ਵਿੱਚ ਰਹਿੰਦੇ ਹਨ ਪਰ ਇਹ ਕਲਪਿਤ ਕਹਾਣੀ ਹੈ।

ਪ੍ਰੇਤ-ਇਹ ਵੀ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਅਰਥ ਹਨ-੧. ਰਵਾਨਾ ਹੋਇਆ ੨. ਮੋਇਆ ਹੋਇਆ ੩. ਮੁਰਦਾ ੪. ਭੂਤ ਜਿੰਨ-ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ (੫੧੩) ੫. ਪ੍ਰੇਤਪੁਣਾ-ਖਿਨ ਮਹਿ ਬਿਨਸਿਓ ਮਹਾਂ ਪਰੇਤੁ (੧੧੪੯)

ਪ੍ਰੇਤ-ਇਹ ਵੀ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਅਰਥ ਹਨ-੧. ਰਵਾਨਾ ਹੋਇਆ ੨. ਮੋਇਆ ਹੋਇਆ ੩. ਮੁਰਦਾ ੪. ਭੂਤ ਜਿੰਨ-ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ (੫੧੩) ੫. ਪ੍ਰੇਤਪੁਣਾ-ਖਿਨ ਮਹਿ ਬਿਨਸਿਓ ਮਹਾਂ ਪਰੇਤੁ (੧੧੪੯)

ਗੈਬੀ ਰੂਹਾਂ-ਗੈਬ ਅਰਬੀ ਦਾ ਸ਼ਬਦ ਹੈ ਜਿਸ ਦਾ ਭਾਵ ਹੈ-ਗੁਪਤ। ਗੈਬੀ-ਗੁਪਤ ਰਹਿਣਵਾਲਾ। ਰੂਹ ਵੀ ਅਰਬੀ ਦਾ ਹੀ ਸ਼ਬਦ ਹੈ ਅਰਥ ਹੈ-ਜੀਵਆਤਮਾ (ਸਰੀਰ ਦੀ ਚੇਤਨ ਸਤਾ) "ਗਹਿਲਾ ਰੂਹ ਨਾ ਜਾਣਈ" (ਸਲੋਕ ਫਰੀਦ)

ਭੂਤ ਸ਼ਬਦ ਦੇ ਭਾਈ ਵੀਰ ਸਿੰਘ ਅਨੁਸਾਰ ਅਰਥ-ਇਹ ਸੰਸਕ੍ਰਿਤ ਦਾ ਸ਼ਬਦ ਹੈ ਭੂਤ-੧ ਤੱਤ ੨ ਮੁਰਦਾ-ਸਰੀਰ "ਭੂਤੁ ਰਹਿਣ ਕਿਉਂ ਦੀਆ" (੬੫੪) ੩ ਪ੍ਰੇਤ, ਭੂਤਨੇ-ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ (੧੩੭੪) ੪ ਕਾਮ ਆਦਿਕ ਖੋਟੇ ਭਾਵ -ਦੁੰਦਰ ਦੂਤ ਭੂਤ ਭੀਹਾਲੇ (੧੦੩੧)

ਪ੍ਰੇਤ-ਇਹ ਵੀ ਸੰਸਕ੍ਰਿਤ ਦਾ ਸ਼ਬਦ ਹੈ, ਦੇ ਅਰਥ ਹਨ-ਪ੍ਰੇ=ਅੱਗੇ+ਇਤ=ਗਿਆ ਹੋਇਆ ਭਾਵ ੧. ਮਰ ਗਿਆ ਹੋਇਆ, ਮੁਰਦਾ ੨. ਭੂਤ-ਮਰੇ ਹੋਏ ਦੀ ਅਬਗਤ ਆਤਮਾਂ ੩. ਜੂਨਾਂ ਵਿੱਚੋਂ ਪਹਿਲੀ ਜੂਨ ਜਿਸ ਵਿੱਚ ਆਤਮਾ, ਲਿੰਗ ਸਰੀਰ ਵਿੱਚ ਰਹਿ ਕੇ ਪਰਮ ਦੁਖੀ ਹੁੰਦੀ ਹੈ-ਪ੍ਰੇਤ ਪਿੰਜਰ ਮਹਿ ਦੂਖ ਘਨੇਰੇ (੧੦੨੯)

ਗੈਬੀ ਰੂਹਾਂ-ਗੁਪਤ ਜੀਵਆਤਮਾਵਾਂ-ਬਹਿਸਨਿ ਰੂਹਾਂ ਮਲਿ (੧੩੮੩) ਗੈਬੀ ਰੂਹਾਂ ਦਾ ਡਰ ਪ੍ਰਚਾਰ ਵੀ ਬੂਬਨੇ ਸਾਧ ਹੀ ਕਰਦੇ ਹਨ। ਜੋ ਖਾਸ ਕਰਕੇ ਔਰਤਾਂ ਨੂੰ, ਗੁਗਲ ਦਾ ਧੂੰਆਂ ਨੱਕ ਨੂੰ ਚੜ੍ਹਾ ਕੇ, ਵਾਲ ਖਿਲਾਰ ਕੇ, ਖੇਡਣ ਲਾ ਦਿੰਦੇ ਹਨ ਤੇ ਕਹਿ ਦਿੰਦੇ ਹਨ ਇਸ ਵਿੱਚ ਫਲਾਨੇ ਦੀ ਰੂਹ ਪ੍ਰਵੇਸ਼ ਕਰ ਗਈ ਹੈ। ਕਦੇ ਚਮਟਿਆਂ ਨਾਲ ਕੁਟਦੇ ਹਨ, ਕਦੇ ਕੋਈ ਦਵਈ ਖਵਾ ਕੇ ਪਾਗਲ ਕਰ ਦਿੰਦੇ ਹਨ। ਕਦੇ ਕਹਿੰਦੇ ਹਨ ਤੁਸੀਂ ਪਿਛਲੇ ਜਨਮ ਦੀਆਂ ਰੂਹਾਂ ਸਾਡੀਆਂ ਪਤਨੀਆਂ ਸੀ ਜੋ ਵਿਛੜ ਗਈਆਂ। ਇਉਂ ਕਹਿ ਕੇ ਕਈ ਸਾਧ ਨੌ ਜਵਾਨ ਕੁੜੀਆਂ ਨੂੰ ਵਰਗਾ ਵੀ ਲੈਂਦੇ ਹਨ ਤੇ ਹਿਪਨੋਟਿਜਮ ਰਾਹੀਂ ਵੀ ਅਜਿਹਾ ਕਰਦੇ ਹਨ।

ਜਿੰਨ-ਭੂਤ-ਪ੍ਰੇਤ-ਬੇਤਾਲ-ਭਾਈ ਕਾਨ੍ਹ ਸਿੰਘ ਨ੍ਹਾਭਾ ਜੀ ਗੁਰਮਤਿ ਮਾਰਤੰਡ ਦੇ ਪੰਨਾ ੫੦੮-੫੦੯ ਤੇ ਲਿਖਦੇ ਹਨ ਕਿ ਪੰਜਾਂ ਤੱਤਾਂ ਦਾ ਨਾਮ ਭੂਤ ਹੈ ਪਰ ਭ੍ਰਮ ਗ੍ਰਸੇ ਅਗਿਆਨੀਆਂ ਨੇ, ਮਰੇ ਹੋਏ ਜੀਵਾਂ ਦੀ ਆਤਮਾ ਦੇ ਕਈ ਨਾਮ ਰੱਖ ਕੇ, ਅਡੰਬਰ ਰਚ ਰੱਖੇ ਹਨ। ਤਾਂਤ੍ਰਿਕਾਂ ਦੇ ਵੱਸ ਪਏ ਆਸੇਬ ਛਾਇਆ ਆਦਿਕ ਮੰਨ ਕੇ ਗੁਰਮਤਿ ਵਿਰੁੱਧ ਕਰਮ ਕਰਦੇ ਹਨ। ਵਾਸਤਵ ਵਿੱਚ ਕਰਤਾਰ ਤੋਂ ਬੇਮੁਖ ਕੁਕਰਮਾਂ ਦੇ ਪ੍ਰੇਮੀ ਦੁਖਦਾਈ ਲੋਕਾਂ ਦੀ ਭੂਤ-ਪ੍ਰੇਤ ਆਦਿ ਸੰਗਯਾ ਹੈ। ਇਹੀ ਤਾਮਸੀ ਜੀਵ ਗੁਰ ਉਪਦੇਸ਼ ਤੇ ਅਮਲ ਕਰਕੇ ਦੇਵ ਪਦਵੀ ਭਾਵ ਗਯਾਨ ਮੋਖਸ਼ ਦੀ ਅਵੱਸਥਾ ਨੂੰ ਪ੍ਰਾਪਤ ਕਰ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦਾ ਭੂਤਾਂ-ਪ੍ਰੇਤਾਂ ਬਾਰੇ ਉਪਦੇਸ਼

ਅੰਤਰਿ ਵਸਤੁ ਮੂੜਾ ਬਾਹਰੁ ਭਾਲੇ॥ਮਨਮੁਖ ਅੰਧੇ ਫਿਰਹਿ ਬੇਤਾਲੇ॥(੧੧੭) ਬੇਤਾਲ ਉਹ ਮੁਰਦਾ ਜਿਸ ਵਿੱਚ ਅਗਿਆਨ ਰੂਪ ਭੂਤ ਨੇ ਪ੍ਰਵੇਸ਼ ਕੀਤਾ ਹੈ ਪਰ ਹਿੰਦੂ ਮੱਤ ਦੇ ਗ੍ਰੰਥਾਂ ਅਨੁਸਾਰ ਉਹ ਮੁਰਦਾ ਜਿਸ ਵਿੱਚ ਭੂਤ ਆ ਵੜਿਆ ਹੈ। **ਮਾਇਆ ਮੋਹੁ ਪਰੇਤ ਹੈ ਕਾਮੁ ਕ੍ਰੋਧੁ ਅਹੰਕਾਰਾ॥**(੫੧੩) ਭਾਵ ਕਾਮ ਕ੍ਰੋਧ ਲੋਭ ਮੋਹ ਤੇ ਅਹੰਕਾਰ ਵੀ ਪ੍ਰੇਤ ਰੂਪ ਹਨ। **ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੜੀਏ, ਸੇ ਮਨਮੁਖ ਮੂੜ ਬੇਤਾਲੇ ਰਾਮ॥**(੫੪੦) ਜੋ ਦੁਨੀਆਂ ਦੀ ਮੋਹ ਮਾਇਆ ਵਿੱਚ ਜਕੜੇ ਪਏ ਹਨ ਅਸਲ ਵਿੱਚ ਉਹ ਹੀ ਬੇਤਾਲੇ=ਭੂਤ ਹਨ। **ਹਰਿ ਭਗਤ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ** (੭੦੬) ਹੇ ਨਾਨਕ ਜੋ ਪ੍ਰਭੂ ਭਗਤੀ ਤੋਂ ਵਿਹੂਣੇ ਤੇ ਉਸ ਨੂੰ ਵਿਸਾਰੀ ਬੈਠੇ ਹਨ ਉਹਨਾਂ ਦੀ ਸੰਗਿਆ ਹੀ ਪ੍ਰੇਤ ਹੈ। **ਹਰਿ ਕੇ ਨਾਮ ਹੀਨ ਬੇਤਾਲ॥** (੧੨੨੨) ਪ੍ਰਭੂ ਨਾਮ ਤੋਂ ਖਾਲੀ ਭਾਵ ਉਸਦੀ ਯਾਦ ਵਿਸਾਰੀ ਬੈਠੇ ਹੀ ਭੂਤ ਹਨ। **ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥ ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥**(੧੩੭੪) ਕਬੀਰ ਜੀ ਫੁਰਮਾਂਦੇ ਹਨ ਕਿ ਜਿਨ੍ਹਾਂ ਘਰਾਂ ਵਿੱਚ ਕਦੇ ਸਤਸੰਗ, ਸੰਗਤ ਦੀ ਸੇਵਾ ਨਹੀ ਅਤੇ ਜੋ ਇੱਕ ਹਰੀ ਪ੍ਰਮਾਤਮਾਂ ਨੂੰ ਛੱਡ ਕੇ ਹੋਰਨਾਂ ਕਿਰਤਮ ਜੀਵਾਂ ਦੇਵੀ ਦੇਵਤਿਆਂ ਅਤੇ ਭੇਖੀ ਸਾਧਾਂ ਸੰਤਾਂ ਦੀ ਉਪਾਸ਼ਨਾ ਕਰਦੇ ਹਨ-ਉਨ੍ਹਾਂ ਦੇ ਘਰ ਹੀ ਮੜੀਆਂ ਮਸਾਣਾਂ ਵਰਗੇ ਹਨ ਅਤੇ ਉਨ੍ਹਾਂ ਘਰਾਂ ਵਿੱਚ ਵੱਸਣ ਵਾਲੇ ਹੀ ਭੂਤ ਹਨ ਭਾਵ ਜਿੰਦਾ ਮੁਰਦੇ ਹਨ। **ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨਾ ਪਛਾਤਾ॥**(੧੧੩੧) ਰਮੇ ਹੋਏ ਰਾਮ ਨੂੰ ਨਾਂ ਪਛਾਨਣ ਵਾਲੇ ਹੀ ਅਸਲ ਪ੍ਰੇਤ ਹਨ।

ਸੋ ਉਰੋਕਤ ਪ੍ਰਮਾਣਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਮਿਰਤਕ ਸਰੀਰ ਦਾ ਨਾਮ ਹੀ ਭੂਤ-ਪ੍ਰੇਤ ਹੈ ਅਤੇ ਪ੍ਰਭੂ ਨੂੰ ਭੁਲਣ ਵਾਲੇ ਹੀ ਭੂਤਨੇ-ਪ੍ਰੇਤ ਹਨ। ਗੁਰਸਿੱਖ ਨੇ ਹਮੇਸ਼ਾਂ ਭੂਤ ਨੂੰ ਛੱਡ ਭਵਿੱਖ ਵੱਲ ਵਧਣਾ ਹੈ-ਆਗਾਹਾ ਕੂ ਤ੍ਰਾਂਘਿ ਪਿਛਾ ਫੇਰਿ ਨ ਮੁਹਡੜਾ (੧੦੯੬) ਤੇ ਵਰਤਮਾਨ ਵਿੱਚ ਵਰਤਨਾ ਹੈ। ਗੁਰਸਿੱਖ ਨੂੰ ਕਦੇ ਵੀ ਗੈਬੀ ਰੂਹਾਂ ਕਲਪਿਤ ਭੂਤਾਂ ਪ੍ਰੇਤਾਂ ਤੋਂ ਨਹੀਂ ਡਰਨਾ ਚਾਹੀਦਾ ਅਤੇ ਭੇਖੀ ਸਾਧਾਂ ਸੰਤਾਂ ਦੇ ਡੇਰਿਆਂ ਤੇ ਜਾ ਕੇ ਆਪਣਾ ਕੀਮਤੀ ਸਮਾਂ ਤੇ ਧੰਨ ਦੌਲਤ ਬਰਬਾਦ ਨਹੀਂ ਕਰਨਾ ਚਾਹੀਦਾ ਜੋ ਕਲਪਿਤ ਭੂਤਾਂ ਪ੍ਰੇਤਾਂ ਦੇ ਡਰ ਸਾਡੇ ਮਨ ਵਿੱਚ ਬਿਠਾ ਕੇ ਸਾਨੂੰ ਲੁਟਦੇ ਰਹਿੰਦੇ ਹਨ। ਜਿਵੇਂ ਬਾਬਾ ਵਡਭਾਗ ਸਿੰਘ ਦੇ ਡੇਰੇ ਵਿੱਚ ਭੂਤ ਕੱਢਣ ਦਾ ਢੌਂਗ ਰਚਿਆ ਜਾਂਦਾ ਹੈ ਅਤੇ ਹੋਰ ਵੀ ਕਈ ਥਾਂਈ ਅਜਿਹਾ ਹੁੰਦਾ ਹੈ। ਅਜਿਹੇ ਭੇਖੀ ਸਾਧਾਂ ਨੇ ਸਾਡੇ ਗੁਰੂਆਂ ਭਗਤਾਂ ਨਾਲ ਵੀ ਭੂਤਾਂ ਪ੍ਰੇਤਾਂ ਦੀਆਂ ਕਲਪਿਤ ਕਹਾਣੀਆਂ ਜੋੜ ਰੱਖੀਆਂ ਹਨ ਜੋ ਸਰਾਸਰ ਝੂਠ ਹਨ। ਕਈ ਵਾਰ ਸੁਤੇ ਪਿਆਂ ਜੇ ਸਾਡੇ ਹੱਥ ਛਾਤੀ ਤੇ ਪਏ ਹੋਣ ਤਾਂ ਖੂਨ ਦਾ ਦਬਾਓ ਰੁਕਣ ਕਰਕੇ, ਬਹੁਤ ਭਾਰ ਜਿਹਾ ਪੈਂਦਾ ਹੈ, ਸਾਡਾ ਸਾਹ ਔਖਾ ਆਉਣ ਲੱਗ ਜਾਂਦਾ ਹੈ ਤੇ ਅਸੀਂ ਸਮਝਦੇ ਹਾਂ ਕਿ ਕੋਈ ਗੈਬੀ ਚੀਜ ਨੇ ਐਸਾ ਕੀਤਾ ਹੈ, ਜੋ ਸਾਡੇ ਮਨ ਦਾ ਭੁਲੇਖਾ ਹੁੰਦਾ ਹੈ।

ਦਾਸ ਨਾਲ ਵੀ ਐਸਾ ਕਈ ਵਾਰ ਹੋਇਆ ਹੈ ਪਰ ਜਦ ਦਾ ਹੱਥ ਛਾਤੀ ਤੇ ਰੱਖ ਕੇ ਸਾਉਣਾ ਛੱਡਿਆ ਹੈ ਫਿਰ ਕਦੀ ਵੀ ਐਸਾ ਦੱਬਾ ਨਹੀਂ ਪਿਆ। ਆਮ ਮੰਨਿਆਂ ਜਾਂਦਾ ਹੈ ਕਿ ਮੜੀਆਂ ਮਸਾਣਾ ਕਬਰਾਂ ਆਦਿਕ ਥਾਵਾਂ ਤੇ ਭੂਤ ਪ੍ਰੇਤ ਹੁੰਦੇ ਹਨ। ਜੁਤੀਆਂ ਸਮੇਤ ਮੜੀਆਂ ਮਸਾਣਾ ਕਬਰਾਂ ਆਦਿਕ ਤੇ ਨਾਂ ਚੜ੍ਹੋ। ਦਾਸ ਦੀ ਜਿੰਦਗੀ ਵਿੱਚ ਅਜਿਹੀਆਂ ਤਿੰਨ ਘਟਨਾਵਾਂ ਵਾਪਰੀਆਂ ਹਨ। ਮਮਦੋਟ ਪੰਜਾਬ ਦੇ ਇੱਕ ਪਿੰਡ ਵਿਖੇ ਨੌਂ ਗਜੇ ਪੀਰ ਦੀ ਕਬਰ ਬਣੀ ਹੋਈ ਸੀ ਤੇ ਉਹ ਹੀ ਮੇਨ ਰਸਤਾ ਪਿੰਡੋਂ ਬਾਹਰ ਨੂੰ ਜਾਂਦਾ ਸੀ ਪਿੰਡ ਵਾਸੀ ਉਧਰੋਂ ਲੰਘਣ ਤੋਂ ਬਹੁਤ ਡਰਦੇ ਸਨ। ਸਾਨੂੰ ਕੁਦਰਤੀ ਉਸ ਪਿੰਡ ਵਿੱਚ ਅਖੰਡ ਪਾਠ ਕਰਨ ਦਾ ਮੌਕਾ ਮਿਲਿਆ ਤੇ ਉਪ੍ਰੋਕਤ ਕਹਾਣੀ ਦਾ ਪਤਾ ਲੱਗਾ। ਭੋਗ ਤੇ ਕਥਾ ਕਰਦਿਆਂ ਅਸੀਂ ਪਿੰਡ ਵਾਸੀਆਂ ਨੂੰ ਸਮਝਾਇਆ ਗੁਰੂ ਸਾਹਿਬਾਂਨ ਦੀ ਸਿਖਿਆ ਤੇ ਚਲਦੇ ਹੋਏ ਅਜਿਹੇ ਵਹਿਮ ਭਰਮ ਛੱਡ ਦਿਓ ਪਰ ਉਹ ਨਾਂ ਮੰਨੇ ਤਾਂ ਅਸੀਂ ਕੀ ਕੀਤਾ ਕਿ ਉਸ ਪੀਰ ਦੀ ਕਬਰ ਤੋਂ ਕਪੜਾ ਲਾਹ ਲਿਆ ਅਤੇ ਲਾਗਲੇ ਪਿੰਡੋਂ ਉਸ ਕਪੜੇ ਦੇ ਕਛਹਿਰੇ ਅਤੇ ਫਤੂਹੀਆਂ ਸਵਾਂ ਕੇ ਪਾ ਲਈਆਂ ਤੇ ਫਿਰ ਉਸ ਪਿੰਡ ਵਾਪਸ ਆ ਕੇ ਪਿੰਡ ਵਾਸੀਆਂ ਨੂੰ ਦੱਸਿਆ ਕਿ ਦੇਖੋ ਸਾਡੇ ਤੇ ਪੀਰ ਦਾ ਕੋਈ ਅਸਰ ਨਹੀਂ ਹੈ। ਇਉਂ ਪਿੰਡ ਵਾਸੀਆਂ ਦਾ ਸਾਧਾਂ ਸੰਤਾਂ ਵਲੋਂ ਪਾਇਆ ਹੋਇਆ ਭਰਮ ਡਰ ਭੈ ਦੂਰ ਕੀਤਾ।

ਦੂਜੀ ਵਾਰ ਜਦੋਂ ਦਾਸ ਰੋਪੜ ਮਿਸ਼ਨਰੀ ਕਾਲਜ ਚੌਂਤੇ ਵਿਖੇ ਪੜ੍ਹਦਾ ਸੀ, ਨਹਿਰੋਂ ਪਾਰ ਸੁਰਤਾਪੁਰ ਪਿੰਡ ਦੀ ਜੂਹ ਵਿੱਚ ਸ਼ਮਸ਼ਾਨਘਾਟ ਸੀ, ਲੋਕ ਭੂਤਾਂ ਪ੍ਰੇਤਾਂ ਤੇ ਗੈਬੀ ਰੂਹਾਂ ਤੋਂ ਬਚਣ ਤੇ ਆਪਣੇ ਵੱਡੇ ਵਡੇਰਿਆਂ ਪਿਤਰਾਂ ਦੀ ਪੂਜਾ ਕਰਦੇ ਹੋਏ ਦੀਵਾਲੀ, ਸਰਾਧ ਆਦਿਕ ਤਿਉਹਾਰਾਂ ਤੇ ਮਠਿਆਈਆਂ, ਸਰੋਂ ਦੇ ਤੇਲ ਦੀਆਂ ਕੈਨੀਆਂ ਤੇ ਬੋਤਲਾਂ ਅਤੇ ਨਵੇਂ ਬਰਤਨ ਚੜ੍ਹਾ ਜਾਂਦੇ ਸਨ। ਸਾਡਾ ਕਾਲਜ ਲਾਗੇ ਹੀ ਚੌਂਤੇ ਪਿੰਡ ਦੇ ਖੇਤਾਂ ਵਿੱਚ ਸੀ। ਅਸੀਂ ਮੂੰਹ ਹਨੇਰੇ ਜਾਣਾ ਤੇ ਮਠਿਆਈਆਂ, ਤੇਲ ਤੇ ਬਰਤਨ ਚੱਕ ਲਿਆਉਣੇ, ਮਠਿਆਈਆਂ ਖਾ ਪੀ ਲੈਣੀਆਂ,

ਤੇਲ ਬਰਤਨ ਵੀ ਵਰਤ ਲੈਣੇ, ਸਾਨੂੰ ਕਦੇ ਵੀ ਕਿਸੇ ਭੂਤ ਪ੍ਰੇਤ ਛਾਇਆ ਨੇ ਨਹੀਂ ਸੀ ਡਰਾਇਆ।

ਤੀਜੀ ਵਾਰ ਇਥੇ ਕੈਲੇਫੋਰਨੀਆਂ ਦੇ ਬੇ-ਏਰੀਏ ਦੇ ਸ਼ਹਿਰ ਲਿਵਰਮੋਰ ਵਿਖੇ ਜਿੱਥੇ ਇੱਕ ਖੇਤਾਂ ਵਿੱਚ ਘਰ ਦੀ ਸਕਿਉਰਟੀ ਦੀ ਜਾਬ ਦੀ ਸਾਈਟ ਸਾਡੀ ਕੰਪਨੀ ਕੋਲ ਸੀ। ਓਥੇ ਮੈਕਸੀਕਿਆਂ ਮਜਦੂਰਾਂ ਨੇ ਇਹ ਅਫਵਾਹ ਫੈਲਾ ਰੱਖੀ ਸੀ ਕਿ ਇੱਥੇ ਰਾਤ ਨੂੰ ਭੂਤ ਚੀਕਾਂ ਮਾਰ-ਮਾਰ ਕੇ ਡਰਾਉਂਦੇ ਹਨ, ਇਸ ਕਰਕੇ ਸਕਿਉਰਟੀ ਅਫੀਸਰ ਓਥੇ ਜਾਣ ਤੋਂ ਕੰਨੀ ਕਤਰਾਉਂਦੇ ਹਨ। ਕੁਝ ਦਿਨਾਂ ਬਾਅਦ ਦਾਸ ਦੀ ਡਿਊਟੀ ਵੀ ਓਥੇ ਲੱਗ ਗਈ, ਮੈਨੂੰ ਵੀ ਓਥੇ ਜਾਬ ਕਰਨ ਵਾਲੇ ਸਕਿਉਰਟੀ ਆਫੀਸਰ ਨੇ ਦੱਸਿਆ ਕਿ ਕੇਅਰਫੁਲ ਰਹਿਣਾ ਇੱਥੇ ਰਾਤ ਨੂੰ ਭੂਤ ਚੀਕਾਂ ਮਾਰ ਕੇ ਡਰਾਉਂਦੇ ਹਨ। ਇੱਕ ਦੋ ਦਿਨ ਮੈਂ ਵੀ ਉਹ ਡਰਾਉਣੀਆਂ ਚੀਕਾਂ ਸੁਣੀਆਂ, ਅਤੇ ਹੌਂਸਲਾ ਕਰਕੇ ਗੁਰਬਾਣੀ ਦਾ ਪਾਠ ਕਰਦਾ ਹੋਇਆ, ਟਾਰਚ ਲੈ ਕੇ, ਜਦ ਉਸ ਘਰ ਦੇ ਅੰਦਰ ਜਾ ਕੇ, ਬੜੇ ਧਿਆਨ ਨਾਲ ਦੇਖ ਭਾਲ ਕੀਤੀ ਤਾਂ, ਕੀ ਦੇਖਿਆ ਕਿ ਬੈਟਰੀ ਵਾਲੇ ਖਿਡਾਉਣਿਆਂ ਉੱਤੇ ਭੂਤਾਂ ਦੇ ਮੌਖੱਟੇ ਪਾ ਕੇ, ਟਾਈਮ ਸੈੱਟ ਕਰਕੇ ਰੱਖੇ ਹੋਏ ਸਨ। ਜਦ ਹਨੇਰ ਹੋ ਜਾਣਾ ਤਾਂ, ਉਨ੍ਹਾਂ ਦੀਆਂ ਡਰਾਉਣੀਆਂ ਵਾਜਾਂ ਆਉਣੀਆਂ। ਮੈਂ ਇਹ ਸਾਰਾ ਕੁਝ ਰਾਤ ਦੀ ਰੀਪੋਰਟ ਵਿੱਚ ਲਿਖ ਦਿੱਤਾ, ਅਤੇ ਸਕਿਉਰਟੀ ਆਫਿਸ ਵਿਖੇ ਫੋਨ ਵੀ ਕਰ ਦਿੱਤਾ, ਤਾਂ ਫਿਰ ਕਦੇ ਵੀ ਓਥੇ ਗੈਬੀ ਚੀਕਾਂ ਨਹੀਂ ਸੀ ਆਈਆਂ।

ਸੋ ਸਾਨੂੰ ਕਲਪਿਤ ਭੂਤਾਂ-ਪ੍ਰੇਤਾਂ ਪ੍ਰਤੀ ਸਾਧਾਂ-ਸੰਤਾਂ ਅਤੇ ਵੱਡੇ ਵਡੇਰਿਆਂ ਦੇ, ਪਾਏ ਹੋਏ ਭਰਮ ਭੁਲੇਖਿਆਂ ਅਤੇ ਭੂਤਾਂ ਦੇ ਛਲ ਫਰੇਬਾਂ ਤੋਂ ਨਹੀਂ ਡਰਨਾ ਚਾਹੀਦਾ। ਸਾਨੂੰ ਬ੍ਰਾਹਮਣ ਨੇ ਏਨਾ ਭੈ ਭੀਤ ਕੀਤਾ ਹੋਇਆ ਹੈ ਕਿ, ਅਸੀਂ ਤਾਂ ਬਿਲੀ ਰਸਤਾ ਕੱਟ ਗਈ ਤਾਂ ਡਰ ਗਏ, ਕਿਸੇ ਨੇ ਤੁਰਨ ਵੇਲੇ ਛਿੱਕ ਮਾਰਤੀ ਤਾਂ ਡਰ ਗਏ, ਜੇ ਕਿਤੇ ਅਚਾਨਕ ਖੋਤਾ ਹੀਂਗ ਪਿਆ ਤਾਂ ਡਰ ਗਏ ਕਿਉਂਕਿ ਅਸੀਂ ਬਹੁਤੇ ਇਨ੍ਹਾਂ ਸਾਧਾਂ ਸੰਤਾਂ ਤੇ ਬ੍ਰਾਹਮਣਾਂ ਨੂੰ ਹੀ ਗੁਰੂ ਮੰਨ ਕੇ ਸਿਜਦੇ ਕਰੀ ਜਾ ਰਹੇ ਹਾਂ ਜੋ ਸਾਨੂੰ ਗੁਰਬਾਣੀ ਵਿਚਾਰ ਨਾਲੋਂ ਤੋੜ ਕੇ ਕੇਵਲ ਗੁਰਬਾਣੀ ਦੇ ਸੌ ਸੌ ਪਾਠ ਤੇ ਸਾਧਾਂ ਸੰਤਾਂ ਦੀ ਸੇਵਾ ਕਰਨ ਚ' ਹੀ ਲਾ ਛਡਦੇ ਹਨ।

ਦਾਸ ਦਾਵੇ ਨਾਲ ਆਖਦਾ ਹੈ ਕਿ ਜੋ ਵੀ ਮਾਈ ਭਾਈ ਸ਼ਰਧਾ, ਪਿਆਰ ਅਤੇ ਵਿਚਾਰ ਨਾਲ ਆਪ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਪੜ੍ਹਦਾ ਅਤੇ ਵਿਚਾਰਦਾ ਹੈ, ਉਹ ਅਖੌਤੀ ਭੂਤਾਂ ਪ੍ਰੇਤਾਂ ਨੂੰ ਨਾਂ ਮੰਨਦਾ ਅਤੇ ਨਾਂ ਹੀ ਇਨ੍ਹਾਂ ਤੋਂ ਡਰਦਾ ਹੈ। ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਰੂਹਾਂ ਗੈਬੀ ਨਹੀਂ ਹੁੰਦੀਆਂ ਸਗੋਂ ਜਦ ਸਾਡਾ ਸਰੀਰ ਭੂਤ ਹੋ ਜਾਂਦਾ ਹੈ ਭਾਵ ਮਰ ਜਾਂਦਾ ਹੈ ਤਾਂ ਇਹ ਪੰਜ ਤੱਤ (ਭੂਤ) ਬਿਖਰ ਕੇ-**ਪਵਨੈ ਮਹਿ ਪਵਨੁ ਸਮਾਇਆ॥ਜੋਤੀ ਮਹਿ ਜੋਤਿ ਰਲਿ ਜਾਇਆ॥**(੮੮੫) ਰਲ ਜਾਂਦੇ ਹਨ। ਇਹ ਸਭ ਕਰਤੇ ਦੀ ਖੇਡ ਹੈ, ਇਸ ਖੇਡ ਨੂੰ ਗੁਰੂ ਗਿਆਨ ਦੁਆਰਾ ਸਮਝਣ ਦੀ ਲੋੜ ਹੈ, ਨਾਂ ਕਿ ਇਧਰ-ਉਧਰ ਸਾਧਾਂ ਸੰਤਾਂ ਦੇ ਡੇਰਿਆਂ ਤੇ ਭਟਕਣ ਦੀ, ਜੋ ਅੱਜ ਤੱਕ ਭੂਤਾਂ ਪ੍ਰੇਤਾਂ ਤੇ ਗੈਬੀ ਰੂਹਾਂ ਦਾ ਡਰ ਨਹੀਂ ਦੂਰ ਕਰ ਸਕੇ ਸਗੋਂ ਡਰ ਪਾ ਕੇ ਅਗਿਆਨੀ ਜਨਤਾ ਨੂੰ ਦੋਹੀਂ ਹੱਥੀ ਲੁੱਟੀ ਜਾ ਰਹੇ ਹਨ। ਜੋ ਅਸੀਂ ਕਥਾ ਕਹਾਣੀਆਂ

ਵਿੱਚ ਇਨ੍ਹਾਂ ਭੱਦਰ ਪੁਰਸ਼ਾ ਤੋਂ ਭੂਤਾਂ ਪ੍ਰੇਤਾਂ ਦੀਆਂ ਗੱਲਾਂ ਸੁਣਦੇ ਰਹਿੰਦੇ ਹਾਂ, ਉਹ ਹੀ ਫਿਰ ਰਾਤ ਨੂੰ ਸੁਪਨੇ ਵਿੱਚ ਸਾਡੇ ਮਨ ਦੀ ਰੀਲ ਚੋਂ ਲੰਘਦੀਆਂ ਹਨ ਤੇ ਅਸੀਂ ਉਭੜਵਾਹੇ ਡਰ ਜਾਂਦੇ ਹਾਂ। ਸਾਨੂੰ ਕਦੇ ਵੀ ਬਚਿਆਂ ਨੂੰ ਭੂਤਾਂ ਪ੍ਰੇਤਾਂ ਦੀਆਂ ਕਲਪਿਤ ਕਹਾਣੀਆਂ ਨਹੀਂ ਸੁਣਾਉਣੀਆਂ ਚਾਹੀਦੀਆਂ, ਜਿਨ੍ਹਾਂ ਕਰਕੇ ਰਾਤ ਨੂੰ ਸੁਪਨੇ ਵਿੱਚ ਬੱਚੇ ਡਰਨ। ਸਾਡਾ ਗੁਰੂ, ਗੁਰਬਾਣੀ ਗੁਰੂ ਗ੍ਰੰਥ ਸਾਹਿਬ ਹੈ, ਅਸੀਂ ਉਸ ਦੇ ਸਿੱਖ ਹਾਂ, ਨਾਂ ਕਿ ਕਿਸੇ ਸਾਧ ਦੇ। ਸੋ ਅਸੀਂ ਹੁਕਮ ਵੀ ਗੁਰੂ ਦਾ ਹੀ ਮੰਨਣਾ ਹੈ ਨਾਂ ਕਿ ਕਿਸੇ ਹੋਰ ਦਾ।ਅੱਜ ਦੇ ਸਾਡੇ ਜਥੇਦਾਰ ਅਤੇ ਸਾਧ ਘਿਓ ਖਿਚੜੀ ਹੋਏ ਪਏ ਹਨ ਅਤੇ ਗੁਰਮਤਿ ਵਿਰੋਧੀ ਗ੍ਰੰਥਾਂ ਦੀ ਕਥਾ ਕਰਨ ਦੇ ਆਦੇਸ਼ ਦੇ ਰਹੇ ਹਨ, ਜਿਸ ਕਰਕੇ ਵਹਿਮ ਭਰਮ ਜੋਰਾਂ ਸ਼ੋਰਾਂ ਨਾਲ ਫੈਲ ਰਹੇ ਹਨ। ਸੋ ਅਸੀਂ ਕੇਵਲ ਤੇ ਕੇਵਲ ਗੁਰੂ ਦੇ ਦਰਸਾਏ ਮਾਰਗ ਤੇ ਚੱਲ ਕੇ ਭਾਵ ਗੁਰਬਾਣੀ ਨੂੰ ਅਰਥਾਂ ਸਮੇਤ ਸਮਝ ਕੇ ਅਤੇ ਉਸ ਉੱਪਰ ਅਮਲ ਕਰਕੇ ਹੀ ਭੂਤ ਪ੍ਰੇਤਾਂ ਦੇ ਪਾਏ ਡਰ ਤੋਂ ਬਚ ਸਕਦੇ ਹਾਂ।

ਇੱਕ ਪ੍ਰੇਮੀ ਜੋ ਇਨ੍ਹਾਂ ਸਾਧਾਂ ਰੂਪੀ ਭੂਤਾਂ ਦੇ ਚੱਕ੍ਰ ਵਿੱਚ ਫਸ ਗਿਆ ਸੀ ਅੱਜ ਜਦ ਗੁਰਬਾਣੀ ਰਾਹੀਂ ਸੋਝੀ ਆਈ ਹੈ ਤਾਂ ਪੁਕਾਰ-ਪੁਕਾਰ ਕੇ ਕਹਿ ਰਿਹਾ ਹੈ ਕਿ ਇਹ ਭੇਖੀ ਸਾਧ ਹੀ ਅਸਲ ਵਿੱਚ ਭੂਤ-ਪ੍ਰੇਤ ਤੇ ਜੋਕਾਂ ਹਨ ਜੋ ਸਿੱਖ ਕੌਮ ਨੂੰ ਚਿੰਬੜ ਗਈਆਂ ਹਨ, ਇਨ੍ਹਾਂ ਤੋਂ ਬਚਣ ਦੀ ਅਤਿਅੰਤ ਲੋੜ ਹੈ, ਇਹ ਹੀ ਜਿੰਦਾ ਦਣ-ਦਾਨੌਂਦੇ ਭੂਤ ਹਨ। ਲੋਕੋ ਬਚੋ ਇਨ੍ਹਾਂ ਤੋਂ! ਛੱਡੋ ਇਨ੍ਹਾਂ ਭੂਤਾਂ-ਪ੍ਰੇਤਾਂ ਦਾ ਪ੍ਰਚਾਰ ਕਰਨ ਵਾਲੇ ਭੇਖੀਆਂ ਦਾ ਸਾਥ। ਗੁਰੂ ਭਲੀ ਕਰੇ, ਸਭ ਨੂੰ ਕਰਤਾਰ ਚਿੱਤ ਆਵੇ, ਅਸੀਂ ਭੇਖੀ-ਸਾਧਾਂ ਦਾ ਰਸਤਾ ਛੱਡ ਕੇ ਗੁਰੂ ਗਿਆਨ-ਮਾਰਗ ਤੇ ਚੱਲੀਏ, ਜਿਸ ਸਦਕਾ ਸਾਡੇ ਸਭ ਭੂਤਾਂ-ਪ੍ਰੇਤਾਂ ਆਦਿਕ ਵਾਲੇ ਭਰਮ ਭੁਲੇਖੇ ਦੂਰ ਹੋ ਜਾਵਣ।

-o-

ਗੁਰਮਤਿ-ਸਦਾ ਬਹਾਰ-ਅਧੁਨਿਕ-ਨਵੀਨ ਹੈ!

ਗੁਰਮਤਿ-ਗੁਰੂ ਅਤੇ ਮਤਿ ਦੇ ਕ੍ਰਮਵਾਰ ਅਰਥ ਹਨ-ਗੁ (ਅਗਿਆਨਤਾ) ਰੂ (ਪ੍ਰਕਾਸ਼) ਜੋ ਅਗਿਅਨਤਾ ਦੇ ਅੰਧੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰ ਦੇਵੇ ਉਹ ਹੈ ਗੁਰੂ। ਮਤਿ ਵੀ ਸੰਸਕ੍ਰਿਤ ਦਾ ਲਫਜ ਹੈ ਜਿਸ ਦਾ ਅਰਥ ਹੈ ਬੁੱਧੀ, ਸਮਝ, ਅਕਲ, ਰਾਇ ਅਤੇ ਸੁਝਾਓ। ਪਰ ਮੱਤ ਦਾ ਅਰਥ ਹੈ ਧਰਮ ਅਤੇ ਮਜ਼ਬ। ਸਤਿਗੁਰੂ ਨਾਨਕ ਸਾਹਿਬ ਜੀ ਦੇ ਚਲਾਏ ਨਿਰਮਲ ਪੰਥ ਨੂੰ ਹੀ ਗੁਰੂ ਦਾ ਮੱਤ ਕਿਹਾ ਗਿਆ ਹੈ, ਜਿਸ ਨੂੰ **ਸਿੱਖ-ਧਰਮ** ਅਤੇ ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ **ਖ਼ਾਲਸਾ-ਪੰਥ** ਦਾ ਨਾਂ ਦਿੱਤਾ। ਸਦਾ ਬਹਾਰ ਤੋਂ ਭਾਵ ਸਦਾ ਖਿੜੀ ਰਹਿੰਦੀ ਹੈ, ਕਦੇ ਮੁਰਝਾਉਂਦੀ ਨਹੀਂ। ਅਧੁਨਿਕ-ਨਵੀਨ-ਵਰਤਮਾਨ (ਪ੍ਰੈਜ਼ੈਂਟ) ਗੁਰਮਤਿ ਅਤੇ ਵਰਤਮਾਨ ਦਾ ਆਪਸ ਵਿੱਚ ਗੂੜਾ ਸਬੰਧ ਹੈ-**ਵਰਤਮਾਨ ਵਿਚਿ ਵਰਤਦਾ ਖਸਮੈ ਦਾ ਜਿਸ ਭਾਵੈ ਭਾਣਾ** (ਭਾ.ਗੁ.) ਗੁਰੂ ਨਾਨਕ ਜੀ ਨੇ ਰੂੜੀਵਾਦੀ ਰੀਤਾਂ ਰਸਮਾਂ ਜੋ ਭੂਤਕਾਲ ਤੋਂ ਅਗਿਆਨਤਾ ਆਸਰੇ ਚਲੀਆਂ ਆ ਰਹੀਆਂ ਸਨ, ਉਨ੍ਹਾਂ ਦਾ ਤਿਆਗ ਕਰਕੇ ਵਰਤਮਾਨ ਵਿੱਚ ਸਾਰਥਕ ਰੀਤਾਂ ਰਸਮਾਂ ਭਾਵ ਕਰਮ ਕਰਨ ਦਾ ਉਪਦੇਸ਼ ਦਿੱਤਾ। ਇਸ ਕਰਕੇ ਸਿੱਖ ਧਰਮ (ਗੁਰਮਤਿ) ਸਦਾ ਹੀ ਨਵੀਨ ਹੈ, ਅਗਾਂਹ ਵਧੂ ਹੈ- **ਅਗਾਹਾਂ ਕੂ ਤ੍ਰਾਂਘਿ ਪਿਛਾ ਫੇਰਿ ਨ ਮੋਹਡੜਾ॥** (੧੦੯੬) ਪਰ ਗੁਰਮਤਿ ਅਧੁਨਿਕਤਾ ਦੇ ਨਾਂ ਤੇ ਚੱਲ ਰਹੇ ਲਚਰ ਕਲਚਰ ਤੋਂ ਵੱਖ ਹੈ ਅਤੇ ਇਸ ਦੀ ਜੋਰਦਾਰ ਸ਼ਬਦਾਂ ਵਿੱਚ ਨਖੇਧੀ ਕਰਦੀ ਹੈ। ਗੁਰਮਤਿ ਦਾ ਮੁੱਖ ਸਿਧਾਂਤ ਹੈ-**ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ।** ਸੋ ਗੁਰਮਤਿ ਦੇ ਧਾਰਨੀ ਨੇ ਹਮੇਸ਼ਾਂ ਕਿਰਤ ਕਰਨੀ ਹੈ, ਮੰਗ ਕੇ ਨਹੀਂ ਖਾਣਾ, ਵੰਡ ਛਕਣਾ ਭਾਵ ਲੋੜਵੰਦਾਂ ਨਾਲ ਸ਼ੇਅਰ ਕਰਨਾ, ਪ੍ਰਮਾਤਮਾਂ ਨੂੰ ਸਦਾ ਯਾਦ ਰੱਖਣਾ ਅਤੇ ਅਧੁਨਿਕ ਤਰੀਕਿਆਂ ਰਾਹੀਂ ਤਰੱਕੀ ਕਰਨੀ ਹੈ ਨਾਂ ਕਿ ਇਸ ਦੀ ਵਿਰੋਧਤਾ। ਗੁਰੂ ਜੀ ਫੁਰਮਾਂਦੇ ਹਨ ਕਿ ਜੋ ਮੇਰਾ ਸਾਹਿਬ ਸਦਾ ਨੀਤ ਨਵਾਂ ਹੈ-**ਸਾਹਿਬ ਮੇਰਾ ਨੀਤ ਨਵਾਂ ਸਦਾ ਸਦਾ ਦਾਤਾਰੁ॥** (੬੬੦) ਤਾਂ ਗੁਰਮਤਿ ਸਦਾ ਹੀ ਨਵੀਨ ਹੈ ਭਾਵ ਅਧੁਨਿਕ ਹੈ ਜਦ ਕਿ ਬਹੁਤੇ ਹੋਰ ਮੱਤ ਲਕੀਰ ਦੇ ਫਕੀਰ ਹਨ।


ਗੁਰਮਤਿ ਨਵੀਨ ਖੋਜਾਂ ਜੋ ਮਨੁੱਖਤਾ ਦਾ ਭਲਾ ਕਰ ਸਕਦੀਆਂ ਹਨ ਉਨ੍ਹਾਂ ਨੂੰ ਅਪਨਾਉਣ ਅਤੇ ਵਰਤਨ ਤੋਂ ਰੋਕਦੀ ਨਹੀਂ ਸਗੋਂ ਸੁਜੋਗ ਵਰਤੋਂ ਕਰਨ ਦੀ ਹਾਮੀ ਹੈ। ਕਈ ਵਿਦਵਾਨ ਕਹਿੰਦੇ ਹਨ ਕਿ ਗੁਰਮਤਿ ਕਦੇ ਬਦਲਦੀ ਨਹੀਂ, ਇਹ ਠੀਕ ਨਹੀਂ ਕਿਉਂਕਿ ਗੁਰਮਤਿ ਸਦਾ ਹੀ ਅਗਾਂਹ ਵਧੂ ਹੈ। ਹਾਂ ਜੋ ਗੁਰਮਤਿ ਦੇ ਮੂਲਕ ਸਿਧਾਂਤ ਹਨ ਜੋ ਕੁਦਰਤੀ ਹਨ ਉਹ ਕਦੇ ਨਹੀਂ ਬਦਲਦੇ। ਅਗਰ ਜੇ ਗੁਰਮਤਿ ਅਧੁਨਿਕਤਾ ਦੀ ਹਾਮੀ ਨਾਂ ਹੁੰਦੀ ਤਾਂ ਅੱਜ ਦਾ ਸਿੱਖ ਕਦੇ ਵੀ ਅਧੁਨਿਕ ਢੰਗ ਨਾਲ ਨਾਂ ਵਿਚਰਦਾ, ਫਿਰ ਤਾਂ ਪੈਦਲ ਹੀ ਚਲਦਾ, ਘੋੜ ਸਵਾਰੀ ਹੀ ਕਰਦਾ। ਚੁੱਲ੍ਹੇ ਪੁੱਟ ਕੇ ਅੱਗ ਬਾਲ ਕੇ ਹੀ ਹੀ ਖਾਣਾ ਪਕਾਉਂਦਾ ਅਤੇ ਅਜੋਕੇ ਗੈਸ ਚੁਲਿਆਂ ਦੀ ਵਰਤੋਂ ਨਾਂ ਕਰਦਾ। ਹੱਥ ਨਾਲ ਚਾਟੀ ਵਿੱਚ ਦੁੱਧ ਰਿੜਕ ਕੇ ਹੀ ਮੱਖਣ ਕੱਢ ਕੇ ਵਰਤਦਾ ਅਤੇ ਅੱਜ ਦੀਆਂ ਮਸ਼ੀਨਾਂ ਨਾਲ ਕੱਢੀਆਂ ਬਟਰ ਕਰੀਮਾਂ ਦਾ ਇਸਤੇਮਾਲ ਨਾਂ ਕਰਦਾ। ਕੁਰਸੀਆਂ ਮੇਜਾਂ ਤੇ ਬੈਠਣ ਦੀ ਥਾਂ ਸਕੂਲਾਂ ਕਾਲਜਾਂ ਵਿੱਚ ਵੀ ਤੱਪੜਾਂ ਤੇ ਹੀ ਬੈਠਦਾ। ਕਿਤਾਬਾਂ ਅਤੇ ਗ੍ਰੰਥ ਵੀ ਹੱਥ ਨਾਲ ਹੀ ਲਿਖਦਾ। ਬੰਦੂਕਾਂ, ਤੋਪਾਂ, ਮਿਜ਼ਾਈਲਾਂ ਦੀ ਥਾਂ ਤੀਰ ਕਮਾਨ ਅਤੇ ਕ੍ਰਿਪਾਨਾਂ ਬਰਛੇ ਹੀ ਵਰਤਦਾ। ਮਸ਼ੀਨਾਂ ਦੀ ਥਾਂ ਹੱਥ ਚੱਕੀ ਤੇ ਹੀ ਆਟਾ ਪੀਂਹਦਾ। ਹੱਥ ਨਾਲ ਹੀ ਫਸਲਾਂ ਵੱਢਦਾ ਅਤੇ ਫਲਿਆਂ ਨਾਲ ਹੀ ਕਣਕਾਂ ਗੌਂਹਦਾ। ਪੈਂਟ ਕਮੀਜਾਂ ਦੀ ਥਾਂ ਚੋਲੇ, ਚਾਦਰੇ ਅਤੇ ਘੱਗਰੇ ਹੀ

ਪਹਿਨਦਾ। ਸਮੁੰਦਰੋਂ ਪਾਰ ਵਿਦੇਸ਼ ਵਿੱਚ ਜਾਣ ਵਾਸਤੇ ਹਵਾਈ ਜਹਾਜ ਦੀ ਥਾਂ ਬੇੜੀਆਂ-ਬੇੜੇ ਹੀ ਵਰਤਦਾ। ਬੱਚੇ ਅਜੋਕੇ ਹਸਪਤਾਲਾਂ ਦੀ ਥਾਂ ਘਰਾਂ ਵਿਖੇ ਪੇਂਡੂ ਦਾਈਆਂ ਰਾਹੀਂ ਹੀ ਪੈਦਾ ਹੁੰਦੇ ਐਮਰਜੈਂਸੀ ਹਾਲਤ ਵਿੱਚ ਵੀ ਹਸਪਤਾਲ ਨਾਂ ਜਾਂਦਾ। ਐਕਸੀਡੈਂਟ ਹੋ ਜਾਣ ਤੇ ਕਦੇ ਅਧੁਨਿਕ ਹਸਪਤਲਾਂ ਦੀ ਵਰਤੋਂ ਨਾਂ ਕਰਦਾ ਸਗੋਂ ਦੇਸੀ ਹਕੀਮਾਂ ਤੋਂ ਹੀ ਇਲਾਜ ਕਰਾਉਂਦਾ ਅਤੇ ਅਪ੍ਰੇਸ਼ਨ ਵੱਲ ਮੂੰਹ ਨਾਂ ਕਰਦਾ। ਸਰੀਰ ਤਿਆਗਣ ਤੋਂ ਬਾਅਦ ਕੇਵਲ ਲੱਕੜਾਂ ਨਾਲ ਹੀ ਸਰੀਰ ਦਾ ਦਾਹ ਸਸਕਾਰ ਕਰਦਾ, ਲੋੜ ਪੈਣ ਤੇ ਵੀ ਕਦੇ ਬਿਜਲੀ ਦੀ ਭੱਠੀ ਦੀ ਵਰਤੋਂ ਨਾਂ ਕਰਦਾ ਜੋ ਅੱਜ ਵਿਦੇਸ਼ਾਂ ਵਿਖੇ ਕਰ ਰਿਹਾ ਹੈ। ਕਦੇ ਭੁੱਲੇ ਕੇ ਵੀ ਅੱਜ ਦੇ ਮੀਡੀਏ ਅਖਬਾਰਾਂ, ਰਸਾਲਿਆਂ, ਰੇਡੀਓ, ਟੇਪ ਰਿਕਾਰਡ, ਸੀਡੀਆਂ, ਡੀ.ਵੀ.ਡੀ ਮੂਵੀਆਂ, ਟੀ.ਵੀ ਅਤੇ. ਇੰਟ੍ਰਨੈੱਟ ਆਦਿਕ ਦੀ ਵਰਤੋਂ ਨਾਂ ਕਰਦਾ।

ਸੋ ਗੁਰਮਤਿ ਪਿਛਾਂਹ ਖਿੱਚੂ ਅਤੇ ਪੁਰਾਤਨਵਾਦ ਦੀ ਹਾਮੀ ਨਹੀਂ, ਸਦਾ ਹੀ ਅਧੁਨਿਕ-ਨਵੀਨ ਰਹੀ ਹੈ ਅਤੇ ਰਹੇਗੀ। ਜਿਵੇਂ ਪਾਣੀ ਵਗਦਾ ਹੀ ਸਾਫ ਰਹਿੰਦਾ ਹੈ ਰੁਕਿਆ ਖਰਬ ਹੋ ਜਾਂਦਾ ਹੈ, ਇਵੇਂ ਗੁਰਮਤਿ ਚੜ੍ਹਦੀ ਕਲਾ ਦੀਆਂ ਪੁਲਾਂਗਾਂ ਪੁਟਦੀ ਹੋਈ ਵਗਦੇ ਪਾਣੀ ਦੀ ਤਰਾਂ ਸਦਾ ਹੀ ਸਾਫ ਰਹੇਗੀ ਨਾਂ ਕਿ ਕਰਮਕਾਂਡਾਂ, ਵਹਿਮਾਂ ਭਰਮਾਂ ਅਤੇ ਭੇਖਾਂ-ਪਾਰਟੀਆਂ ਅਤੇ ਜਾਤਾਂ-ਪਾਤਾਂ ਦੀ ਦਲਦਲ ਵਿੱਚ ਹੀ ਘਿਰੀ ਰਹੇਗੀ। ਜੇ ਮੇਰਾ ਸਾਹਿਬ ਨੀਤ ਨਵਾਂ ਹੈ-**ਸਾਹਿਬ ਮੇਰਾ ਨੀਤ ਨਵਾਂ ਸਦਾ ਸਦਾ ਦਾਤਾਰੁ॥** (੬੬੦) ਤਾਂ ਗੁਰਮਤਿ ਨਵੀਨ-ਅਧੁਨਿਕ ਕਿਉਂ ਨਹੀਂ ਹੋ ਸਕਦੀ? ਗੁਰੂ ਅਗਿਆਨਤਾ ਦੇ ਅੰਧੇਰੇ ਨੂੰ ਦੂਰ ਕਰਕੇ ਪ੍ਰਕਾਸ਼ ਕਰਨ ਦਾ ਨਾਂ ਹੈ ਫਿਰ ਗੁਰੂ ਦੀ ਮਤਿ ਕਿਵੇਂ ਸਦਾ ਅੰਧੇਰੇ ਵਿੱਚ ਠੇਡੇ ਖਾ ਸਕਦੀ ਹੈ? ਲੋੜ ਜੀਵਨ ਸੁਚੱਜੇ ਢੰਗ ਨਾਲ ਜੀਣ, ਸਫਲ ਕਰਨ ਅਤੇ ਵਿਨਾਸ਼ਕਾਰੀ ਤੇ ਲਚਰ ਕਲਚਰ ਤੋਂ ਬਚਣ ਦੀ ਹੈ ਨਾਂ ਕਿ ਨਵੀਨਤਾ-ਅਧੁਨਿਕਤਾ ਦਾ ਵਿਰੋਧ ਕਰਨ ਦੀ। ਖੋਜ-ਕਰਨ ਵਾਲੇ ਹੀ ਤਰੱਕੀ ਕਰਦੇ ਹਨ ਅਤੇ ਬਾਦੀ-ਝਗੜੇ ਵਾਲੇ ਸਦਾ ਬਿਨਸਦੇ ਹਨ, ਵਿਨਾਸ਼ ਹੁੰਦੇ ਹਨ ਭਾਵ ਜੀਵਨ ਦੇ ਰਸਤੇ ਦਾ ਰੋੜਾ ਬਣਦੇ ਹਨ। ਗੁਰ ਫੁਰਮਾਨ ਹੈ- **ਖੋਜੀ ਉਪਜੈ ਬਾਦੀ ਬਿਨਸੈ॥** (੧੨੫੫) ਗੁਰਮਤਿ ਖੋਜ ਦਾ ਮਾਰਗ ਹੈ ਖੋਜ ਸਦਾ ਹੀ ਨਵੀਨ-ਅਧੁਨਿਕ ਸਦਾ ਬਹਾਰ ਹੁੰਦੀ ਹੈ ਨਾਂ ਕਿ ਪਿਛਾਂਹ ਖਿੱਚੂ ਮੁਰਝਾ ਜਾਣ ਵਾਲੀ।

ਇਹ ਹੈ ਗੁਰਮਤਿ ਅਤੇ ਇਸ ਦੀ ਨਵੀਨਤਾ ਪਰ- **ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ॥** (੯੪) ਇਸੇ ਕਰਕੇ ਕੋਈ ਵਿਰਲਾ ਚੜ੍ਹਦੀ ਕਲਾ ਵਾਲਾ ਹੀ ਗੁਰੂ ਦੀ ਮਤਿ ਤੇ ਚਲਦਾ ਹੈ, ਢਹਿੰਦੀ ਕਲਾ ਵਾਲੇ ਪਿਛਾਂਹ ਖਿੱਚੂ ਲੋਕ ਵਹਿਮਾਂ-ਭਰਮਾਂ, ਰੀਤਾਂ-ਰਸਮਾਂ, ਕਰਮਕਾਂਡਾਂ ਆਦਿਕ ਦੀਆਂ ਘੁੰਮਣ-ਘੇਰੀਆਂ ਵਿੱਚ ਹੀ ਫਸੇ ਰਹਿੰਦੇ ਹਨ ਭਾਵ ਗੁਰਮਤਿ ਦੀ ਸਦਾ ਬਹਾਰ ਵਰਤਮਾਨ-ਅਧੁਨਿਕਤਾ-ਨਵੀਨਤਾ ਨੂੰ ਖਿੜੇ ਮੱਥੇ ਮੰਨ ਕੇ ਪ੍ਰਵਾਨ ਨਹੀਂ ਕਰਦੇ। ਇਸ ਕਰਕੇ ਵਿਰਲੇ ਇਨਸਾਨ ਹੀ ਸਦਾ ਬਹਾਰ ਗੁਰਮਤਿ ਦੇ ਮਾਰਗ ਤੇ ਚਲਦੇ ਹੋਏ, ਨਿਤ ਨਵੀਆਂ ਖੋਜਾਂ ਕਰਕੇ ਨਵੀਨ ਸਾਧਨ ਪੈਦਾ ਕਰਦੇ ਅਤੇ ਉਨ੍ਹਾਂ ਰਾਹੀਂ ਅਧੁਨਿਕ ਤਰੀਕਿਆਂ-ਵਸੀਲਿਆਂ ਰਾਹੀਂ ਜਿੱਥੇ ਆਪਣੇ ਪ੍ਰਵਾਰ ਅਤੇ ਸਮਾਜ ਦੀ ਤਰੱਕੀ ਕਰਦੇ ਹਨ ਉਥੇ ਵਰਤਮਾਨ ਨਵੀਨ ਢੰਗਾਂ, ਤਰਕਿਆਂ ਅਤੇ ਸਾਧਨਾਂ ਰਾਹੀਂ ਗੁਰਮਤਿ ਦਾ ਵੱਧ ਤੋਂ ਵੱਧ ਪ੍ਰਚਾਰ ਕਰਕੇ, ਸਿੱਖ ਫੁਲਵਾੜੀ ਨੂੰ ਪ੍ਰਫੁਲਿਤ ਕਰਨ ਲਈ ਯਤਨਸ਼ੀਲ ਰਹਿੰਦੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹੋਏ ਗੁਰਮਤਿ ਨੂੰ ਸਦਾ ਬਹਾਰ-ਅਧੁਨਿਕ-ਨਵੀਨ ਸਮਝਦੇ ਹਨ।

-o-



ਅਵਤਾਰ ਸਿੰਘ ਮਿਸ਼ਨਰੀ USA

ਪਾਖੰਡਵਾਦ ਦੀ ਚੱਲ ਰਹੀ ਹਨ੍ਹੇਰੀ ਜਿਵੇਂ ਸੰਤ, ਬਾਬੇ ਅਤੇ ਝੋਲੀ ਚੁੱਕ ਪ੍ਰਚਾਰਕਾਂ ਨੇ ਗੁਰਮਤਿ ਸਿਧਾਂਤਾਂ ਦਾ ਮਲੀਆਮੇਟ ਕਰਕੇ ਆਪਣੀ ਪੇਟ ਪੂਰਤੀ ਲਈ ਵਹਿਮਾਂ-ਭਰਮਾਂ ਅਤੇ ਕਰਮਕਾਂਡਾਂ ਦੇ ਝੱਖੜ ਝੁਲਾਏ ਹੋਏ ਹਨ, ਐਸੇ ਬਿਖੜੇ ਸਮੇਂ ਵਿੱਚ ਵੀ ਗੁਰਮਤਿ ਦਾ ਦੀਵਾ ਬਾਲੀ ਰੱਖਣਾਂ ਬੜੀ ਹਿੰਮਤ ਅਤੇ ਸਿਰੜ ਵਾਲੀ ਗੱਲ ਹੈ ਪਰ ਭਾਈ ਅਵਤਾਰ ਸਿੰਘ ਨੇ ਗੁਰੂ ਦਾ ਓਟ-ਆਸਰਾ ਲੈ ਕੇ ਡਿਸਏਬਲ ਹੁੰਦੇ ਹੋਏ ਵੀ ਗੁਰਮਤਿ ਦਾ ਪ੍ਰਚਾਰ ਜਿਵੇਂ ਗੁਰਬਾਣੀ ਦੀ ਕਥਾ, ਧਾਰਮਿਕ ਲਿਟਰੇਚਰ ਦੀ ਸਟਾਲ, ਰੇਡਿਓ ਟਾਕ-ਸ਼ੋਅ, ਗੁਰਬਾਣੀ ਦੀਆਂ ਸੰਥਿਆ ਕਲਾਸਾਂ, ਗੁਰਮਤਿ ਸੈਮੀਨਾਰ ਅਤੇ ਗੁਰਮਤਿ ਬਾਰੇ ਲਿਖਣਾ ਜਾਰੀ ਰੱਖਿਆ। ਖਾਸ ਕਰਕੇ ਸਿੱਖ ਸਮਾਜ ਵਿਚ ਆ ਚੁੱਕੇ ਵਹਿਮ-ਭਰਮ, ਕਰਮਕਾਂਡ, ਡੇਰਾਵਾਦ ਅਤੇ ਵੰਨ-ਸੁਵੰਨੀਆਂ ਰਹਿਤ ਮਰਿਆਦਾਵਾਂ ਜਿਨ੍ਹਾਂ ਨੇ ਸਿੱਖ ਪੰਥ ਨੂੰ ਖੇਰੂੰ- ਖੇਰੂੰ ਕਰਕੇ ਰੱਖ ਦਿੱਤਾ ਹੈ ਬਾਰੇ ਨਿਧੜਕ ਹੋ ਕੇ ਲਿਖਿਆ ਹੈ। ਮੈਂ ਉਮੀਦ ਕਰਦਾ ਹਾਂ ਕਿ ਪਾਠਕ ਅਤੇ ਸੰਗਤਾਂ ਇਸ ਹਥਲੀ ਪੁਸਤਕ ਨੂੰ ਗਹੁ ਨਾਲ ਪੜ੍ਹਨਗੀਆਂ ਅਤੇ ਇਸ ਉਪਰਾਲੇ ਨੂੰ ਭਰਵਾਂ ਹੁੰਗਾਰਾ ਦੇਣਗੀਆਂ।

ਮੈਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਇਨ੍ਹਾਂ ਨੂੰ ਤੰਦਰੁਸਤੀ ਬਖਸ਼ਣ ਤਾਂ ਕਿ ਇਹ ਗੁਰਮਤਿ ਦਾ ਸਿਧਾਂਤਕ ਪ੍ਰਚਾਰ ਜਾਰੀ ਰੱਖਣ।

-ਡਾ. ਗੁਰਮੀਤ ਸਿੰਘ ਬਰਸ਼ਾਲ

ਮੈਂਬਰ, ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ USA Inc.

ਸੈਨਹੋਜੇ (ਅਮਰੀਕਾ)